ਵਲਵਲੇ

ਸਵਰਨ ਗੀਤ

ਵਲਵਲੇ

By
Swarn Singh Bains

6367 Corfu
Dr. Nanaimo, B.C.
V9V1P2, Canada

© Author, Kirpa Dhillon after me

Price:- Rs.250/- $ 20 U.S.

Edition: 2003
Copies: 250

Published By
Swarn Singh Bains
Nanaimo B.C. Canada
Ph 250 390 1693
E mail:- bains_swarn@hotmail.com

Dedicated

To

Kirpa Dhillon

My Grand daughter

ਮਨੋ ਭਾਵਨਾ

ਮੈਂ ਭਾਈ ਸਾਹਿਬ ਸੂਬੇਦਾਰ ਅਜੈਬ ਸਿੰਘ ਪਿੰਡ ਸਧਾਰ ਵਾਲਿਆਂ ਦਾ ਅਤੀ ਧੰਨਵਾਦੀ ਹਾਂ । ਜਿਨ੍ਹਾਂ ਦੀ ਮਿਹਰ ਨਾਲ ਮੈਨੂੰ ਕਵਿਤਾ ਲਿਖਣ ਦੀ ਸੂਝ ਮਿਲੀ । ਮੈਂ ਪਹਿਲਾਂ ਦੋ ਕਿਤਾਬਾਂ ਲਿਖੀਆਂ ਹਨ ।(1) ਮਾਖ਼ਤੇ ਗਿਲੇ (2) ਦਿਲਾਂ ਦੇ ਰਾਹੀ ਇਕ ਸੂਫੀ ਰੰਗ ਦੀ ਤੇ ਦੂਜੀ ਪੰਜਾਬੀ ਵਿਰਸੇ ਦੀ ਹੈ । ਇਹ ਤੀਜੀ ਕਿਤਾਬ (ਵਲਵਲੇ) ਦੇ ਵਿਚ ਦੋਵੇਂ ਰੰਗ ਹਨ । ਕੁਝ ਕਵਿਤਾਵਾਂ ਦਾ ਬਾਹਰੋਂ ਮਜਾਜ਼ ਥੋੜਾ ਜਿਹਾ ਵਖਰਾ ਹੈ । ਪਰ ਮੇਰੀਆਂ ਸਾਰੀਆਂ ਕਵਿਤਾਵਾਂ ਦੀ ਰਮਜ਼ ਨਿਜੀ ਤੌਰ ਤੇ ਇਕ ਹੈ । ਮੈਨੂੰ ਕੁਝ ਹੋਰ ਲਿਖਣ ਦੀ ਸਮਝ ਨਹੀਂ ਹੈ ।

ਕੁਦਰਤ ਵਿਸ਼ਾਲ ਹੈ । ਇਸ ਵਿਚ ਇਨਸਾਨ ਇਕ ਛੋਟੀ ਜਿਹੀ ਸ਼ੈ ਹੈ । ਮੈਂ ਤੇ ਉਨ੍ਹਾਂ ਚੋਂ ਭੀ ਨਿੱਕਾ ਹਾਂ । ਮੈਨੂੰ ਕੋਈ ਸਮਝ ਨਹੀਂ ਹੈ । ਜੋ ਮਨ ਚ ਆ ਜਾਵੇ ਉਹ ਲਿਖ ਛੱਡੀਦਾ ਹੈ । ਮੇਰਾ ਖਿਆਲ ਹੈ ਕਿ ਹਰ ਇਕ ਲਿਖਾਰੀ ਹਰ ਤਰ੍ਹਾਂ ਦੀ ਕਵਿਤਾ ਜਾਂ ਕਹਾਣੀ ਨਹੀਂ ਲਿਖ ਸਕਦਾ । ਇਕ ਜਾਂ ਦੋ ਭਾਵਨਾਵਾਂ ਤੋਂ ਬਾਹਰ ਜਾਣਾ ਮੁਸ਼ਕਿਲ ਹੈ । ਇਹ ਸਮਝਦੇ ਹੋਏ ਮੈਂ ਇਕ ਹੀ ਅੰਦਾਜ਼ ਵਿਚ ਲਿਖਦਾ ਹਾਂ । ਮੈਨੂੰ ਗੀਤਾਂ ਵਿਚ ਕਵਿਤਾ ਲਿਖਣੀ ਜ਼ਿਆਦਾ ਪਸੰਦ ਹੈ । ਕਿਉਂਕਿ ਗੀਤ ਗਾਉਣ ਨਾਲ ਮੈਨੂੰ ਕਵਿਤਾ ਲਿਖਣ ਦੀ ਲਗਨ ਲਗਦੀ ਹੈ ਤੇ ਮਨ ਨੂੰ ਤਸੱਲੀ ਆਂਉਂਦੀ ਹੈ । ਭਾਵੇਂ ਕਿਧਰੋਂ ਭੀ ਆਰੰਭ ਹੋਵੇ ਗੱਲ ਉਥੇ ਹੀ ਜਾ ਕੇ ਮੁਕਦੀ ਹੈ । ਬਾਕੀ ਜ਼ਮਾਨਾ ਦੱਸੇਗਾ ਕਿ ਇਨ੍ਹਾਂ ਕਵਿਤਾਵਾਂ ਚ ਕੀ ਲਿਖਿਆ ਹੈ । ਮੇਰੀਆਂ ਕੁਝ ਪੁਰਾਣੀਆਂ ਕਵਿਤਾਵਾਂ ਦੀਆਂ ਪੁਸਤਕਾਂ ਭੀ ਹਨ ।

ਦੀਦ ਈਦ ਵਾਲੀ ਸੀਨੇ ਚ ਲਕੋ ਕੇ, ਯਾਦ ਕਰੇ ਸੱਜਣਾ ਨੂੰ
ਸੁੱਚੇ ਮੋਤੀਆਂ ਨੂੰ ਪਲਕਾਂ ਪਰੋ ਕੇ, ਫਰਿਆਦ ਕਰੇ ਸੱਜਣਾ ਨੂੰ ?
" ਮੇਰੇ ਸੁਹਣੇ ਦਿਲਦਾਰਾ, ਗੱਲ ਤੇਰੀ ਨਜ਼ਰ ਤੇ ਮੁਕਦੀ ਏ "!

ਭਾਵੇਂ ਮੈਂ ਬਹੁਤ ਚੰਗਾ ਨਹੀਂ ਲਿਖ ਸਕਦਾ, ਕਿਉਂਕਿ ਇਹ ਸਭ ਕੁਝ ਮਨ ਦੀ ਹਾਲਤ ਤੇ ਨਿਰਭਰ ਹੈ । ਪ੍ਰੰਤੂ ਮੇਰੀ ਇਹ ਹੀ ਤਾਂਘ ਤੇ ਕੋਸ਼ਿਸ਼ ਹੈ ਕਿ ਮੈਂ ਆਪਣੇ ਦਿਲਦਾਰ ਨੂੰ ਕਾਗਜ਼ਾਂ ਤੇ ਲੀਕਾਂ ਮਾਰ ਮਾਰ ਮਨਾਉਂਦਾ ਰਵ੍ਹਾਂ ।

ਤੈਨੂੰ ਯਾਦ ਕਰਾਂ, ਦਿਲ ਹੋਵੇ ਖੁਸ਼ੀ, ਤੇਰੀ ਖੁਸ਼ੀ ਚ ਮੇਰੀ ਖੁਸ਼ੀ *

ਤਤਕਰਾ

7 ਪ੍ਰੇਮ ਦੀ ਝੜੀ
8 ਕੱਚੇ ਵਾਧੇ
9 ਯਾਰ ਦੀ ਸਿਕ
10 ਰੱਜ ਰੱਜ ਵੇਖਾਂ
11 ਸੋਚ ਵਿਚਾਰ ਜ਼ਰਾ
12 ਜਾਣ ਨਾ ਜਾਣ
13 ਸਬੱਬੀ ਮੇਲੇ
14 ਮਰ ਮਰ ਕੇ
15 ਦਰ ਦਰ ਫਿਰਦੇ
16 ਸਖੀਆਂ ਦੀਆਂ ਤਰਕਾਂ
17 ਪਿਆਰ ਦਾ ਰਾਜ਼
18 ਬੇੜੀ ਤੇ ਚੜ੍ਹਾ ਕੇ
19 ਚਿੱਤ ਚ ਵਸਦਾ
20 ਪਰਮ ਪ੍ਰੀਤ
21 ਨੈਣਾਂ ਦੇ ਵਸ
22 ਦੀਵਾ ਬਾਲ ਕੇ
23 ਇਸ਼ਕ ਬਿਮਾਰੀ
25 ਕਾਸਣੀ ਆਕਾਸ਼
26 ਨੈਣਾਂ ਦਾ ਝੁਕਾ
27 ਚੋਰ ਮੋਰ
28 ਸੱਜਣ ਨਾਲ ਜੋੜੀਦਾ
29 ਵਲਵਲੇ ਉਠੱਣ
30 ਬੁੱਲ੍ਹੀਆਂ ਚੋਂ ਫੁੱਲ
31 ਸੁਫਨੇ ਚ ਯਾਦ
32 ਲੁੱਟਿਆ ਨੈਣਾਂ ਨੇ
33 ਨਿਮਾਣੀ ਦਾ ਹਾਲ
34 ਪਲਕਾਂ ਭਿਓਣ ਦੇ
35 ਲੋਕ ਲਾਜ ਦਾ ਡਰ
36 ਪਿਆਰ ਦੀ ਰੀਤ
37 ਮੇਘ ਬਿਨ ਕਣੀਆਂ
38 ਅਲਖ਼ ਜਗਾਉਂਦਾ ਰਹੇ
39 ਦਿਲ ਦੇ ਕੇ
40 ਇਸ਼ਕ ਦੀ ਤੜਫ
41 ਡਾਢੇ ਨਾਲ ਪਰੀਤ
42 ਯਾਰ ਰੱਬ
43 ਸੱਜਣ ਦੀ ਯਾਦ
44 ਦਾਣਾ ਪਾਣੀ
45 ਹਿਜਰ ਦੇ ਮਾਰੇ
46 ਚਾ ਚੜ੍ਹਿਆ
47 ਨੀਂਦ ਨਹੀਂ ਆਉਂਦੀ
48 ਚਰਖ਼ੇ ਦੀ ਘੂਕ
49 ਕਾਗਜ਼ ਤੇ ਲੀਕਾਂ ਮਾਰ
50 ਪੀਆ ਮਿਲਣ ਦੀ ਤਾਂਘ
51 ਹਾਣ ਪਰਵਾਣ
52 ਅੱਖ ਦਾ ਇਸ਼ਕ
53 ਦਿਲ ਦੀ ਮਰਜ਼
54 ਪਿਆਰ ਦੀ ਸੌਂਹ
55 ਰੁੱਸ ਜਾਵੇ ਮਾਹੀ
56 ਨੈਣ ਚੁਰਾ ਕੇ
57 ਪਿਆਰ ਵਾਜਾਂ ਮਾਰੇ
58 ਪੈ ਗਏ ਵਿਛੋੜੇ
59 ਸ਼ਗਨਾਂ ਦਾ ਚਾ
60 ਮੇਰੇ ਮੀਤ
61 ਮਾਹੀ ਪੁਕਾਰਦਾ
62 ਆਪ ਮਿਟਾ ਕੇ
63 ਨੱਚਦੀ ਰਵ੍ਹਾਂ
64 ਮਾਰਾਂ ਪੈਂਦੀਆਂ
65 ਪ੍ਰੇਮ ਰਸ
66 ਸਾਕੀ ਓ ਸਾਕੀ
67 ਹੋਣਾ ਸੋ ਹੋਏ
68 ਹੱਥ ਨਾ ਪੱਲੇ
69 ਪ੍ਰੀਤ ਪਿਆਰ
70 ਪਾਰਉਤਾਰਾ
71 ਅੱਖਾਂ ਲਾ ਕੇ
72 ਦਿਲ ਕੋਲ ਰਹੋਂ
73 ਯਾਰ ਮਨਾ ਅੜੀਏ
74 ਸੱਟ ਕਲੇਜੇ
75 ਥੋੜੇ ਰਹਿ ਗਏ
76 ਫਰਜ਼ੀ ਦੁਨੀਆਂ
77 ਮਹਿਫਿਲ
78 ਚੇਤੇ ਕਰਿਆ ਕਰੇਂਗੀ
79 ਯਾਰ ਨਹੀਂ ਮੁੜਦੇ
80 ਬੇਕਰਾਰੀ
81 ਲੜ ਫੜ ਲੈ
82 ਤਿਖਾ ਨਿਮਾਣੀ ਦੀ
83 ਸਧਰਾਂ ਪਿਆਰ ਦੀਆਂ
84 ਪੰਛੀ ਤੇ ਦਰਵੇਸ
85 ਜਾਮ ਪਿਆਲਾ
86 ਜੀ ਭੜਕਾ ਲਿਆ
87 ਪਰਾਇਆ ਦੁਖ
88 ਨੀਂਦਰ ਉੜ ਜਾਵੇ
89 ਤੇਰੀ ਨਜ਼ਰ
90 ਖੁਦਾਈ ਮੰਗਣੀ
91 ਦਿਲ ਦੀ ਧੜਕਣ
92 ਰਹਿਮਤਾਂ ਦਾ ਸਦਕਾ
93 ਮਨ ਦੀ ਹਾਲਤ
94 ਯਾਰ ਲੁੱਟੇਰਾ
95 ਗੱਲ ਨਹੀਂ ਸੁੱਝਦੀ
96 ਵਿਛੋੜਾ ਖਾਈ ਜਾਂਦਾ
97 ਪਿਆਰ ਦਾ ਜਲਵਾ
98 ਕੱਲੀ ਛੱਡ ਗਿਓਂ
99 ਦਿਲ ਦੀ ਆਹ
100 ਬਣ ਗਈ ਫਕੀਰ
101 ਰਾਂਝਣ ਦੀ ਦੀਦ
102 ਮਿਲੇ ਨਾ ਮੰਜ਼ਿਲ
103 ਚਿੜੀਆਂ ਰੈਣ ਬਸੇਰਾ
104 ਅੱਖੀਆਂ ਦਾ ਰੋਣਾ
105 ਪਿਆਰ ਦੀ ਪੀੜ
106 ਸੁਹਣਿਆਂ ਮੈਂ ਤੇਰੀ
107 ਬੇੜੀ ਬੰਨੇ ਲਾ ਦੇ
108 ਕਯਾਮਤ
109 ਇਸ਼ਕ ਦਾ ਸੇਕ
110 ਪਿਆਰ ਮੁਹੱਬਤ
111 ਸੁਣੇ ਨਾ ਪੁਕਾਰ
112 ਤੇਰੀ ਮੇਰੀ ਖੁਸ਼ੀ
114 ਭਾਗ ਖੁਲ੍ਹੇ ਜਾਣ
115 ਸਾਡਾ ਬਣ ਸੱਜਣਾ
116 ਪਲਕਾਂ ਦੇ ਉਲ੍ਹੇ
117 ਕੰਢੇ ਉਤੇ ਖੜ੍ਹੀ
118 ਇਸ਼ਕ ਸਮੁੰਦਰ
119 ਝਗੜੇ ਮੁਕ ਜਾਂਦੇ
120 ਯਾਰੀ ਨਹੀਂ ਭੌਂਦੀ
121 ਪੌਣ ਹੱਥ ਚਿੱਠੀ
122 ਭਵਸਾਗਰ ਤਰਨਾ

123 ਪਿਆਰ ਦੀ ਝਲਕ
124 ਭੇਦ ਭਾਵ ਖੋਲ੍ਹ ਲੈ
125 ਰਾਂਝਣ ਮਾਹੀ
126 ਰਾਹੇ ਮਦੀਨਾ
127 ਮਨ ਦੀ ਭਟਕਣ
129 ਜੀ ਤੜਫਾ ਕੇ ਵੇਖ
130 ਪਿਆਰ
131 ਕੋਇਲ ਵਾਂਗ ਕੁਰਲਾ
132 ਸਬੱਬੀਂ ਮੇਲੇ
133 ਫ਼ਕੀਰਾ ਨੀਵਾਂ ਹੋ
134 ਗਰੀਬੀ
135 ਇਸ਼ਕ ਦੀਆਂ ਬਾਤਾਂ
136 ਝੁਕ ਕਰਾਂ ਅਰਦਾਸ
137 ਇਸ਼ਕ ਦੀ ਰੀਤ
138 ਰਹਿਤ
139 ਦਿਲ ਦਾ ਦਰਦ
142 ਦਿਲ ਦੀ ਤਾਂਘ
143 ਜਿਗਰ ਨਾਲ ਲਾਈਦਾ
144 ਕੀ ਛੁਪਾਵਾਂ ਤੈਥੋਂ
145 ਰੂਹ ਦੀ ਕੰਜ
146 ਪੀਘ ਚੜ੍ਹਾਉਣੀ
147 ਦਿਲ ਮੋਹ ਲਿਆ
148 ਸਾਡਾ ਦੀਨ ਇਮਾਨ
149 ਰੋਟੀ ਦੇ ਟੁਕੜੇ
150 ਅੰਦਰੂਨੀ ਆਵਾਜ਼
151 ਪਲਕਾਂ ਝੁਕਾਵਾਂ
152 ਕਰਾਰ ਖੋ ਗਿਆ
153 ਪੀਆ ਸੰਗ ਜੀਆ
154 ਯਾਰ ਮਨਾਉਣਾ
155 ਅਮਲਾਂ ਤੇ ਨਬੇੜੇ
156 ਤੇਰੇ ਮਨ ਵਿਚ
157 ਪਿਆਰ ਮੁਹੱਬਤ
158 ਨੱਚ ਨਾਲੇ ਹਸ
159 ਇਸ਼ਕ ਦਾ ਰਾਜ਼
160 ਜਿੰਦੜੀ ਦਾ ਮਾਣ
161 ਬੁੱਤ ਪੂਜਾ
162 ਮਨ ਮੰਦਿਰ
163 ਅੱਲ੍ਹੜਪਣਾ
164 ਕਜਲੇ ਦੀ ਧਾਰ
165 ਅੱਲਾ ਰਾਮ
166 ਆਸ਼ਿਕੀ ਤੋਂ ਪਹਿਲੇ
167 ਇਸ਼ਕ ਉਡਾਰੀ
168 ਵੇਖ ਰਹੀ ਵਿਸਮਾਦ
169 ਟੁੱਟਦੀ ਨਹੀਂ ਤੋੜੀ
170 ਨਾ ਫੰਭਾ ਨਾ ਰੂੰ
171 ਬਿਗੜੀ ਸੁਆਰ ਦਿਓ
172 ਇਸ਼ਕ ਕਰੇਂਦਾ ਹੱਲੇ
173 ਫ਼ਕੀਰੀ ਰੰਗ
174 ਪਿਆਰ ਦਾ ਸੰਸਾਰ
175 ਦਰ ਦਰ ਮੰਗਣਾ
176 ਬੇਪਰਵਾਹੀਆਂ
177 ਯਾਰ ਦਾ ਹੁਸਨ
178 ਮਾਹੀ ਦੀ ਪ੍ਰੀਤ
179 ਇਸ਼ਕ ਦਾ ਖ਼ੇਲ
180 ਰਾਖ ਲੇ ਬਿਗੜੀ ਤੇ
182 ਭਜ ਹਰ ਹਰ
183 ਭੇਸ ਬਣਾ ਕੇ
184 ਚੈਨ ਨਾ ਆਵੇ
185 ਚੰਨ ਤੇ ਚਕੋਰ
186 ਲਾਈ ਲੱਗ
187 ਯਾਰ ਨੂੰ ਮਨਾ
188 ਮਾਹੀ ਦਾ ਦਿਦਾਰ
189 ਉਮਰਾਂ ਦਾ ਰੋਣਾ
190 ਖੋਜ ਯਾਰ ਦੀ
192 ਕਰ ਹੁਜਰਾ
193 ਕਰਮਾਂ ਦੀ ਖੇਡ੍ਹ
194 ਤੂੰ ਹੀ ਤੂੰ
196 ਇਸ਼ਕ ਦਾ ਨਸ਼ਾ
197 ਚੰਭੇ ਦੀ ਬੂਟੀ
199 ਰੰਗ ਬਰੰਗ
200 ਮਨ ਸਮਝੌਣਾ
201 ਤੇਰੇ ਨਾਲ ਲਾਈ
202 ਇਸ਼ਕ ਦਾ ਇਮਤਹਾਨ
203 ਮਿੱਠੇ ਮਿੱਠੇ ਬੋਲ
204 ਕੱਚ ਪੱਕ
207 ਦਿਲ ਦੀ ਪੁਕਾਰ
208 ਦਿਲ ਦੀਆਂ ਗੱਲਾਂ
209 ਕਾਦਰ ਕੁਦਰਤ
210 ਪਿਆਰ ਦੀ ਝਲਕ
212 ਬੇ ਮੌਤ ਮਰਨਾਂ
213 ਰੁੱਸਿਆ ਯਾਰ
215 ਯਾਰ ਦੇ ਤਰਲੇ
217 ਘਰ ਆ ਸੱਜਣਾ
218 ਦਿਲਬਰ ਜਾਨੀਂ
219 ਮਿਲਣ ਦੇ ਬਹਾਨੇ
220 ਭੈਰੋਂ ਵਾਲੀ ਫੇਰੀ
221 ਮੇਰੀ ਤੇਰੇ ਹੱਥ ਲੱਜ
223 ਮਾਹੀ ਆ ਜਾ
225 ਬਿਖਿਅਨ ਸਿਉਂ ਸੰਗ
226 ਸਿਮਰ ਮਨਾਂ
227 ਹਿਜਰ ਦੇ ਹੌਕੇ
228 ਸਹਿਲਾ ਮਰਨਾਂ
229 ਮੁਖੜਾ ਵਖਾ
230 ਰਾਹ ਦਾ ਭੇਦੀ
231 ਟੋਕ ਨਾ ਦਵੀਂ
232 ਮਾਹੀ ਨੂੰ ਮਨਾ
233 ਖੇਤ ਨੂੰ ਖਾਂਦੀ
234 ਮਨ ਦੀ ਭਾਵਨਾ
235 ਗਲਵੱਕੜੀ ਪਾ ਚੰਨਾਂ
236 ਅੱਥਰੂ ਨਾ ਰੋਲ
237 ਪਰਵਦਗਾਰ
238 ਇਸ਼ਕ ਦੀਆਂ ਪੌੜੀਆਂ
239 ਭਜ ਨਾਮ ਮੁਰਾਰੀ
240 ਅਰਮਾਨ
241 ਜ਼ਿੰਦਗੀ
243 ਰੱਬ ਤੋਂ ਕੀ ਲੈਣਾ
244 ਤੇਰਾ ਮੁਖ ਵੇਖਣਾ
245 ਭੌਰੇ ਦੀ ਪੁਕਾਰ
246 ਅੱਖੀਆਂ ਚੋਂ ਮੀਂਹ ਵਸਦਾ
247 ਮੇਰੇ ਦਾਤਾ
248 ਜਿੱਤ ਯਾਰ ਦਿਲ ਹਾਰ
250 ਕਾਗੋਂ ਹੰਸ ਬਣਾਵੇ
251 ਕੁਝ ਕਰ ਬੰਦਿਆ
252 ਮਾਹੀ ਨੂੰ ਚੇਤੇ ਕਰ
253 ਪਰਿੰਦਆਂ ਦੇ ਆ੍ਲਣੇ
254 ਅਮਲਾਂ ਤੇ ਨਬੇੜੇ
255 ਵਿਛੋੜਾ

ਪ੍ਰੇਮ ਦੀ ਝੜੀ

ਬੱਝੀ ਕੱਚੇ ਧਾਗੇ ਵਿਚ, ਰੀਤ ਪ੍ਰੀਤ ਦੀ ਕੜੀ
ਤੇਰਾ ਪਿਆਰ ਪੁਕਾਰੇ, ਆ ਘੜੀ ਦੀ ਘੜੀ

ਕਿਹਨੂੰ ਆਖ ਸੁਣਾਵਾਂ, ਐਵੇਂ ਹੋ ਗਿਆ ਪਿਆਰ
ਪ੍ਰੇਮ ਦੇ ਰਸ ਵਿਚ ਖੋ ਕੇ, ਹੋ ਗਏ ਕੌਲ ਕਰਾਰ
ਦਿਲ ਧੜਕੇ ਕਲੇਜਾ ਫੜਕੇ, ਸਜ਼ਾ ਪ੍ਰੀਤ ਦੀ ਕੜੀ

ਯਾਦ ਮਾਹੀ ਦੀ ਸਤਾਵੇ, ਦਿਲ ਰੋਣ ਲੱਗ ਜਾਵੇ
ਲੜ ਚੁਨਰੀ ਭਿਓ ਕੇ, ਪਿਆਰ ਧੋਣ ਲੱਗ ਜਾਵੇ
ਪੱਜ ਲਾ ਧੂੰਏਂ ਦਾ, ਨੈਣਾਂ ਚੋਂ ਨੀਰ ਪੂੰਝਦੀ ਖੜ੍ਹੀ

ਮਿੱਠੀ ਮਿੱਠੀ ਪੌਣ ਵਗੇ, ਅਸਾਂ ਯਾਦ ਆਵੇ ਤੇਰੀ
ਆ ਮਾਹੀ ਗਲ ਲਾ ਮਾਹੀ, ਹੋਰ ਨਾ ਲਾਵੀਂ ਦੇਰੀ
ਆ ਕੇ ਨੈਣ ਮਿਲਾ ਮਾਹੀ, ਮੈਂ ਉਡੀਕਦੀ ਖੜ੍ਹੀ

ਘੁੰਡ ਚੁੱਕ ਸੱਜਣਾ ਵੇ, ਜੇ ਤੇਰਾ ਦਰਸਣ ਹੋ ਜਾਵੇ
ਜਿੱਥੇ ਵੇਖਾਂ ਤੂੰ ਦਿਸੇਂ, ਮਨ ਹੀ ਦਰਪਣ ਹੋ ਜਾਵੇ
ਚੰਨਾਂ, ਪ੍ਰੀਤ ਦੇ ਝਰੋਖਿਆਂ ਚ, ਲਾ ਪ੍ਰੇਮ ਦੀ ਝੜੀ

ਆ ਬੈਠ ਸਾਡੇ ਕੋਲ, ਬਹਿ ਕੇ ਦੁਖ ਸੁਖ ਫੋਲ
ਆ ਕੇ ਦਰਦ ਵੰਡਾ, ਗੰਢਾਂ ਦਿਲ ਦੀਆਂ ਖੋਲ੍ਹ
ਸਜ਼ਾ ਪਿਆਰ ਦੀ ਸੁਣਾ, ਕੋਈ ਹੋਰ ਨਾ ਕੜੀ

ਜਿਉਂਦੇ ਮਰ ਕੇ ਪੀ ਮਿਲੇ, ਮਰ ਕਿਸੇ ਨਾ ਮਿਲਦਾ
ਆਪ ਮਰ ਜੱਗ ਮਿਲੇ, ਇੰਝ ਭੇਦ ਖੁਲ੍ਹਦਾ ਦਿਲ ਦਾ
ਹੱਡ ਗੋਡੇ ਅੱਗ ਸਾੜਦੀ, ਮੁੱਕ ਜਾਵੇ ਸਭ ਵਿਚ ਘੜੀ

ਤੈਨੂੰ ਅੱਖੀਆਂ ਉਡੀਕਦੀਆਂ, ਪਿਆਰ ਵਾਜਾਂ ਮਾਰੇ
ਤੈਨੂੰ ਚੇਤੇ ਕਰ ਮਾਹੀ, ਜੀਵਾਂ ਪਿਆਰ ਦੇ ਸਹਾਰੇ
ਪਿਆਰ ਹੱਜ ਪਿਆਰ ਰੱਬ, ਲਾ ਪ੍ਰੇਮ ਦੀ ਝੜੀ

ਕੱਚੇ ਵਾਧੇ

ਸਖੀਏ ਨੀ ਰੋਲ ਦਿੱਤਾ, ਮਾਹੀ ਦੇ ਪਿਆਰ ਨੇ
ਕੱਚੇ ਪਿੱਲੇ ਵਾਧਿਆਂ ਨੇ, ਅੱਖੀਆਂ ਦੀ ਮਾਰ ਨੇ

ਮੈਂ ਸਧਰਾਂ ਪਿਆਰ ਦੀਆਂ, ਦਿਲ ਵਿਚ ਰੱਖੀਆਂ
ਤੱਕ ਤੱਕ ਰਾਹ ਤੇਰਾ, ਪੱਕ ਗਈਆਂ ਅਖੀਆਂ
ਕਿਵੇਂ ਮਾਹੀ ਨੂੰ ਸੁਣਾਵਾਂ, ਦਿਲ ਟੁੰਬਿਆ ਪਿਆਰ ਨੇ

ਸਈਓ ਮੇਰਾ ਚੰਨ ਮਾਹੀ, ਵਾਧਾ ਕਰਕੇ ਨਹੀਂ ਆਇਆ
ਨੈਣੀ ਨੀਂਦ ਨਹੀਂ ਪੈਂਦੀ, ਮਨ ਸਮਝੇ ਨਾ ਸਮਝਾਇਆ
ਲੁੱਟ ਲਿਆ ਦਿਲ ਮੇਰਾ, ਤੇਰੀ ਅੱਖੀਆਂ ਦੇ ਵਾਰ ਨੇ

ਅੱਲ੍ਹੜਪਣੇ ਚ ਲਾ ਕੇ, ਦੇ ਗਿਆ ਇਸ਼ਕ ਬਿਮਾਰੀ
ਕੱਚੇ ਪਿੱਲੇ ਵਾਧੇ ਕਰ ਗਿਆ, ਲਾ ਕੇ ਕੱਚੀ ਯਾਰੀ
ਕੀਤਾ ਹਾਲ ਤੋਂ ਬੇਹਾਲ, ਤੇਰੀ ਨਜ਼ਰਾਂ ਦੀ ਮਾਰ ਨੇ

ਪਾ ਕੇ ਤੇਰੇ ਨਾਲ ਪਿਆਰ, ਦਿਲ ਹੋਇਆ ਬੇਕਰਾਰ
ਝੱਲੇ ਨਜ਼ਰਾਂ ਦੀ ਮਾਰ, ਜਿਵੇਂ ਕਮਲ ਨੀਰ ਪਿਆਰ
ਸਾਰੀ ਕਰਮਾਂ ਦੀ ਖੇਡ੍ਹ, ਜਿਹੜੀ ਲਿਖੀ ਸਰਕਾਰ ਨੇ

ਸਖ਼ੀਏ ਕਿਹਨੂੰ ਆਖਾਂ, ਉਹ ਦਿਲ ਤੇ ਕਰ ਗਿਆ ਜਾਦੂ
ਸਭ ਤੋਂ ਸੁਹਣਾ ਸਭ ਤੋਂ ਨਿਆਰਾ, ਮਾਹੀ ਸਭ ਤੋਂ ਵਾਧੂ
ਬਿਨਾਂ ਜ਼ਖਮ ਦਿਲ ਘਾਇਲ ਕੀਤਾ, ਹੁਸਨ ਦੇ ਵਾਰ ਨੇ

ਵੇਖ ਹੁਸਨ ਦਾ ਨਜ਼ਾਰਾ, ਮੈਂ ਐਵੇਂ ਨੈਣ ਮਿਲਾ ਬੈਠੀ
ਦਿਲ ਨਹੀਂ ਲਗਦਾ ਕੱਲੀ ਦਾ, ਉਮਰ ਦੀ ਚਿੰਤਾ ਲਾ ਬੈਠੀ
ਲੁੱਟ ਲਿਆ ਦਿਲ ਮੇਰਾ, ਬੈਂਸ, ਮਾਹੀ ਦੇ ਪਿਆਰ ਨੇ

ਯਾਰ ਦੀ ਸਿਕ

ਇਕ ਏ ਇਕ ਏ ਇਕ ਏ, ਮੇਰਾ ਢੋਲਣ ਮਾਹੀ ਇਕ ਏ
ਉਹਦੇ ਜਿਹਾ ਹੋਰ ਨਾ ਕੋਈ, ਉਸੇ ਚ ਮੇਰਾ ਚਿੱਤ ਏ

ਮੇਰਾ ਮਾਹੀ ਸਭ ਤੋਂ ਸੁਹਣਾ, ਲੱਗੇ ਬਹੁਤ ਪਿਆਰਾ
ਪਤਾ ਨਹੀਂ ਕਿਵੇਂ ਉਹ, ਬਣ ਗਿਆ ਮੀਤ ਹਮਾਰਾ
ਉਹੋ ਸਖੀ ਮੇਰਾ ਬੰਧਪ ਭਾਈ, ਉਹੋ ਮੇਰਾ ਮਿੱਤ ਏ

ਮੇਰਾ ਮਾਹੀ ਯੂਸਫ ਤੋਂ ਸੁਹਣਾ, ਨਾਲੇ ਕ੍ਰਿਸ਼ਨ ਤੋਂ ਕਾਲਾ
ਉਹਦੇ ਸਿਰ ਅਲਖ ਅੱਲਾ ਦੀ, ਗਲ ਪਿਆਰ ਦੀ ਮਾਲਾ
ਉਹਦੇ ਜਿਹਾ ਹੋਰ ਨਾ ਕੋਈ, ਉਹ ਅਜਿਹਾ ਇਕ ਏ

ਗਲ ਲੱਗ ਸੁਹਣੇ ਸੱਜਣਾ ਦੇ, ਮੈਂ ਬਣ ਗਈ ਸੁਹਾਗਣ
ਹੋਰ ਕਿਸੇ ਨਾਲ ਨੈਣ ਮਿਲਾਵਾਂ, ਬਣ ਜਾ ਸਾਂ ਦੁਹਾਗਣ
ਦੋ, ਇਕ ਨਹੀਂ ਹੋ ਸਕਦੇ, ਮੇਰੀ ਮੈਂ ਜੇ ਮੇਰੇ ਵਿਚ ਏ

ਉਹੋ ਮੇਰਾ ਦੀਨ ਧਰਮ ਏ, ਉਹੋ ਏ ਮੇਰਾ ਇਮਾਨ
ਉਹੋ ਏ ਬੁੱਤਕਾਰ ਬੁੱਤ ਦਾ, ਉਸੇ ਵਿਚ ਮੇਰੇ ਪ੍ਰਾਣ
ਉਹੋ ਮੇਰਾ ਰਾਂਝਣ ਮਾਹੀ, ਉਸੇ ਨਾਲ ਮੇਰਾ ਹਿਤ ਏ

ਉਹ ਉਚਾ ਉਹਦੇ ਕੰਮ ਉਚੇ, ਵਸਦਾ ਏ ਵਿਚ ਅਰਸ਼ਾਂ
ਮੈਂ ਨੀਚ ਮਸਕੀਨ ਅੰਞਾਣੀ, ਕਿਤ ਵਿਧ ਚਰਨੀ ਪਰਸਾਂ
ਚਾਹੇ ਆਪੇ ਲੈ ਜਾਸੀ, ਮੋਹਿ ਸੱਖਣੇ ਪਿਆਰ ਦੀ ਖਿੱਚ ਏ

ਦੂਰ ਦੁਰਾਡੇ ਮਾਹੀ ਵਸਦਾ, ਅਸਾਂ ਝੋਕ ਰਾਂਝਣ ਦੀ ਜਾਣਾ
ਅੱਜ ਸਾਹਮਣੇ ਆ ਮਾਹੀ, ਤੈਨੂੰ ਦਿਲ ਦਾ ਹਾਲ ਸੁਣਾਉਣਾ
ਮਾਲਾ ਫੇਰੇ ਬੈਂਸ ਪਿਆਰ ਦੀ, ਮਾਹੀ ਚ ਉਹਦਾ ਚਿੱਤ ਏ

ਰੱਜ ਰੱਜ ਵੇਖਾਂ

ਆ ਮਾਹੀ ਸਜ ਧਜ ਕੇ, ਤੈਨੂੰ ਵੇਖ ਲਵਾਂ ਰੱਜ ਰੱਜ ਕੇ
ਲੋਕੀਂ ਤੈਨੂੰ ਲੱਭਣ ਮਦੀਨੇ, ਮੇਰੀ ਤੇਰੇ ਦਰ ਤੇ ਹੱਜ ਵੇ

ਸੁਫਨੇ ਚ ਤੈਨੂੰ ਯਾਦ ਕਰਾਂ, ਜੀ ਕਰਦਾ ਏ ਤੈਨੂੰ ਵੇਖਣ ਨੂੰ
ਢਹਿ ਕੇ ਨਜ਼ਾਰਾ ਵੇਖਣ ਦੇ, ਜੀ ਕਰਦਾ ਪਲਕਾਂ ਟੇਕਣ ਨੂੰ
ਕਈ ਜਨਮ ਤੋਂ ਵਿਛੜੇ ਹਾਂ, ਚੰਨਾਂ ਦੱਸ ਮਿਲੇਂਗਾ ਕਦ ਵੇ

ਸਾਨੂੰ ਰੋੜ੍ਹਿਆ ਵਿਚ ਝਨਾ ਦੇ, ਪੱਥਰਾਂ ਦੀ ਬੇੜੀ ਭਰ ਕੇ
ਹਸ ਕੇ ਮਛਕਰਾਂ ਕਰਦਾ ਏਂ, ਆਖੇਂ ਪਾਰ ਹੋਵੋ ਤਰ ਕੇ
ਤੂੰ ਹੀ ਬੇੜੀ ਤੂੰ ਹੀ ਮਾਝੀ, ਡੁੱਬਦੀ ਨੂੰ ਬਚਾ ਲੈ ਅੱਜ ਵੇ

ਤੇਰੇ ਆਉਣ ਦਾ ਚਾ ਅੜਿਆ, ਮੈਂ ਬੈਠੀ ਸੇਜ ਵਿਛਾ ਕੇ
ਹੀਰ ਸਲੇਟੀ ਉਡੀਕੇ ਪਈ, ਗਲ ਲੱਗ ਰਾਂਝਣਾ ਆ ਕੇ
ਤੇਰੇ ਜਿਹਾ ਮੈਨੂੰ ਤੂੰ ਹੀ ਏਂ, ਹੋਰ ਪਰਾਇਆ ਜੱਗ ਵੇ

ਬੇੜੀ ਫਸੀ ਮਝਧਾਰ ਚ, ਮਿੰਨਤਾਂ ਕਰਾਂ ਮਲਾਹ ਦੇ ਨਾਲ
ਡੁੱਬਦੀ ਨੂੰ ਪਾਰ ਲੰਘਾ ਦੇ, ਲਾ ਬੈਠੀ ਬੇਪਰਵਾਹ ਦੇ ਨਾਲ
ਉਹ ਨਹੀਂ ਮੰਨਦਾ ਤੂੰ ਸੁਣ ਲੈ, ਰੱਖ ਨਿਮਾਣੀ ਦੀ ਲੱਜ ਵੇ

ਆ ਮਾਹੀ ਰਲ ਕੇ ਬਹੀਏ, ਕਰੀਏ ਪਿਆਰ ਦੀਆਂ ਬਾਤਾ
ਸਾਵਣ ਆਇਆ ਪੀਘਾਂ ਪਾਈਆਂ, ਲੰਘੀਆਂ ਜਾਣ ਬਰਸਾਤਾਂ
ਪੀਘ ਚੜ੍ਹਾਵਾਂ ਕਿੱਕਲੀ ਪਾਵਾਂ, ਤੈਨੂੰ ਯਾਦ ਕਰਾਂ ਰੱਜ ਰੱਜ ਵੇ

ਕੱਲ੍ਹ ਬੀਤ ਗਈ ਕੱਲ੍ਹ ਨਾ ਆਵੇ, ਆ ਮਿਲ ਸੁਹਣਿਆਂ ਅੱਜ
ਬੈਂਸ ਨਿਮਾਣੀ ਖੜ੍ਹੀ ਨਿਤਾਣੀ, ਉਹਦਾ ਰੁੱਸ ਗਿਆ ਜੱਗ
ਮੈਂ ਹਾਰ ਸੰਗਾਰ ਬਣਾ ਬੈਠੀ, ਆ ਮਾਹੀ ਗਲ ਲੱਗ ਵੇ

ਸੋਚ ਵਿਚਾਰ ਜ਼ਰਾ

ਮਚ ਵਿਚ ਸੋਚ ਵਿਚਾਰ ਜ਼ਰਾ, ਪਾ ਮਾਹੀ ਨਾਲ ਪਿਆਰ ਜ਼ਰਾ
ਤੱਕ ਉਹਨੂੰ ਮਨ ਸ਼ੀਸ਼ੇ ਵਿਚ, ਰੱਬ ਬਣ ਆਇਆ ਯਾਰ ਤੇਰਾ

ਮਨ ਤੱਤੜੇ ਨੂੰ ਸਮਝਾ ਕੇ, ਤੂੰ ਪਿਆਰ ਮਾਹੀ ਨਾਲ ਪਾ ਲੈ
ਖੋ ਕੇ ਉਹਦੇ ਪਿਆਰ ਵਿਚ, ਦੁਨੀਆਂ ਨੂੰ ਦਿਲੋਂ ਭੁਲਾ ਲੈ
ਰੱਜ ਰੱਜ ਉਹਨੂੰ ਤੱਕਿਆ ਕਰ, ਸਭ ਤੋਂ ਸੁਹਣਾ ਯਾਰ ਤੇਰਾ

ਉਹਨੂੰ ਅਪਣੇ ਮਨ ਚ ਵਸਾ ਕੇ, ਕਰਦੀ ਜਾਹ ਤੂੰ ਹੀ ਤੂੰ
ਇੰਝ ਮਨ ਦੀ ਸਫਾਈ ਹੋ ਜਾਵੇ, ਮੁੱਕ ਜਾਵੇਗੀ ਹੂੰ ਹੂੰ ਹੂੰ
ਦੋ ਤੋਂ ਇਕ ਬਣਾ ਦੇਵੇ, ਨਜ਼ਰ ਮਿਲਾ ਕੇ ਯਾਰ ਤੇਰਾ

ਬੰਦਿਆ, ਜੱਗ ਚ ਆ ਕੇ, ਤੂੰ ਭੁੱਲ ਗਿਆ ਕੀਤੇ ਵਾਧੇ
ਫਸ ਕੇ ਦੁਨੀਆਂਦਾਰੀ ਵਿਚ, ਤੂੰ ਬਦਲ ਲਏ ਇਰਾਦੇ
ਜਾਣ ਵੇਲੇ ਸਭ ਛੱਡ ਜਾਂਦੇ, ਨਾਲ ਜਾਵੇ ਕੌਲ ਕਰਾਰ ਤੇਰਾ

ਨੀਵਾਂ ਹੋ ਕੇ ਚੱਲ ਬੰਦਿਆ, ਇਹੋ ਰੱਬ ਨੂੰ ਭਾਉਂਦਾ ਏ
ਬਣਾ ਯਾਰ ਕਰ ਇਤਬਾਰ, ਜਿਹੜਾ ਰਾਹ ਵਖਾਉਂਦਾ ਏ
ਕੱਪਰਾਂ ਚ ਫਸੀ ਬੇੜੀ ਨੂੰ, ਪਾਰ ਲੰਘਾਵੇ ਯਾਰ ਤੇਰਾ

ਰੱਬ ਅਜਿਹੀ ਸ਼ੈ ਨਹੀਂ, ਜਿਹੜੀ ਦੂਰੋਂ ਆਉਂਦੀ ਏ
ਮਨ ਚ ਯਾਰ ਵਸਾ ਕੇ, ਪਿਆਰ ਦੀ ਝੋਕ ਲਗਾਉਂਦੀ ਏ
ਭੁੱਲਣਾ ਚਾਹੇਂ ਭੁੱਲ ਨਾ ਸਕੇਂ, ਮਨ ਚ ਵਸਦਾ ਯਾਰ ਤੇਰਾ

ਉਹ ਤੇਰੇ ਮਨ ਚ ਵਸਦਾ ਏ, ਨਾ ਆਉਂਦਾ ਨਾ ਜਾਂਦਾ ਏ
ਬੈਂਸ, ਜੇ ਤੂੰ ਉਹਨੂੰ ਯਾਦ ਕਰੇਂ, ਉਹ ਤੇਰਾ ਬਣ ਜਾਂਦਾ ਏ
ਇਸ਼ਕ ਮਾਹੀ ਦਾ ਰਹਿਤ ਰੱਬ ਦੀ, ਕਰੇਗੀ ਬੇੜਾ ਪਾਰ ਤੇਰਾ

ਜਾਣ ਨਾ ਜਾਣ

ਆ ਬਣ ਕੇ ਪਰਾਹੁਣਾ, ਮੈਂ ਸ਼ਗਨ ਮਨਾਵਾਂ ਤੇਰੇ
ਭਾਵੇਂ ਤੂੰ ਜਾਣ ਨਾ ਜਾਣ, ਵਿਹੜੇ ਆ ਵੜ ਮੇਰੇ

ਔਸੀਆਂ ਪਾਵਾਂ ਕਾਗ ਉੜਾਵਾਂ, ਤੱਕਾਂ ਤੇਰੀਆਂ ਰਾਵ੍ਹਾਂ
ਜਿੱਧਰ ਕੋਈ ਕਰੇ ਇਸ਼ਾਰਾ, ਉਧੱਰ ਹੀ ਭੱਜ ਜਾਵਾਂ
ਮਾਹੀ ਬਾਝੋਂ ਚੈਨ ਨਾ ਆਵੇ, ਭਿੱਜ ਗਏ ਚੁੰਨੀ ਦੇ ਲੜ ਮੇਰੇ

ਤੇਰੇ ਜਿਹਾ ਮੈਨੂੰ ਹੋਰ ਨਾ ਕੋਈ, ਮੇਰੇ ਜਿਹੀਆਂ ਲੱਖਾਂ
ਤਖਤ ਹਜ਼ਾਰੇ ਦਾ ਤੂੰ ਸਾਈਂ, ਮੁੜ ਮੁੜ ਸਖੀਆਂ ਨੂੰ ਦੱਸਾਂ
ਹੋ ਕੇ ਖਾਕ ਦੁਆਰੇ ਦੀ, ਮੈਂ ਲੱਗ ਜਾਵਾਂ ਲੜ ਤੇਰੇ

ਜਾ ਕਾਗਾ ਉਹਦੀ ਖਬਰ ਲਿਆ, ਤੱਕਾਂ ਬਨੇਰੇ ਚੜ੍ਹ ਕੇ
ਤੂੰ ਆ ਵੜ ਵਿਹੜੇ ਮੇਰੇ ਵੇ, ਤੱਕਦੀ ਰਵ੍ਹਾਂ ਮੈਂ ਖੜ੍ਹ ਕੇ
ਇਸ਼ਕ ਯਾਰ ਚੰਭੇ ਦੀ ਬੂਟੀ, ਸਭ ਹੋਰ ਭਰਮ ਦੇ ਫੇਰੇ

ਮੇਰਾ ਮਾਹੀ ਵਿਹੜੇ ਵੜਿਆ, ਵੇਖ ਵੇਖ ਮੇਰਾ ਦਿਲ ਧੜਕੇ
ਸੁਫਨੇ ਕਦੀ ਸੱਚ ਨਹੀਂ ਹੁੰਦੇ, ਸੋਚ ਸੋਚ ਮੇਰੀ ਅੱਖ ਫੜਕੇ
ਆ ਮਾਹੀ ਗਲ ਲੱਗ ਕੇ ਬਹੀਏ, ਮੈਂ ਸ਼ਗਨ ਮਨਾਵਾਂ ਤੇਰੇ

ਆਓ ਸਖੀ, ਮਿਲ ਗਾਓ ਸਖੀ, ਮੇਰਾ ਪੀਆ ਘਰ ਆਇਆ
ਮਿਲਿਆ ਬੈਂਸ ਨਿਮਾਣੀ ਨੂੰ, ਅਪਣੇ ਯਾਰ ਦਾ ਸਾਇਆ
ਨੈਣ ਨਿਮਾਣੇ ਬੇਖਬਰੀ ਵਿਚ, ਤੱਕਦੇ ਰਹਿਣ ਵੱਲ ਤੇਰੇ

ਸਬੱਬੀ ਮੇਲੇ

ਝੱਲੀ ਜਾਵੇ ਨਾ ਜੁਦਾਈ, ਮਾਹੀ ਹੁਣ ਨਾ ਵਿਛੋੜੀਂ
ਅਸਾਂ ਮਸਾਂ ਮਸਾਂ ਲਾਈ, ਚੰਨਾਂ ਲਾ ਕੇ ਨਾ ਤੋੜੀਂ

ਪਤਾ ਹੁੰਦਾ ਛੱਡ ਜਾਵੇਂਗਾ, ਭੁੱਲ ਕੇ ਨੈਣ ਮਿਲਾਉਂਦੀ ਨਾ
ਹੀਰੇ ਤੋਂ ਵੀ ਮਹਿੰਗੇ ਦਿਲ ਨੂੰ, ਤੇਰੀ ਝੋਲੀ ਪਾਉਂਦੀ ਨਾ
ਬੇੜੀ ਇਸ਼ਕੇ ਦੀ ਚੰਨਾਂ, ਡੁੰਘੇ ਵਹਿਣ ਚੋਂ ਨਾ ਰੋੜ੍ਹੀਂ

ਅੱਲ੍ਹੜਪਣੇ ਦੀ ਬੇਖਬਰੀ ਵਿਚ, ਐਵੇਂ ਨੈਣ ਮਿਲਾ ਬੈਠੀ
ਦਿਲ ਦੇ ਕੇ ਬੇਦਰਦਾਂ ਨੂੰ, ਮੈਂ ਉਮਰ ਦੀ ਚਿੰਤਾ ਲਾ ਬੈਠੀ
ਟੁੱਟੇ ਦਿਲ ਨਹੀਂ ਜੁੜਦੇ, ਮਾਹੀ ਬਾਰ ਬਾਰ ਨਾ ਤੋੜੀਂ

ਪਾਵਾਂ ਵਾਸਤਾ ਮੈਂ ਸਈਓ, ਐਵੇਂ ਨਾ ਨੈਣ ਮਿਲਾ ਲੈਣਾ
ਵਿਛੜੇ ਯਾਰ ਨਹੀਂ ਮੁੜਦੇ, ਬਿਰਹਾ ਨਾ ਗਲ ਪਾ ਲੈਣਾ
ਸੱਸੀ ਵਾਕਣ ਤੜਫੇਂਗੀ, ਅੜੀਏ, ਪਿਆਰ ਨਾ ਬਹੋੜੀਂ

ਘੜਿਆ ਤੈਨੂੰ ਸਿਰ ਤੇ ਚਾਇਆ, ਤੂੰ ਭੀ ਫਰਜ਼ ਨਿਭਾ ਦੇ
ਨੀਵਾਂ ਹੋ ਕੇ ਚੱਲ ਅੜਿਆ, ਸਾਨੂੰ ਪਾਰ ਲੰਘਾ ਦੇ
ਮੈਂ ਜਾਣਾ ਪਾਰ ਝਨਾ ਦੇ, ਅੱਧ ਵਿਚਕਾਰ ਨਾ ਰੋੜ੍ਹੀਂ

ਮੇਰੇ ਸੁਹਣੇ ਸੱਜਣਾ ਵੇ, ਅਸਾਂ ਪ੍ਰੀਤ ਤੇਰੇ ਨਾਲ ਪਾਈ
ਤੇਰੇ ਨਾਲ ਲਾ ਕੇ ਸੁਹਣਿਆਂ, ਸਾਰੇ ਜੱਗ ਤੋਂ ਹਟਾਈ
ਸੋਨੇ ਤੇ ਸੁਹਾਗਾ ਲਾ ਕੇ, ਮੁੱਲ ਪਾਇਆ ਲੱਖ ਕਰੋੜੀਂ

ਯਾਦ ਮਾਹੀ ਦੀ ਆਵੇ, ਦਿਲ ਰੋਵੇ ਨਾਲੇ ਅੱਖ ਰੋਵੇ
ਪਿਆ ਵਿਛੋੜਾ ਸੱਜਣਾ ਦਾ, ਨਾ ਕਿਸੇ ਨੂੰ ਦੱਸ ਹੋਵੇ
ਅਸਾਂ ਤੇਰੇ ਨਾਲ ਲਾਈ ਏ, ਬੈਂਸ, ਤੂੰ ਭੀ ਨਾ ਤੋੜੀਂ

ਮਰ ਮਰ ਕੇ

ਪਿਆਰ ਦਾ ਪੱਜ ਲਾ ਕੇ, ਯਾਰ ਨੂੰ ਮਨਾਈਦਾ
ਮਨ ਮਾਰ ਖੁਦ ਮਰ, ਭੇਦ ਇਹੋ ਏ ਖੁਦਾਈ ਦਾ

ਨੈਣਾਂ ਨਾਲ ਨੈਣ ਮਿਲਾ ਕੇ, ਜੇ ਅੱਖ ਝੁਕ ਜਾਵੇ
ਮੇਰੀ ਮੈਂ ਮਾਰ ਕੇ, ਮਾਣ ਦੀ ਜੜ੍ਹ ਪੁੱਟ ਜਾਵੇ
ਆਪ ਮਰ ਕੇ ਯਾਰ ਮੰਨੇਂ, ਰਾਹ ਏ ਰਿਹਾਈ ਦਾ

ਜੇ ਯਾਰ ਦਿਲ ਨੂੰ ਖਿੱਚੇ, ਭੇਸ ਬਣਾ ਕੇ ਪੈ ਜਾ ਪਿੱਛੇ
ਮਨ ਚ ਉਹਦੀ ਸੂਰਤ ਹੋਵੇ, ਜਿੱਥੇ ਵੇਖੇਂ ਉਹੋ ਦਿੱਸੇ
ਰੱਖ ਦਿਲ ਚ ਪਿਆਰ, ਫਿਰ ਮਾਹੀ ਮਾਹੀ ਗਾਈ ਜਾ

ਝੁਕੇ ਪਿਆਰ ਵਿਚ ਅੱਖ, ਦਿਲ ਹੋ ਜਾਵੇ ਬੇਵਸ
ਲੈ ਕੇ ਮਾਹੀ ਦਾ ਪਿਆਰ, ਕੱਖ ਬਣ ਜਾਵੇ ਲੱਖ
ਪਿਆਰ ਮਾਹੀ ਨਾਲ ਪਾ ਕੇ, ਉਸੇ ਵਿਚ ਖੋ ਜਾਈਦਾ

ਖਾ ਕੇ ਇਸ਼ਕ ਦਾ ਕਾਣ, ਲੱਗੇ ਪਿਆਰ ਜਿਗਰ ਨੂੰ ਖਾਣ
ਸੁੱਤਿਆਂ ਪਸੀਨਾ ਆ ਜਾਵੇ, ਇਸ਼ਕ ਦੀ ਇਹ ਪਹਿਚਾਣ
ਬੈਂਸ ਦਿਲ ਵਾਲਾ ਦੁਖੜਾ ਨਹੀਂ, ਕਿਸੇ ਨੂੰ ਸੁਣਾਈਦਾ

ਮਾਹੀ ਨਾਲ ਪਿਆਰ ਪਾ ਕੇ, ਦਿਲ ਚ ਛੁਪਾਈਦਾ
ਇਸ਼ਕ ਦਾ ਰੋਗ ਲਾ ਕੇ, ਧੁਖ ਧੁਖ ਮਰ ਜਾਈਦਾ
ਇਹੋ ਹੱਜ ਇਹੋ ਪੂਜਾ, ਇਹੋ ਭੇਦ ਏ ਖੁਦਾਈ ਦਾ

ਨੈਣ ਮਿਲਾ ਕੇ ਫਿਰ ਸ਼ਰਮਾ ਕੇ, ਦਿਲ ਤੜਫਾਈਦਾ
ਕਰ ਕੇ ਨੈਣ ਨੈਣਾ ਦੇ ਵਸ, ਸੁਹਣੇ ਯਾਰ ਨੂੰ ਰੁਝਾਈਦਾ
ਜਿਵੇਂ ਹੋਵੇ ਮਾਹੀ ਵੱਲ, ਉਵੇਂ ਪਿਆਰ ਨੂੰ ਜਤਾਈਦਾ

ਦਰ ਦਰ ਫਿਰਦੇ

ਦਵਾ ਦੁਆ ਨਾਲ ਨਹੀਂ ਮਿਟਦੇ, ਹਿਜਰ ਦੇ ਮਾਰੇ ਜ਼ਖ਼ਮ ਜਿਗਰ ਦੇ
ਉਰ ਦਾ ਦਰਦ ਮਿਟੌਣ ਵਾਸਤੇ, ਇਸ਼ਕ ਦੇ ਮਾਰੇ ਦਰ ਦਰ ਫਿਰਦੇ

ਰੋਗ ਹੁਸਨ ਦਾ ਫਿਰਨਾ ਸਿਰ ਦਾ, ਹੁਸਨ ਦੀ ਇਸ਼ਕ ਦਵਾ ਹੋਵੇ
ਹੁਸਨ ਦਿਲ ਗੁਮਰਾਹ ਕਰਦਾ, ਹੁਸਨ ਦਾ ਇਸ਼ਕ ਗਵਾਹ ਹੋਵੇ
ਇਸ਼ਕ ਬਾਝੋਂ ਹੁਸਨ ਨਾ ਖਿੜਦਾ, ਹੁਸਨ ਤੇ ਇਸ਼ਕ ਚੜ੍ਹਾਵੇ ਕਰਜ਼ੇ

ਜਿਗਰ ਹਿਜਰ ਚ ਖੋਇਆ ਫਿਰਦਾ, ਜਿਉਂ ਜੰਗਲ ਵਿਚ ਢੋਰ
ਅਸਾਂ ਗੁਰਦੁਆਰੇ ਜਾ ਮੱਥੇ ਰਗੜੇ, ਪਰ ਡਗਰ ਪੀਆ ਦੀ ਹੋਰ
ਕਈ ਜੰਗਲ ਬੇਲੇ ਭੌਂਦੇ ਫਿਰਦੇ, ਕਈ ਖੜ੍ਹੇ ਹੋਣ ਭਾਰ ਸਿਰ ਦੇ

ਨੱਚ ਮਾਹੀ ਦੇ ਪਿਆਰ ਵਿਚ, ਬਣ ਉਹਦੇ ਪਿਆਰ ਦਾ ਚੋਰ
ਜਦੋਂ ਬੱਦਲ ਗਰਜੇ ਬਿਜਲੀ ਚਮਕੇ, ਪੈਲਾਂ ਪਾ ਵਾਕਣ ਮੋਰ
ਨੈਣ ਲੜਾ ਕੇ ਯਾਰ ਮਨਾ ਕੇ, ਸੁਫਨੇ ਪੂਰੇ ਕਰ ਲੈ ਦਿਲ ਦੇ

ਐਵੇਂ ਦਰ ਦਰ ਫਿਰਦੇ ਵੈਦ ਲੱਭਦੇ, ਦਿਲ ਦਾ ਦਰਦ ਨਹੀਂ ਜਾਂਦਾ
ਦਿਲ ਦਾ ਦਰਦ ਮਿਟਾਉਣ ਵਾਸਤੇ, ਇਸ਼ਕ ਦੀ ਪੌੜੀ ਚੜ੍ਹਨਾ ਪੈਂਦਾ
ਮਰੀਜ਼ ਦਿਲਾਂ ਦੇ ਦਰਦ ਥੰਮਣ ਲਈ, ਬਿਨਾਂ ਰੋਗ ਦੇ ਗਿਰਦੇ ਫਿਰਦੇ

ਅੰਦਰ ਹੋਰ ਤੇ ਬਾਹਰ ਹੋਰ, ਜਿਗਰ ਦੇ ਦਾਗ ਨਹੀਂ ਦੂਰੋਂ ਦਿਸਦੇ
ਰੋਗ ਇਸ਼ਕ ਧੁਖਣਾ ਜਿਗਰ ਦਾ, ਹੱਡ ਗੋਡੇ ਨਹੀਂ ਸੜਦੇ ਦਿਸਦੇ
ਨਾਗ ਇਸ਼ਕ ਦਾ ਡਸ ਜਾਵੇ, ਹਿਜਰ ਦੇ ਮਾਰੇ ਦਰ ਦਰ ਫਿਰਦੇ

ਪਿਆਰ ਚ ਆਸ਼ਿਕ ਜਾਨਾਂ ਵਾਰਨ, ਪਰ ਮਾਸ਼ੂਕ ਵਾਰਦੇ ਦਿਲ
ਬੈਂਸ ਦਿਲ ਵਾਰਨ ਦੀ ਜਾਚ ਸਿੱਖ ਲੈ, ਤੈਨੂੰ ਰੱਬ ਜਾਏਗਾ ਮਿਲ
ਅੱਗ ਸਾੜਦੀ ਲੱਤਾਂ ਗੋਡੇ, ਪਰ ਇਸ਼ਕ ਦੇ ਸ਼ੋਲ੍ਹੇ ਸੁਰਗ ਚ ਮਿਲਦੇ

ਸਖੀਆਂ ਦੀਆਂ ਤਰਕਾਂ

ਸਖੀਆਂ ਦੀਆਂ ਤਰਕਾਂ ਸਹਿ ਲਈਆਂ, ਦਿਲ ਦੀਆਂ ਦਿਲ ਚ ਰਹਿ ਗਈਆਂ
ਕਿਹਨੂੰ ਕੂਕ ਸੁਣਾਵਾਂ ਮੈਂ, ਮੇਰਾ ਉਜੜਿਆ ਸ਼ਹਿਰ ਭੰਬੋਰ ਨੀ ਸਈਓ

ਸਾਡੀ ਲੱਗੀ ਨਾਲ ਬਲੋਚਾਂ ਦੇ, ਹੁਣ ਲਾ ਕੇ ਤੋੜ ਨਿਭਾਵਾਂਗੇ
ਗਲਵੱਕੜੀ ਪਾ ਕੇ ਇੱਕ ਮਿੱਕ ਹੋ, ਦਰ ਮਾਹੀ ਦੇ ਜਾਵਾਂਗੇ
ਸੁਫਨਾ ਚੋਂ ਯਾਰ ਬਣਾਇਆ ਸੀ, ਉਹ ਚੰਨ ਮੈਂ ਬਣੀ ਚਕੋਰ ਨੀ ਸਈਓ

ਅੱਲ੍ਹੜਪਣੇ ਦੀ ਬੇਖਬਰੀ ਵਿਚ, ਲਾ ਬੈਠੀ ਬੇਪਰਵਾਹ ਦੇ ਨਾਲ
ਦੀਨ ਦੁਨੀਂ ਤੋਂ ਵੱਖ ਹੋ ਕੇ, ਲਾਈ ਹੁਸਨ ਦੇ ਸ਼ਾਹ ਦੇ ਨਾਲ
ਛੱਡ ਵਤਨੀਂ ਟੁਰ ਗਿਆ, ਸੁੰਞਾ ਹੋਇਆ ਸ਼ਹਿਰ ਭੰਬੋਰ ਨੀ ਸਈਓ

ਪਤਾ ਹੁੰਦਾ ਉਹਨੇ ਟੁਰ ਜਾਣਾ, ਮੈਂ ਅੱਖ ਭਰ ਨੀਂਦ ਨਾ ਸੌਂਦੀ
ਸਾਰੀ ਰਾਤ ਜਾਗ ਕੇ ਕੱਟਦੀ, ਨਜ਼ਰੋਂ ਪਰੇ ਹੋਣ ਨਾ ਦਿੰਦੀ
ਅਪਣੀ ਲਾ ਪੁਗਾ ਦਿੱਤੀ, ਹੁਣ ਮਾਹੀ ਦੇ ਹੱਥ ਡੋਰ ਨੀ ਸਈਓ

ਪੁੰਨੂ ਬਾਝੋਂ ਜੀ ਨਹੀਂ ਲਗਦਾ, ਕਿਹਨੂੰ ਦਿਲ ਦਾ ਹਾਲ ਸੁਣਾਵਾਂ
ਮਿੰਨਤਾਂ ਕਰਾਂ ਵਾਸਤੇ ਪਾਵਾਂ, ਮਾਹੀ ਨੂੰ ਕਿਤੋਂ ਮੋੜ ਲਿਆਵਾਂ
ਯਾਰ ਰੱਬ ਤੋਂ ਮੰਗਿਆ ਸੀ, ਪੈ ਗਏ ਚੋਰਾਂ ਤੇ ਮੋਰ ਨੀ ਸਈਓ

ਮਿੰਨਤਾਂ ਕਰਦੀ ਅੜੀਓ ਮੈਂ, ਰੁੱਸ ਗਿਆ ਯਾਰ ਨਿਮਾਣੀ ਦਾ
ਮਾਰੂਥਲ ਚ ਫਿਰਾਂ ਭਟਕਦੀ, ਕੋਈ ਖੋਜ ਨਾ ਲੱਭਦਾ ਹਾਣੀ ਦਾ
ਬੈਂਸ, ਬੈਠ ਮੜ੍ਹੀ ਤੇ ਰੋਵੇਂਗਾ, ਜਦੋਂ ਉਡ ਗਿਆ ਭੌਰ ਨੀ ਸਈਓ

ਪਿਆਰ ਦਾ ਰਾਜ਼

ਪਿਆਰ ਰੱਬ, ਰੱਬ ਪਿਆਰ ਹੈ, ਇਸ ਵਿਚ ਭੇਦ ਨਾ ਕਾਈ
ਪਿਆਰ ਪਾ ਲੈ ਯਾਰ ਮਨਾ ਲੈ, ਉਹੋ ਰੱਬ ਹੈ ਭਾਈ

ਸੁਹਣਾ ਜਿਹਾ ਯਾਰ ਬਣਾ ਕੇ, ਪਿਆਰ ਉਹਦੇ ਨਾਲ ਪਾ ਲੈ
ਤਨ ਮਨ ਵਾਰ ਅਪਣੇ ਸੱਜਣ ਤੇ, ਉਹਨੂੰ ਮਨ ਚ ਵਸਾ ਲੈ
ਨੈਣ ਝੁਕਾ ਕੇ ਨਜ਼ਰ ਚੁਰਾ ਕੇ, ਉਹਦੇ ਵੱਲ ਤੱਕਦੀ ਜਾਈਂ

ਸੁਹਣੇ ਯਾਰ ਵੱਲ ਤੱਕਦੀ ਜਾਹ, ਮਨ ਉਹਦੇ ਵਿਚ ਲਾ ਕੇ
ਮਨ ਝੁਕ ਜਾਵੇ ਦਿਲ ਟਿਕ ਜਾਵੇ, ਪਿਆਰ ਮਾਹੀ ਨਾਲ ਪਾ ਕੇ
ਪਿਆਰ ਉਹਨੂੰ ਖਿੱਚ ਲਿਆਵੇ, ਮੁੜ ਉਹਨੂੰ ਗਲ ਲਾਈਂ

ਨੀ ਮਾਹੀ ਮਾਹੀ ਕਰਦੀ ਜਾਹ, ਹੋਰ ਨਾ ਕਿਸੇ ਧਿਆਈਂ
ਬਾਕੀ ਸਭ ਸੁਫਨੇ ਮੁੱਕ ਜਾਂਦੇ, ਇੰਵ ਮਨ ਦੀ ਕਰੇ ਸਫਾਈ
ਮਨ ਸਾਫ ਕਰੇ ਸਭ ਪਾਪ ਹਰੇ, ਦਿਲ ਦੇ ਕੇ ਯਾਰ ਮਨਾਈਂ

ਬਣ ਕੇ ਸੁਹਣੇ ਸੱਜਣਾ ਦੀ, ਉਹਦੀ ਚਰਨ ਧੂੜ ਮੁੱਖ ਲਾ ਲੈ
ਜੋ ਆਖੇ ਉਹ ਸੱਚ ਕਰ ਜਾਣੀ, ਤੂੰ ਇੰਨਾਂ ਪਿਆਰ ਵਧਾ ਲੈ
ਜੇ ਕਿਧਰੇ ਸੁਹਣਾ ਰੁੱਸ ਜਾਵੇ, ਨੀ ਰੋ ਰੋ ਕੇ ਭੁੱਲ ਬਖਸ਼ਾਈਂ

ਉਹਨੂੰ ਅਪਣੇ ਮਨ ਚ ਵਸਾ ਕੇ, ਬਣ ਚਰਨਾਂ ਦੀ ਦਾਸੀ
ਉਹ ਤੇਰਾ ਤੂੰ ਉਹਦੀ ਏਂ, ਮੁੱਕੇ ਜੰਮਣ ਮਰਨ ਚਰਾਸੀ
ਉਹਦਾ ਪਿਆਰ ਦਿਲ ਚ ਰੱਖ ਕੇ, ਮਾਹੀ ਮਾਹੀ ਗਾਈਂ

ਪਿਆਰ ਚ ਸ਼ਿਕਵੇ ਮੁੱਕ ਜਾਂਦੇ, ਬਣੇ ਅਜਿਹੀ ਆਦਤ
ਅਪਣਾ ਆਪ ਮਿਟ ਜਾਂਵੇ, ਉਹਦੀ ਇਹੋ ਇਬਾਦਤ
ਤੈਨੂੰ ਪਿਆਰ ਚੋਂ ਰਾਹ ਲੱਭਾ, ਕਿਸੇ ਨਾ ਆਖ ਸੁਣਾਈਂ

ਮਾਹੀ ਤੇਰੇ ਦਿਲ ਚ ਵਸਦਾ, ਨਾ ਆਵੇ ਨਾ ਜਾਵੇ
ਜੋ ਤੂੰ ਉਹਦੀ ਬਣ ਜਾਵੇਂ, ਉਹ ਭੀ ਤੇਰਾ ਬਣ ਜਾਵੇ
ਮਾਹੀ ਬੈਂਸ ਦੇ ਚਿੱਤ ਚ ਵਸਦਾ, ਮਿਟੀ ਉਹਦੀ ਤਨਹਾਈ

ਬੇੜੀ ਤੇ ਚੜ੍ਹਾ ਕੇ

ਪਾ ਮਾਹੀ ਨਾਲ ਪਿਆਰ, ਵੇਲਾ ਮੁੜ ਕੇ ਨਾ ਆਉਣਾ ਏ
ਉਹਨੇ ਬੇੜੀ ਤੇ ਚੜ੍ਹਾ ਕੇ, ਤੈਨੂੰ ਪਾਰ ਲੰਘਾਉਣਾ ਏ

ਤੈਨੂੰ ਕਿਵੇਂ ਦੱਸਾਂ ਮੇਰੇ ਮਾਹੀ, ਸਾਡੇ ਤੇਰੇ ਨਾਲ ਯਾਰਾਨੇ
ਦਿਲ ਦਾ ਚੈਨ ਗੁਆ ਬੈਠੀ, ਚਿੱਠੀਆਂ ਲਿਖ ਕਰਾਂ ਬਹਾਨੇ
ਸਾਡੇ ਵੱਲ ਫੇਰਾ ਪਾ, ਅਸਾਂ ਦਿਲ ਦਾ ਹਾਲ ਸੁਣਾਉਣਾ ਏ

ਕਵਿਤਾ ਵਿਚ ਲਿਖ ਕੇ ਦੱਸਾਂ, ਤੈਨੂੰ ਅਪਣੇ ਦਿਲ ਦਾ ਹਾਲ
ਚਿੱਠੀਆਂ ਲਿਖ ਦਿਲ ਪਰਚਾਵਾਂ, ਮੈਂ ਹੋ ਗਈ ਹਾਲ ਬੇਹਾਲ
ਕੋਠੇ ਤੇ ਕੁਰਲਾ ਕਾਵਾਂ, ਅੱਜ ਮੇਰੇ ਸੱਜਣਾ ਨੇ ਆਉਣਾ ਏ

ਗਲ ਪਾਵਾਂ ਲਿਖ ਕਬੂਤਰ ਦੇ, ਅਪਣੇ ਦਿਲ ਦੀਆਂ ਸਧਰਾਂ
ਮਾਹੀ ਨੂੰ ਪਹੁੰਚਾ ਦੇ ਵੇ, ਸਾਡੇ ਪਿਆਰ ਦੀਆਂ ਖਬਰਾਂ
ਛੇਤੀ ਛੇਤੀ ਆ ਸੱਜਣਾ, ਬਹੁਤਾ ਚਿਰ ਨਹੀਂ ਲਾਉਣਾ ਏ

ਚਿੱਠੀਆਂ ਲਿਖ ਕੇ ਕਰਾਂ ਜੋਦੜੀ, ਨਾਲੇ ਮਿੰਨਤਾਂ ਕਰਦੀ
ਆ ਕੇ ਦਰਦ ਵੰਡਾ ਅੜਿਆ, ਕਿਉਂ ਹੋਇਓਂ ਬੇਦਰਦੀ
ਗਲ ਲੱਗ ਤੇਰੇ ਰੋਣਾ ਏ, ਅਸਾਂ ਦੁਖ ਨਹੀਂ ਸੁਣਾਉਣਾ ਏ

ਤੂੰ ਹੀ ਮੇਰਾ ਰਾਂਝਣ ਮਾਹੀ, ਚੰਨਾਂ ਤੂੰ ਹੀ ਮੇਰਾ ਰੱਬ
ਮੋਮਨ ਹੱਜ ਨੂੰ ਕਾਬੇ ਜਾਂਦੇ, ਮੇਰੀ ਤੇਰੇ ਹੱਥ ਚ ਲੱਜ
ਕੋਈ ਨਾ ਬੈਂਸ ਨਮਾਣੇ ਦਾ, ਤੂੰ ਹੀ ਪਾਰ ਲੰਘਾਉਣਾ ਏ

ਅਖੀਆਂ ਚੋਂ ਹੰਝੂ ਡਿਗਦੇ ਨੇਂ, ਯਾਦ ਕਰਾਂ ਸਰਕਾਰ ਨੂੰ
ਸੁਫਨੇ ਵਿਚ ਆ ਕੇ ਮਾਹੀ, ਗਲ ਮਿਲ ਅਪਣੇ ਯਾਰ ਨੂੰ
ਐਵੇਂ ਨਾ ਜੁਆਨੀ ਰੋਲੀਂ, ਵੇਲਾ ਮੁੜ ਨਹੀਂ ਅਉਣਾ ਏ

ਈਦ ਦੇ ਦਿਨ ਸਭ ਮਿਲਣਗੇ, ਅਪਣੇ ਅਪਣੇ ਯਾਰ ਨੂੰ
ਆ ਸਾਹਮਣੇ ਅੱਜ ਮੁਹੰਮਦ, ਨਿਭਾ ਦੇ ਕੌਲ ਕਰਾਰ ਨੂੰ
ਅਸਾਂ ਈਦ ਵਾਲੇ ਦਿਨ, ਤੇਰੇ ਗਲ ਲੱਗ ਰੋਣਾ ਏ

ਚਿੱਤ ਚ ਵਸਦਾ

ਤੇਰੇ ਬਾਝੋਂ ਜੀ ਨਹੀਂ ਲਗਦਾ, ਤੂੰ ਦੱਸ ਮਿਲੇਂਗਾ ਕਦ ਵੇ
ਮੇਰੇ ਚਿੱਤ ਚ ਤੂੰ ਵਸਦਾ, ਤੇਰੇ ਬਾਝ ਪਰਾਇਆ ਜੱਗ ਵੇ

ਮੇਰਾ ਦਿਲ ਘਬਰਾਵੇ, ਜਦੋਂ ਯਾਦ ਮਾਹੀ ਦੀ ਆਵੇ
ਬੁੱਲ੍ਹਾਂ ਤੇ ਸਿੱਕੜੀ ਆਵੇ, ਮੈਨੂੰ ਕੱਲਿਆਂ ਬੈਠ ਰੁਆਵੇ
ਸੁਫਨੇ ਚ ਆ ਮਾਹੀ, ਤੈਨੂੰ ਗਲ ਲਾਵਾਂ ਰੱਜ ਰੱਜ ਵੇ

ਸਾਡੇ ਮਨ ਨੂੰ ਧੀਰ ਬੰਨ੍ਹਾ, ਆ ਵਸ ਸਾਡੇ ਨੇੜੇ ਵੇ ਢੋਲਾ
ਤੈਨੂੰ ਮਿਲ ਕੇ ਮਨ ਵਿਗਸੇ, ਦੁਖ ਸੁਖ ਤੇਰੇ ਨਾਲ ਫੋਲਾਂ
ਖਿੜ ਖਿੜ ਆਖਾਂ ਸਖੀਆਂ ਨੂੰ, ਮਿਲਿਆ ਮਾਹੀ ਅੱਜ ਵੇ

ਮੇਰਾ ਮਨ ਤੇਰੇ ਵੱਲ ਨੱਸੇ, ਹੋਰ ਕਿਸੇ ਨੂੰ ਕੁਝ ਨਾ ਦੱਸੇ
ਯਾਦ ਆਵੇ ਜੀ ਘਬਰਾਵੇ, ਰੋ ਰੋ ਦਿਲ ਦੀ ਹਾਲਤ ਦੱਸੇ
ਤੇਰੀ ਯਾਦ ਇਬਾਦਤ ਬਣ ਗਈ, ਹੋਰ ਨਾ ਮੈਨੂੰ ਚੱਜ ਵੇ

ਆ ਮੇਰੇ ਪਰਦੇਸੀ ਢੋਲਾ, ਤੈਨੂੰ ਦਿਲ ਦਾ ਹਾਲ ਸੁਣਾਵਾਂ
ਅਪਣੀ ਕਹਿ ਕੁਝ ਮੇਰੀ ਸੁਣ, ਕਿਤੇ ਐਵੇਂ ਨਾ ਮਰ ਜਾਵਾਂ
ਜੀ ਕਰਦਾ ਤੈਨੂੰ ਵੇਖਣ ਨੂੰ, ਰੱਖ ਨਿਮਾਣੀ ਦੀ ਲੱਜ ਵੇ

ਮੰਨਦਾ ਨਹੀਂ ਮੇਰਾ ਰਾਂਝਣ, ਹਾਰ ਗਈ ਮੈਂ ਕਰਦੀ ਸਜਦੇ
ਔਸੀਆਂ ਪਾਵਾਂ ਕਾਗ ਉੜਾਵਾਂ, ਨਾਲੇ ਲੜ ਚੁਨਰੀ ਦੇ ਭਿੱਜਦੇ
ਜੇ ਮਾਹੀ ਘਰ ਆ ਜਾਵੇ, ਉਹਨੂੰ ਗਲ ਲਾਵਾਂ ਰੱਜ ਰੱਜ ਵੇ

ਯਾਦ ਕਰਾਂ ਉਹ ਨੱਸ ਜਾਵੇ, ਲਾ ਲਈ ਬੇਪਰਵਾਹ ਦੇ ਨਾਲ
ਵਿੱਛੜਿਆਂ ਯਾਰ ਮਿਲਾ ਦੇ, ਮਿੰਨਤਾਂ ਕਰਾਂ ਮਲਾਹ ਦੇ ਨਾਲ
ਅੰਗ ਨਾਲ ਅੰਗ ਮਿਲਾ ਸੱਜਣਾ, ਬੈਠੀ ਮੈਂ ਸਜ ਧਜ ਵੇ

ਤੇਰੇ ਬਾਝੋਂ ਸੱਜਣਾ ਵੇ, ਹੁਣ ਸਾਡਾ ਜੀ ਨਾ ਲੱਗੇ
ਤੂੰ ਚੰਦ੍ਰਮਾਂ ਮੈਂ ਚਕੋਰੀ, ਸਾਡੇ ਮਨ ਚ ਪ੍ਰੀਤ ਜਗੇ
ਤੂੰ ਹੀ ਬੈਂਸ ਦਾ ਬੁਤਖਾਨਾ, ਤੂੰ ਹੀ ਉਹਦੀ ਹੱਜ ਵੇ

ਪਰਮ ਪ੍ਰੀਤ

ਐਸੀ ਦਿਲ ਵਿਚ ਜੋਤ ਜਗਾਈ, ਪ੍ਰੀਤ ਲੱਗੀ ਪੀਆ ਸਿਮਰਨ ਦੀ
ਪਲਕਾਂ ਚੋਂ ਅੱਥਰੂ ਵਗਦੇ ਨੇ, ਮਾਹੀ ਧੂੜ ਮਿਲੇ ਚਰਨਨ ਦੀ

ਸਾਰੇ ਜੱਗ ਨੂੰ ਆਖ ਸੁਣਾਵਾਂ, ਮੇਰਾ ਮਾਹੀ ਜੱਗ ਤੋਂ ਨਿਆਰਾ
ਸਭ ਤੋਂ ਸੁੰਦਰ ਮਨ ਦਾ ਮੰਦਰ, ਲਗਦਾ ਬਹੁਤ ਪਿਆਰਾ
ਤਰਲੇ ਪਾ ਪਾ ਕਰਾਂ ਜੋਦੜੀ, ਬਣਾਂ ਧੂੜ ਤੇਰੇ ਚਰਨਨ ਦੀ

ਤੂੰ ਹੀ ਤੂੰ ਹੀ ਤੂੰ ਸੁਹਣਿਆਂ, ਤੇਰੀ ਮਹਿਮਾਂ ਨਿਆਰੀ
ਸਦਕੇ ਜਾਵਾਂ ਸੱਜਣਾ ਦੇ, ਅਸਾਂ ਜਿੰਦ ਸੱਜਣ ਤੇ ਵਾਰੀ
ਮਨ ਚ ਵਲਵਲੇ ਉਠਣ, ਮੈਨੂੰ ਚਾਹ ਤੇਰੇ ਦਰਸ਼ਨ ਦੀ

ਆਓ ਸਈਓ ਮੇਰੀਓ ਨੀ, ਕੋਈ ਮਾਹੀ ਦੀ ਗੱਲ ਸੁਣਾਓ
ਦਿਓ ਸੁਨੇਹਾ ਸ਼ਗਨਾਂ ਵਾਲਾ, ਦਿਲ ਦੀ ਲੱਗੀ ਬੁਝਾਓ
ਹੱਥ ਅੱਡ ਕੇ ਮੰਗਾਂ ਦੁਆਵਾਂ, ਮਿਲੇ ਭੀਖ ਕਰਮਨ ਦੀ

ਜਾਓ ਸੱਈਓ ਮਾਹੀ ਨੂੰ ਭਾਲਣ, ਲੈ ਜਾਓ ਮੇਰਾ ਸਨੇਹਾ
ਤੈਨੂੰ ਹੀਰ ਸਲੇਟੀ ਯਾਦ ਕਰੇ, ਕੋਈ ਨਹੀਂ ਰਾਂਝਣ ਜਿਹਾ
ਦਿਲ ਚ ਵਸਦੀ ਸੂਰਤ ਤੇਰੀ, ਲਗਨ ਲੱਗੀ ਸਿਮਰਨ ਦੀ

ਕੀ ਲੈਣਾ ਹੁਣ ਜਾ ਕੇ ਮੰਦਿਰ, ਮਾਹੀ ਵਸਦਾ ਦਿਲ ਅੰਦਰ
ਗਾਏ ਜਾਵਾਂ ਗੀਤ ਹਿਜਰ ਦੇ, ਮੇਰੇ ਦਿਲ ਚ ਤੇਰਾ ਮੰਦਿਰ
ਰੱਬ ਕੋਲੋਂ ਮੰਗਾਂ ਦੁਆਵਾਂ, ਮਾਹੀ ਦੀਦ ਕਰਾ ਮੇਰੇ ਚੰਨ ਦੀ

ਮਨ ਗਾ ਪਿਆਰ ਦੀ ਬਾਣੀ, ਹੋਰ ਗੱਲ ਕੰਮ ਨਹੀਂ ਆਉਣੀ
ਵਾਰਾਂ ਜਾਨ ਮੈਂ ਅਪਣੇ ਚੰਨ ਤੇ, ਚਰਨ ਚੱਲਾਂ ਹੋ ਕੇ ਨਿਮਾਣੀ
ਜਲ ਤਰੰਗ ਦਾ ਨਾਤਾ ਬਣਿਆਂ, ਮੁੱਕ ਗਈ ਭੈ ਵਿਛੜਨ ਦੀ

ਕਮਲੀ ਵਾਲਿਆ ਦਿਲਦਾਰਾ, ਮੇਰੀ ਜਾਨ ਗਮਾਂ ਚ ਸੁਕਦੀ ਏ
ਯਾਦ ਕਰਾਂ ਨਾਲੇ ਦਿਲ ਧੜਕੇ, ਗੱਲ ਤੇਰੇ ਕਰਮ ਤੇ ਮੁੱਕਦੀ ਏ
ਬਣ ਕੇ ਬੈਂਸ ਬਾਗ ਦੀ ਮਾਲਣ, ਚਾ ਮਹਿਕ ਗੁਲਸ਼ਨ ਦੀ

ਨੈਣਾਂ ਦੇ ਵਸ

ਵਸ ਪੈ ਕੇ ਭੈੜੇ ਨੈਣਾਂ ਦੇ, ਗ਼ੈਰਾਂ ਨਾਲ ਨੈਣ ਮਿਲਾ ਬੈਠੀ
ਲਾ ਕੇ ਬੇਪਰਵਾਹ ਦੇ ਨਾਲ, ਮੈਂ ਅਪਣਾ ਆਪ ਗੁਆ ਬੈਠੀ

ਮਿਲਣ ਅਸਾਂ ਤੈਨੂੰ ਆਉਣਾ ਏ, ਕਰ ਕਰ ਕੇ ਰੋਜ਼ ਬਹਾਨੇ
ਅਸਾਂ ਪਿਛਲੇ ਜਨਮ ਚ ਜੋੜੀ ਸੀ, ਸਾਡੇ ਤੇਰੇ ਨਾਲ ਯਾਰਾਨੇ
ਪੱਜ ਪਿਆਰ ਦਾ ਲਾ ਕੇ ਮੈਂ, ਤੈਨੂੰ ਦਿਲ ਦਾ ਚੋਰ ਬਣਾ ਬੈਠੀ

ਖਿੱਚੋਤਾਣ ਸਾਡੇ ਦਿਲ ਦੀ, ਬਦਲ ਗਈ ਏ ਪਿਆਰ ਵਿਚ
ਨੈਣ ਮਿਲ ਕੇ ਨੈਣ ਝੁਕ ਗਏ, ਮਜ਼ਾ ਆਵੇ ਇਕਰਾਰ ਵਿਚ
ਐਵੇਂ ਨਹੀਂ ਤੜਫਾਈਦਾ, ਮੈਂ ਪਿਆਰ ਤੇਰੇ ਨਾਲ ਪਾ ਬੈਠੀ

ਮੁਹੱਬਤ ਭਰੀ ਨਿਗਾਹਾਂ ਹੁਣ, ਪਈ ਲੱਭਣ ਅਪਣੇ ਯਾਰ ਨੂੰ
ਇਸ ਜੱਗ ਤੋਂ ਉਨ੍ਹਾਂ ਕੀ ਲੈਣਾ, ਉਹ ਖੋਜਣ ਦਿਲਦਾਰ ਨੂੰ
ਦਿਲ ਦਾ ਦਰਦ ਨਹੀਂ ਜਾਂਦਾ, ਮੈਂ ਤੀਰ ਜਿਗਰ ਚ ਖਾ ਬੈਠੀ

ਮੁੱਦਤ ਹੋ ਗਈ ਯਾਰ ਵੇ, ਦਿਲ ਤਰਸੇ ਮਹਿਮਾਨ ਨਮਾਜ਼ੀ ਨੂੰ
ਗਰੀਬਖਾਨੇ ਸਾਡੇ ਆ ਮਾਹੀ, ਦਿਲ ਤਰਸੇ ਇਸ਼ਕ ਮਜਾਜ਼ੀ ਨੂੰ
ਇਸ਼ਕ ਚਰਾਗ ਬਲੰਦ ਹੋਇਆ, ਨੈਣਾਂ ਨਾਲ ਨੈਣ ਮਿਲਾ ਬੈਠੀ

ਨੈਣਾਂ ਦੇ ਵਸ ਹੋ ਕੇ, ਅਸਾਂ ਲਾ ਲਈ ਪਿਆਰ ਦੀ ਬਾਜ਼ੀ
ਤੈਨੂੰ ਵੇਖਣ ਅੱਖੀਆਂ ਤਰਸਣ, ਹੋ ਜਾ ਮਿਲਣ ਨੂੰ ਰਾਜ਼ੀ
ਬਹੁੜ ਤੱਤੀ ਦਿਆ ਢੋਲਾ, ਮੈਂ ਸ਼ਗਨਾਂ ਦੀ ਮਹਿੰਦੀ ਲਾ ਬੈਠੀ

ਅੱਲ੍ਹੜਪਣੇ ਚ ਲੱਗ ਗਈ ਸਾਡੀ, ਸ਼ਾਹਾਂ ਦੇ ਸ਼ਾਹ ਨਾਲ ਯਾਰੀ
ਦਿਲ ਨਹੀਂ ਲਗਦਾ ਸੱਜਣਾ ਬਾਝੋਂ, ਦੇ ਗਿਆ ਹਿਜਰ ਬਿਮਾਰੀ
ਆ ਜਾ ਬਣ ਕੇ ਵੈਦ, ਬੈਂਸ, ਮੈਂ ਰੋਗ ਇਸ਼ਕ ਦਾ ਲਾ ਬੈਠੀ

ਦੀਵਾ ਬਾਲ ਕੇ

ਕਦੀ ਪੁੱਛਦਾ ਨਹੀਂ ਮਾਹੀ, ਸਾਡਾ ਹਾਲ ਚਾਲ ਵੇ
ਤੈਨੂੰ ਟੋਲਦੀ ਫਿਰਾਂ ਮੈਂ, ਦੀਵਾ ਬਾਲ ਬਾਲ ਕੇ

ਕਿੱਥੇ ਟੁਰ ਗਿਆ ਮਾਹੀ, ਜਾਂਦੇ ਅੱਖ ਨਾ ਮਿਲਾਈ
ਵੇ ਮੈਂ ਬੇਵਸ ਹੋ ਗਈ, ਤੇਰੇ ਪਿਆਰ ਦੀ ਸਤਾਈ
ਮਾਹੀ ਮੋੜ ਲੈ ਮੁਹਾਰਾਂ, ਆ ਕੇ ਕਰਦੇ ਨਿਹਾਲ ਵੇ

ਤੂੰ ਹੀ ਰਵੀ ਸ਼ਸ਼ੀ ਤਾਰੇ, ਤੂੰ ਹੀ ਧਰਤੀ ਆਕਾਸ਼
ਦਿਨੇ ਚਾਨਣ ਰਾਤ ਹਨੇਰ, ਸਾਰਾ ਤੇਰਾ ਪਰਤਾਪ
ਸਾਰੇ ਆਰਤੀ ਕਰਨ, ਬਾਲ ਬਾਲ ਕੇ ਮਸਾਲ ਵੇ

ਆਈ ਚਾਨਣੀ ਦੀ ਰਾਤ, ਅਸਾਂ ਮਿਲਣ ਦੀ ਝਾਕ
ਬਣ ਚੰਨ ਮੇਰੇ ਮਾਹੀ, ਬੈਠ ਆ ਕੇ ਮੇਰੇ ਪਾਸ
ਤੇਰੀ ਚਾਨਣੀ ਨੂੰ ਤੱਕਾਂ, ਇਹੋ ਚਿੱਤ ਚ ਖਿਆਲ ਵੇ

ਆਵੇ ਮੱਸਿਆ ਦੀ ਰਾਤ, ਭਰੀ ਤਾਰਿਆਂ ਪਰਾਤ
ਚੰਨ ਨਜ਼ਰ ਨਾ ਆਵੇ, ਕਿਵੇਂ ਜਾਵਾਂ ਉਹਦੇ ਪਾਸ
ਸਾਡਾ ਦਿਲ ਘਬਰਾਵੇ, ਆ ਚੱਲ ਭਿੰਨੀਂ ਚਾਲ ਵੇ

ਮੇਰਾ ਕੋਈ ਨਾ ਕਸੂਰ, ਮੈਥੋਂ ਰੁੱਸ ਗਿਆ ਮਾਹੀ
ਹਾਲ ਲਿਖ ਕੇ ਸੁਣਾਉਂਦੀ, ਮੁੱਕ ਗਈ ਏ ਸਿਆਹੀ
ਬੈਂਸ ਰੁੱਸੇ ਨੂੰ ਮਨਾ ਲੈ, ਉਹਦੀ ਬਣਕੇ ਰਵਾਲ ਵੇ

ਮੇਰੀ ਸੁਣ ਮੇਰੇ ਮਾਹੀ, ਆ ਜਾ ਪਾਵਾਂ ਮੈਂ ਦੁਹਾਈ
ਸੁਹਣੇ ਯਾਰ ਨੂੰ ਤੱਕਣ, ਮੈਂ ਫਿਰਾਂ ਚਾਈਂ ਚਾਈਂ
ਰੱਖ ਜਿਗਰ ਤੇ ਹੱਥ, ਵੇਖ ਯਾਰ ਦਾ ਕੀ ਹਾਲ ਵੇ

ਇਸ਼ਕ ਬਿਮਾਰੀ

ਤੈਨੂੰ ਲੱਗੀ ਇਸ਼ਕ ਬਿਮਾਰੀ, ਲਕੋਇਆਂ ਨਾ ਹੁਣ ਲੁਕਦੀ ਏ
ਇਹ ਆਖਾਂ ਕਦੀ ਉਹ ਆਖਾਂ, ਗੱਲ ਤੇਰੇ ਤੇ ਆ ਮੁੱਕਦੀ ਏ

ਮੇਰੇ ਸ਼ੈਲ ਸ਼ਬੀਲੇ ਢੋਲਣ ਮਾਹੀ, ਆ ਵਸ ਪਲਕਾਂ ਕੋਲ
ਪਾ ਕਜਲੇ ਦੀ ਧਾਰ, ਅੱਖ ਤੇਰੇ ਹਿਜਰ ਵਿਚ ਸੁੱਕਦੀ ਏ

ਤੂੰ ਮੇਰੇ ਜੀ ਚ ਵਸਦਾ ਏਂ, ਮੈਂ ਪਿਆਰ ਤੇਰੇ ਨਾਲ ਪਾਇਆ ਏ
ਹੁਣ ਹਾਰ ਸੰਗਾਰ ਨਹੀਂ ਭੌਂਦਾ, ਅੱਖ ਤੇਰੇ ਚਰਨ ਤੇ ਝੁਕਦੀ ਏ

ਅੱਖੀਆਂ ਚ ਕਜਲਾ ਨਹੀਂ ਫਬਦਾ, ਹੜ੍ਹ ਹੰਝੂਆਂ ਦਾ ਆਇਆ ਏ
ਤੈਨੂੰ ਤਰਸ ਨਹੀਂ ਆਉਂਦਾ, ਵਗ ਨਦੀ ਹੰਝੂਆਂ ਦੀ ਸੁੱਕ ਗਈ ਏ

ਅੱਥਰੂ ਵਗਣੋ ਨਹੀਂ ਰੁਕਦੇ, ਜੀ ਡਰਦਾ ਦੁਨੀਆਂਦਾਰੀ ਤੋਂ
ਕੀ ਦੱਸਾਂ ਕੀ ਛੁਪਾਵਾਂ, ਅੱਖ ਸਖੀਆਂ ਮਿਲਣ ਤੋਂ ਛੁਪਦੀ ਏ

ਜਦੋਂ ਤੇਰੀ ਸੂਰਤ ਸਾਹਮਣੇ ਆਵੇ, ਵਗਣ ਲੱਗਣ ਮੇਰੇ ਅੱਥਰੂ
ਮੈਂ ਮਰ ਕੇ ਸੁਰਖਰੂ ਹੋ ਜਾਵਾਂ, ਗੱਲ ਤੇਰੀ ਨਜ਼ਰ ਤੇ ਮੁੱਕਦੀ ਏ

ਹੰਝੂ ਡਿਗਣੋ ਨਹੀਂ ਰੁਕਦੇ, ਜੀ ਪੈ ਗਿਆ ਵਸ ਵਿਚਾਰਾਂ ਦੇ
ਯਾਦ ਆਵੇ ਜਦੋਂ ਮਾਹੀ ਦੀ, ਚਿੱਤ ਇਸ਼ਕ ਚਿੰਗਾਰੀ ਧੁਖਦੀ ਏ

ਸੁਫਨੇ ਚ ਤ੍ਰਾਨੇ ਮਾਰਦਾ ਏ, ਮੁੱਲ ਪਾਉਂਦਾ ਕੌਲ ਕਰਾਰਾਂ ਦੇ
ਪਿਆਰ ਚ ਵ੍ਰਾਦੇ ਹੋ ਜਾਂਦੇ, ਜੀਭ ਨਾ ਰੋਕਿਆਂ ਰੁਕਦੀ ਏ

ਹੁਣ ਮੈਂ ਨਹੀਂ ਕੁਛ ਹੌਂ ਨਹੀਂ, ਇਸ ਜੱਗ ਚ ਮੇਰਾ ਕੁਝ ਨਹੀਂ
ਤੇਰਾ ਇਸ਼ਕ ਸਤੌਂਦਾ ਏ, ਕੋਈ ਹੋਰ ਗੱਲ ਨਹੀਂ ਸੁੱਝਦੀ ਏ

ਚਿੱਠੀ ਲਿਖ ਕੇ ਯਾਰ ਰੁਝਾਵਾਂ, ਲਿਖਣ ਦਾ ਕੋਈ ਵੱਲ ਨਹੀਂ
ਅਪਣੇ ਆਪ ਗੱਲ ਲਿਖ ਹੋਵੇ, ਜੋ ਤੇਰੇ ਇਸ਼ਕ ਚ ਢੁਕਦੀ ਏ

ਰੱਖ ਲੈ ਮਾਣ ਨਿਮਾਣੀ ਦਾ, ਮਾਹੀ ਇਕ ਵਾਰੀ ਫੇਰਾ ਪਾ ਜਾ
ਤੈਨੂੰ ਤੱਕ ਕੇ ਰਾਖ ਬਣੇ, ਜਿਹੜੀ ਸੀਨੇ ਦੇ ਵਿਚ ਧੁਖਦੀ ਏ

ਨੈਣਾਂ ਨਾਲ ਨੈਣ ਮਿਲਾ ਕੇ, ਮਾਹੀ ਦਿਲ ਦੀ ਲੱਗੀ ਬੁਝਾ ਜਾ
ਤੇਰੇ ਬਾਝੋਂ ਅੱਖ ਨਹੀਂ ਲਗਦੀ, ਅੱਖ ਰੜਕ ਨਾਲ ਦੁਖਦੀ ਏ

ਤੇਰੇ ਪਿਆਰ ਦੇ ਕਰਾਂ ਬਹਾਨੇ, ਸਖੀਆਂ ਮੈਨੂੰ ਮਾਰਨ ਤ੍ਹਾਨੇ
ਕਿੱਥੋਂ ਹੀਰ ਨੂੰ ਇਸ਼ਕ ਜਾਗਿਆ, ਭਰ ਭਰ ਅੱਖੀਆਂ ਬੁੱਕਦੀ ਏ

ਨਹੀਂ ਮਿਲਣਾ ਸੁਫਨੇ ਚ ਆ ਜਾ, ਵੇਖ ਲਵਾਂ ਤੈਨੂੰ ਇਸੇ ਬਹਾਨੇ
ਆ ਕੇ ਸਾਡਾ ਦਿਲ ਪਰਚਾ ਜਾ, ਸੁਫਨਾ ਨਹੀਂ ਗੱਲ ਮੁੱਖ ਦੀ ਏ

ਮਨ ਚੋਰੀ ਚੋਰੀ ਤੱਕਦਾ ਏ, ਜਦੋਂ ਯਾਦ ਮਾਹੀ ਦੀ ਆਉਂਦੀ ਏ
ਆ ਮਿਲ ਮੇਰੇ ਸੱਜਣਾ ਵੇ, ਕਹਿਣੋਂ ਜ਼ਬਾਨ ਨਹੀਂ ਰੁਕਦੀ ਏ

ਅੱਖੀਆਂ ਦਾ ਕਜਲਾ ਬਹਿੰਦਾ ਏ, ਪਿਆਰ ਮਾਹੀ ਦਾ ਕਹਿੰਦਾ ਏ
ਬੈਂਸ, ਬਣ ਖਾਕ ਦੁਆਰੇ ਦੀ, ਮੇਰੀ ਮੈਂ ਮਾਰ ਗੱਲ ਮੁੱਕਦੀ ਏ

ਕਾਸਣੀ ਆਕਾਸ਼

ਸਾਜਿਆ ਤੂੰ ਜੱਗ ਸਾਰਾ, ਪਿਆਰ ਭਰੀ ਰਾਤ ਵਿਚ
ਉਤੇ ਚੰਨ ਤਾਰੇ ਲਾਏ, ਕਾਸਣੀ ਆਕਾਸ਼ ਵਿਚ

ਫੂਕ ਮਾਰ ਕੇ ਚਲਾਈ ਹਵਾ, ਘੋਲ ਕੇ ਬਣਾਇਆ ਪਾਣੀ
ਪਾਣੀ ਚੋਂ ਬਣਾਇਆ ਜੱਗ, ਤੇਰੇ ਇਸ਼ਕ ਦੀ ਕਹਾਣੀ
ਤੇਰੀ ਮਹਿਮਾਂ ਤੂੰ ਜਾਣੇ, ਕਿਹਨੂੰ ਦਿੱਤੀ ਏ ਸੌਗਾਤ ਵਿਚ

ਮੇਰੇ ਤੇ ਚੜ੍ਹ ਗਿਆ ਕਰਜ਼ਾ, ਚਾਕਰ ਮੈਂ ਤੇਰੇ ਦਰ ਦਾ
ਸਮਝ ਸਾਰ ਜ਼ਰਾ ਨਾ ਮੈਨੂੰ, ਪਰ ਨੁਕਤਾਚੀਨੀ ਕਰਦਾ
ਮੁੱਕੇ ਨਾ ਸੁਆਲ, ਸਿਆਹੀ ਮੁੱਕ ਗਈ ਦੁਆਤ ਵਿਚ

ਤੇਰੀ ਕੁਦਰਤ ਤੂੰ ਬਣਾਈ, ਤੂੰ ਹੀ ਪਾਲਣ ਕਰਦਾ
ਸਭ ਨੂੰ ਸਾਹ ਦੁਆਵੇਂ ਆਪੇ, ਜੇ ਆਖੇਂ ਤਾਂ ਮਰਦਾ
ਝਿਲਮਿਲ ਤੇਰੀ ਮਹਿਮਾਂ ਦੀ, ਲਿਸ਼ਕੇ ਆਕਾਸ਼ ਵਿਚ

ਬਿਨ ਥੰਮ੍ਹਾਂ ਤੋਂ ਧਰਤ ਖੜੋਤੀ, ਇਵੇਂ ਹੀ ਚੰਨ ਤਾਰੇ
ਡਰਦੇ ਮਾਰੇ ਰੱਖਣ ਰੋਸ਼ਨੀ, ਮਿਲ ਪਹਿਰਾ ਦੇਣ ਵਿਚਾਰੇ
ਸਵੇਰੇ ਸੂਰਜ ਕਰੇ ਆਰਤੀ, ਫੇਰੀ ਪਾ ਪਰਭਾਤ ਵਿਚ

ਜ਼ਰਾ ਕੁ ਮੈਨੂੰ ਪਿਆਰ ਸਿਖਾ ਦੇ, ਜੇ ਤਾਰਾ ਬਣ ਜਾਵਾਂ
ਬਹਿ ਕੇ ਮੱਸਿਆ ਦੀ ਰਾਤ, ਮੈਂ ਭੀ ਅੱਖੀਆਂ ਮਟਕਾਵਾਂ
ਜੇ ਤੇਰੀ ਮਿਹਰ ਹੋ ਜਾਵੇ, ਮੇਰਾ ਚੰਨ ਮਿਲੇ ਸੌਗਾਤ ਵਿਚ

ਐਧਰ ਉਧਰ ਜਿੱਥੇ ਵੇਖਾਂ, ਸਭ ਕੁਝ ਤੂੰ ਹੀ ਤੂੰ ਹੈਂ
ਜਲਵਾ ਵੇਖ ਕੇ ਮਨ ਭਰ ਆਵੇ, ਆਖੇ ਤੂੰ ਹੀ ਤੂੰ ਹੈਂ
ਕਰਜ਼ ਦੇ ਕੇ ਘੱਲਿਆ ਈ, ਚੰਨਾਂ ਬਖਸ਼ ਖੈਰਾਤ ਵਿਚ

ਚਾਰੇ ਵੰਨੇਂ ਤੂੰ ਹੀ ਤੂੰ ਹੈਂ, ਭੇਦ ਨਾ ਦੇਵੇਂ ਦਿਲ ਦਾ
ਮੇਰੇ ਜਿਹੀਆਂ ਲੱਖਾਂ ਤੈਨੂੰ, ਤੇਰੇ ਜਿਹਾ ਨਾ ਮਿਲਦਾ
ਡੋਲੀ ਚ ਬਠਾ ਕੇ ਲੈ ਜਾ, ਸ਼ਗਨਾਂ ਦੀ ਰਾਤ ਵਿਚ

ਨੈਣਾਂ ਦਾ ਝੁਕਾ

ਅੱਖੀਆਂ ਨੇ ਝੁਕਣਾ ਸਿੱਖ ਲਿਆ, ਝੁਕ ਚੋਰੀ ਕਰਨ ਪਿਆਰ ਦੀ
ਤਿੱਖੇ ਤੀਰ ਚਲਾ ਕੇ ਨੈਣਾਂ ਦੇ, ਕੱਢ ਲੈਣ ਜਾਨ ਦਿਲਦਾਰ ਦੀ

ਤੇਰੇ ਨਾਲ ਨੈਣ ਮਿਲਾ ਕੇ, ਮੈਂ ਬਣ ਗਈ ਤੇਰੀ ਚੋਰ
ਤਿੱਖਾ ਤੀਰ ਨਜ਼ਰ ਦਾ ਖਾ ਕੇ, ਦਿਲ ਹੋਇਆ ਹੋਰੋ ਹੋਰ
ਹੁਣ ਸਾਡਾ ਜ਼ੋਰ ਨਹੀਂ ਚਲਦਾ, ਮਰਜ਼ੀ ਏ ਸਰਕਾਰ ਦੀ

ਮੋਰਾਂ ਵਾਂਗ ਪੈਲਾਂ ਪਾ ਅੜਿਆ, ਸਾਡਾ ਜੀ ਚੁਰਾ ਅੜਿਆ
ਕਰਾਂ ਉਡੀਕਾਂ ਤੇਰੀਆਂ, ਕਦੀ ਸਾਡੇ ਵਿਹੜੇ ਆ ਅੜਿਆ
ਆ ਸਾਹਮਣੇ ਬਹਿ ਚੰਨਾਂ, ਕੋਈ ਕਰੀਏ ਗੱਲ ਪਿਆਰ ਦੀ

ਤੂੰ ਮੇਰਾ ਰਾਂਝਣ ਮਾਹੀ, ਅਸਾਂ ਤੈਨੂੰ ਮਨ ਚ ਵਸਾਇਆ ਏ
ਤੇਰੀ ਮੈਂ ਹੀਰ ਸਲੇਟੀ, ਮੇਰੇ ਸਿਰ ਰਾਂਝਣ ਦਾ ਸਾਇਆ ਏ
ਬਹਿ ਕੇ ਦਿਲ ਤੜਫਾ ਲਈਏ, ਹੋਵੇ ਨਾ ਗੱਲ ਤਕਰਾਰ ਦੀ

ਤੂੰ ਹੀ ਤੂੰ ਕਰਦੀ ਜਾਵਾਂ, ਹੋਰ ਕੁਝ ਮਨ ਚ ਆਉਂਦਾ ਨਹੀਂ
ਕਿਹਨੂੰ ਆਖ ਸੁਣਾਵਾਂ ਮੈਂ, ਕੋਈ ਮੇਰਾ ਦਰਦ ਵੰਡਾਉਂਦਾ ਨਹੀਂ
ਪਿਛਲੇ ਜਨਮ ਦੇ ਵਿਛੜੇ ਹਾਂ, ਮਾਹੀ ਭਰ ਮਾਂਗ ਪਿਆਰ ਦੀ

ਮੈਂ ਭਾਲਾਂ ਤੈਨੂੰ ਮੰਦਰਾਂ ਵਿਚ, ਦੱਸ ਤੂੰ ਕਿੱਥੇ ਟੁਰ ਗਿਆ ਮਾਹੀ
ਯਾਦ ਕਰਾਂ ਨਾਲੇ ਨੀਰ ਬਹਾਵਾਂ, ਮੁੱਕ ਗਈ ਨੈਣਾਂ ਦੀ ਸਿਆਹੀ
ਕਰਾਂ ਦੁਆਵਾਂ ਚਿੱਠੀਆਂ ਪਾਵਾਂ, ਜੇ ਵਾਗ ਮੁੜੇ ਸਰਕਾਰ ਦੀ

ਚੋਰ ਮੋਰ

ਤੂੰ ਸਾਵਣ ਮੈਂ ਕਾਲੀ ਘਟਾ, ਤੂੰ ਬਾਗ ਮੈਂ ਮੋਰ
ਤੂੰ ਚੰਦਾ ਮੈਂ ਸੀਤ ਚਾਨਣੀ, ਤੂੰ ਚੰਨ ਮੈਂ ਚਕੋਰ

ਆਪੇ ਜੋੜੇ ਆਪੇ ਤੋੜੇ, ਆਪੇ ਸੱਜਣ ਦਾ ਪਿਆਰ ਬਹੋੜੇ
ਆਪੇ ਖਿੱਚ ਪਿਆਰ ਦੀ ਪਾਵੇ, ਆਪੇ ਵਿਚ ਝਨਾ ਦੇ ਰੋੜ੍ਹੇ
ਆਪੇ ਛੁਪ ਛੁਪ ਨੈਣ ਲੜਾਵੇ", ਆਪੇ ਕਰਦਾ ਤੋੜ ਮਰੋੜ

ਐਸੀ ਕਾਣ ਜਿਗਰ ਚ ਮਾਰੀ, ਉਗੱ ਪਈ ਜ਼ਖਮ ਚੋ ਪ੍ਰੀਤ
ਐਸੀ ਚੀਖ ਜੀ ਚੋਂ ਨਿਕਲੀ, ਤੂੰ ਬਣ ਗਿਆ ਸਾਡਾ ਮੀਤ
ਦਿਲ ਦਾ ਦਰਦ ਨਹੀਂ ਜਾਂਦਾ, ਹੁਣ ਮਾਰ ਤੀਰ ਇਕ ਹੋਰ

ਪਿੱਪਲਾਂ ਤੇ ਪੀਘਾਂ ਪਾਵਾਂ, ਆਈਆਂ ਸੌਣ ਦੀਆਂ ਬਰਸਾਤਾਂ
ਪੀਂਘਾਂ ਝੂਟਾਂ ਕਿੱਕਲੀ ਪਾਵਾਂ, ਨਾਲੇ ਮੰਗਾਂ ਪਿਆਰ ਸੌਗਾਤਾਂ
ਕੱਤਕ ਕੂੰਜਾਂ ਫੱਗਣ ਚਿੜੀਆਂ, ਸਾਵਣ ਪੈਲਾਂ ਪਾਵਣ ਮੋਰ

ਆਪੇ ਲਾਡ ਲਡਾਵੇ ਮਾਹੀ, ਗਾ ਗਾ ਪਿਆਰ ਦੇ ਗੀਤ
ਤੂੰ ਆਪੇ ਵੱਗ ਚਰਾਵੇ ਮਾਹੀ, ਇਹੋ ਪਿਆਰ ਦੀ ਰੀਤ
ਤੂੰ ਸਾਡੇ ਦਿਲ ਚ ਵਸ ਕੇ ਮਾਹੀ, ਕੁੰਡਾ ਦਿਲ ਦਾ ਖੋਲ੍ਹ

ਕੱਜਲਾ ਪਾ ਕੇ ਨੈਣ ਮਿਲਾ ਕੇ, ਸਾਡਾ ਦਿਲ ਪਰਚਾਵੇ
ਅੱਖੀਂ ਕਜਲਾ ਕੰਨੀਂ ਝੁਮਕੇ, ਅੱਲ੍ਹੜਾਂ ਨੂੰ ਜਾਲ ਫਸਾਵੇ
ਨੈਣ ਮਿਲਾ ਕੇ ਲੁੱਟਿਆ ਸਾਨੂੰ, ਤੂੰ ਸਾਡੇ ਦਿਲ ਦਾ ਚੋਰ

ਤੂੰ ਆਪੇ ਪਾਵੇ ਕੁੰਡੀਆਂ ਵੇ ਮਾਹੀ, ਆਪੇ ਖਿਚਦਾ ਡੋਰ
ਤੂੰ ਮੇਰਾ ਮੈਂ ਤੇਰੀ ਵੇ ਮਾਹੀ, ਹੁਣ ਮੁੱਖ ਸਾਡੇ ਵੱਲ ਮੋੜ
ਖਿੱਚੇ ਬੈਂਸ ਤਾਰ ਪਿਆਰ ਦੀ, ਜਿਵੇ ਖਿੱਚੇ ਚੰਨ ਚਕੋਰ

ਸੱਜਣ ਨਾਲ ਜੋੜੀਦਾ

ਜੇ ਕਿਧਰੇ ਸੁਹਣਾ ਰੁਸ ਜਾਵੇ, ਨਹੀਂ ਨੈਣੋਂ ਨੀਰ ਬਹੋੜੀਦਾ
ਪਲਕਾਂ ਚ ਪਿਆਰ ਛੁਪਾ ਕੇ, ਦਿਲ ਸੱਜਣ ਨਾਲ ਜੋੜੀਦਾ

ਹਸ ਕੇ ਸੱਜਣ ਛੱਡੀਏ, ਰਹੇ ਫਿਰ ਮਿਲਣ ਦੀ ਆਸ
ਦਿਲ ਰਹੇ ਮਿਲਣ ਨੂੰ ਤੜਫਦਾ, ਬੁਝੇ ਨਾ ਦਿਲ ਦੀ ਪਿਆਸ
ਭਰਿਆ ਛੰਨਾਂ ਸ਼ੀਰ ਦਾ, ਛਾਛ ਸਮਝ ਨਹੀਂ ਰੋੜ੍ਹੀਦਾ

ਛੱਡ ਕੇ ਜਾਣਾ ਪੈਂਦਾ ਏ, ਫਰਜ਼ ਨਿਭਾਉਣਾ ਪੈਂਦਾ ਏ
ਕਰਜ਼ ਲੈ ਕੇ ਆਏ ਏਥੇ, ਕਰਜ਼ ਚੁਕਾਉਣਾ ਪੈਂਦਾ ਏ
ਸਾਹ ਤੈਨੂੰ ਦਿੱਤੇ ਉਧਾਰੇ, ਹਰ ਸਾਹ ਚ ਉਹਨੂੰ ਟੋਲੀਦਾ

ਹਸ ਕੇ ਮਿਲਣਾ ਮਿਲ ਕੇ ਹਸਣਾ, ਪਿਆਰ ਦੀਆਂ ਇਹ ਰੀਤਾਂ
ਮਿਲ ਕੇ ਵਿਛੜਨੋ ਡਰ ਲੱਗਦਾ, ਕਿਤੇ ਟੁੱਟ ਨਾ ਜਾਣ ਪ੍ਰੀਤਾਂ
ਕੱਚੀ ਲੱਗ ਕੇ ਟੁੱਟ ਜਾਵੇ, ਪੱਤਣਾ ਤੇ ਨੈਣੋਂ ਨੀਰ ਬਹੋੜੀਦਾ

ਜ਼ਮਾਨਾ ਦਰ ਦਰ ਧੱਕੇ ਦੇਵੇ, ਕੋਈ ਵੇਖ ਕੇ ਨਹੀਂ ਜਰਦੀ
ਦਿਲ ਵਿਛੜਨੋਂ ਡਰਦਾ ਏ, ਮਿਲਦਾ ਨਾ ਕੋਈ ਹਮਦਰਦੀ
ਪਿਆਰ ਮਾਹੀ ਨਾਲ ਪਾ ਕੇ, ਇਸ਼ਕ ਦਿਲ ਵਿਚ ਘੋਲੀਦਾ

ਨੈਣਾਂ ਨਾਲ ਨੈਣ ਐਵੇਂ ਲੜ ਜਾਂਦੇ, ਯਾਰੀ ਲਾਉਣੀ ਸੌਖੀ ਏ
ਪਿਆਰ ਕਰਨ ਦਾ ਚਾ ਤੈਨੂੰ, ਲਾ ਕੇ ਨਿਭਾਉਣੀ ਔਖੀ ਏ
ਬਣ ਕੇ ਖਾਕ ਦੁਆਰੇ ਦੀ, ਪਿਆਰ ਦਾ ਨਾਤਾ ਜੋੜੀਦਾ

ਜਿਵੇਂ ਸੱਸੀ ਪੁਨੂੰ ਦੀ ਦੋਸਤੀ, ਜਿਵੇਂ ਹੀਰ ਰਾਂਝਣ ਦਾ ਪਿਆਰ
ਤੇਰੇ ਕੱਚ ਦੀ ਨਹੀਂ ਪਰਵਾਹ ਸਾਨੂੰ, ਅਸਾਂ ਜਾਣਾ ਝਨਾਂ ਦੇ ਪਾਰ
ਜਦੋਂ ਇਸ਼ਕ ਦੀ ਬਾਜ਼ੀ ਲੱਗ ਜਾਵੇ, ਕੱਚਾ ਘੜਾ ਝਨਾਂ ਚ ਰੋੜ੍ਹੀਦਾ

ਵਲਵਲੇ ਉਠੱਣ

ਸਾਡੇ ਦਿਲ ਵਿਚ ਕੀ ਛੁਪਿਆ, ਆਵੇਂ ਤਾਂ ਮੇਰੇ ਢੋਲ ਸੁਣਾਵਾਂ
ਸਾਡੇ ਦਿਲ ਚ ਉਠੱਦੇ ਵਲਵਲੇ, ਮਾਹੀ ਵੇ ਦਿਲ ਫੋਲ ਵਖਾਵਾਂ
ਰਾਹ ਤੱਕਦੀ ਬਨੇਰੇ ਚੜ੍ਹ ਚੜ੍ਹ ਕੇ, ਜੇ ਮੇਰਾ ਸੁਹਣਾ ਆ ਜਾਵੇ
ਕੋਈ ਨਹੀਂ ਸੁਣਦਾ ਤੇਰੇ ਬਾਝੋਂ, ਆ ਮਾਹੀ ਤੈਨੂੰ ਦੁਖੜੇ ਸੁਣਾਵਾਂ
ਬੀਬਾ ਸਾਹਮਣੇ ਬਹਿ ਆ ਕੇ, ਝੱਲੀਆਂ ਨਾ ਜਾਣ ਜੁਦਾਈਆਂ
ਦਿਲ ਦੀਆਂ ਦਿਲ ਚ ਰੱਖੀਆਂ, ਦੱਸ ਕਿਹਤੋਂ ਕਿਹਤੋਂ ਛੁਪਾਵਾਂ
ਕਾਇਮ ਰੱਖ ਮਾਹੀ ਇਸ਼ਕ ਨੂੰ, ਦਿਲ ਗਮ ਚ ਡੁੱਬਦਾ ਜਾਵੇ
ਰੋ ਰੋ ਕੇ ਹਾਲ ਬੇਹਾਲ ਹੋਇਆ, ਆ ਕੇ ਕਰ ਠੰਢੀਆਂ ਛਾਵਾਂ
ਤੇਰੇ ਆਉਣ ਦੀਆਂ ਬਿੜਕਾਂ ਲੈਂਦੀ, ਕਦੋਂ ਆਵੇ ਮੇਰਾ ਮਾਹੀ
ਜੇ ਕਿਧਰੋਂ ਸੁਹਣਾ ਟੂਰ ਆਵੇ, ਰਾਹ ਤੱਕਾਂ ਔਸੀਆਂ ਪਾਵਾਂ
ਕਲਮਾ ਲਿਖਾਂ ਨਮਾਜ਼ ਗੁਜ਼ਾਰਾਂ, ਖਾ ਖਾ ਹਿਜਰ ਦੀ ਮਾਰਾਂ
ਜੇ ਮੇਰਾ ਮਾਹੀ ਮੰਨ ਜਾਵੇ, ਰੱਬਾ ਲੱਖ ਲੱਖ ਸ਼ੁਕਰ ਮਨਾਵਾਂ
ਪੱਲੇ ਕੁਝ ਨਹੀਂ ਦਿਲ ਚ ਕੁਝ ਨਹੀਂ, ਔਗਣ ਭਰੀ ਮੈਂ ਰੋਵਾਂ
ਨਾ ਤੂੰ ਸੁਣਦਾ ਨਾ ਉਹ ਸੁਣੇ, ਦੱਸ ਮਾਹੀ ਕਿਸ ਦਰ ਜਾਵਾਂ
ਨਾ ਸ਼ਕਲ ਨਾ ਸੂਰਤ ਕੋਈ, ਨਾ ਹੁਸਨ ਫੁਸਨ ਦਾ ਮਾਣ ਜ਼ਰਾ
ਕੀ ਛੁਪਿਆ ਸਾਡੇ ਜੀਅੜੇ ਵਿਚ, ਤੂੰ ਆਵੇਂ ਤਾਂ ਆਖ ਸੁਣਾਵਾਂ
ਤੇਰੀ ਆਸ ਲਗਾਏ ਬੈਠੈ ਹਾਂ, ਤੂੰ ਸਾਡੇ ਵਿਹੜੇ ਆ ਅੜਿਆ
ਕੋਠੇ ਚੜ੍ਹ ਕੇ ਤੱਕਦੀ ਰਵ੍ਹਾਂ, ਨਾਲੇ ਮਾਹੀ ਤੋਂ ਨਜ਼ਰਾਂ ਚੁਰਾਵਾਂ
ਰੋ ਰੋ ਕੇ ਵਾਸਤੇ ਪਾਵਾਂ ਮੈਂ, ਕਿਉਂ ਨਹੀਂ ਧੀਰ ਬੰਨ੍ਹਾਉਂਦਾ ਤੂੰ
ਚੰਨਾਂ, ਐਵੇਂ ਨਹੀਂ ਤੜਫਾਈਦਾ, ਰਾਹ ਤੱਕਦੀ ਨਾਲ ਮੈਂ ਚਾਵਾਂ
ਜੇ ਤੈਨੂੰ ਫੁਰਸਤ ਨਹੀਂ ਮਿਲਦੀ, ਦੱਸ ਦੇ ਆਪਣਾ ਸਿਰਨਾਵਾਂ
ਜਦੋਂ ਤੱਕ ਦਮ ਚ ਦਮ ਏ, ਤੈਨੂੰ ਲਿਖ ਲਿਖ ਚਿੱਠੀਆਂ ਪਾਵਾਂ
ਪੰਛੀ ਭੀ ਘਰ ਮੁੜ ਆਵਣ, ਤੂੰ ਕਿਉਂ ਨਹੀਂ ਪਾਉਂਦਾ ਫੇਰਾ
ਜੇ ਮੇਰਾ ਮਾਹੀ ਮੁੜ ਆਵੇ, ਮੈਂ ਪਲਕਾਂ ਦੀ ਸੇਜ ਵਿਛਾਵਾਂ
ਆ ਮਾਹੀ ਮੈਂ ਸਜਦੇ ਕਰਦੀ, ਲਿਖਦੀ ਭੀ ਮੈਂ ਤੈਥੋਂ ਡਰਦੀ
ਡਰ ਬੈਂਸ ਨੂੰ ਵੱਢ ਵੱਢ ਖਾਵੇ, ਕਿਤੇ ਵਿਛੜੀ ਨਾ ਮਰ ਜਾਵਾਂ

ਬੁੱਲ੍ਹੀਆਂ ਚੋਂ ਫੁੱਲ

ਜਦੋਂ ਹੋਵੇ ਮਾਹੀ ਵੱਲ, ਮਜ਼ਾ ਆਉਂਦਾ ਪਿਆਰ ਦਾ
ਕੇਰੇ ਬੁੱਲ੍ਹੀਆਂ ਚੋਂ ਫੁੱਲ, ਗਾਵੇ ਨਗਮਾਂ ਬਹਾਰ ਦਾ

ਸਾਰਾ ਜੱਗ ਸਾਜ ਕੇ ਤੂੰ, ਵਿਚੇ ਪਿਆਰ ਪਾਇਆ
ਲਾ ਕੇ ਬੂਟਿਆਂ ਤੇ ਫੁੱਲ, ਭੌਰਾ ਆਸ਼ਿਕ ਬਣਾਇਆ
ਆਪੇ ਦੱਸ ਦੇਵੇ ਰਾਹ, ਭੁੱਖਾ ਯਾਰ ਦੇ ਪਿਆਰ ਦਾ

ਭਾਲਾਂ ਤੈਨੂੰ ਫੁੱਲਾਂ ਵਿਚ, ਸੇਵਾਂ ਤੈਨੂੰ ਬੁੱਲ੍ਹਾਂ ਵਿਚ
ਉੜੇ ਜਾਂਦੇ ਪੰਛੀਆਂ ਚ, ਬਾਗੀਂ ਬੁਲਬੁਲਾਂ ਵਿਚ
ਕਿਤੇ ਨਜ਼ਰ ਨਾ ਆਵੇਂ, ਮਾਹੀ ਮਾਹੀ ਮੈਂ ਪੁਕਾਰਦਾ

ਪਹਿਲਾਂ ਸੂਰਜ ਬਣਾ ਕੇ, ਵਿਚ ਰੋਸ਼ਨੀ ਤੂੰ ਪਾਈ
ਫਿਰ ਅੱਖਾਂ ਮਟਕਾ ਕੇ, ਚੰਨ ਤਾਰਿਆਂ ਦਿਲਾਈ
ਚੰਨ ਚਾਨਣੀ ਚ ਖੇਡ੍ਹੇ, ਅੱਖਾਂ ਪਾਣੀ ਵਿਚ ਮਾਰਦਾ

ਮਾਹੀ ਵਸੇਂ ਮੇਰੇ ਵਿਚ, ਜਿਵੇਂ ਪਾਣੀ ਵਿਚ ਚੰਨ
ਇੰਵ ਇਕ ਮਿਕ ਹੋਇਆ, ਜਿਵੇਂ ਮਾਹੀ ਅਤੇ ਰੰਨ
ਮੈਨੂੰ ਨਜ਼ਰ ਨਾ ਆਵੇਂ, ਮਾਹੀ ਦਿਲੋਂ ਮੈਂ ਚਿਤਾਰਦਾ

ਆਵੇ ਮੌਸਮ ਬਹਾਰ, ਕੋਇਲ ਕੂ ਕੂ ਪੁਕਾਰਦੀ
ਕਾਇਨਾਤ ਹਸੇ ਖੇਡ੍ਹੇ, ਆਵੇ ਮੌਸਮ ਬਹਾਰ ਦੀ
ਬਣ ਨੱਢੀਆਂ ਦਾ ਹਾਸਾ, ਪਿਆਰ ਵਾਜਾਂ ਮਾਰਦਾ

ਭਾਵੇਂ ਮੰਨ ਕਿ ਨਾ ਮੰਨ, ਭਾਵੇਂ ਵੇਖ ਕਿ ਨਾ ਵੇਖ
ਅਸਾਂ ਤੇਰੇ ਦਰ ਆਉਣਾ, ਲਾਉਣੀ ਰੇਖ ਵਿਚ ਮੇਖ
ਤੇਰੇ ਹਿਜਰ ਚ ਖੋਇਆ, ਬੈਂਸ ਦੁਖੜੇ ਸਹਾਰਦਾ

ਸੁਫਨੇ ਚ ਯਾਦ

ਵਿਛੜਿਆ ਯਾਰ ਮਿਲਾ ਮੇਰਾ, ਵਾਸਤਾ ਰੱਬ ਦਾ ਪਾਵਾਂ
ਜੇ ਮਾਹੀ ਸਾਡੇ ਘਰ ਆਵੇ, ਪਲਕਾਂ ਦੀ ਸੇਜ ਵਛਾਵਾਂ

ਹੱਡ ਮੇਰੇ ਇਸ਼ਕੇ ਦਾ ਬਾਲਣ, ਮਾਸ ਪਿਆਰ ਦਾ ਨਾਤਾ
ਸਾਡਾ ਜੋੜਾ ਵਾਕਣ ਸਾਰਸਾਂ, ਲਿਖਿਆ ਆਪ ਵਿਧਾਤਾ
ਦਿਲ ਦੀ ਸ਼ਮ੍ਹਾਂ ਬੁਝਾਉਣ ਲਈ, ਸੁਫਨੇ ਚ ਯਾਰ ਮਨਾਵਾਂ

ਤੂੰ ਚੰਨ ਮੈਂ ਚਾਨਣੀ, ਹੁਣ ਤੈਥੋਂ ਵੱਖ ਨਹੀਂ ਰਹਿ ਸਕਦੀ
ਜੀ ਨਹੀਂ ਲਗਦਾ ਕੱਲੀ ਦਾ, ਮੂੰਹੋਂ ਕੁਝ ਨਹੀਂ ਕਹਿ ਸਕਦੀ
ਜਦੋਂ ਯਾਦ ਮਾਹੀ ਦੀ ਆਵੇ, ਹੰਝੂਆਂ ਦੀ ਝੜੀ ਲਗਾਵਾਂ

ਸੂਰਜ ਚਕਵੀ ਹੇਤ ਜਿਉਂ, ਸਾਡੀ ਚੰਨ ਚਕੋਰ ਦੀ ਪ੍ਰੀਤ
ਜਿਨ੍ਹਾਂ ਨੀਵਿਆਂ ਨਾਲ ਲਈ, ਉਨ੍ਹਾਂ ਵੱਡਿਆਂ ਦੀ ਕੀ ਰੀਸ
ਮਨ ਅਸਮਾਨੀਂ ਉੜਦਾ ਜਾਵੇ, ਜਾਂਦੇ ਨੂੰ ਮੋੜ ਲਿਆਵਾਂ

ਜਿਨ੍ਹੀ ਰਾਹੀਂ ਮਾਹੀ ਗਿਆ, ਉਨ੍ਹਾਂ ਰਾਹਾਂ ਵੱਲ ਤੱਕਾਂ
ਰੋਕਾਂ ਜਾਂਦੇ ਰਾਹੀਆਂ ਨੂੰ, ਬਿਨ ਪੁੱਛੇ ਸਭ ਕੁਝ ਦੱਸਾਂ
ਮੋੜ ਲਿਆਓ ਮਾਹੀ ਨੂੰ, ਮੈਂ ਗੀਤ ਹਿਜਰ ਦੇ ਗਾਵਾਂ

ਤੇਰੇ ਬਾਝੋਂ ਜੀ ਨਹੀਂ ਲਗਦਾ, ਆ ਮਿਲ ਮੇਰੇ ਸੱਜਣਾ
ਮੈਂ ਤੇਰੀ ਤੂੰ ਮੇਰਾ ਮਾਹੀ, ਅਸਾਂ ਲੜ ਮਾਹੀ ਦੇ ਲੱਗਣਾ
ਆ ਸਾਡੇ ਗਲ ਲੱਗ ਸੱਜਣਾ, ਵਾਸਤਾ ਰੱਬ ਦਾ ਪਾਵਾਂ

ਐਸੀ ਖੋਈ ਪ੍ਰੇਮ ਰਸ ਵਿਚ, ਸੁੱਧ ਬੁੱਧ ਭੁੱਲ ਗਈ ਮੇਰੀ
ਡੁੱਬਦੀ ਨੂੰ ਪਾਰ ਲੰਘਾ ਮਾਹੀ, ਮੈਂ ਆਸ ਚ ਬੈਠੀ ਤੇਰੀ
ਜਾ ਲਿਆ ਸੁਨੇਹਾ ਸੱਜਣਾ ਦਾ, ਕੁੱਟ ਚੂਰੀ ਪਾਵਾਂ ਕਾਵਾਂ

ਸੁਫਨੇ ਚ ਅੱਜ ਮਾਹੀ ਆਇਆ, ਸੁਹਣੇ ਨੂੰ ਗਲ ਲਾਵਾਂ
ਖੋ ਕੇ ਉਹਦੇ ਪਿਆਰ ਵਿਚ, ਮੈਂ ਧੂੜ ਮੱਥੇ ਨੂੰ ਲਾਵਾਂ
ਥੱਕੀ ਲੀਕਾਂ ਮਾਰ ਮਾਰ, ਮੈਂ ਰੱਬ ਦਾ ਸ਼ੁਕਰ ਮਨਾਵਾਂ

ਲੁੱਟਿਆ ਨੈਣਾਂ ਨੇ

ਸਾਨੂੰ ਲੁੱਟਿਆ ਤੇਰੀ ਨਜ਼ਰਾਂ ਨੇ, ਤੂੰ ਸਾਡੇ ਜੀ ਚ ਵਸਦਾ ਏਂ
ਤੀਰ ਚਲਾ ਕੇ ਨੈਣਾਂ ਦੇ, ਸਾਡਾ ਜੀ ਘਾਇਲ ਕਰ ਰੱਖਦਾ ਏਂ

ਤੇਰੇ ਨਾਲ ਨੈਣ ਮਿਲਾ ਕੇ, ਅਸਾਂ ਛੱਡੀ ਦੁਨੀਆਂ ਸਾਰੀ
ਰੋਗ ਜਿਗਰ ਨੂੰ ਲਾ ਲਿਆ, ਲਾ ਕੇ ਇਸ਼ਕ ਬਿਮਾਰੀ
ਤੇਰੇ ਬਦਲੇ ਸਭ ਕੁਝ ਖੋਇਆ, ਤੂੰ ਦੂਰ ਕਿਉਂ ਨੱਸਦਾ ਏਂ

ਜੇ ਛੱਡ ਕੇ ਟੁਰ ਜਾਣਾ ਏਂ, ਸਾਨੂੰ ਪਤਾ ਸਤਾ ਦੱਸ ਜਾਵੀਂ
ਹੁਣ ਤੇਰੇ ਬਾਝੋਂ ਜੀਣਾ ਔਖਾ, ਮਾਹੀ ਹੋਰ ਨਾ ਤੜਫਾਵੀਂ
ਨੈਣ ਮਿਲ ਕੇ ਨੈਣ ਝੁਕ ਗਏ, ਤੂੰ ਜੀਅੜੇ ਚ ਵਸਦਾ ਏਂ

ਤੀਰ ਮਾਰ ਕੇ ਨਜ਼ਰਾਂ ਦਾ, ਪਿਆਰ ਦਾ ਨਸ਼ਾ ਚੜ੍ਹਾ ਦਿੱਤਾ
ਨੈਣਾਂ ਨਾਲ ਨੈਣ ਮਿਲਾ ਕੇ, ਤੂੰ ਸਾਡਾ ਦਿਲ ਤੜਫਾ ਦਿੱਤਾ
ਨਾਗ ਇਸ਼ਕ ਦਾ ਬਣ ਕੇ, ਕਿਉਂ ਅਪਣਿਆਂ ਨੂੰ ਡਸਦਾ ਏਂ

ਲਾ ਕੇ ਨਾਲ ਤੱਤੀ ਦੇ ਯਾਰੀ, ਦੇ ਗਿਆ ਹਿਜਰ ਬਿਮਾਰੀ
ਅਸਾਂ ਪਤਾ ਹੀ ਨਾ ਲੱਗਾ, ਪਿਆਰ ਕਿਹੋ ਜਿਹੀ ਬਿਮਾਰੀ
ਇਸ਼ਕ ਦਾ ਨਸ਼ਾ ਚੜ੍ਹਾ ਦੇਵੇਂ, ਜ਼ੁਲਫ ਨਾਗ ਬਣ ਡਸਦਾ ਏਂ

ਤਿੱਖੇ ਤੀਰ ਚਲਾ ਕੇ ਨੈਣਾਂ ਦੇ, ਸਾਡਾ ਦਿਲ ਗੁਮਰਾਹ ਕੀਤਾ
ਸਾਥੋਂ ਵਾਰ ਝੱਲਿਆ ਨਹੀਂ ਜਾਂਦਾ, ਪਤਾ ਨਹੀਂ ਤੂੰ ਕੀ ਕੀਤਾ
ਨੈਣਾਂ ਤੋ ਭਾਵੇਂ ਦੂਰ ਵਸੇਂ, ਪਰ ਬੈਂਸ ਦੇ ਦਿਲ ਚ ਵਸਦਾ ਏਂ

ਮੇਰੀ ਸੁਣ ਲੈ ਮੇਰੇ ਵੀਰ, ਤੇਰੇ ਬਾਝੋਂ ਬੱਝੇ ਨਾ ਧੀਰ
ਸਾਡਾ ਦਿਲ ਬੇਤਾਬ ਹੋ ਗਿਆ, ਚੰਨਾਂ ਹੋ ਗਈ ਅਖੀਰ
ਜ਼ਖਮੀਂ ਕਰ ਕੇ ਟੁਰ ਗਿਆ, ਦਵਾ ਦੁਆ ਨਾ ਦੱਸਦਾ ਏਂ

ਪਿਆਰ ਤੇਰੇ ਨਾਲ ਪਾ ਕੇ, ਮੈਂ ਦਿਲ ਦਾ ਚੈਨ ਗੁਆ ਬੈਠੀ
ਦਿਲ ਦੇ ਕੇ ਤੈਨੂੰ ਬੇਦਰਦਾ, ਮੈਂ ਉਮਰ ਦੀ ਚਿੰਤਾ ਲਾ ਬੈਠੀ
ਨੈਣ ਮਿਲਾ ਕੇ ਸੱਜਣਾ ਵੇ, ਫਿਰ ਦੂਰ ਦੂਰ ਕਿਉਂ ਨੱਸਦਾ ਏਂ

ਨਿਮਾਣੀ ਦਾ ਹਾਲ

ਰੁੱਸ ਗਿਆ ਯਾਰ ਨਿਮਾਣੀ ਦਾ, ਦਿਲ ਹੋਇਆ ਹਾਲ ਬੇਹਾਲ ਵੇ
ਦਰ ਦਰ ਤੈਨੂੰ ਫਿਰਾਂ ਭਾਲਦੀ, ਆ ਵੇਖ ਨਿਮਾਣੀ ਦਾ ਹਾਲ ਵੇ

ਤੇਰੇ ਬਾਝੋਂ ਜੀ ਨਹੀਂ ਲਗਦਾ, ਲੱਭਦੀ ਫਿਰਾਂ ਤੇਰਾ ਸਾਯਾ
ਰੋਣਾ ਦੇ ਗਿਆ ਉਮਰਾਂ ਦਾ, ਪਿਆਰ ਤੇਰੇ ਨਾਲ ਪਾਇਆ
ਵੱਖ ਹੋ ਕੇ ਆਪਣੇ ਮਾਹੀ ਤੋਂ, ਮੈਂ ਹੋ ਗਈ ਹਾਲ ਬੇਹਾਲ ਵੇ

ਮਚ ਨੀ ਮਸਾਲੇ ਲਾਂਬੂ ਬਣ ਕੇ, ਮਨ ਚ ਚਾਨਣ ਕਰਦੇ
ਮਾਹੀ ਨਾਲ ਨੈਣ ਮਿਲਾ ਦੇ, ਢਹਿ ਜਾਵਾਂ ਉਹਦੇ ਦਰ ਤੇ
ਤੇਰੇ ਪਿਆਰ ਚ ਨੱਚਾਂ ਗਾਵਾਂ, ਨੱਚ ਨੱਚ ਪਾਵਾਂ ਧਮਾਲ ਵੇ

ਪਲਕਾਂ ਦੇ ਕੋਲ ਬਹਿ ਮਾਹੀ, ਤੈਨੂੰ ਦਿਲ ਦਾ ਹਾਲ ਸੁਣਾਵਾਂ
ਮਿਹਰਬਾਨ ਦੇ ਪਿਆਰ ਦਾਨ, ਮੈਂ ਲੱਖ ਲੱਖ ਸ਼ੁਕਰ ਮਨਾਵਾਂ
ਇਸ਼ਕ ਦਾ ਰੰਗ ਚੜ੍ਹਾ ਦੇ ਸੱਜਣਾ, ਲਾ ਅੰਗ ਅੰਗ ਦੇ ਨਾਲ ਵੇ

ਸ਼ਾਹ ਰਗ ਤੋਂ ਨੇੜੇ ਵਸਦਾ, ਦਰ ਦਰ ਤੈਨੂੰ ਫਿਰਾਂ ਲੱਭਦੀ
ਜਿੱਥੇ ਕੋਈ ਦੱਸੇ ਉਥੇ ਜਾਵਾਂ, ਮਨ ਦੀ ਧੀਰ ਨਹੀਂ ਬੱਝਦੀ
ਸਖੀਆਂ ਮੇਰਾ ਸਾਥ ਛੱਡਿਆ, ਅੱਜ ਕੋਈ ਨਾ ਮੇਰੇ ਨਾਲ ਵੇ

ਅੱਲ੍ਹੜ ਦਿਲਾਂ ਚ ਤੂੰ ਵਸਦਾ, ਲੋਕੀਂ ਲੱਭਣ ਜਾਣ ਮਦੀਨੇ ਨੂੰ
ਨੈਣਾਂ ਨਾਲ ਨੈਣ ਮਿਲਾ ਮਾਹੀ, ਨਜ਼ਰਾਂ ਦੇ ਨੈਣ ਨਬੀਨੇ ਨੂੰ
ਲੀਕਾਂ ਮਾਰ ਯਾਰ ਮਨਾਵਾਂ, ਲਿਖ ਲਿਖ ਦਿਲ ਦਾ ਹਾਲ ਵੇ

ਵਿਚ ਥਲਾਂ ਮੈਂ ਫਿਰਾਂ ਭਾਲਦੀ, ਸਾਡੇ ਤੇਰੇ ਨਾਲ ਯਾਰਾਨੇ
ਆ ਦਿਲਾਂ ਦੀਆਂ ਗੱਲਾਂ ਕਰੀਏ, ਮੈ ਪੀ ਕੇ ਵਿਚ ਮੈਖ਼ਾਨੇ
ਭਰ ਪਿਆਲੇ ਨੇਹ ਦੇ, ਮਾਹੀ ਬਣ ਕੇ ਇਸ਼ਕ ਕਲਾਲ ਵੇ

ਪਿਆਰ ਤੇਰੇ ਨਾਲ ਪਾ ਬੈਠੀ, ਗ਼ੈਰਾਂ ਨੂੰ ਆਪਣਾ ਬਣ ਬੈਠੀ
ਯਾਦ ਮਾਹੀ ਦੀ ਜੀਣ ਨਾ ਦੇਂਦੀ, ਰਾਤਾਂ ਦੀ ਨੀਂਦ ਗੁਆ ਬੈਠੀ
ਵਿੱਛੜੇ ਯਾਰ ਨਹੀਂ ਮੁੜਦੇ, ਲਾ ਬੈਠੀ ਪਰਦੇਸੀ ਨਾਲ ਵੇ

ਪਲਕਾਂ ਭਿਓਣ ਦੇ

ਅੱਖੀਆਂ ਨੂੰ ਰੋਣ ਦੇ, ਮਾਹੀ ਦੇ ਪਿਆਰ ਵਿਚ
ਸਖੀ, ਪਲਕਾਂ ਭਿਓਣ ਦੇ, ਕਜਲੇ ਦੀ ਧਾਰ ਵਿਚ

ਮਾਹੀ ਮੇਰੇ ਜੀ ਚ ਵਸਦਾ, ਦਿਲ ਦੀਆਂ ਸਧਰਾਂ ਕੋਲ
ਆ ਸਾਹਮਣੇ ਬਹਿ ਅੜਿਆ, ਦੁਖ ਸਾਡੇ ਨਾਲ ਫੋਲ
ਜੀ ਨੂੰ ਜੀ ਨਾਲ ਛੋਹ ਦੇ, ਪਿਆਰ ਦੇ ਅੰਗਾਰ ਵਿਚ

ਚਲ ਚੱਲੀਏ ਯਾਰ ਦੇ ਡੇਰੇ, ਅੱਖੀਆ ਨੂੰ ਰੋਣ ਦੇ
ਵੇਲਾ ਮੁੜ ਕੇ ਨਹੀਂ ਆਉਣਾ, ਪਲਕਾਂ ਨੂੰ ਧੋਣ ਦੇ
ਨੈਣ ਰਿੰਮ ਝਿੰਮ ਹੋਣ ਦੇ, ਯਾਰ ਦੇ ਪਿਆਰ ਵਿਚ

ਮੋਤੀ ਬਣ ਬਣ ਅੱਥਰੂ ਡਿਗਦੇ, ਰਾਹ ਤੱਕਾਂ ਯਾਰ ਦਾ
ਮਾਹੀ ਤੇਰੇ ਹਿਜਰ ਦਾ ਮਾਰਾ, ਬੈਂਸ ਦੁਖੜੇ ਸਹਾਰਦਾ
ਰੋ ਰੋ ਜੀ ਵਾਸਤੇ ਪਾਵੇ, ਮਾਹੀ ਤੇਰੇ ਇੰਤਜ਼ਾਰ ਵਿਚ

ਮਾਹੀ ਦਿਲ ਚ ਵਸਦਾ ਏ, ਪਰ ਰਹਿੰਦਾ ਅੱਖੀਓਂ ਓਲ੍ਹੇ
ਉਹਨੂੰ ਆਪਣੇ ਮਨ ਚ ਤੱਕਾਂ, ਜੇ ਭੇਦ ਦਿਲਾਂ ਦਾ ਖੋਲ੍ਹੇ
ਲੱਗੀ ਦਿਲ ਦੀ ਬਝਾਉਣ ਦੇ, ਪਿਆਰ ਦੇ ਕਰਾਰ ਵਿਚ

ਮੈਨੂੰ ਮਾਹੀ ਚੇਤੇ ਆਵੇ, ਦਿਲ ਰੋਵੇ ਨਾਲੇ ਅੱਖ ਰੋਵੇ
ਰੋ ਰੋ ਹਾਲ ਬੇਹਾਲ ਕਰੇ, ਅੱਖ ਨਾ ਜੀ ਤੋਂ ਵੱਖ ਹੋਵੇ
ਸਖੀ, ਪਲਕਾਂ ਭਿਓਣ ਦੇ, ਮਾਹੀ ਦੇ ਪਿਆਰ ਵਿਚ

ਕੋਈ ਨਾ ਬੈਂਸ ਨਿਮਾਣੇ ਦਾ, ਲੋਕਾਂ ਦਾ ਸਾਰਾ ਜੱਗ
ਹਰ, ਹਰ ਮੇਰਾ ਹਰਮੰਦਿਰ ਏ, ਓਹੋ ਮੇਰਾ ਰੱਬ
ਲੱਗੀ ਦਿਲ ਦੀ ਬੁਝਾਉਣ ਦੇ, ਯਾਰ ਦੇ ਪਿਆਰ ਵਿਚ

ਲੋਕ ਲਾਜ ਦਾ ਡਰ

ਲੋਕ ਲਾਜ ਦਾ ਡਰ ਕਾਹਦਾ, ਜੇ ਪਿਆਰ ਕਿਸੇ ਨਾਲ ਪੈ ਜਾਵੇ
ਤੂੰ ਰੁੱਸਿਆ ਯਾਰ ਮਨਾ ਲੈ ਨੀ, ਭਾਵੇਂ ਕੰਜਰੀ ਬਣਨਾ ਪੈ ਜਾਵੇ

ਮਨ ਤਨ ਤੋਂ ਉਹ ਨੱਚਦਾ ਏ, ਜਿਹਦੇ ਮਨ ਚ ਮਾਹੀ ਵਸਦਾ ਏ
ਪਿਆਰ ਜਤੌਣ ਦਾ ਰਾਹ ਹੋਵੇ, ਇਹ ਉਹਦੇ ਮਨ ਦਾ ਚਸਕਾ ਏ
ਸੁਫਨੇ ਚ ਮਾਹੀ ਦਿਸਣ ਲੱਗੇ, ਮਨ ਵਸ ਪਿਆਰ ਦੇ ਪੈ ਜਾਵੇ

ਕੰਜਰੀ ਬਣਿਆਂ ਇੱਜ਼ਤ ਨਹੀਂ ਘਟਦੀ, ਜੇ ਮਾਹੀ ਹੋਵੇ ਰਾਜ਼ੀ
ਇਹ ਇੰਨਾਂ ਸੌਖਾ ਕੰਮ ਨਹੀਂ, ਲਾਉਣੀ ਪੈਂਦੀ ਸਿਰ ਦੀ ਬਾਜ਼ੀ
ਸਭ ਸਿਰ ਮੱਥੇ ਸਹਿਣਾ ਪੈਂਦਾ, ਜੱਗ ਚਾਹੇ ਜੋ ਭੀ ਕਹਿ ਜਾਵੇ

ਮਾਹੀ ਨਜ਼ਰੋਂ ਓਲ੍ਹੇ ਹੋ ਜਾਵੇ, ਮਨ ਦਾ ਚੈਨ ਖੋ ਜਾਂਦਾ ਏ
ਚੈਨ ਨਾਲ ਸੌਣ ਨਾ ਦੇਵੇ, ਆ ਕੱਚੀ ਨੀਂਦ ਉਠਾਉਂਦਾ ਏ
ਨੱਚ ਨੱਚ ਯਾਰ ਮਨਾ ਲੈਸਾਂ, ਜੇ ਯਾਰ ਸਾਹਮਣੇ ਬਹਿ ਜਾਵੇ

ਨਾਲੇ ਨੱਚਾਂਗੀ ਨਾਲੇ ਗਾਵਾਂਗੀ, ਉਹਨੂੰ ਦਿਲ ਦਾ ਹਾਲ ਸੁਣਾਵਾਂਗੀ
ਗੀਤਾਂ ਚੋਂ ਸਾਵਣ ਦੇ ਮੀਂਹ ਵਾਕਣ, ਹੰਝੂਆਂ ਦੀ ਝੜੀ ਲਗਾਵਾਂਗੀ
ਜਦੋਂ ਪੈਰਾਂ ਦੀ ਝਾਂਜਰ ਛਣਕੇਗੀ, ਦਿਲ ਪ੍ਰੀਤ ਵਿਛੋੜਾ ਕਹਿ ਜਾਵੇ

ਪਹਿਲਾਂ ਮਨ ਨੱਚੇ ਫਿਰ ਤਨ ਨੱਚੇ, ਨੱਚਣਾ ਮਨ ਦੀ ਹਾਲਤ ਦੱਸੇ
ਨੱਚ ਨੱਚ ਹਾਲ ਬੇਹਾਲ ਹੋਵੇ, ਪਿਆਰ ਮਾਹੀ ਦਾ ਮਨ ਚ ਵਸੇ
ਨੱਚਣ ਆਦਤ ਬਣੇ ਇਬਾਦਤ, ਖਿੱਚ ਪਿਆਰ ਮਾਹੀ ਦਾ ਲੈ ਜਾਵੇ

ਕਿਸੇ ਆਖ ਅਸਾਂ ਕੀ ਲੈਣਾ, ਅਸਾਂ ਪਾਇਆ ਪ੍ਰੀਤ ਦਾ ਗਹਿਣਾ
ਮਾਹੀ ਨੇ ਪ੍ਰੇਮ ਦਾ ਰੁੱਖ ਲਾਇਆ, ਅਸਾਂ ਉਹਦੀ ਛਾਵੇਂ ਬਹਿਣਾ
ਪ੍ਰੀਤ ਪਾਵਾਂ ਬਹਿ ਠੰਢੀਆਂ ਛਾਵਾਂ, ਦਿਲ ਮਾਹੀ ਮਾਹੀ ਕਹਿ ਜਾਵੇ

ਪਿਆਰ ਦੀ ਰੀਤ

ਆਪੇ ਰੀਤ ਪਿਆਰ ਦੀ ਟੋਰੇਂ, ਬਣ ਕੇ ਚੰਨ ਚਕੋਰ
ਆਪੇ ਗੰਢ ਪ੍ਰੇਮ ਦੀ ਪਾ ਕੇ, ਆਪੇ ਦਿੰਨਾਂ ਏਂ ਤੋੜ

ਇਸ ਖੋਏ ਖੋਏ ਜੀਅੜੇ ਨੂੰ, ਦੱਸ ਮੈਂ ਕੀ ਸਮਝਾਵਾਂ
ਮੇਰੇ ਆਖੇ ਨਹੀਂ ਲਗਦਾ, ਹੱਥ ਜੋੜ ਵਾਸਤੇ ਪਾਵਾਂ
ਐਧਰ ਉਧਰ ਭੌਂਦਾ ਫਿਰਦਾ, ਜਿਉਂ ਜੰਗਲ ਚ ਢੋਰ

ਪ੍ਰੀਤ ਦਾ ਲਾਰਾ ਲਾ ਮਾਹੀ, ਦਿਲ ਧੜਕਾਈ ਜਾਂਦਾ ਏ
ਨੈਣ ਮਿਲਾ ਕੇ ਨੈਣ ਚੁਰਾਵੇ, ਇਹ ਨਾ ਅਸਾਂ ਸਖੋਂਦਾ ਏ
ਕਿਵੇਂ ਸੰਭਾਲਾਂ ਹੰਝੂਆਂ ਨੂੰ, ਛੁਪ ਗਿਆ ਨੈਣਾਂ ਦਾ ਚੋਰ

ਜੇ ਮੇਰਾ ਮਾਹੀ ਮਿਲ ਜਾਵੇ, ਬੋਸਾ ਦੇਵਾਂ ਪਿਆਰ ਦਾ
ਕਾਗਾ ਜਾਹ ਦੇ ਸੁਨੇਹਾ, ਤੈਨੂੰ ਪਿਆਰ ਵਾਜਾਂ ਮਾਰਦਾ
ਕਾਲੀ ਘਟਾ ਬਣ ਆ ਮਾਹੀ, ਤੱਕ ਨੱਚਾਂ ਵਾਕਣ ਮੋਰ

ਆ ਮਾਹੀ ਗਲ ਲੱਗ ਵੇ, ਬੈਠੀ ਮੈਂ ਸਜ ਧਜ ਵੇ
ਮੋਮਨ ਤੈਨੂੰ ਲੱਭਣ ਮਦੀਨੇ, ਮੇਰੀ ਤੇਰੇ ਦਰ ਹੱਜ ਵੇ
ਲੋਕੀਂ ਸੋਨਾ ਰੁੱਪਾ ਚੁਰਾਵਣ, ਤੂੰ ਸਾਡੇ ਦਿਲ ਦਾ ਚੋਰ

ਗਲ ਮਿਲਣਾ ਅਪਣੇ ਯਾਰ ਨੂੰ, ਕਹਿਣੋ ਨਾ ਹੁਣ ਸੰਗਾਂ
ਆ ਵੜ ਵਿਹੜੇ ਮੇਰੇ ਵੇ, ਤੇਰੀ ਦੀਦ ਰੱਬ ਕੋਲੋਂ ਮੰਗਾਂ
ਬੱਦਲ ਗਰਜੇ ਬਿਜਲੀ ਚਮਕੇ, ਨੱਚ ਨੱਚ ਮਚਾਵਾਂ ਸ਼ੋਰ

ਯਾਦ ਕਰਾਂ ਨਾਲੇ ਜੀ ਡੋਲੇ, ਮਾਹੀ ਆ ਜਾ ਹੌਲੇ ਹੌਲੇ
ਜੀ ਭਰ ਤੈਨੂੰ ਵੇਖ ਲਵਾਂ, ਮੇਰੇ ਚਿੱਤ ਚ ਉਠਣ ਵਰੋਲੇ
ਮੇਰੇ ਯਾਰ ਇਹੋ ਏ ਪਿਆਰ, ਕਿ ਇਹ ਵੇ ਕੁਝ ਹੋਰ ?

ਮੇਰੇ ਯਾਰ ਤੂੰ ਮੇਰਾ ਪਿਆਰ, ਸੁਫਨੇ ਚ ਮਿਲ ਜਾਵੇਂ
ਅੱਖ ਖੁਲ੍ਹੇ ਸੁਫਨਾ ਮੁੱਕ ਜਾਵੇ, ਨਾਲੇ ਤੂੰ ਛੁਪ ਜਾਵੇਂ
ਰਾਤ ਪੈਣ ਦੀਆਂ ਕਰਾਂ ਉਡੀਕਾਂ, ਬਣ ਕੇ ਚੰਨ ਚਕੋਰ

ਰੁੱਸ ਗਿਆ ਯਾਰ ਨਿਮਾਣੀ ਦਾ, ਕਿਹਨੂੰ ਕੂਕ ਸੁਣਾਵਾਂ
ਗਲ ਬੱਗਲੀ ਹੱਥ ਚ ਕਾਸਾ, ਦਰ ਦਰ ਮੰਗਣ ਜਾਵਾਂ
ਗਲੀ ਗਲੀ ਪਈ ਹੋਕਾ ਦੇਵਾਂ, ਜੇ ਬੈਂਸ ਫੜ ਲਵੇ ਚੋਰ

ਮੇਘ ਬਿਨ ਕਣੀਆਂ

ਘੁੰਗਟ ਚੁੱਕ ਲੈ ਓ ਸੱਜਣਾ, ਤੈਨੂੰ ਵੇਖਣ ਅੱਖੀਆਂ ਤਰਸਣ
ਇਸ਼ਕ ਤੇਰੇ ਚ ਫਿਰਦੀ ਖੋਈ, ਮੇਘ ਬਿਨ ਕਣੀਆਂ ਵਰਸਣ

ਮੁੱਖੜੇ ਤੋਂ ਪੜਦਾ ਲਾਹ ਕੇ, ਸਾਡੇ ਨਾਲ ਨੈਣ ਮਿਲਾ ਅੜਿਆ
ਤੇਰੀ ਦੀਦ ਦਾ ਸਾਨੂੰ ਚਾ ਬੜਾ, ਤੂੰ ਸਾਡੇ ਵਿਹੜੇ ਆ ਅੜਿਆ
ਡੋਲ੍ਹਾਂ ਪਲੀਆਂ ਤੇਲ ਦੀਆਂ, ਤੇਰੀ ਦੀਦ ਨੂੰ ਅੱਖੀਆਂ ਫੜਕਣ

ਚੰਨ ਮਾਹੀ ਹੋਏ ਪਰਦੇਸੀ, ਮੈਨੂੰ ਬਿਰਹਾ ਸਤਾਵੇ ਸੱਜਣਾ ਦਾ
ਰੱਬ ਕੋਲੋਂ ਪਈ ਮੰਗਾਂ ਦੁਆਵਾਂ, ਉਹਨੂੰ ਚੇਤਾ ਆਵੇ ਵਤਨਾਂ ਦਾ
ਭੁੱਖ ਬਿਆ ਮੁੱਕ ਗਈ ਸਾਰੀ, ਬਿਰਹੇ ਚ ਹੱਡੀਆਂ ਖੜਕਣ

ਬੇਕਦਰਾਂ ਦੀ ਖ਼ੈਰ ਹੋਵੇ, ਜਿਨ੍ਹਾਂ ਦਿੱਤਾ ਵਿਛੋੜਾ ਅਪਣਿਆਂ ਨੂੰ
ਮਿੰਨਤਾਂ ਕਰਾਂ ਮਲਾਹ ਦੇ ਨਾਲ, ਮੋੜ ਲਿਆ ਮਾਹੀ ਵਤਨਾਂ ਨੂੰ
ਰੋ ਰੋ ਹਾਲ ਬੇਹਾਲ ਹੋਵੇ, ਮੇਰੇ ਦਿਲ ਦੀਆਂ ਸਧਰਾਂ ਭੜਕਣ

ਪੜਦੇ ਓਹਲਿਓਂ ਨੈਣਾਂ ਨੇ, ਸਾਡੇ ਮਨ ਤੇ ਜਾਦੂ ਕਰ ਦਿੱਤਾ
ਤਿੱਖੇ ਤੀਰ ਚਲਾ ਕੇ ਨੈਣਾਂ ਦੇ, ਤੂੰ ਸਾਡਾ ਮਨ ਹਰ ਲਿਤਾ
ਪਿਆ ਵਿਛੋੜਾ ਸੱਜਣਾ ਦਾ, ਸਾਵਣ ਦੀਆਂ ਝੜੀਆਂ ਵਰਸਣ

ਸਾਨੂੰ ਤੇਰੀ ਦੀਦ ਦਾ ਚਾ ਸੱਜਣਾ, ਕਦੀ ਸਾਡੇ ਵਿਹੜੇ ਆ ਸੱਜਣਾ
ਨਜ਼ਰਾਂ ਨਾਲ ਨਜ਼ਰ ਮਿਲਾ ਕੇ, ਸਾਡੇ ਦਿਲ ਨੂੰ ਚੈਨ ਦੁਆ ਸੱਜਣਾ
ਪਿਆਰ ਤੇਰੇ ਚ ਫਿਰਦੀ ਖੋਈ, ਅੱਖੀਆਂ ਪਿਆਰ ਨੂੰ ਤਰਸਣ

ਕਿਹਨੂੰ ਕੂਕ ਸੁਣਾਵਾਂ ਅੜੀਓ, ਮਾਹੀ ਸਾਡੇ ਦਿਲ ਚ ਵਸਦਾ
ਛੁਪ ਛੁਪ ਕੇ ਪਿਆ ਨੈਣ ਮਿਲਾਵੇ, ਭੇਦ ਨਾ ਦਿਲ ਦਾ ਦੱਸਦਾ
ਚੰਨਾਂ ਦੀਦ ਬਾਝ ਬੇਤਾਬ ਹੋਈ, ਤੇਰੀ ਯਾਦ ਚ ਸਧਰਾਂ ਤੜਫਣ

ਅੱਖੀਆਂ ਰੋਣੋ ਨਹੀਂ ਰੁਕਦੀਆਂ, ਸਾਡੇ ਦਿਲ ਨੂੰ ਪਏ ਝਮੇਲੇ
ਇਹ ਰੋਣਾ ਨਹੀਂ ਮੁੱਕਣਾ, ਜੇ ਨਾ ਯਾਰ ਬੁੱਕਲ ਵਿਚ ਖੇਲ੍ਹੇ
ਸ਼ਾਮਾਂ ਢਲ ਲਾਲੀ ਆ ਗਈ, ਦੁਖ ਵਿਚ ਅੱਖੀਆਂ ਰੜਕਣ

ਅਲਖ਼ ਜਗਾਉਂਦਾ ਰਹੇ

ਪਿਆਰ ਚ ਮਾਹੀ ਗੁੱਟ ਕਰਦੇ, ਮਨ ਗੀਤ ਪਿਆਰ ਦੇ ਗਾਉਂਦਾ ਰਹੇ
ਦਿਲ ਨੂੰ ਮਸਤ ਮਲੰਗ ਕਰਦੇ, ਤੇਰੇ ਦਰ ਤੇ ਅਲਖ਼ ਜਗਾਉਂਦਾ ਰਹੇ

ਪਿਆਰ ਦਾ ਰੰਗ ਚੜ੍ਹਾ ਦੇ, ਮਸਤੀ ਚ ਹਸਤੀ ਮਿਟ ਜਾਵੇ
ਸਾਰੀ ਦੁਨੀਆਂ ਭੁੱਲ ਜਾਵੇ, ਮੇਰਾ ਮਨ ਤੇਰੇ ਤੇ ਵਿਕ ਜਾਵੇ
ਦਿਲ ਤੈਨੂੰ ਚੇਤੇ ਕਰ ਕੇ, ਹੱਥ ਜੋੜ ਵਾਸਤੇ ਪਾਉ"ਦਾ ਰਹੇ

ਤੂੰ ਹੀ ਤੂੰ ਹੀ ਤੂੰ ਹੀ ਸੱਜਣਾ, ਤੇਰੀ ਕੁਦਰਤ ਤੋਂ ਬਲਿਹਾਰੀ
ਅੱਖ ਚੁੱਕਾਂ ਤੇਰੀ ਸੂਰਤ ਦਿਸੇ, ਮੈਨੂੰ ਲਗਦੀ ਬਹੁਤ ਪਿਆਰੀ
ਲਿਖ ਲਿਖ ਤੇਰੀ ਰਜ਼ਾ ਚ ਮਾਹੀ, ਤੈਨੂੰ ਬੈਂਸ ਸੁਣਾਉਂਦਾ ਰਹੇ

ਛੁਪ ਕੇ ਰਹਿਣਾ ਤੇਰੀ ਆਦਤ, ਚੇਤੇ ਕਰਨਾ ਤੇਰੀ ਇਬਾਦਤ
ਇਸ ਲਈ ਸਾਨੂੰ ਘੱਲਿਆ ਏ, ਤੈਨੂੰ ਪਾਉਣਾ ਸਾਡੀ ਵਰਾਸਤ
ਅੱਲ੍ਹੜ ਚਿੱਤ ਚ ਵਸਦਾ ਰਹਿ, ਜੀ ਚੇਤੇ ਕਰ ਕੁਰਲਾਉਂਦਾ ਰਹੇ

ਸਬਬ ਕੀ, ਸਾਹਮਣੇ ਆਉਂਦੇ ਨਹੀਂ, ਆ ਗਲਵਕੜੀ ਪਾਉਂਦੇ ਨਹੀਂ
ਹੱਥ ਜੋੜ ਵਾਸਤੇ ਪਾਵਾਂ ਮੈਂ, ਕਿਉਂ ਅਪਣਾ ਰਾਜ਼ ਸਮਝਾਉਂਦੇ ਨਹੀਂ
ਲਾ ਰੱਖੀਂ ਬੈਂਸ ਨਿਮਾਣੇ ਨਾਲ, ਉਹ ਗੀਤ ਹਿਜਰ ਦੇ ਗੁਾਉਂਦਾ ਰਹੇ

ਗੀਤ ਹਿਜਰ ਦੇ ਗਾ ਗਾ ਕੇ, ਉਹਦਾ ਮਨ ਮਸਤ ਮਲੰਗ ਹੋਇਆ
ਅੱਖੀਆਂ ਚੋਂ ਨੀਂਦਰ ਨੱਸ ਗਈ, ਤੇਰੇ ਪਿਆਰ ਚ ਇੰਞ ਖੋਇਆ
ਅਪਣਾ ਯਾਰ ਮਿਲਾ ਦੇ ਬੈਂਸ ਨੂੰ, ਜੋ ਤੇਰੇ ਗੀਤ ਸੁਣਾਉਂਦਾ ਰਹੇ

ਦਿਲ ਦੇ ਕੇ

ਦਿਲ ਦੇ ਕੇ ਸੁਹਣੇ ਸੱਜਣਾ ਨੂੰ, ਰਾਤੀਂ ਨੀਂਦ ਨਹੀਂ ਆਉਂਦੀ
ਦਿਲ ਰਹੇ ਮਿਲਣ ਨੂੰ ਤੜਫਦਾ, ਰਹੇ ਉਹਦੀ ਯਾਦ ਸਤੌਂਦੀ

ਮਾਹੀ ਚੇਤੇ ਆਉਂਦਾ ਏ, ਮੈਨੂੰ ਸੁੱਤਿਆਂ ਆਣ ਜਗਾਉਂਦਾ ਏ
ਚਿੱਤ ਚੇਤੇ ਕਰ ਕੇ ਰੋਂਦਾ ਏ, ਮਨ ਵਸ ਨਹੀਂ ਆਉਂਦਾ ਏ
ਚੇਤੇ ਕਰ ਕਰ ਮਾਹੀ ਨੂੰ, ਲੱਗੀ ਦਿਲ ਦੀ ਦਿਲ ਨੂੰ ਸੁਣਾਉਂਦੀ

ਚੰਨਾਂ, ਤਾਰਿਆਂ ਦੀ ਚਾਨਣੀ ਚ, ਮੈਂ ਲੱਭਦੀ ਫਿਰਾਂ ਤੈਨੂੰ ਮਾਹੀ
ਦੀਵਾ ਬਾਲ ਬਾਲ ਖੋਜਾਂ ਅੰਦਰ, ਮੈਨੂੰ ਤੜਫ ਪਿਆਰ ਨੇ ਪਾਈ
ਜਿੰਨਾਂ ਉਹਨੂੰ ਬਹੁਤਾ ਖੋਜਾਂ, ਉਨੀਂ ਮਿਲਣ ਦੀ ਤਾਂਘ ਸਤੌਂਦੀ

ਛੁਪ ਗਿਆ ਮਾਹੀ ਨੈਣ ਮਿਲਾ ਕੇ, ਟੁਰ ਗਿਆ ਦਿਲ ਤੜਫਾ ਕੇ
ਦੱਸਿਆ ਪਤਾ ਸਤਾ ਨਾ ਕੋਈ, ਕਿੱਥੇ ਟੁਰ ਗਿਆ ਲਾਰਾ ਲਾ ਕੇ
ਤੱਕ ਤੱਕ ਨੱਸਾਂ ਰਾਹੀਆਂ ਪਿੱਛੇ, ਤੇਰੀ ਯਾਦ ਰਹੇ ਤੜਫਾਉਂਦੀ

ਅੜੀਓ ਕੀ ਦੱਸਾਂ ਤੇ ਕਿਹਨੂੰ ਦੱਸਾਂ, ਮੈਂ ਅਪਣੇ ਦਿਲ ਦਾ ਹਾਲ
ਦਿਲ ਰੋਂਦਾ ਤੇ ਕੁਰਲਾਉਂਦਾ ਏ, ਰਹੇ ਸਦਾ ਮਾਹੀ ਵੱਲ ਖਿਆਲ
ਯਾਦ ਮਾਹੀ ਦੀ ਜੀਣ ਨਾ ਦੇਵੇ, ਮੈਨੂੰ ਕੱਲਿਆਂ ਬੈਠ ਰੁਆਉਂਦੀ

ਚੁਪਕੇ ਚੁਪਕੇ ਆ ਮੇਰੇ ਸੱਜਣਾ, ਆ ਮਿਲ ਮੇਰੇ ਪ੍ਰੀਤਮ ਢੋਲਾ
ਜੇ ਆਉਣ ਨੂੰ ਜੀ ਨਹੀਂ ਕਰਦਾ, ਛੇਤੀ ਘੱਲ ਦੇ ਯਾਰ ਵਚੋਲਾ
ਨੱਚ ਨੱਚ ਹਾਲ ਬੇਹਾਲ ਕਰਾਂ, ਫਿਰਾਂ ਗੀਤ ਹਿਜਰ ਦੇ ਗਾਉਂਦੀ

ਇਸ਼ਕ ਦੀ ਤੜਫ

ਪਿਆਰ ਤੇਰੇ ਚ ਫਿਰਦੀ ਖੋਈ, ਪਲ ਪਲ ਪਾਵਾਂ ਤੋਈ ਸ਼ੋਈ
ਰੁੱਸ ਕੇ ਟੁਰ ਗਿਆ ਮੀਤ ਪਿਆਰਾ, ਉਹਨੂੰ ਮੋੜ ਲਿਆਵੋ ਕੋਈ

ਪਿਛਲੇ ਜਨਮ ਦਾ ਨਾਤਾ ਸਾਡਾ, ਤੇਰੀ ਸੂਰਤ ਮਨ ਚ ਵਸਦੀ
ਮਨ ਚ ਤੇਰਾ ਚਿੱਤਰ ਬਣਾ ਕੇ, ਮੈਂ ਸਾਰੀ ਰਾਤ ਪਈ ਤੱਕਦੀ
ਤੱਕ ਤੱਕ ਉਹਨੂੰ ਫਿਰਾਂ ਨੱਚਦੀ, ਫਿਰਾਂ ਪਿਆਰ ਵਿਚ ਖੋਈ

ਪੁੰਨਣਾ, ਤੈਨੂੰ ਰੱਬ ਜਾਣ ਕੇ, ਮੈਂ ਪਿਆਰ ਤੇਰੇ ਨਾਲ ਪਾ ਬੈਠੀ
ਤੇਰੇ ਪਿਆਰ ਦੀ ਖਿੱਚ ਅਨੋਖੀ, ਮੈਂ ਅੱਗ ਇਸ਼ਕ ਦੀ ਲਾ ਬੈਠੀ
ਹੁਣ ਇਸ਼ਕ ਦੇ ਭਾਂਬੜ ਮਚਦੇ ਨੇ, ਕੀ ਹੋਇਆ ਸਮਝ ਨਾ ਕੋਈ

ਪਿਆਰ ਤੇਰੇ ਨਾਲ ਪਾ ਬੈਠੀ, ਤੈਨੂੰ ਜਾਣ ਕੇ ਅਪਣਾ ਰੱਬ
ਵਿਚ ਥਲਾਂ ਦੇ ਰੋਲ ਗਿਆ, ਚੰਨਾਂ ਲਾ ਕੇ ਪਿਆਰ ਦਾ ਪੱਜ
ਅੱਖੀਆਂ ਚੋਂ ਅੱਥਰੂ ਵਗਦੇ ਨੇ, ਚੁਨਰੀ ਪਲਕਾਂ ਭਿਓਈ

ਦਿਲ ਦੇ ਕੇ ਤੈਨੂੰ ਬੇਦਰਦਾ, ਮੈਂ ਦਿਲ ਦਾ ਚੈਨ ਗੁਆ ਬੈਠੀ
ਅੱਖ ਖੋਲ੍ਹੀ ਮਾਹੀ ਵੇਖਣ ਨੂੰ, ਮੈਂ ਅਪਣਾ ਆਪ ਗੁਆ ਬੈਠੀ
ਮਾਹੀ ਮੈਨੂੰ ਨਜ਼ਰ ਨਾ ਆਵੇ, ਉਹਦੀ ਖਬਰ ਲਿਆਵੋ ਕੋਈ

ਮੇਰਾ ਮਾਹੀ ਕਿੱਥੇ ਟੁਰ ਗਿਆ, ਪੁੱਛਾਂ ਸਖੀਆਂ ਤੋਂ ਸਿਰਨਾਵਾਂ
ਮੈਂ ਖੁਰ੍ਹੇ ਖੋਜਦੀ ਡਾਚੀਆਂ ਦੇ, ਪਿੱਛੇ ਟੁਰਦੀ ਥਲਾਂ ਵੱਲ ਧਾਵਾਂ
ਰਾਹ ਪੁੱਛਾਂ ਕਾਕੇ ਅਯਾਲੀ ਤੋਂ, ਜੇ ਉਹ ਖਬਰ ਸੁਣਾਵੇ ਕੋਈ

ਨਾ ਜੁੱਤੀ ਨਾ ਚੁੱਨੀਂ ਸਿਰ ਤੇ, ਮੈਂ ਭੁੱਲ ਗਈ ਦੁਨੀਆਂਦਾਰੀ
ਨਾ ਪਤਾ ਨਾ ਕੋਈ ਰਾਹ ਲੱਭੇ, ਬਿਨ ਪਾਣੀ ਕਰਮਾਂ ਮਾਰੀ
ਬੈਂਸ, ਕਰਾ ਹੋਤ ਨਾਲ ਮੇਲੇ, ਬਾਰ ਬਾਰ ਕਰਾਂ ਅਰਜੋਈ

ਮੈਂ ਪੁੱਛਾ ਛੁਤਰ ਸਵਾਰਾਂ ਨੂੰ, ਗੱਲ ਸੁਣ ਲਓ ਮੇਰੀ ਨਾਲ ਗੌਰ
ਮੇਰੀ ਦੁਨੀਆਂ ਉਜੜ ਗਈ, ਮੇਰਾ ਉਜੜਿਆ ਸ਼ਹਿਰ ਭੰਬੌਰ
ਮੈਂ ਤਰਲੇ ਕੱਢਦੀ ਵਾਗੀਆਂ ਦੇ, ਉਹਨੂੰ ਮੋੜ ਲਿਆਵੋ ਕੋਈ

ਡਾਢੇ ਨਾਲ ਪਰੀਤ

ਅੱਲੜ੍ਹਪਣੇ ਚ ਲੱਗ ਗਈ ਸਾਡੀ, ਡਾਢੇ ਨਾਲ ਪਰੀਤ
ਦੋ ਕਲਬੂਤ ਭੌਰ ਇਕ, ਉਹ ਸੱਜਣ ਮੈਂ ਉਹਦਾ ਮੀਤ

ਦੋ ਤੋਂ ਹੁਣ ਇੱਕ ਹੋ ਗਏ, ਹੁਣ ਸਾਡਾ ਫਰਕ ਨਾ ਕਾਈ
ਮੇਰੇ ਬੁੱਤ ਚ ਮਾਹੀ ਵਸਦਾ, ਮੈਂ ਪਿਆਰ ਚ ਬਣੀ ਸ਼ੁਦਾਈ
ਬਿਨਾਂ ਧਰਮ ਤੋਂ ਮਾਹੀ ਮਿਲਿਆ, ਟੁੱਟ ਗਈ ਜੱਗ ਦੀ ਰੀਤ

ਮੇਰੇ ਮਨ ਚ ਮਾਹੀ ਵਸਿਆ, ਮੈਨੂੰ ਭੁੱਲ ਗਿਆ ਜੱਗ ਸਾਰਾ
ਹੋਰ ਕੁਝ ਨਹੀਂ ਚੰਗਾ ਲਗਦਾ, ਮੈਨੂੰ ਮਾਹੀ ਬਹੁਤ ਪਿਆਰਾ
ਪਤਾ ਨਹੀਂ ਮੈਨੂੰ ਕੀ ਹੋ ਗਿਆ, ਦਿਲ ਗਾਵੇ ਪ੍ਰੇਮ ਦੇ ਗੀਤ

ਕੀ ਲੈਣਾ ਅਸਾਂ ਦੁਨੀਆਂ ਤੋਂ, ਇਹ ਸਾਰੀ ਦੁਨੀਆਂ ਨਕਲੀ
ਜੱਗ ਦਾ ਨਾਤਾ ਛੱਡ ਦਿੱਤਾ, ਹੁਣ ਸਾਡੀ ਦੁਨੀਆਂ ਅਸਲੀ
ਨੈਣਾਂ ਨਾਲ ਨੈਣ ਮਿਲਾ ਕੇ, ਮਿਟਿਆ ਪੰਧ ਮਿਲ ਗਿਆ ਮੀਤ

ਪਿਛਲੇ ਜਨਮ ਦੇ ਕਰਮ ਕਮਾਏ, ਅੱਜ ਆ ਗਏ ਰਾਸ
ਦਿਲ ਮਿਲਣ ਨੂੰ ਤੜਫਦਾ, ਆਖੇ ਚੱਲ ਮਾਹੀ ਦੇ ਪਾਸ
ਮਨ ਝੁਕ ਗਿਆ ਮੈਂ ਮਿਟ ਗਈ, ਪਾ ਸੱਜਣ ਨਾਲ ਪ੍ਰੀਤ

ਅੜਿਆ ਸਾਹਮਣੇ ਬੈਠਾ ਰਹਿ, ਜੀ ਕਰਦਾ ਤੈਨੂੰ ਵੇਖਣ ਨੂੰ
ਨੈਣ ਮਿਲਾ ਕੇ ਨੈਣ ਝੁਕਾ ਕੇ, ਜੀ ਕਰਦਾ ਪਲਕਾਂ ਟੇਕਣ ਨੂੰ
ਆ ਸੱਜਣਾ ਗਲਵਕੜੀ ਪਾ ਕੇ, ਗਾਈਏ ਪਿਆਰ ਦੇ ਗੀਤ

ਯਾਰ ਰੱਬ

ਉਹੋ ਰੱਬ ਉਹੋ ਯਾਰ, ਪਾ ਲੈ ਉਹਦੇ ਨਾਲ ਪਿਆਰ
ਯਾਰ ਰੱਬ ਨੂੰ ਮਨਾ ਲੈ, ਜੇ ਕਰਨਾ ਏ ਬੇੜਾ ਪਾਰ

ਉਹ ਤੇਰੇ ਮਨ ਚ ਵਸੇ, ਤੇਰੀਆਂ ਕਰਤੂਤਾਂ ਵੇਖ ਕੇ ਹਸੇ
ਤੈਨੂੰ ਦੁਨੀਆਂ ਨੇ ਮੋਹ ਲਿਆ, ਉਹ ਤੈਨੂੰ ਕੁਝ ਨਾ ਦੱਸੇ
ਤੂੰ ਜੇ ਮਨ ਨਾ ਸਮਝਾਇਆ, ਅੰਤ ਹੋਵੇਂਗਾ ਖੁਆਰ

ਲੱਗ ਕੇ ਧਰਮਾਂ ਦੇ ਪਿੱਛੇ, ਤੂੰ ਅਪਣਾ ਆਪ ਭੁਲਾ ਦਿੱਤਾ
ਉਥੇ ਸਮਝ ਕਿਸੇ ਨਾ ਕਾਈ, ਤੈਨੂੰ ਭਰਮਾਂ ਚ ਪਾ ਦਿੱਤਾ
ਅਪਣਾ ਉਲ੍ਹੂ ਸਿੱਧਾ ਕਰਦੇ, ਸਾਰੇ ਜੱਗ ਨੂੰ ਕਰਨ ਖੁਆਰ

ਬੈਂਸ ਨੇ ਸੌ ਦੀ ਇਕ ਸੁਣਾਈ, ਜੰਮਿਆਂ ਬੇ ਧਰਮਾਂ ਭਾਈ
ਪੈ ਗਿਆ ਦੁਨੀਆਂ ਦੇ ਵਸ, ਤੇਰੀ ਧਰਮ ਚ ਜਾਨ ਫਸਾਈ
ਉਹ ਸਭ ਮਾਇਆ ਕੱਠੀ ਕਰਦੇ, ਇਹ ਉਨ੍ਹਾਂ ਦਾ ਬਿਹਾਰ

ਛੁਪ ਕੇ ਬੈਠਾ ਤੇਰੇ ਅੰਦਰ, ਉਥੇ ਉਹਨੇ ਪਾਇਆ ਮੰਦਿਰ
ਮਸਜਿਦ ਮੰਦਿਰ ਦੂਰ ਓਸ ਤੋਂ, ਖੋਜ ਉਹਨੂੰ ਅਪਣੇ ਅੰਦਰ
ਉਹ ਵਸ ਯਾਰ ਦੇ ਹੋਵੇ, ਉਹਦਾ ਯਾਰ ਦੇ ਨਾਲ ਪਿਆਰ

ਘਾਲਣਾ ਕਰਨੀ ਪੈਣੀ ਆਪੇ, ਛੱਡਣੇ ਪੈਣੇ ਹੋਰ ਸਿਆਪੇ
ਆਪ ਮਿਟਾ ਕੇ ਯਾਰ ਮਨਾ ਲੈ, ਰਾਜ਼ੀ ਹੋ ਜਾਵੇਗਾ ਆਪੇ
ਬੈਂਸ, ਉਹ ਤੇਰਾ ਮਨ ਸਮਝਾ ਕੇ, ਕਰੇਗਾ ਬੇੜਾ ਪਾਰ

ਸੱਜਣ ਦੀ ਯਾਦ

ਰੁੱਸ ਗਿਆ ਯਾਰ ਨਿਮਾਣੀ ਦਾ, ਦਿਲ ਨਹੀਂ ਲਗਦਾ ਕਾਈ
ਰੱਬਾ ਤੇਰੀ ਯਾਦ ਭੁੱਲ ਗਈ, ਜਦੋਂ ਯਾਦ ਸੱਜਣ ਦੀ ਆਈ

ਕੱਲਿਆਂ ਬਹਿ ਕੇ ਸੋਚਾਂ ਪਈ, ਬਹਿ ਕੇ ਵਿਚ ਤਨਹਾਈ
ਅਪਣੇ ਦਿਲ ਦਾ ਚੈਨ ਗੁਆ ਕੇ, ਮੈਂ ਫਿਰਦੀ ਚਾਈਂ ਚਾਈਂ
ਦਰ ਦਰ ਤੈਨੂੰ ਫਿਰਾਂ ਭਾਲਦੀ, ਮੈਂ ਦਿਲ ਚ ਦਰਦ ਛੁਪਾਈ

ਮਾਹੀ ਮੇਰੇ ਦਿਲ ਚ ਵਸ ਗਿਆ, ਜਦੋਂ ਮੈਂ ਉਹਦੀ ਹੋਈ
ਐਸੀ ਮਰਜ਼ ਜਿਗਰ ਨੂੰ ਲੱਗੀ, ਇਲਾਜ ਨਾ ਜਿਹਦਾ ਕੋਈ
ਅੜੀਓ, ਇਸ਼ਕ ਨਾ ਕਰਿਓ ਕੋਈ, ਪਾਵੇ ਬੈਂਸ ਦੁਹਾਈ

ਐਸਾ ਤੀਰ ਇਸ਼ਕ ਦਾ ਮਾਰਿਆ, ਮੈਂ ਫਿਰਦੀ ਘਾਇਲ ਹੋਈ
ਜ਼ਖਮ ਜਿਗਰ ਦੇ ਨਜ਼ਰ ਨਹੀਂ ਆਉਂਦੇ, ਦਰਦ ਕੀ ਜਾਣੇ ਕੋਈ
ਜੱਗ ਕੀ ਜਾਣੇ ਦਰਦ ਇਸ਼ਕ ਦਾ, ਮੈਂ ਫਿਰਦੀ ਸਹਿਜ ਸੁਭਾਈ

ਨੇਹ ਮਾਹੀ ਨਾਲ ਲਾ ਕੇ ਅੜੀਓ, ਮੈਂ ਫਿਰਦੀ ਖੋਈ ਖੋਈ
ਪੇਚਾ ਪਾ ਪਰਦੇਸ ਟੁਰ ਗਿਆ, ਪਤਾ ਨਾ ਦੱਸਿਆ ਕੋਈ
ਚਿੱਠੀਆਂ ਲਿਖ ਡਾਕ ਚ ਪਾ ਪਾ, ਜਾਵਾਂ ਦਿਲ ਪਰਚਾਈ

ਇਸ਼ਕ ਦੇ ਬਾਝੋਂ ਮਿਲੇ ਨਾ ਮੰਜ਼ਿਲ, ਇਸ਼ਕ ਦੀਆਂ ਕਿਆ ਬਾਤਾਂ
ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ, ਜਾਗ ਜਾਗ ਬਿਤਾਵਣ ਰਾਤਾਂ
ਬੈਂਸ, ਵਾਰੇ ਜਾਵਾਂ ਸੱਜਣਾ ਦੇ, ਜਿਹਨੇ ਪਿਆਰ ਦੀ ਜੋਤ ਜਗਾਈ

ਮਿੰਨਤਾਂ ਕਰ ਕਰ ਹਾਰ ਗਈ, ਹੁਣ ਕੋਈ ਨਹੀਂ ਸੁਣਦਾ ਮੇਰੀ
ਕਾਵਾਂ ਦੇ ਹੱਥ ਘੱਲਾਂ ਸੁਨੇਹੇ, ਜੇ ਉਹਨੂੰ ਮੋੜ ਲਿਆਵੇ ਕੋਈ
ਰੱਬ ਦੀ ਨਮਾਜ਼ ਭੁੱਲ ਗਈ, ਜਦੋਂ ਯਾਦ ਸੱਜਣ ਤੇਰੀ ਆਈ

ਦਾਣਾ ਪਾਣੀ

ਮੇਰੀ ਮੇਰੀ ਮੁੱਕ ਜਾਵੇ, ਜਦੋਂ ਸਾਥ ਜੱਗ ਦਾ ਟੁੱਟ ਜਾਵੇ
ਚੱਕ ਲੋ ਚੱਕ ਲੋ ਹੋਣ ਲੱਗੇ, ਜਦੋਂ ਦਾਣਾ ਪਾਣੀ ਮੁੱਕ ਜਾਵੇ

ਲੋਕ ਭਟਕਦੇ ਮਰ ਜਾਂਦੇ, ਮਿਟ ਜਾਂਦੇ ਨਾਮ ਨਿਸ਼ਾਨ
ਬੇਦਰਦ ਜ਼ਮਾਨਾ ਉਥੇ ਢੂਕਦਾ, ਜਿੱਥੇ ਹੋਵੇ ਸੁੰਨ ਮਸਾਨ
ਆਖਣ ਕੱਢੋ ਲਾਸ਼ ਨੂੰ, ਭੂਤ ਬਣ ਘਰ ਚ ਨਾ ਘੁਸ ਆਵੇ

ਭਾਈ ਦੁਸ਼ਮਣ ਬਣ ਜਾਂਦੇ, ਅੱਗ ਲਾਉਂਦੇ ਭੈਣ ਭਰਾਵਾਂ ਨੂੰ
ਕੁਝ ਹੋਰ ਬੜੇ ਬੇਰਦੀ ਨੇ, ਭੇਟਾ ਚਾੜ੍ਹ ਦੇਣ ਦਰਿਆਵਾਂ ਨੂੰ
ਅਪਣੇ ਬੇਗਾਨੇ ਬਣ ਜਾਂਦੇ, ਜਦੋਂ ਪੀਘ ਅਸਮਾਨੋਂ ਟੁੱਟ ਜਾਵੇ

ਕਈ ਹੋਰ ਅਜਿਹੇ ਲੋਕੀਂ ਨੇ, ਉਹ ਛੇ ਫੁਟ ਡੂੰਘਾ ਗੱਡਦੇ
ਅਣਤੋਲੀ ਮਿੱਟੀ ਪਾ ਕੇ, ਮੁੜ ਉਠਣ ਜੋਗਾ ਨਹੀਂ ਛੱਡਦੇ
ਪਲ ਚ ਰਿਸ਼ਤੇ ਮੁੱਕ ਜਾਂਦੇ, ਤੱਕ ਦਿਲ ਬੈਂਸ ਦਾ ਟੁੱਟ ਜਾਵੇ

ਮਿੱਟੀ ਨੇ ਮਿੱਟੀ ਹੋਣਾ ਏ, ਤੈਨੂੰ ਕਾਹਦਾ ਮਾਣ ਜੁਆਨੀ ਦਾ
ਪਿਆਰ ਜੱਗ ਨਾਲ ਪਾ ਬੈਠੀ, ਰੰਗ ਚਾਰ ਦਿਨ ਮਹਿਮਾਨੀ ਦਾ
ਟੁੱਟ ਜਾਵੇ ਮਾਣ ਜੁਆਨੀ ਦਾ, ਹੁਸਨ ਫੁਸਨ ਨਾਲੇ ਮੁੱਕ ਜਾਵੇ

ਖਤ ਸੱਜਣ ਦਾ ਆਇਆ ਏ, ਉਹਨੇ ਰੰਗ ਬਰੰਗ ਬਣਾਇਆ ਏ
ਦਿਸਦਾ ਏ ਮੇਰੇ ਨੈਣਾ ਨੂੰ, ਉਤੇ ਸੱਤ ਰੰਗੀ ਦਾ ਸਾਇਆ ਏ
ਸੱਦਿਆ ਨਾਲ ਪਿਆਰ ਦੇ, ਮਿਲ ਜ਼ਿੰਦੜੀ ਦਾ ਦੁਖ ਮਿਟ ਜਾਵੇ

ਜੱਗ ਚਲੋ ਚਾਲ ਦਾ ਮੇਲਾ ਏ, ਪਾਣੀ ਵਾਂਗ ਵਗਦਾ ਵਗ ਜਾਵੇ
ਸਭ ਧੰਦੇ ਪਿੱਟਣੇ ਮੁੱਕ ਜਾਂਦੇ, ਜੇ ਜਾਗ ਇਸ਼ਕ ਦਾ ਲੱਗ ਜਾਵੇ
ਚੇਤੇ ਕਰ ਅਪਣੇ ਮਾਹੀ ਨੂੰ, ਬੈਂਸ ਜੰਮਣ ਮਰਨਾ ਮੁੱਕ ਜਾਵੇ

ਹਿਜਰ ਦੇ ਮਾਰੇ

ਗੁੱਝਾ ਰੋਗ ਇਸ਼ਕ ਦਾ ਸੱਈਓ, ਦਿਲ ਮਾਹੀ ਮਾਹੀ ਪਿਆ ਪੁਕਾਰੇ
ਵੈਦ ਹਕੀਮ ਸਮਝ ਨਾ ਕਾਈ, ਦਰ ਦਰ ਫਿਰਦੇ ਹਿਜਰ ਦੇ ਮਾਰੇ

ਮਾਹੀ ਸਾਡੇ ਜੀ ਚ ਵਸਦਾ, ਯਾਦ ਮਾਹੀ ਦੀ ਬਣ ਗਈ ਆਦਤ
ਹਿਜਰ ਜਿਗਰ ਨੂੰ ਖਾਂਦਾ ਏ, ਪਿਆਰ ਪੂਜਾ ਪਿਆਰ ਇਬਾਦਤ
ਪਿਆਰ ਕਾਬਾ ਪਿਆਰ ਹਰਮੰਦਰ, ਜੀ ਹਰ ਦਮ ਯਾਰ ਚਿਤਾਰੇ

ਦਵਾ ਦਾਰੂ ਕਰਨ ਸਿਆਣੇ, ਦਰਦ ਜਿਗਰ ਦਾ ਕੋਈ ਨਾ ਜਾਣੇ
ਨਬਜ਼ ਫੜ ਕੁਝ ਸਮਝ ਨਾ ਆਵੇ, ਇਹ ਆਖਦੇ ਵੈਦ ਸਿਆਣੇ
ਹਿਜਰ ਇਸ਼ਕ ਦਾ ਜਾਨ ਖਿੱਚਦਾ, ਦਮ ਨਿਕਲੇ ਹਿਜਰ ਦੇ ਮਾਰੇ

ਜੇ ਮਿਲਿਆ ਉਹ ਤੜਫਦੇ ਈ, ਜੇ ਨਹੀਂ ਮਿਲਿਆ ਭਟਕਦੇ ਈ
ਕਈ ਝੁਕ ਝੁਕ ਮਨਾਵਣ ਯਾਰ ਨੂੰ, ਕਈ ਪੁੱਠੇ ਹੋ ਲਟਕਦੇ ਈ
ਫਸ ਗਈ ਬੇੜੀ ਮਝਧਾਰ ਵਿਚ, ਬੈਂਸ, ਮੁੜ ਨਾ ਲੱਗੇ ਕਿਨਾਰੇ

ਇਸ਼ਕ ਦਾ ਰੋਗ ਅਵੱਲਾ ਏ, ਜੇ ਲੱਗ ਜਾਵੇ ਇਹ ਟੁੱਟਦਾ ਨਹੀਂ
ਘੁਣ ਵਾਂਗ ਜਿਗਰ ਨੂੰ ਖਾਂਦਾ ਏ, ਦੁੱਖ ਜਿਗਰ ਦਾ ਮੁੱਕਦਾ ਨਹੀਂ
ਜਿਹਨੂੰ ਲੱਗੇ ਉਹਨੂੰ ਖਾ ਜਾਵੇ, ਜਿਉਂਦੇ ਭੀ ਉਹ ਇਸੇ ਸਹਾਰੇ

ਸਭ ਅਪਣਾ ਅਪਣਾ ਪਾਸਾ ਖੇਡ੍ਹਣ, ਕੋਈ ਅਪਣੀ ਹਾਰ ਨਾ ਮੰਨੇ
ਹੁਣ ਫਸ ਗਈ ਜਾਨ ਸ਼ਿਕੰਜੇ ਅੰਦਰ, ਜਿਉਂ ਬੇਲਣ ਵਿਚ ਗੰਨੇ
ਨਾ ਸਾਹ ਆਵੇ ਨਾ ਦਮ ਨਿਕਲੇ, ਫਸ ਗਏ ਰਸ ਚੂਸਣ ਦੇ ਮਾਰੇ

ਹਰ ਇਕ ਆਪ ਨੂੰ ਵੱਡਾ ਸਮਝੇ, ਕੋਈ ਨਾ ਮੰਨੇ ਅਪਣੀ ਹਾਰ
ਦਿਲ ਹਾਰ ਕੇ ਬਾਜ਼ੀ ਜਿੱਤਦੀ, ਇਲਾਜ਼ ਏ ਇਹਦਾ ਪਿਆਰ
ਬੈਂਸ, ਤਕਵਾ ਰੱਖ ਮਹਿਬੂਬਾ ਵਾਲਾ, ਤੈਨੂੰ ਯਾਰ ਪਾਰ ਉਤਾਰੇ

ਚਾ ਚੜ੍ਹਿਆ

ਸੁਣੋ ਸਖੀਓ ਮੇਰੀਓ ਨੀ, ਚਾ ਚੜ੍ਹਿਆ ਸਹੁਰੇ ਜਾਵਣ ਦਾ
ਕੀ ਰੱਖਾਂ ਕੀ ਦੱਸਾਂ, ਕੋਈ ਚੱਜ ਨਹੀਂ ਯਾਰ ਮਨਾਵਣ ਦਾ

ਆਸਮਾਨ ਵੱਲ ਭਰਾਂ ਉਡਾਰੀ, ਨਾਲੇ ਲਾਵਾਂ ਮਨ ਚ ਤਾਰੀ
ਚੇਤੇ ਆਵੇਂ ਮਨ ਖੋ ਜਾਵੇ, ਲੱਗੀ ਦਿਲ ਨੂੰ ਕਿਹੀ ਬਿਮਾਰੀ
ਕਿਹਨੂੰ ਪੂਜਾਂ ਕੀ ਮਨਾਵਾਂ, ਚੱਜ ਨਹੀਂ ਤੀਰਥ ਨ੍ਹਾਵਣ ਦਾ

ਆ ਵਸ ਵਹਿੜੇ ਮੇਰੇ ਵੇ, ਮੈਂ ਸ਼ਗਨ ਮਨਾਵਾਂ ਤੇਰੇ ਵੇ
ਤੂੰ ਹੀ ਮੇਰਾ ਕਿਬਲਾ ਕਾਬਾ, ਸਾਡੀ ਹੱਜ ਦਰ ਤੇਰੇ ਵੇ
ਮਾਹੀ ਸਾਡੇ ਜੀ ਵਸਦਾ, ਇਹ ਫਲ ਯਾਰੀ ਲਾਵਣ ਦਾ

ਬਹੁੜ ਤੱਤੀ ਦਿਆ ਢੋਲਣਾ, ਅਸਾਂ ਤੇਰੇ ਨਾਲ ਦੁਖ ਸੁਖ ਫੋਲਣਾ
ਤੇਰੀ ਯਾਦ ਬਹੁਤ ਤੜਫਾਉਂਦੀ ਏ, ਆ ਜਾ ਬਣ ਕੇ ਵਚੋਲਣਾ
ਆ ਬਣ ਕੇ ਕਲਮ ਦੁਆਤ, ਜੀ ਕਰਦਾ ਚਿੱਠੀਆਂ ਪਾਵਣ ਦਾ

ਆ ਕਾਲਿਆ ਕਾਗਾ ਆ, ਕਦੀ ਸਾਡੇ ਵੀ ਬਨੇਰੇ ਤੇ ਬੋਲ ਵੇ
ਸੁਣਾ ਦੇ ਜਾ ਕੇ ਮਾਹੀ ਨੂੰ, ਸਾਡੇ ਦਿਲ ਦੀਆਂ ਸਧਰਾਂ ਫੋਲ ਕੇ
ਸ਼ਿਕਵੇ ਸ਼ਕੈਤਾਂ ਛੱਡ ਅੜੀਏ, ਤਕਵਾ ਰੱਖ ਪਿਆਰ ਨਿਭਾਵਣ ਦਾ

ਤੱਕਦੀ ਪਈ ਮੈਂ ਤੇਰੇ ਪੜਛਾਵੇਂ, ਰੱਬ ਕਰੇ ਜੇ ਤੂੰ ਆ ਜਾਵੇਂ
ਗਲ ਲਗੱ ਕੇ ਪਿਆਰ ਜਤਾਵੇਂ, ਨਾਲੇ ਦਿਲ ਦਾ ਹਾਲ ਸੁਣਾਵੇਂ
ਦੱਸ ਬੈਂਸ ਨੂੰ ਸਿਰਨਾਵਾਂ, ਧੰਦ ਮੁੱਕ ਜਾਵੇ ਗਲੀਆਂ ਗ੍ਹਾਵਣ ਦਾ

ਨੀਂਦ ਨਹੀਂ ਆਉਂਦੀ

ਯਾਰ ਜਿਨ੍ਹਾਂ ਦੇ ਦੂਰ ਵਸੇਂਦੇ, ਦਿਨ ਗੁਜ਼ਰਦੇ ਯਾਦ ਸਹਾਰੇ
ਰਾਤੀਂ ਨੀਂਦ ਨਹੀਂ ਆਉਂਦੀ, ਕਿੱਥੇ ਜਾਣ ਹਿਜਰ ਦੇ ਮਾਰੇ

ਦਰਦ ਦੇ ਮਾਰੇ ਦਰ ਦਰ ਫਿਰਦੇ, ਹਾਰ ਜਾਵਣ ਕਰ ਕਰ ਸਿਜਦੇ
ਜ਼ਖਮ ਇਸ਼ਕ ਦੇ ਜੀਣ ਨਾ ਦੇਂਦੇ, ਨਾ ਉਹ ਬੈਠ ਸਕਣ ਨਾ ਡਿਗਦੇ
ਗਲ ਬੱਗਲੀ ਹੱਥ ਕਾਸਾ ਫੜ, ਦਰ ਦਰ ਮੰਗਾਉਣ ਇਸ਼ਕ ਦੇ ਕਾਰੇ

ਅਲਫ ਇਲਮ ਏ ਯਾਰ ਸੱਜਣ ਦਾ, ਕੀ ਲੈਣਾ ਪੜ੍ਹ ਕੜ੍ਹ ਕੇ
ਮੇਰਾ ਯਾਰ ਜਿਗਰ ਚ ਵਸਦਾ, ਕਿਉਂ ਕੂਕਾਂ ਮੁਨਾਰੇ ਚੜ੍ਹ ਕੇ
ਮੈਂ ਭੁੱਲਣਾ ਚਾਹਾਂ ਉਹ ਚੇਤੇ ਆਵੇ, ਇਸ਼ਕ ਦੇ ਚੋਜ ਨਿਆਰੇ

ਕੰਨਾਂ ਚ ਮੁੰਦਰਾਂ ਪਾ ਕੇ, ਜੋਗੀ ਬਣ ਕੇ ਆ ਗਿਆ ਖੇੜਿਆਂ ਨੂੰ
ਚੱਲ ਹੀਰੇ ਤੈਨੂੰ ਯਾਰ ਮਿਲਾਵਾਂ, ਛੱਡ ਦੇ ਹਿਜਰ ਬਖੇੜਿਆਂ ਨੂੰ
ਬਾਗਾਂ ਦੇ ਵਿਚ ਡੇਰਾ ਲਾ ਕੇ, ਦਿਨ ਕੱਟੇ ਤੇਰੇ ਪਿਆਰ ਸਹਾਰੇ

ਯਾਰ ਜਿਨ੍ਹਾਂ ਦੇ ਵਿੱਛੜ ਗਏ, ਦਿਲ ਨੂੰ ਛੁਪ ਛੁਪ ਦੇਣ ਤਸੱਲੀ
ਕਦੀ ਵਿਛੜੇ ਯਾਰ ਨਹੀਂ ਮਿਲਦੇ, ਤੂੰ ਰਹਿ ਗਈ ਕੱਲਮ ਕੱਲੀ
ਇਕ ਦਿਨ ਆਏਗਾ ਗਲ ਲਾਏਗਾ, ਮੁੜ ਲਾਏਗਾ ਤੈਨੂੰ ਕਿਨਾਰੇ

ਚਿੱਤ ਉਨ੍ਹਾਂ ਦੇ ਚੈਨ ਨਾ ਆਵੇ, ਦਰ ਦਰ ਫਿਰਦੇ ਇਸ਼ਕ ਦੇ ਮਾਰੇ
ਅਪਣੇ ਯਾਰ ਦੀਆਂ ਬਿੜਕਾਂ ਲੈ ਲੈ, ਦਿਲ ਤੱਤੜੇ ਨੂੰ ਦੇਣ ਸਹਾਰੇ
ਜੱਗ ਤੋਂ ਅੱਖ ਲਕੋਣ ਵਾਸਤੇ, ਚੁਨਰੀ ਨਾਲ ਕੱਜਲਾ ਧੋਣ ਵਿਚਾਰੇ

ਚਰਖ਼ੇ ਦੀ ਘੂਕ

ਮੇਰੀ ਸਖੀਏ ਨੀ ਡਾ੍ਹਉਣ ਦੇ, ਚਰਖ਼ੇ ਨੂੰ ਕੋਲ ਕੋਲ
ਚਰਖ਼ੇ ਦੀ ਘੂਕ ਆਖੇ, ਬਹਿ ਜਾ ਮਾਹੀ ਸਾਡੇ ਕੋਲ

ਚਰਖਾ ਘੂਕੇ ਮੇਰਾ ਜੀ ਡੋਲੇ, ਨਾਲੇ ਹੌਲੇ ਹੌਲੇ ਬੋਲੇ
ਚੇਤੇ ਕਰ ਕਰ ਮਾਹੀ ਨੂੰ, ਦੁਖ ਸੁਖ ਉਹਦੇ ਨਾਲ ਫੋਲੇ
ਕਿੱਥੇ ਤੇਰਾ ਦਰ ਅੜਿਆ, ਹੁਣ ਕਰ ਨਾ ਟਾਲ ਮਟੋਲ

ਮੈਂ ਕੱਤਾਂ ਤੂੰ ਘੁੰਮ, ਅੜਿਆ ਗਾ ਪਿਆਰ ਦੀ ਧੁੰਨ
ਮਾਹੀ ਦੇ ਪਿਆਰ ਵਿਚ, ਹੋ ਗਈ ਮੈਂ ਗੁੰਮ ਸੁੰਮ
ਗੀਤ ਹਿਜਰ ਦੇ ਗਾ ਗਾ, ਕਰ ਉਹਦੀ ਪੜਚੋਲ

ਵੱਟਾਂ ਪੂਣੀਆ ਕੱਤਾਂ ਪੂਣੀਆਂ, ਨਜ਼ਰਾਂ ਤੇਰੇ ਵਿਚ
ਚਰਖਾ ਤੂੰ ਹੀ ਤੂੰ ਬੋਲੇ, ਤੂੰ ਪਾਈ ਪਿਆਰ ਦੀ ਖਿੱਚ
ਬਣ ਵਚੋਲਣ ਸਖੀਏ ਨੀ, ਅੱਜ ਲੈ ਚਲ ਮਾਹੀ ਕੋਲ

ਸਖੀਆਂ ਗੀਤ ਖੁਸ਼ੀ ਦੇ ਗਾਵਣ, ਮੈਨੂੰ ਯਾਦ ਆਵੇ ਤੇਰੀ
ਮਿੰਨਤਾਂ ਕਰਦੀ ਚਰਖ਼ੇ ਦੀਆਂ, ਮਾਹੀ ਕਦ ਸੁਣੇਂਗਾ ਮੇਰੀ
ਪਲ ਆਵੇ ਕਿ ਨਾ ਆਵੇ, ਮਾਹੀ ਦਿਲ ਦਾ ਪੜਦਾ ਖੋਲ੍ਹ

ਚਰਖਾ ਘੁੰਮੇਂ ਨਾਲੇ ਘੂਕਾਂ ਪਾਵੇ, ਗੀਤ ਪਿਆਰ ਦੇ ਗਾਵੇ
ਚਰਖੇ ਦੀਆਂ ਘੂਕਾਂ ਸੁਣ ਸੁਣ, ਮੈਨੂੰ ਯਾਦ ਮਾਹੀ ਦੀ ਆਵੇ
ਆਖਾਂ ਆਪਣੇ ਗੀਤਾਂ ਵਿਚ, ਮਾਹੀ ਬਹਿ ਜਾ ਚਰਖੇ ਕੋਲ

ਮੇਰੀਆਂ ਸਖੀਆਂ ਚਰਖ਼ੇ ਕੱਤਣ, ਮੇਰਾ ਦਿਲ ਘਬਰਾਵੇ
ਮਾਹੀ ਮਾਹੀ ਮਨ ਆਖੇ, ਮੈਨੂੰ ਕੁਝ ਨਾ ਹੋਰ ਸਖਾਵੇ
ਚਰਖ਼ੇ ਦੀ ਘੂਕ ਸੁਣਾਵੇ, ਮਾਹੀ ਵਸਦਾ ਪਲਕਾਂ ਕੋਲ

ਕਾਗਜ਼ ਤੇ ਲੀਕਾਂ ਮਾਰ

ਹੋ ਕੇ ਦੀਵਾਨੀ, ਮੈਂ ਪਿਆਰ ਮਾਹੀ ਨਾਲ ਪਾਉਣਾ ਏ
ਮਾਰ ਕਾਗਜ਼ਾਂ ਤੇ ਲੀਕਾਂ, ਰੁੱਸੇ ਯਾਰ ਨੂੰ ਮਨਾਉਣਾ ਏ

ਸਾਡੇ ਦਿਲ ਦੀ ਸੁਣ ਲੈ ਸੱਜਣਾ, ਸਾਡੇ ਤੇਰੇ ਨਾਲ ਯਾਰਾਨੇ
ਦਿਲ ਦਾ ਚੈਨ ਗੁਆ ਬੈਠੀ, ਚਿੱਠੀਆਂ ਲਿਖ ਕਰਾਂ ਬਹਾਨੇ
ਨੈਣਾਂ ਨਾਲ ਨੈਣ ਮਿਲਾ ਸਾਡੇ, ਐਵੇਂ ਕਿਉਂ ਤੜਫਾਉਂਦਾ ਏ

ਕਵਿਤਾ ਚ ਲਿਖ ਕੇ ਦੱਸਾਂ, ਮੈਂ ਅਪਣੇ ਦਿਲ ਦਾ ਹਾਲ
ਚਿੱਠੀਆਂ ਲਿਖ ਲਿਖ ਦਿਲ ਪਰਚਾਵਾਂ, ਹੋਈ ਹਾਲ ਬੇਹਾਲ
ਅੱਜ ਕੋਠੇ ਤੇ ਕੁਰਲਾ ਕਾਵਾਂ, ਮੇਰੇ ਸੱਜਣਾ ਨੇ ਆਉਣਾ ਏ

ਗਲ ਪਾਵਾਂ ਲਿਖ ਕਬੂਤਰ ਦੇ, ਅਪਣੇ ਦਿਲ ਦੀਆਂ ਸਧਰਾਂ
ਮੇਰੇ ਮਾਹੀ ਨੂੰ ਪਹੁੰਚਾ ਦੇ ਵੇ, ਸਾਡੇ ਦਿਲ ਦੀਆਂ ਖਬਰਾਂ
ਰਾਹ ਤੱਕ ਅੱਖੀਆਂ ਪੱਕੀਆਂ, ਹੁਣ ਚਿਰ ਨਹੀਂ ਲਾਉਣਾ ਏ

ਚਿੱਠੀਆਂ ਲਿਖ ਕੇ ਕਰਾਂ ਜੋਦੜੀ, ਲਿਖਾਂ ਡਰਦੀ ਡਰਦੀ
ਆ ਕੇ ਦਰਦ ਵੰਡਾ ਅੜਿਆ, ਕਿਉਂ ਹੋਇਓਂ ਬੇਦਰਦੀ
ਤੇਰੇ ਸਾਹਮਣੇ ਬੈਠ ਕੇ ਰੋਣਾ ਏ, ਦੁਖ ਨਹੀਂ ਸੁਣਾਉਣਾ ਏ

ਤੂੰ ਹੀ ਮੇਰਾ ਰਾਂਝਣ ਮਾਹੀ, ਚੰਨਾਂ ਤੂੰ ਹੀ ਮੇਰਾ ਰੱਬ
ਹਾਜੀ ਤੈਨੂੰ ਲੱਭਣ ਮਦੀਨੇ, ਮੇਰੀ ਤੇਰੇ ਦਰ ਤੇ ਹੱਜ
ਕੋਈ ਨਹੀਂ ਬੈਂਸ ਨਿਮਾਣੇ ਦਾ, ਤੂੰ ਪਾਰ ਲੰਘਾਉਣਾ ਏ

ਅਖੀਆਂ ਚੋਂ ਹੰਝੂ ਡਿਗਦੇ ਨੇਂ, ਯਾਦ ਕਰਾਂ ਜਦੋਂ ਯਾਰ ਨੂੰ
ਸੁਫਨੇ ਚ ਆ ਕੇ ਮਿਲ ਅੜਿਆ, ਸੀਨੇ ਲਾ ਦਿਲਦਾਰ ਨੂੰ
ਐਵੇਂ ਨਾ ਜੁਆਨੀ ਰੋਲ ਦੇਵੀਂ, ਵੇਲਾ ਮੁੜ ਨਹੀਂ ਅਉਣਾ ਏ

ਈਦ ਦੇ ਦਿਨ ਸਭ ਮਿਲਣਗੇ, ਅਪਣੇ ਅਪਣੇ ਯਾਰ ਨੂੰ
ਆ ਸਾਹਮਣੇ ਅੱਜ ਮੁਹੰਮਦ, ਨਿਭਾ ਦੇ ਕੌਲ ਕਰਾਰ ਨੂੰ
ਮਾਹੀ, ਈਦ ਵਾਲੇ ਦਿਨ, ਤੇਰੇ ਗਲ ਲੱਗ ਰੋਣਾ ਏ

ਪੀਆ ਮਿਲਣ ਦੀ ਤਾਂਘ

ਬਹਿ ਕੇ ਪਲਕਾਂ ਦੇ ਕੋਲ, ਅੱਖੀਆਂ ਨੂੰ ਸਹਾਰਾ ਦਿੰਦਾ ਰਹਿ
ਤੱਕ ਤੱਕ ਜੀ ਬੇਹਾਲ ਕਰੇ, ਇਸ਼ਕੇ ਦਾ ਨਜ਼ਾਰਾ ਦਿੰਦਾ ਰਹਿ

ਜੇ ਬੋਲਣ ਨੂੰ ਤੇਰਾ ਚਿੱਤ ਨਹੀਂ ਕਰਦਾ, ਨਾ ਬੋਲ ਪਰ ਬੈਠਾ ਰਹਿ
ਮੈਨੂੰ ਅੱਖੀਆਂ ਭਰ ਭਰ ਵੇਖਣ ਦੇ, ਨਾ ਕੁਝ ਸੁਣ ਨਾ ਕੁਝ ਕਹਿ
ਨੈਣ ਮਿਲਾ ਕੇ ਨੈਣ ਝੁਕਾ ਕੇ, ਦਰਦ ਹਿਜਰ ਦਾ ਦਿੰਦਾ ਰਹਿ

ਸਾਰੇ ਜੱਗ ਦਾ ਨਾਤਾ ਤੋੜ, ਅਸਾਂ ਪ੍ਰੀਤ ਤੇਰੇ ਨਾਲ ਪਾ ਲਈ
ਪ੍ਰੀਤ ਜਗਾ ਕੇ ਨੈਣ ਮਿਲਾ ਕੇ, ਮੈਨੂੰ ਭਾ ਹਿਜਰ ਦੀ ਖਾ ਗਈ
ਅੱਗ ਲਾ ਕੇ ਭਾਂਬੜ ਬਣਾ ਦਿੱਤੇ, ਆਪੇ ਹੁਣ ਬੁਝਾਉਂਦਾ ਰਹਿ

ਨਾ ਲਾਵੇਂ ਨਾ ਬੁਝਣ ਦੇਵੇਂ, ਇੰਵ ਲਾ ਕੇ ਸੁਲ੍ਹਗਦੀ ਰੱਖਦਾ ਏਂ
ਕਿਵੇਂ ਲੱਗਦੀ ਕਿਵੇਂ ਬੁਝਦੀ ਏ, ਇਹ ਭੇਦ ਨਾ ਮੈਨੂੰ ਦੱਸਦਾ ਏਂ
ਮੇਰਾ ਸੀਨਾਂ ਧੰਦੂਧਾਰ ਹੋਇਆ, ਤੂੰ ਮਜ਼ਾ ਧੁਖਾ ਕੇ ਲੈਂਦਾ ਰਹਿ

ਧੁਖਣਾ ਜਿਗਰ ਦਾ ਚਿੰਨ੍ਹ ਹਿਜਰ ਦਾ, ਧੁਖ ਕੇ ਹੀ ਅੱਗ ਬਲਦੀ ਏ
ਦਿਲ ਮਾਹੀ ਮਾਹੀ ਕਰਦਾ ਏ, ਜਦੋਂ ਅੱਗ ਪਿਆਰ ਦੀ ਜਲਦੀ ਏ
ਤਾ ਲਾ ਕੇ ਪਿਆਰ ਮਚਾ ਕੇ, ਤੂੰ ਮਜ਼ਾ ਮਚਣ ਦਾ ਲੈਂਦਾ ਰਹਿ

ਮੇਰੇ ਸੀਨੇ ਵਿਚ ਸੀਖ ਬਾਲ ਕੇ, ਤੂੰ ਵਿਚੇ ਛੁਪ ਛੁਪ ਬਹਿੰਦਾ ਏਂ
ਮੇਰਾ ਚਿੱਤ ਬੇਚੈਨ ਹੋਇਆ, ਤੂੰ ਨਾ ਸੁਣਦਾ ਨਾ ਕੁਝ ਕਹਿੰਦਾ ਏਂ
ਮਚ ਕੇ ਸੀਨਾਂ ਰਾਖ਼ ਹੋਵੇ, ਇੰਵ ਤੇਲ ਪਿਆਰ ਦਾ ਪਾਉਂਦਾ ਰਹਿ

ਨਾ ਸਾਥੋਂ ਨੈਣ ਚੁਰਾ ਅੜਿਆ, ਹੁਣ ਤੇਰੇ ਬਾਝੋਂ ਜੀ ਨਹੀਂ ਲਗਦਾ
ਹੁਣ ਚੋਰੀ ਮੋਰੀ ਮੁੱਕ ਗਈ ਏ, ਪਿਆਰ ਤੇਰੇ ਚ ਕਰਦੀ ਸਜਦਾ
ਨੈਣਾਂ ਨਾਲ ਨੈਣ ਮਿਲਾ ਕੇ, ਕੁਝ ਸੁਣਦਾ ਰਹਿ ਕੁਝ ਕਹਿੰਦਾ ਰਹਿ

ਮੈਂ ਮਿੰਨਤਾਂ ਕਰਾਂ ਮਲਾਹ ਦੀਆਂ, ਮੈਨੂੰ ਬੇੜੀ ਵਿਚ ਚੜ੍ਹਾ ਅੜਿਆ
ਮੇਰਾ ਵਿਛੜਿਆ ਯਾਰ ਮਿਲਾ ਦੇ, ਡੁਬਦੀ ਨੂੰ ਪਾਰ ਲੰਘਾ ਅੜਿਆ
ਦਰਦ ਹਿਜਰ ਦਾ ਘੁਣ ਵਾਂਗ ਖਾਵੇ, ਬੈਂਸ ਤਸੀਹੇ ਸਹਿੰਦਾ ਰਹਿ

ਹਾਣ ਪਰਵਾਣ

ਯਾਰ ਮੇਰਾ ਤੂੰ ਪਿਆਰ ਮੇਰਾ, ਤੂੰ ਮੇਰਾ ਹਾਣ ਪਰਵਾਣ
ਮੈਂ ਵਿਕ ਗਈ ਤੇਰੇ ਨੈਣਾਂ ਤੇ, ਭਾਵੇਂ ਤੂੰ ਜਾਣ ਨਾ ਜਾਣ

ਹੁਸਨ ਤੇਰੇ ਦੀ ਖੈਰ ਮਨਾਵਾਂ, ਤੇਰੀ ਆਈ ਮੈਂ ਮਰ ਜਾਵਾਂ
ਦਰ ਦਰ ਤੈਨੂੰ ਫਿਰਾਂ ਭਾਲਦੀ, ਤੂੰ ਆਵੇਂ ਦਿਲ ਚੀਰ ਵਖਾਵਾਂ
ਤੇਰੇ ਹਿਜਰ ਚ ਬਣੀ ਭਿਖਾਰੀ, ਮਾਹੀ ਕਰ ਸਾਨੂੰ ਪਰਵਾਣ

ਡਿਗ ਡਿਗ ਅੱਥਰੂ ਅੱਖੀਆਂ ਚੋਂ, ਲੜ ਚੁਨਰੀ ਦੇ ਭਿਜ ਗਏ
ਨੈਣ ਨੈਣਾਂ ਨੂੰ ਲੋਚਣ ਪਏ, ਹੰਝੂ ਡਿਗ ਡਿਗ ਲੜ ਸਿਜ ਗਏ
ਮੇਰਾ ਜੀ ਨਿਕਲਦਾ ਜਾਂਦਾ ਏ, ਜਿਵੇਂ ਤੀਰ ਨੂੰ ਛੱਡੇ ਕਮਾਣ

ਤੂੰ ਏਂ ਮੇਰਾ ਬਿਰਦ ਸੁਹਣਿਆਂ, ਮੇਰੀ ਤੇਰੇ ਹੱਥ ਚ ਡੋਰ
ਤੂੰ ਬਣਿਆਂ ਮੇਰਾ ਚੰਦਰਮਾਂ, ਮੈਂ ਬਣ ਗਈ ਤੇਰੀ ਚਕੋਰ
ਬਿਨ ਦੇਖੇ ਚੈਨ ਨਹੀਂ ਆਉਂਦੀ, ਮੇਰੇ ਨਿਕਲਦੇ ਜਾਣ ਪ੍ਰਾਣ

ਤੂੰ ਏਂ ਮੇਰਾ ਰਾਂਝਣ ਮਾਹੀ, ਸੁਹਣਿਆਂ ਤੂੰ ਹੀ ਮੇਰਾ ਰੱਬ
ਲੋਕਾਂ ਦਾ ਕਿਬਲਾ ਕਾਬੇ ਵੱਲ, ਮੇਰੀ ਤੇਰੇ ਦਰ ਤੇ ਹੱਜ
ਪਿਆਰ ਦੀ ਜੋਤ ਜਗਾ ਅੜਿਆ, ਮਾਰ ਨੈਣਾਂ ਦੇ ਕਾਣ

ਕੱਲ੍ਹ ਲੰਘ ਗਈ ਕੱਲ੍ਹ ਨਾ ਆਵੇ, ਮੈਨੂੰ ਤੇਰੀਆਂ ਲੋੜਾਂ ਅੱਜ
ਕੋਈ ਨਹੀਂ ਬੈਂਸ ਨਿਮਾਣੀ ਦਾ, ਉਹਦੀ ਤੇਰੇ ਹੱਥ ਚ ਲੱਜ
ਰੱਖ ਲੈ ਲਾਜ ਨਿਮਾਣੀ ਦੀ, ਮਾਹੀ ਆ ਬਣ ਕੇ ਮਹਿਮਾਨ

ਮਿੰਨਤਾਂ ਕਰਾਂ ਵਾਸਤੇ ਪਾਵਾਂ, ਕਦ ਹੋਸੀ ਦਿਦਾਰ ਵੇ ਅੜਿਆ
ਵੇਖੀਂ ਕਿਧਰੇ ਭੁੱਲ ਜਾਵੇਂ, ਕਰਕੇ ਕੌਲ ਕਰਾਰ ਵੇ ਅੜਿਆ
ਐਵੇਂ ਲਾ ਕੇ ਨਹੀਂ ਭੁੱਲ ਜਾਈਦਾ, ਬਣ ਕੇ ਮਾਹੀ ਨਾਦਾਨ

ਅਸਾਂ ਤੇਰੀ ਯਾਦ ਸਤੌਂਦੀ ਏ, ਮਨ ਗ਼ਮ ਵਿਚ ਗੋਤੇ ਖਾਂਦਾ ਏ
ਮਿੱਠਾ ਮਿੱਠਾ ਜਿਹਾ ਦਰਦ ਹੋਵੇ, ਦਿਲ ਧੜਕਣੋ ਰੁਕ ਜਾਂਦਾ ਏ
ਨਬਜ਼ ਨਾ ਐਵੇਂ ਰੋਕ ਦਵੀਂ, ਬੈਂਸ ਦੇ ਨਿਕਲ ਜਾਣਗੇ ਪਰਾਣ

ਤੈਨੂੰ ਤੱਕਦੀ ਮੁਨਾਰੇ ਚੜ੍ਹ ਕੇ, ਜੇ ਆਵੇਂ ਸ਼ੁਤਰ ਤੇ ਚੜ੍ਹ ਕੇ
ਨਜ਼ਰ ਚੁਰਾ ਕੇ ਤੱਕਦੀ ਰਵ੍ਹਾਂ, ਕੋਈ ਵੇਖੇ ਨਾ ਦਿਲ ਧੜਕੇ
ਸੌਂਹ ਤੇਰੀ ਸੁਹਣਿਆਂ ਮੈਂ ਤੇਰੀ, ਤੂੰ ਮੇਰਾ ਹਾਣ ਪਰਵਾਣ

ਅੱਖ ਦਾ ਇਸ਼ਕ

ਅੱਖੀਆਂ ਨੇ ਰੋਣਾ ਸਿੱਖ ਲਿਆ, ਇਹ ਜਦੋਂ ਕਿਸੇ ਦੀਆਂ ਬਣੀਆਂ
ਹੁਣ ਇਹ ਰੋਣ ਨਹੀਂ ਮੁੱਕਣਾ, ਭਾਵੇਂ ਬੱਝਣ ਕੱਫਣ ਦੀਆਂ ਤਣੀਆਂ

ਜਦੋਂ ਰੋਈ ਸੀ ਅੱਖ ਰਾਂਝੇ ਦੀ, ਉਹਨੇ ਕੰਨੀ ਮੁੰਦਰਾਂ ਪਾ ਲਈਆਂ
ਅਸਾਂ ਪਾਉਣਾ ਸੁਹਣੇ ਮਾਹੀ ਨੂੰ, ਉਹਨੇ ਅਪਣੇ ਜੀ ਚ ਧਾ ਲਈਆਂ
ਘਰ ਦਰ ਉਹਨੇ ਖੋ ਛੱਡਿਆ, ਪਿੱਛੇ ਛੱਡ ਆਇਆ ਦੋ ਖਣੀਆਂ

ਲੜ ਕੇ ਸੁਹਣੇ ਸੱਜਣਾ ਨਾਲ, ਹੁਣ ਸਾਡੀ ਅੱਖ ਵੀ ਰੋਂਦੀ ਏ
ਹੋਰ ਕਿਤੇ ਵਾਹ ਚੱਲਦਾ ਨਹੀਂ, ਰੋ ਧੋਣੇ ਪਿਆਰ ਦੇ ਧੋਂਦੀ ਏ
ਰੋ ਕੇ ਯਾਰ ਮਨਾਉਣਾ ਏਂ,ਹੁਣ ਅੱਖੀਆਂ ਮਾਹੀ ਦੀਆਂ ਬਣੀਆਂ

ਅੜੀਓ ਅੱਖ ਰੋਂਦੀ ਏ ਦੁਖ ਚ, ਇਹ ਕਦੀ ਨਾ ਰੋਵੇ ਸੁਖ ਚ
ਕਦੀ ਰੱਜ ਰੱਜ ਅੱਥਰੂ ਵਗਦੇ ਨੇ, ਪਰ ਕਦੀ ਰੋਂਦੀ ਏ ਚੁੱਪ ਚ
ਸੁਖ ਕਦੀ ਸਾਥ ਨਹੀਂ ਦਿੰਦੇ, ਦੁਖ ਸਾਥ ਨਿਭਾਉਣ ਨੂੰ ਬਣੀਆਂ

ਮੇਰਾ ਯਾਰ ਮਦੀਨੇ ਵਸਦਾ ਏ, ਮੇਰਾ ਹਾਲ ਵੇਖ ਕੇ ਹਸਦਾ ਏ
ਮੇਰਾ ਚਿੱਤ ਅੱਖ ਦੇ ਵਸ ਹੋ ਕੇ, ਮਾਹੀ ਦੇ ਪਿਆਰ ਚ ਨੱਚਦਾ ਏ
ਮਨਾਂ, ਨੱਚ ਮਾਹੀ ਦੇ ਪਿਆਰ ਵਿਚ, ਨੱਚ ਨੱਚ ਮਚਾ ਦੇ ਰਣੀਆਂ

ਮਿੰਨਤਾਂ ਕਰਾਂ ਵਾਸਤੇ ਪਾਵਾਂ, ਅੱਖ ਦਾ ਇਸ਼ਕ ਨਾ ਕਰਿਓ ਕੋਈ
ਦਰਦ ਜਿਗਰ ਦਾ ਦਿਲ ਨੂੰ ਖਾਂਦਾ, ਮੈਂ ਜਦੋਂ ਸੱਜਣ ਦੀ ਹੋਈ
ਰੋ ਰੋ ਕੇ ਵਾਸਤੇ ਪਾਵਾਂ ਮੈਂ, ਇਹ ਸਧਰਾਂ ਇਸ਼ਕ ਨਾਲ ਛਣੀਆਂ

ਕਰਮ ਧਰਮ ਦਾ ਮਾਣ ਨਾ ਕਰਨਾਂ, ਜਾਣ ਸਮੇਂ ਨਾਲ ਨਾ ਜਾਵੇ
ਲੋਕ ਛੱਡ ਪਰਲੋਕ ਨਿਭਾਵੇ, ਸੱਖਣੇ ਪਿਆਰ ਦੀ ਰੀਸ ਨਾ ਪਾਵੇ
ਜਦੋਂ ਵ੍ਰਰਦਾ ਹੜ ਲਿਆ ਦੇਵੇ, ਮੁੜ ਮੁੜ ਡਿਗਣ ਨਾ ਕਣੀਆਂ

ਅੱਖ ਦਾ ਇਸ਼ਕ ਨਹੀਂ ਸੌਣ ਦਿੰਦਾ, ਸਾਰੀ ਰਾਤ ਜਗਾਈ ਰੱਖਦਾ ਏ
ਜਾਗ ਜਾਗ ਕੇ ਰਾਤਾਂ ਲੰਘਦੀਆਂ, ਨਾ ਸੁਣਦਾ ਨਾ ਕੁਝ ਦੱਸਦਾ ਏ
ਕਜਲਾ ਪਾਉਣਾ ਭੁੱਲ ਗਿਆ, ਜਦੋਂ ਅੱਖੀਆਂ ਮਾਹੀ ਦੀਆਂ ਬਣੀਆਂ

ਦਿਲ ਦੀ ਮਰਜ਼

ਹੋਵੇ ਦਿਲ ਦੀ ਬਿਮਾਰੀ, ਜਦੋਂ ਦਿਲ ਬੇਤਾਬ ਹੁੰਦਾ ਏ
ਵੈਦ ਮਰਜ਼ ਨਾ ਜਾਣੇ, ਪ੍ਰੇਮ ਇਹਦਾ ਇਲਾਜ ਹੁੰਦਾ ਏ

ਕੋਈ ਕਿਸੇ ਨੂੰ ਜਰਦੀ ਨਹੀਂ, ਕੋਈ ਕਿਸੇ ਲਈ ਮਰਦੀ ਨਹੀਂ
ਬਾਹਰੋਂ ਹੋਰ ਅੰਦਰੋਂ ਹੋਰ ਹੋਣ, ਕੋਈ ਇੱਥੇ ਹਮਦਰਦੀ ਨਹੀਂ
ਜੱਗ ਮਾਰਦਾ ਏ ਤ੍ਹਾਨੇ, ਸੁਣ ਸੁਣ ਜੀਅੜਾ ਖਰਾਬ ਹੁੰਦਾ ਏ

ਮੈਂ ਮਿੰਨਤਾਂ ਕਰਦੀ ਤੇਰੀਆਂ, ਸੱਜਣਾ ਅਰਜ਼ਾਂ ਸੁਣ ਲੈ ਮੇਰੀਆਂ
ਜਨਮ ਜਨਮ ਦਾ ਨਾਤਾ ਸਾਡਾ, ਅਸਾਂ ਆਸਾਂ ਰੱਖੀਆਂ ਤੇਰੀਆਂ
ਪਿਛਲੇ ਜਨਮ ਦੀ ਖੱਟੀ ਦਾ, ਮਾਹੀ ਰੱਖਦਾ ਹਿਸਾਬ ਹੁੰਦਾ ਏ

ਪਿਆਰ ਮੁਹੱਬਤ ਦਿਲ ਤੋਂ ਹੋਵੇ, ਰਾਹ ਦਿਲਾਂ ਦਾ ਰਾਹੀ ਹੋਵੇ
ਰੁੱਸਿਆ ਯਾਰ ਨਹੀਂ ਮੰਨਦਾ, ਜੇ ਪ੍ਰੀਤ ਨਾ ਪਾਈ ਦੁਹਾਈ ਹੋਵੇ
ਖਿੱਚ ਪ੍ਰੇਮ ਦੀ ਟਿਕਣ ਨਾ ਦੇਵੇ, ਮਾਹੀ ਬਾਝੋਂ ਜੀ ਬੇਤਾਬ ਹੁੰਦਾ ਏ

ਮੈਂ ਸੋਹਣੀ ਤੂੰ ਮੇਰਾ ਮਾਹੀ, ਤੇਰੇ ਜਿਹਾ ਕੋਈ ਜੱਗ ਵਿਚ ਨਾਹੀਂ
ਕੋਈ ਨਾ ਮੇਰਾ ਤੇਰੇ ਬਾਝੋਂ, ਪਾ ਕੇ ਵੇਖ ਲਈ ਜੱਗ ਚ ਦੁਹਾਈ
ਰਾਤੀਂ ਜਾਣਾ ਰਾਤੀਂ ਆਉਣਾ, ਰਾਹ ਘੜੇ ਨੂੰ ਭੀ ਯਾਦ ਹੁੰਦਾ ਏ

ਗਾਈਦਾ ਨਹੀਂ ਲੋਕਾਂ ਚਾਰੀ, ਹੋ ਜਾਏ ਮਾਹੀ ਨਾਲ ਪਿਆਰ
ਜਿਹਦਾ ਹੋ ਜਾਏ ਮਾਹੀ ਵੱਲ, ਉਹਦਾ ਹੋ ਜਾਏ ਬੇੜਾ ਪਾਰ
ਪਿਆਰ ਆਦ ਪਿਆਰ ਅੰਤ, ਯਾਰ ਮਾਹੀ ਦਾ ਪਿਆਰ ਹੁੰਦਾ ਏ

ਨਾ ਸਾਥੋਂ ਨੈਣ ਚੁਰਾ ਅੜਿਆ, ਤੇਰੇ ਦਰ ਦੇ ਅਸਾਂ ਭਿਖਾਰੀ
ਨੈਣ ਮਿਲਾ ਕੇ ਨਜ਼ਰ ਚੁਰਾ ਕੇ, ਦੇ ਗਿਆ ਹਿਜਰ ਬਿਮਾਰੀ
ਜੀ ਨਹੀਂ ਲਗਦਾ ਕੱਲੀ ਦਾ, ਤੇਰੇ ਬਾਝੋਂ ਜੀ ਖਰਾਬ ਹੁੰਦਾ ਏ

ਪਿਆਰ ਦੀ ਸੌਂਹ

ਮਾਹੀ ਰੀਝਾਂ ਨਾਲ ਅਸਾਂ, ਅੱਖਾਂ ਤੇਰੇ ਨਾਲ ਲਾਈਆਂ
ਤੈਨੂੰ ਮੇਰੀ ਸੌਂਹ ਲੱਗੇ, ਮਾਹੀ ਦਵੀਂ ਨਾ ਜੁਦਾਈਆਂ

ਛੱਡ ਕੇ ਨਾਤਾ ਦੁਨੀਆਂ ਦਾ, ਅਸਾਂ ਅੱਖ ਤੇਰੇ ਨਾਲ ਲਾਈ
ਮੇਰਾ ਮਾਹੀ ਇੰਨਾਂ ਸੁਹਣਾ, ਉਹਨੇ ਕੱਜਲੇ ਦੀ ਕਾਲਖ ਲਾਈ
ਯਾਰ ਮੇਰੇ ਨੂੰ ਨਜ਼ਰ ਨਾ ਲੱਗੇ, ਰੱਬ ਕੋਲੋਂ ਮੰਗਾਂ ਦੁਆਈਆਂ

ਜੇ ਕੋਈ ਚੰਨ ਦੀ ਖ਼ਬਰ ਸੁਣਾਵੇ, ਮੈਂ ਝੁਕ ਝੁਕ ਕਰਾਂ ਸਲਾਮਾਂ
ਲੀਕਾਂ ਲਾ ਲਾ ਹਾਲ ਸੁਣਾਵਾਂ, ਪਿਆਰ ਵਿਚ ਲਿਖਾਂ ਕਲਾਮਾਂ
ਮੈਂ ਖ਼ੈਰ ਮਨਾਵਾਂ ਢੋਲਣ ਦੀ, ਮੇਰੀ ਕਵਿਤਾ ਦਵੇ ਗਵਾਹੀਆਂ

ਪਤਾ ਸਤਾ ਜੇ ਕੋਈ ਦੱਸੇ, ਤੈਨੂੰ ਪਿਆਰ ਦਾ ਘੱਲਾਂ ਸਨੇਹਾ
ਤੂੰ ਹੀ ਮੇਰਾ ਰੱਬ ਵੇ ਅੜਿਆ, ਕੋਈ ਹੋਰ ਨਾ ਤੇਰੇ ਜਿਹਾ
ਕੋਠੇ ਚੜ੍ਹ ਕੇ ਕਾਗ ਉੜਾਵਾਂ, ਮੈਂ ਤੋਈਆਂ ਛੋਈਆਂ ਪਾਈਆਂ

ਮੇਰੇ ਮਨ ਵਿਚ ਸੱਜਣਾ ਵੇ, ਪ੍ਰੀਤ ਪੀਆ ਮਿਲਣ ਦੀ ਜਾਗੀ
ਮੈਂ ਚੂਲੀਆਂ ਛੱਡਾਂ ਪ੍ਰੇਮ ਦੀਆਂ, ਜੇ ਆਣ ਮਿਲੇ ਵਡਭਾਗੀ
ਵਾਰਾਂ ਸਧਰਾਂ ਪਿਆਰ ਦੀਆਂ, ਮੈਂ ਦਿਲ ਚ ਰੱਖ ਛੁਪਾਈਆਂ

ਸਾਨੂੰ ਦੁਨੀਆਂ ਭੁੱਲ ਗਈ, ਜਦੋਂ ਚਿਣਗ ਪ੍ਰੀਤ ਦੀ ਜਾਗੀ
ਨਾ ਯਾਰ ਮਿਲੇ ਨਾ ਨੇਹ ਛੱਡੇ, ਹੋ ਗਈ ਦਿਲ ਦੀ ਬਰਬਾਦੀ
ਰੱਖ ਲੈ ਲਾਜ ਨਿਮਾਣੀ ਦੀ, ਮਾਹੀ ਲਾ ਕੇ ਅਸਾਂ ਨਿਭਾਈਆਂ

ਸੂਰਤ ਉਹਦੀ ਮਨ ਚ ਵਸਦੀ, ਪਰ ਯਾਰ ਨਾ ਨੈਣ ਮਿਲਾਵੇ
ਰਾਤਾਂ ਨੂੰ ਟਿਕਣ ਨਹੀਂ ਦਿੰਦਾ, ਮੈਨੂੰ ਸੁੱਤੀ ਨੂੰ ਆਣ ਜਗਾਵੇ
ਆ ਮਿਲ ਮੇਰੇ ਢੋਲਾ ਵੇ, ਹੁਣ ਝੱਲੀਆਂ ਨਾ ਜਾਣ ਜੁਦਾਈਆਂ

ਜਦੋਂ ਯਾਦ ਸੱਜਣ ਤੇਰੀ ਆਵੇ, ਨੈਣਾਂ ਨੂੰ ਚੜ੍ਹ ਆਵੇ ਸਰੂਰ
ਗੁੰਮ ਸੁੰਮ ਹੋ ਕੇ ਰਹਿ ਜਾਵਾਂ, ਮਾਹੀ ਵਸਦਾ ਪਲਕੋਂ ਦੂਰ
ਆ ਮੇਰੇ ਮਿੱਤਰ ਪਿਆਰੇ, ਕਿਉਂ ਅੱਖੀਆਂ ਤਰਸਾਈਆਂ

ਰੁੱਸ ਜਾਵੇ ਮਾਹੀ

ਫਬਦਾ ਨਹੀਂ ਰੋਣਾ ਧੋਣਾ, ਪਾ ਕੇ ਪਿਆਰ ਵੇ
ਰੁੱਸ ਗਿਆ ਮਾਹੀ, ਮੁੜ ਹੋਵੇਂਗੀ ਖੁਆਰ ਵੇ

ਜਿਹਨੇ ਪਾ ਲਿਆ ਪਿਆਰ, ਉਹਨੂੰ ਭੁੱਲੇ ਘਰ ਬਾਰ
ਉਹਦੇ ਚਿੱਤ ਵਿਚ ਵਸੇ, ਬਣੇ ਜਿਹੜਾ ਉਹਦਾ ਯਾਰ
ਦਿਲ ਖੁੱਸ ਖੁੱਸ ਜਾਵੇ, ਹੋ ਜਾਏ ਮਾਹੀ ਦੀ ਬਿਮਾਰ ਵੇ

ਪਿਆਰ ਪਾਉਣਾ ਬੜਾ ਸੌਖਾ, ਨਿਭਾਉਣਾ ਔਖਾ ਏ
ਲਹੂ ਚੂਸੇ ਬਿਨਾ ਜ਼ਖਮ, ਇਹਦਾ ਦਰਦ ਅਨੋਖਾ ਏ
ਬੈਂਸ, ਢਿੱਲਾ ਜਿਹਾ ਤੀਰ, ਲੰਘੇ ਨਾ ਜਿਗਰ ਪਾਰ ਵੇ

ਇਸ਼ਕ ਦਿਲ ਦੀ ਬਿਮਾਰੀ, ਛੁਪ ਛੁਪ ਰੋਵੇ ਕਰਮਾਂ ਮਾਰੀ
ਇਹਦਾ ਹੋਵੇ ਨਾ ਇਲਾਜ, ਸਦਾ ਕਰਦੀ ਰਹੇ ਖੁਆਰੀ
ਘੁਣ ਵਾਂਗ ਜਿਗਰ ਨੂੰ ਖਾਵੇ, ਕਰੇ ਜ਼ਰਾ ਨਾ ਇਜ਼ਹਾਰ ਵੇ

ਪਿਆਰ ਮਾਹੀ ਨਾਲ ਪਾ ਕੇ, ਤੱਤੀ ਨੇ ਯਾਰ ਬਣਾਇਆ
ਉਹਦਾ ਰੁੱਸ ਗਿਆ ਮਾਹੀ, ਉਹਨੂੰ ਪੱਤਣੀ ਰੁਲਾਇਆ
ਨੱਚ ਨੱਚ ਯਾਰ ਮਨਾ ਅੜੀਏ, ਹੋਸੀ ਸੀਨਾਂ ਠੰਢਾ ਠਾਰ ਵੇ

ਹੁਣ ਲਗਦਾ ਨਾ ਚਿੱਤ, ਪਿਆਰ ਮਾਹੀ ਨਾਲ ਪਾ ਕੇ
ਆਵੇ ਦਿਲ ਨੂੰ ਤਸੱਲੀ, ਸੁਹਣੇ ਯਾਰ ਨੂੰ ਮਨਾ ਕੇ
ਬੈਂਸ, ਮੰਨ ਜਾਵੇ ਯਾਰ, ਤੇਰਾ ਹੋ ਜਾਊ ਬੇੜਾ ਪਾਰ ਵੇ

ਨੈਣ ਚੁਰਾ ਕੇ

ਨਾ ਸਾਥੋਂ ਨੈਣ ਚੁਰਾ ਅੜੀਏ, ਖੁਦ ਵੇਖ ਲੈ ਹਾਲ ਦੀਵਾਨੇ ਦਾ
ਛੁਪ ਛੁਪ ਕੇ ਤੀਰ ਚਲਾਓਗੇ, ਨਹੀਂ ਮਿਟਣਾ ਦਾਗ ਨਿਸ਼ਾਨੇ ਦਾ

ਘਾਯਲ ਤੇ ਤੂੰ ਕਰ ਦਿੱਤਾ, ਕਿਵੇਂ ਵੇਖੇਂਗੀ ਤੜਫਦਾ ਯਾਰ ਨੀ
ਪ੍ਰੇਮ ਤੀਰ ਜਿਹੜਾ ਖਾ ਗਿਆ, ਤੜਫੇਗਾ ਬਿਨਾਂ ਤਕਰਾਰ ਨੀ
ਤੇਰੇ ਸੀਨੇ ਦਰਦ ਕਿਵੇਂ ਹੋਵੇ, ਜਦੋਂ ਧੜਕੇ ਦਿਲ ਬੇਗਾਨੇ ਦਾ

ਕਿਸੇ ਮਜ਼ਾ ਆਵੇ ਯਾਰਾਨੇ ਚੋਂ, ਕਿਸੇ ਮਜ਼ਾ ਆਵੇ ਖਸਮਾਨੇ ਚੋਂ
ਢਿੱਲਾ ਜਿਹਾ ਤੀਰ ਜੋ ਛੱਡ ਦਿੰਦੇ, ਕੀ ਲੈਣਾ ਉਨ੍ਹਾਂ ਨਿਸ਼ਾਨੇ ਤੋਂ
ਮਜ਼ਾ ਲੈਂਦੇ ਘਾਯਲ ਕਰਕੇ ਉਹ, ਲਹੂ ਵਗਦਾ ਵੇਖ ਦੀਵਾਨੇ ਦਾ

ਜਦੋਂ ਯਾਰ ਸੁਨੇਹਾ ਘੱਲ ਦੇਵੇ, ਦਿਲ ਰੋਵੇ ਅੱਖ ਨਾ ਰੋ ਸਕਦੀ
ਅੱਥਰੂ ਭਾਵੇਂ ਨਹੀਂ ਵਗਦੇ, ਪਰ ਅੱਖ ਵੱਖ ਨਹੀਂ ਹੋ ਸਕਦੀ
ਸਾਡੇ ਨਾਲ ਨੈਣ ਮਿਲਾ ਸਾਕੀ, ਸਾਨੂੰ ਚਾ ਨਹੀਂ ਪੈਮਾਨੇ ਦਾ

ਜਿਹਦਾ ਦਿਲ ਜ਼ਖਮੀਂ ਹੋ ਜਾਵੇ, ਲਹੂ ਜਿਗਰ ਵਿਚ ਵਗਦਾ ਏ
ਨਾ ਸਾਹ ਆਵੇ ਨਾ ਦਮ ਨਿਕਲੇ, ਮਰਨਾਂ ਨਹੀਂ ਚੰਗਾ ਲਗਦਾ ਏ
ਜਦੋਂ ਨਸ਼ਾ ਇਸ਼ਕ ਦਾ ਚੜ੍ਹ ਜਾਵੇ, ਰਾਹ ਭੁੱਲ ਜਾਵੇ ਮੈਖ਼ਾਨੇ ਦਾ

ਅਪਣਾ ਜਾਣ ਕੇ ਲਾਈ ਏ, ਤੇਰੇ ਕੱਚ ਦੀ ਨਹੀਂ ਪਰਵਾਹ ਸਾਨੂੰ
ਤੂੰ ਯਾਰ ਤੂੰ ਪਿਆਰ ਮੇਰਾ, ਜ਼ਰਾ ਇਸ਼ਕ ਦਾ ਰਾਜ਼ ਸਮਝਾ ਸਾਨੂੰ
ਹੁਸਨ ਵਖਾ ਕੇ ਨੈਣ ਮਿਲਾ ਕੇ, ਦਿਲ ਲੁੱਟ ਲੈ ਯਾਰ ਦੀਵਾਨੇ ਦਾ

ਪਿਆਰ ਵਾਜਾਂ ਮਾਰੇ

ਆ ਜਾ ਮੁਖੜਾ ਵਖਾ ਦੇ, ਮਾਹੀ ਮੇਰੇ ਮੀਤ ਪਿਆਰੇ
ਤੈਨੂੰ ਅੱਖੀਆਂ ਉਡੀਕਦੀਆਂ, ਪਿਆਰ ਵਾਜਾਂ ਮਾਰੇ

ਪਿਆਰ ਤੇਰੇ ਚ ਖੋਈ ਹੋਈ, ਸਈਓ ਖਬਰ ਲਿਆਵੋ ਕੋਈ
ਮਿੰਨਤਾਂ ਕਰਾਂ ਵਾਸਤੇ ਪਾਵਾਂ, ਹੱਥ ਜੋੜ ਕਰਾਂ ਅਰਜੋਈ
ਹੋਰ ਅਸਾਂ ਕੁਝ ਸੁਝਦਾ ਨਹੀਂ, ਜਿਉਂਦੀ ਤੇਰੀ ਪ੍ਰੀਤ ਸਹਾਰੇ

ਤੇਰੀ ਯਾਦ ਬਹੁਤ ਤੜਫਾਵੇ, ਸੁਫਨੇ ਚ ਰਾਤੀਂ ਆਣ ਜਗਾਵੇ
ਅੱਖ ਖੁਲ੍ਹੇ ਸੁਫਨਾ ਮੁੱਕ ਜਾਵੇ, ਮੇਰਾ ਮਾਹੀ ਨਜ਼ਰ ਨਾ ਆਵੇ
ਸੁਫਨੇ ਚ ਤੇਰੀ ਮਿੰਨਤਾਂ ਕਰਦੀ, ਨਾ ਜਾ ਮੇਰੇ ਮੀਤ ਪਿਆਰੇ

ਲੱਗੀ ਇਹੋ ਜਿਹੀ ਲਗਨ, ਹੋ ਗਈ ਪਿਆਰ ਚ ਮਗਨ
ਤੈਨੂੰ ਤ੍ਰਿੰਜਣਾ ਵਿਚ ਗਾਵਾਂ, ਮਨਾਵਾਂ ਪਿਆਰ ਦੇ ਸ਼ਗਨ
ਬਿਰਹੇ ਦੇ ਗੀਤਾਂ ਵਿਚ, ਦਿਲ ਸੁਹਣੇ ਯਾਰ ਨੂੰ ਪੁਕਾਰੇ

ਤੂੰ ਆਵੇਂ ਮੈਂ ਖ਼ੈਰ ਮਨਾਵਾਂ, ਸਜਦੇ ਕਰ ਕਰ ਤੈਨੂੰ ਮਨਾਵਾਂ
ਤੂੰ ਆਖੇਂ ਮੈਂ ਨਾ ਬੋਲਾਂ, ਪਲਕਾਂ ਚੋਂ ਦਿਲ ਦਾ ਹਾਲ ਸੁਣਾਵਾਂ
ਲੱਖ ਲੱਖ ਸ਼ੁਕਰ ਮਨਾਵਾਂ ਸਈਓ, ਆਏ ਮੇਰੇ ਮੀਤ ਪਿਆਰੇ

ਜੀ ਕਰਦਾ ਤੈਨੂੰ ਤੱਕਦੀ ਜਾਵਾਂ, ਤੈਨੂੰ ਅਪਣੇ ਜੀ ਚ ਵਸਾਵਾਂ
ਝੁਕ ਝੁਕ ਨਿੱਤ ਕਰਾਂ ਜੋਦੜੀ, ਤੇਰੀ ਚਰਨ ਧੂੜ ਬਣ ਜਾਵਾਂ
ਬੈਂਸ ਦੇ ਦਿਲ ਚ ਵਸਦਾ ਰਹਿ, ਮੇਰੇ ਮਾਹੀ ਮੀਤ ਪਿਆਰੇ

ਪੈ ਗਏ ਵਿਛੋੜੇ

ਭਿੱਜੇ ਚੁਨਰੀ ਦੇ ਲੜ, ਜਦੋਂ ਮਾਹੀ ਨੇ ਅੱਖਾਂ ਮੋੜੀਆਂ
ਕੋਈ ਦੱਸੇ ਨਾ ਕਸੂਰ, ਆਪੇ ਲਾ ਕੇ ਆਪੇ ਤੋੜੀਆਂ

ਤੈਨੂੰ ਚੇਤੇ ਕਰ ਕਰ ਚੰਨਾਂ, ਸਾਡੀ ਡੁਲ੍ਹਦੀ ਏ ਅੱਖ
ਜਿਹੜੀ ਲੱਖ ਦੀ ਸੀ ਕੱਲ੍ਹ, ਅੱਜ ਹੋ ਗਈ ਏ ਕੱਖ
ਅਸਾਂ ਹੋਏ ਇਕ ਮਿਕ, ਤਾਰਾਂ ਦਿਲਾਂ ਦੀਆਂ ਜੋੜੀਆਂ

ਤੇਰੀ ਯਾਦ ਚ ਮਾਹੀ, ਮੈਨੂੰ ਨੀਂਦ ਨਹੀਂ ਆਉਂਦੀ
ਥੱਕ ਲੱਗ ਜਾਵੇ ਅੱਖ, ਆ ਕੇ ਸੁਫਨੇ ਜਗਾਉਂਦੀ
ਮਾਹੀ ਸੁੱਟ ਗਿਆ ਭੂਹੇ, ਚਾੜ੍ਹ ਇਸ਼ਕ ਦੀ ਪੌਂਡੀਆਂ

ਪਿਆਰ ਸਾਡੇ ਨਾਲ ਪਾ ਕੇ, ਉਹਨੇ ਕੀਤੀ ਏ ਅਖੀਰ
ਆਖੇ ਸੱਦੋ ਮੈਨੂੰ ਰਾਂਝਾ, ਨੀ ਮੈਨੂੰ ਆਖਦਾ ਏ ਹੀਰ
ਆਪੇ ਬਣ ਕੇ ਵਚੋਲਾ, ਮਾਹੀ ਨੇ ਮਿਲਾਈ ਜੋੜੀਆਂ

ਮੇਰੇ ਮਾਹੀ ਤੇਰੇ ਬਾਝੋਂ, ਸਾਡੀ ਬੱਝਦੀ ਨਾ ਧੀਰ
ਤੂੰ ਤਖ਼ਤ ਹਜ਼ਾਰੇ ਦਾ ਰਾਂਝਾ, ਤੂੰ ਮੇਰਾ ਮੀਰ ਪੀਰ
ਬੀਤੇ ਸਾਰੀ ਸਾਰੀ ਰਾਤ, ਗੱਲਾਂ ਕਰ ਥੋੜੀ ਥੋੜੀਆਂ

ਤੇਰੀ ਸੂਰਤ ਮਨ ਚ ਵਸਦੀ, ਨਾ ਆਉਂਦੀ ਨਾ ਜਾਂਦੀ
ਨੈਣ ਮਿਲਾ ਕੇ ਨੈਣ ਚੁਰਾ ਕੇ, ਪਿਆਰ ਕਰਨ ਨੂੰ ਕਹਿੰਦੀ
ਬੈਂਸ, ਉਹਨੂੰ ਚਿੱਤ ਚ ਵਸਾ ਲੈ, ਜੇ ਚੜ੍ਹਨਾ ਏ ਪੌਂਡੀਆਂ

ਤੇਰਾ ਨਾਂ ਲਬਾਂ ਤੇ ਵਸਦਾ, ਚੇਤੇ ਕਰਨ ਦੀ ਬਣ ਗਈ ਆਦਤ
ਕਰਮ ਧਰਮ ਕੋਈ ਹੋਰ ਨਹੀਂ, ਇਹੋ ਪੂਜਾ ਇਹੋ ਇਬਾਦਤ
ਬੈਂਸ, ਮਨ ਚ ਵਸਾ ਉਹਨੂੰ, ਆਪੇ ਸਧਰਾਂ ਮਨਾਉਣ ਲੋੜ੍ਹੀਆਂ

ਸ਼ਗਨਾਂ ਦਾ ਚਾ

ਡੋਲੀ ਚੜ੍ਹਨ ਦਾ ਚਾ ਅੜਿਆ, ਲੈ ਕੇ ਆ ਜਾ ਕਹਾਰ
ਮੇਰੀ ਜਾਨ ਬਣ ਮਹਿਮਾਨ, ਪਾ ਕੇ ਸ਼ਗਨਾਂ ਦਾ ਹਾਰ

ਮਨ ਚ ਤਾਂਘ ਮਿਲਣ ਦੀ, ਮਾਹੀ ਕਰਾਂ ਉਡੀਕਾਂ ਤੇਰੀਆਂ
ਅੱਜ ਮੇਰੇ ਮਾਹੀ ਘਰ ਆਉਣਾ, ਉਮੰਗਾਂ ਘਣੀ ਘਨੇਰੀਆਂ
ਬੀਬਾ, ਮਨ ਦੀਆਂ ਮਨ ਚ ਰੱਖ ਕੇ, ਕਰਾਂ ਤੇਰਾ ਇੰਤਜ਼ਾਰ

ਸਾਡਾ ਜੀ ਬੇਕਰਾਰ ਹੋਇਆ, ਲਾ ਕੇ ਬੇਪਰਵਾਹ ਦੇ ਨਾਲ
ਜੇ ਮਿਲੇ ਤਾਂ ਬੈਠ ਸੁਣਾਵਾਂ, ਉਹਨੂੰ ਅਪਣੇ ਦਿਲ ਦਾ ਹਾਲ
ਧੜ ਧੜ ਮੇਰਾ ਜੀ ਧੜਕੇ, ਤੇਰੇ ਪਿਆਰ ਚ ਹੋਈ ਬਿਮਾਰ

ਮੇਰੇ ਦਿਲ ਦੇ ਸ਼ਿਕਵੇ ਕਹਿੰਦੇ, ਮਿੱਤਰ ਸਾਡੇ ਦੂਰ ਵਸੇਂਦੇ
ਰਾਹ ਚ ਭਾਈ ਮੁੱਲਾਂ ਬੈਠੇ, ਸਾਡਾ ਰਾਹ ਰੋਕ ਕੇ ਬਹਿੰਦੇ
ਮਿਲਣਾ ਮਿੱਤਰ ਪਿਆਰੇ ਨੂੰ, ਉਹ ਕਰਦੇ ਬਹੁਤ ਖੁਆਰ

ਬਣੇ ਭਿਖਾਰੀ ਝੋਲੀ ਖਾਲੀ, ਮਾਹੀ, ਬਣਕੇ ਆਏ ਸਵਾਲੀ
ਭਾ ਪਿਆਰ ਦੀ ਜਿਗਰ ਜਲਾਵੇ, ਹੁਣ ਨਾ ਮੋੜੀਂ ਖਾਲੀ
ਬੇੜੀ ਨਹੀਂ ਕੋਈ ਤੁੱਲਾ ਨਹੀਂ, ਬਾਂਹ ਫੜ ਕਰ ਦੇ ਪਾਰ

ਮਿਲਣਾ ਵਿਛੜੇ ਯਾਰ ਨੂੰ, ਮਾਝੀ ਨਾਲ ਕਰਾਂ ਤਕਰਾਰ
ਚੱਜ ਨਹੀਂ ਕੋਈ ਚਾਰ ਨਹੀਂ, ਪਰ ਜਾਣਾ ਸਾਗਰ ਪਾਰ
ਤੇਰੇ ਹੱਥ ਸਾਡੀ ਡੋਰ ਅੜਿਆ, ਡੁੱਬਦੀ ਨੂੰ ਲਾ ਦੇ ਪਾਰ

ਮੇਰੇ ਮੀਤ

ਰਾਮ ਨਾਮ ਅਮ੍ਰਿਤ ਰਸ ਨੀਕਾ, ਰਸਨਾ ਰਾਮ ਰਵੀਜੈ
ਮੇਰੇ ਭਾਈ ਮੀਤ, ਮੋਹੇ ਰਾਮ ਨਾਮ ਰਸ ਦੀਜੈ

ਤੂੰ ਦਾਤਾ ਮੈਂ ਮੰਗਤਾ, ਕਰਮ ਧਰਮ ਨਾ ਜਾਣਾ
ਮਾਇਆ ਨੇ ਜੀ ਮੋਹ ਲਿਆ, ਮੈਂ ਮਸਕੀਨ ਅੰਞਾਣਾ
ਮਿਹਰਾਂ ਕਰ ਦੇ ਦਾਤਿਆ, ਜੇ ਮਨ ਸਬਰ ਕਰੀਜੈ

ਔਗਣਾਂ ਦੀ ਭਰੀ ਮੈਂ ਫਿਰਾਂ, ਤੂੰ ਨਿਰਗੁਣ ਮੇਰੇ ਦਾਤਾ
ਬੇਕਰਮਾਂ ਤੇ ਕਰਮ ਕਰ, ਮੈਂ ਮਿੰਨਤਾਂ ਕਰਾਂ ਵਿਧਾਤਾ
ਨੈਣਾਂ ਨਾਲ ਨੈਣ ਮਿਲਾ ਕੇ, ਮਾਹੀ ਨੈਣ ਨੀਰ ਹਰ ਲੀਜੈ

ਨੇਹ ਤੇਰੇ ਨਾਲ ਪਾ ਕੇ, ਮੈਂ ਰੁਲ ਗਈ ਵਾਕਣ ਕੱਖਾਂ
ਜੇ ਮੇਰਾ ਸੁਹਣਾ ਮੰਨ ਜਾਵੇ, ਮੈਂ ਸ਼ੁਕਰ ਮਨਾਵਾਂ ਲੱਖਾਂ
ਮਾਹੀ ਮੇਰੇ ਮਨ ਚ ਵਸਿਆ, ਰਸਕ ਰਸਕ ਮਨ ਭੀਜੈ

ਤੇਰੇ ਬਾਝੋਂ ਮੇਰੇ ਮਾਹੀ, ਹੁਣ ਚਿੱਤ ਨਹੀਂ ਲਗਦਾ ਮੇਰਾ
ਜਾਗ ਇਸ਼ਕ ਦਾ ਲਾ ਮਾਹੀ, ਜੇ ਬੈਂਸ ਬਣ ਜਾਏ ਤੇਰਾ
ਨੈਣ ਮਿਲਾ ਕੇ ਪਿਆਰ ਜਤਾ ਕੇ, ਮੇਰਾ ਮਨ ਹਰ ਲੀਜੈ

ਮੈਂ ਚਾਰੇ ਕੁੰਡਾਂ ਭਾਲ ਥੱਕੀ, ਜੱਗ ਚ ਕੋਈ ਨਹੀਂ ਮੇਰਾ
ਚਿੱਤ ਨੂੰ ਚੈਨ ਨਹੀਂ ਆਉਣਾ, ਜੇ ਪਾਇਆ ਨਾ ਫੇਰਾ
ਕਰਕੇ ਕਰਮ ਨਿਮਾਣੀ ਤੇ, ਚਰਨ ਧੂੜ ਮੁਖ ਦੀਜੈ

ਐਸੀ ਪ੍ਰੀਤ ਜੀ ਚ ਜਾਗੀ, ਲਗਨ ਪੀਆ ਮਿਲਣ ਦੀ ਲਾਗੀ
ਝੁਕ ਝੁਕ ਸ਼ਗਨ ਮਨਾਵਾਂ ਸਈਓ, ਜੇ ਆਣ ਮਿਲੈ ਵਡਭਾਗੀ
ਸੱਜਣ ਮੇਰੇ ਮੀਤ ਪਿਆਰੇ, ਆ ਗਲ ਮਿਲ ਪਿਆਰ ਕਰੀਜੈ

ਮਾਹੀ ਪੁਕਾਰਦਾ

ਯਾਰ ਦੇ ਘਰ ਰੱਬ ਵਸੇ, ਭੇਦ ਤੇਰੇ ਇਤਬਾਰ ਦਾ
ਜੇ ਪਾ ਲਵੇ ਪਿਆਰ, ਚਿੱਤ ਮਾਹੀ ਨੂੰ ਪੁਕਾਰਦਾ

ਪਾ ਲੈ ਮਾਹੀ ਨਾਲ ਪਿਆਰ, ਉਹੋ ਰੱਬ ਉਹੋ ਯਾਰ
ਅੜੀਏ ਲਾ ਕੇ ਨਿਭਾਵੀਂ, ਪੂਰੇ ਕਰੇਗਾ ਇਕਰਾਰ
ਤੇਰੇ ਪਿਆਰ ਦੇ ਹਿਜਰ, ਮਾਹੀ ਦੁਖੜੇ ਸਹਾਰਦਾ

ਜੇ ਲੱਭਣਾ ਏ ਰਾਹ, ਪਿਆਰ ਮਾਹੀ ਨਾਲ ਪਾ
ਦਿਲੋਂ ਮਾਹੀ ਮਾਹੀ ਆਖ, ਕਿਸੇ ਬੋਲ ਨਾ ਸੁਣਾ
ਤੇਰੇ ਪਿੱਛੇ ਭੱਜਾ ਆਵੇ, ਉਹ ਭੁੱਖਾ ਪਿਆਰ ਦਾ

ਧਰਮਾਂ ਤੋਂ ਦੂਰ ਵਸਦਾ, ਭਾਈਆਂ ਨੂੰ ਕੁਝ ਨਹੀਂ ਦੱਸਦਾ
ਅਪਣਾ ਮਨ ਖੋਜ ਜ਼ਰਾ, ਮਾਹੀ ਤੇਰੇ ਦਿਲ ਵਿਚ ਵਸਦਾ
ਪਿਆਰ ਦੀ ਮੂਰਤ ਬਣ ਕੇ, ਮਿਲੇ ਦਰ ਸਰਕਾਰ ਦਾ

ਜੇ ਤੂੰ ਉਹਦਾ ਬਣ ਜਾਵੇਂ, ਉਹ ਭੀ ਤੇਰਾ ਬਣ ਜਾਸੀ
ਤੇਰੇ ਸਿਰ ਤੇ ਹੱਥ ਰੱਖ, ਕਰ ਦੇਵੇਗਾ ਬੰਦ ਖਲਾਸੀ
ਮਨ ਚ ਝਾਤੀ ਮਾਰ ਜ਼ਰਾ, ਦਿਲ ਯਾਰ ਨੂੰ ਪੁਕਾਰਦਾ

ਯਾਰ ਰੱਬ ਦਾ ਵਚੋਲਾ, ਉਨ੍ਹਾਂ ਚ ਫਰਕ ਨਾ ਕਾਈ
ਲੱਗ ਲੜ ਯਾਰ ਦੇ ਜਾ ਕੇ, ਗ੍ਰੰਥ ਪਾਉਂਦਾ ਦੁਹਾਈ
ਬੈਂਸ ਯਾਰ ਨੂੰ ਮਨਾ ਲੈ, ਪੱਖਾ ਲੈ ਕੇ ਪਿਆਰ ਦਾ

ਆਪ ਮਿਟਾ ਕੇ

ਜਿਉਂਦੇ ਮਰਨਾਂ ਸਿੱਖ ਲੈ, ਮਨ ਮਾਰ ਕੇ ਮਰਿਆ ਜਾਂਦਾ ਏ
ਅਪਣਾ ਆਪ ਮਿਟਾ ਕੇ ਹੀ, ਭਵਸਾਗਰ ਤਰਿਆ ਜਾਂਦਾ ਏ

ਅੱਜ ਦਾ ਝਗੜਾ ਮੁੱਕ ਜਾਵੇ, ਕੱਲ੍ਹ ਫਿਰ ਨੈਣ ਮਿਲਾ ਲੈਣਾ
ਪਾ ਕੇ ਕੱਜਲਾ ਨੈਣਾਂ ਚ, ਫਿਰ ਅੱਲ੍ਹੜਾਂ ਨੂੰ ਜਾਲ ਫਸਾ ਲੈਣਾ
ਮਿਲ ਕੇ ਹੀ ਅੱਖ ਝੁਕਦੀ ਏ, ਬੈਂਸ ਨਿਮਾਣਾ ਕਹਿੰਦਾ ਏ

ਜਾਣ ਵੇਲੇ ਕੋਈ ਸਾਥ ਨਾ ਚੱਲੇ, ਰਹਿ ਜਾਣਾ ਕੱਲਮ ਕੱਲੇ
ਜੋ ਕਮਾਏਂਗਾ ਸੋ ਖਾਏਂਗਾ, ਤੇਰਾ ਅਮਲ ਤੇਰੇ ਨਾਲ ਚੱਲੇ
ਚੇਤੇ ਕਰ ਕਰ ਮਾਹੀ ਨੂੰ, ਇਸ਼ਕ ਚ ਕੜ੍ਹਿਆ ਜਾਂਦਾ ਏ

ਅੜੀਏ, ਮਨ ਚ ਵਸਾ ਮਾਹੀ ਨੂੰ, ਅਜਿਹੀ ਬਣਾ ਲੈ ਆਦਤ
ਪਿਆਰ ਹੀ ਪੂਜਾ ਜਪ ਤਪ ਸੰਜਮ, ਇਹੋ ਉਹਦੀ ਇਬਾਦਤ
ਮਨ ਚ ਪਿਆਰ ਦੀ ਸ਼ਮ੍ਹਾਂ ਜਲਾ, ਮਸਾਲ ਚ ਸੜਿਆ ਜਾਂਦਾ ਏ

ਤੂੰ ਰੱਬ, ਉਹ ਭੀ ਰੱਬ, ਉਹਨੇ ਪਿਆਰ ਚ ਸਾਜਿਆ ਜੱਗ
ਜਿੱਥੇ ਵੇਖਾਂ ਉਹ ਪਿਆ ਦਿਸੇ, ਉਹਦੀ ਦੁਨੀਆਂ ਉਹਦਾ ਜੱਗ
ਅੱਖ ਖੋਲ੍ਹ ਕੇ ਵੇਖ ਨਜ਼ਾਰਾ, ਮਾਹੀ ਪਿਆਰ ਕਰਨ ਨੂੰ ਕਹਿੰਦਾ ਏ

ਜੋ ਜੰਮਿਆਂ ਉਹਨੇ ਮਰ ਜਾਣਾ, ਰਹਿਣਾ ਨਹੀਂ ਕੋਈ ਰਾਜਾ ਰਾਣਾ
ਹੁਣ ਚੜ੍ਹਿਆ ਪਲ ਨੂੰ ਢਲ ਜਾਣਾ, ਕਾਹਨੂੰ ਕਰੇਂ ਹੁਸਨ ਦਾ ਮਾਣਾ
ਮੇਰੀ ਮੇਰੀ ਸਭ ਕੋਈ ਕਰਦਾ, ਕੋਈ ਨਾਲ ਨਹੀਂ ਲੈ ਜਾਂਦਾ ਏ

ਜੰਮ ਕੇ ਮਰਨਾਂ ਮਰ ਕੇ ਜੰਮਣਾ, ਇਹ ਸਾਰੇ ਜਗ ਦੀਆਂ ਰੀਤਾਂ
ਜੇ ਇਸ ਦੁਖ ਚੋਂ ਨਿਕਲਣਾ ਚਾਹੁੰਨੈਂ, ਪਾ ਮਾਹੀ ਨਾਲ ਪ੍ਰੀਤਾਂ
ਮਾਹੀ ਦੀ ਯਾਦ ਸਤੌਣ ਲੱਗੇ, ਆਪਣਾ ਆਪ ਮਿਟ ਜਾਂਦਾ ਏ

ਨੱਚਦੀ ਰਵ੍ਹਾਂ

ਆ ਕੇ ਸਾਹਮਣੇ ਬੈਠਾ ਰਹਿ, ਜੀ ਕਰਦਾ ਤੈਨੂੰ ਤੱਕਦੀ ਰਵ੍ਹਾਂ
ਨੱਚ ਨੱਚ ਹਾਲ ਬੇਹਾਲ ਕਰਾਂ, ਤੱਕਦੀ ਰਵ੍ਹਾਂ ਨਾਲੇ ਨੱਚਦੀ ਰਵ੍ਹਾਂ

ਦੀਦ ਦਾ ਸਾਨੂੰ ਚਾ ਅੜਿਆ, ਤੂੰ ਸਾਡੇ ਵਿਹੜੇ ਆ ਅੜਿਆ
ਨੈਣਾਂ ਨਾਲ ਨੈਣ ਮਿਲਾ ਕੇ, ਤੂੰ ਸਾਡਾ ਦਿਲ ਪਰਚਾ ਅੜਿਆ
ਹੱਥ ਸੁਰਾਹੀ ਫੜ ਲੈ ਸਾਕੀਆ, ਮੈ ਦੇ ਸਹਾਰੇ ਨੱਚਦੀ ਰਵ੍ਹਾਂ

ਤੂੰ ਹੀ ਮੇਰਾ ਕਿਬਲਾ ਕਾਬਾ, ਹਰ, ਤੂੰ ਹੀ ਮੇਰਾ ਮੰਦਰ
ਸਾਡੇ ਦਿਲ ਤੇ ਜਾਦੂ ਕਰ ਕੇ, ਤੂੰ ਵਸ ਗਿਆ ਦਿਲ ਅੰਦਰ
ਮਾਹੀ ਸਾਹਮਣੇ ਆ ਜਾਵੇਂ, ਸ਼ਰਮਾ ਕੇ ਤੈਥੋਂ ਨੱਸਦੀ ਰਵ੍ਹਾਂ

ਤੱਕ ਤੱਕ ਤੈਨੂੰ ਨੱਚਾਂ, ਇਹ ਬਣ ਗਈ ਸਾਡੀ ਆਦਤ
ਮੈਂ ਨੱਚਾਂ ਤੂੰ ਚੇਤੇ ਆਵੇਂ, ਚੰਨਾਂ ਇਹੋ ਤੇਰੀ ਇਬਾਦਤ
ਪਲਕਾਂ ਦੇ ਬੂਹੇ ਖਲੋ ਜਾ, ਵੇਖ ਵੇਖ ਤੈਨੂੰ ਨੱਚਦੀ ਰਵ੍ਹਾਂ

ਮੈਨੂੰ ਨੱਚਣਾ ਨਾ ਆਵੇ, ਨੱਚਣ ਦਾ ਚੱਜ ਸਿਖਾ ਅੜਿਆ
ਨੱਚ ਨੱਚ ਹਾਲ ਬੇਹਾਲ ਹੋਵਾਂ, ਝਾਂਜਰ ਇੰਵ ਛਣਕਾ ਅੜਿਆ
ਵੇਖ ਵੇਖ ਤੈਨੂੰ ਨੱਚਾਂ, ਨਾਲੇ ਦੱਬ ਦੱਬ ਪੱਬ ਰੱਖਦੀ ਰਵ੍ਹਾਂ

ਚੇਤੇ ਕਰ ਅਪਣੇ ਮਾਹੀ ਨੂੰ, ਮੇਰਾ ਤਨ ਨੱਚੇ ਨਾਲੇ ਮਨ ਨੱਚੇ
ਨੱਚਣ ਆਦਤ ਬਣੀ ਇਬਾਦਤ, ਨੱਚਣਾ ਦਿਲ ਦਾ ਹਾਲ ਦੱਸੇ
ਆ ਵੜ ਵਿਹੜੇ ਮੇਰੇ ਵੇ, ਮੈਂ ਛੁਪ ਛੁਪ ਤੈਨੂੰ ਤੱਕਦੀ ਰਵ੍ਹਾਂ

ਮਾਰਾਂ ਪੈਂਦੀਆਂ

ਮਤੇ ਭੁੱਲ ਜਾਵੇਂ, ਜਾਣ ਵੇਲੇ ਹੁੰਦਾ ਏ ਹਿਸਾਬ ਵੇ
ਮਾਰਾਂ ਪੈਂਦੀਆਂ ਬਹੁਤ, ਨਾਲੇ ਕਰਨ ਖਰਾਬ ਵੇ

ਆ ਕੇ ਪ੍ਰਾਹੁਣਚਾਰੀ, ਇਥੇ ਪਿਆਰ ਪਾ ਲਿਆ
ਜੋ ਹੱਥ ਆਇਆ, ਉਹ ਨੂੰ ਆਪਣਾ ਬਣਾ ਲਿਆ
ਚੋਰੀ ਚੋਰੀ ਭਰੇਂ ਬੋਝੇ, ਨਾਲੇ ਅਖਵਾਵੇਂ ਸਾਧ ਵੇ

ਪਾ ਕੇ ਜੱਗ ਵਿਚ ਪਿਆਰ, ਭੁੱਲੇ ਕੌਲ ਤੇ ਕਰਾਰ
ਭੁੱਲ ਗਏ ਕੀਤੇ ਵਾਧੇ, ਜਾਣ ਵੇਲੇ ਹੋਵੇਂਗਾ ਖੁਆਰ
ਜਿਹੜੇ ਤੋੜ ਨਾ ਨਿਭਾਉਣ, ਫੁੱਟਦੇ ਉਨ੍ਹਾਂ ਦੇ ਭਾਗ ਵੇ

ਖੋ ਕੇ ਧੰਦਿਆਂ ਚ ਇੱਥੇ, ਪਏ ਫਿਰਨ ਮਾਰੇ ਮਾਰੇ
ਚੇਤੇ ਕਦੀ ਵੀ ਨਾ ਆਵੇ, ਮਿਲੇ ਸਾਹ ਵੀ ਉਧਾਰੇ
ਰਿਣ ਦੇ ਕੇ ਜਾਣਾ ਪੈਂਦਾ, ਸਣੇ ਮੂਲ ਤੇ ਵਿਆਜ ਵੇ

ਜੋ ਤੂੰ ਨਾਲ ਲੈ ਕੇ ਜਾਣਾ, ਅੱਜ ਓਸ ਨੂੰ ਕਮਾ ਲੈ
ਜੋ ਕਿਸੇ ਨਾ ਦੁਖਾਉਣ, ਅਜਿਹੇ ਅਮਲ ਬਣਾ ਲੈ
ਵੇਖੇ ਜਾਂਦੇ ਨੇ ਅਮਲ, ਜਦੋਂ ਹੁੰਦਾ ਏ ਹਿਸਾਬ ਵੇ

ਅੱਜ ਆਇਆ ਕੱਲ੍ਹ ਜਾਣਾ, ਇਹ ਜੱਗ ਦੀ ਏ ਰੀਤ
ਤੈਨੂੰ ਭੁੱਲ ਗਿਆ ਰੱਬ, ਪਾ ਲਈ ਜੱਗ ਨਾਲ ਪ੍ਰੀਤ
ਬੈਂਸ, ਮੁੱਕ ਗਿਆ ਤੇਲ, ਬੁਝ ਜਾਣਗੇ ਚਰਾਗ ਵੇ

ਪ੍ਰੇਮ ਰਸ

ਇਸ਼ਕ ਮਜਾਜ਼ੀ ਜੱਗ ਕਰਦਾ, ਇਸ਼ਕ ਹਕੀਕੀ ਹੋਰ
ਪ੍ਰੇਮ ਦਾ ਰਸ ਪੀ ਅੜੀਏ, ਵਿੱਸਰ ਜਾਣ ਰਸ ਹੋਰ

ਕੋਈ ਨਮਾਜ਼ ਕੋਈ ਪਾਠ ਪੜ੍ਹੇ, ਕਮਲਾ ਹੋਇਆ ਜਗਤ
ਪ੍ਰੇਮ ਰਸ ਜਿਹਨੂੰ ਆਉਣ ਲੱਗੇ, ਉਹ ਬਣ ਜਾਵੇ ਭਗਤ
ਇਹ ਤਾਂ ਮਨ ਦੀ ਹਾਲਤ ਏ, ਬਾਕੀ ਸਭ ਧੰਦੇ ਹੋਰ

ਲਗਨ ਪ੍ਰੇਮ ਦੀ ਲੱਗ ਜਾਵੇ, ਆਵੇ ਮਾਹੀ ਦੀ ਯਾਦ
ਮਾਹੀ ਸਾਹਮਣੇ ਨਾ ਹੋਵੇ, ਫਿਰ ਲੱਗ ਜਾਵੇ ਵੈਰਾਗ
ਫਿਰ ਮਾਹੀ ਮਾਹੀ ਹੋਣ ਲੱਗੇ, ਭੁੱਲ ਜਾਣ ਦੁਖ ਹੋਰ

ਮੁੱਲਾਂ ਗਿਆਨੀ ਦੋਵੇਂ ਖਾਲੀ, ਜੇ ਸੁਣ ਰਸ ਨਾ ਆਵੇ
ਜਿਹਨੂੰ ਰਸ ਪਿਆਰ ਦਾ ਆਵੇ, ਉਹ ਸਾਧ ਬਣ ਜਾਵੇ
ਕਰ ਉਨ੍ਹਾਂ ਦਾ ਸੰਗ ਅੜੀਏ, ਬਣ ਜਾਵੇਂ ਚੋਰ ਤੋਂ ਮੋਰ

ਮਨ ਹਠ ਕਰ ਮਾਰੇਂ ਕਾਮ, ਜਿਉਣਾ ਤੇਰਾ ਕਰੇ ਹਰਾਮ
ਸਭ ਕੁਝ ਆਪੇ ਭੁੱਲ ਜਾਵੇ, ਜੇ ਮਾਹੀ ਵਿਚ ਰਹੇ ਧਿਆਨ
ਕਾਮ ਕਰਮ ਪਾਪ ਜੇ ਹੁੰਦਾ, ਹੁੰਦੀ ਨਾ ਦੁਨੀਆਂ ਲੱਖ ਕਰੋੜ

ਬੇਚੈਨੀ ਕਦੀ ਨਾ ਛੱਡੇ ਖਹਿੜਾ, ਲੋਭ ਮੋਹ ਦਾ ਧੰਦਾ ਭੈੜਾ
ਪ੍ਰੇਮ ਰਸ ਚ ਮਨ ਉਲਝਾ ਲੈ, ਆਪੇ ਛੱਡ ਜਾਣਗੇ ਖਹਿੜਾ
ਮਨ ਟਿਕਾਉਣਾ ਰੱਬ ਮਨਾਉਣਾ, ਪਾਠ ਪੜ੍ਹਨ ਕੁਝ ਹੋਰ

ਦੋ ਦੀ ਦੁਐਤ ਛੱਡ ਕੇ ਅੜੀਏ, ਰੱਖ ਇੱਕ ਵੱਲ ਧਿਆਨ
ਕਰਮ ਧਰਮ ਕਿੱਤਾ ਜੱਗ ਦਾ, ਇਹੋ ਭਗਤੀ ਇਹੋ ਗਿਆਨ
ਇੱਕ ਦੀ ਬਣ ਕੇ ਰਹਿ ਜਾ ਅੜੀਏ, ਬਣ ਜਾਵੇਂ ਹੋਰੋ ਹੋਰ

ਉਹ ਇੱਕ ਉਹਦਾ ਬਿਰਦ ਇੱਕ, ਸਦਾ ਰੱਖ ਉਹਨੂੰ ਚਿੱਤ
ਚੇਤੇ ਕਰ ਕਰ ਮਾਹੀ ਨੂੰ, ਉਹਦੇ ਨਾਲ ਹੋ ਜਾ ਇਕ ਮਿਕ
ਇਹੋ ਗਿਆਨ ਬੈਂਸ ਇਹੋ ਧਿਆਨ, ਕਰਮ ਧਰਮ ਸਭ ਚੋਰ

ਸਾਕੀ ਓ ਸਾਕੀ

ਸਾਕੀ ਮੇਰੇ ਸਾਕੀ, ਅਸਾਂ ਪਿਆਰ ਦਾ ਸਬਕ ਪੜ੍ਹਾ ਦੇ
ਨੈਣਾਂ ਨਾਲ ਨੈਣ ਮਿਲਾ ਕੇ, ਇਸ਼ਕੇ ਦਾ ਨਸ਼ਾ ਚੜ੍ਹਾ ਦੇ

ਯਾਦ ਮਾਹੀ ਦੀ ਸਤਾਵੇ, ਦਿਲ ਤੜਫੇ ਉਹਦੇ ਪਿਆਰ ਨੂੰ
ਬੇਚੈਨੀ ਚ ਮਨ ਭਰੇ ਉੜਾਨਾਂ, ਫਿਰੇ ਲਭਦਾ ਅਪਣੇ ਯਾਰ ਨੂੰ
ਬੇਖੁਦੀ ਦਾ ਨਸ਼ਾ ਚੜ੍ਹਾ ਕੇ,ਬਿਨ ਖੰਭਾਂ ਆਕਾਸ਼ ਉੜਾ ਦੇ

ਸਾਕੀ ਤੇਰੇ ਮੈਖ਼ਾਨੇ ਚ,ਕੋਈ ਕਮੀਂ ਨਹੀਂ ਸ਼ਰਾਬ ਦੀ
ਨੈਣਾਂ ਨਾਲ ਨੈਣ ਮਿਲਾ ਸਾਡੇ,ਮੁੱਕ ਜਾਵੇ ਝਾਕ ਸ਼ਬਾਬ ਦੀ
ਨਸ਼ਾ ਜੋ ਤੇਰੇ ਨੈਣਾਂ ਵਿਚ,ਬਿਨ ਪੀਤਿਆਂ ਅਸਾਂ ਚੜ੍ਹਾ ਦੇ

ਮਿਲਣ ਤੇ ਮੈਂ ਤੈਨੂੰ ਆਵਾਂ,ਮੈ ਦਾ ਤੇ ਇਕ ਬਹਾਨਾ
ਤੂੰ ਆਸ਼ਿਕ ਮੈਂ ਮਾਸ਼ੂਕ ਤੇਰੀ,ਅਸਾਂ ਕਰਨਾ ਖਸਮਾਨਾ
ਜੋ ਛੁਪਿਆ ਤੇਰੀ ਪਲਕਾਂ ਚ, ਲਾਹ ਪੜਦਾ ਅਸਾਂ ਵਖਾ ਦੇ

ਮੇਰੇ ਯਾਰ ਤੇਰਾ ਮੇਰਾ ਪਿਆਰ, ਕਰ ਸਾਡੇ ਨਾਲ ਖਸਮਾਨਾ
ਮੈਂ ਹੀਰ ਸਲੇਟੀ ਤੂੰ ਰਾਂਝਣ ਜੋਗੀ, ਤੇਰੇ ਬਾਝੋਂ ਜੱਗ ਵੀਰਾਨਾ
ਪਿਲਾਏ ਜਾ ਪਿਲਾਏ ਜਾ, ਹੁਣ ਦਿਲ ਦੀ ਲੱਗੀ ਬੁਝਾ ਦੇ

ਮੈਂ ਰਿੰਦ,ਤੂੰ ਖੁਆਬ ਉਹਦਾ,ਤੂੰ ਸੁਰਾਹੀ ਮੈਂ ਸ਼ਬਾਬ ਉਹਦਾ
ਤੂੰ ਚਿੱਠੀ ਗਲੇ ਕਬੂਤਰ ਦੇ, ਖੁਆਬ ਚ ਮੈਂ ਜੁਆਬ ਉਹਦਾ
ਚੰਨਾਂ, ਨੈਣਾ ਨਾਲ ਨੈਣ ਮਿਲਾ ਕੇ,ਬੈਂਸ ਦਾ ਦਿਲ ਬਹਿਲਾ ਦੇ

ਹੋਣਾ ਸੋ ਹੋਏ

ਅਪਣੇ ਮਨ ਵੱਲ ਵੇਖ ਜ਼ਰਾ, ਤੈਥੋਂ ਬੁਰਾ ਨਹੀਂ ਕੋਇ
ਉਹਦੀ ਰਜ਼ਾ ਚ ਰਹਿ ਰਾਜ਼ੀ, ਫਿਰ ਜੋ ਹੋਣਾ ਸੋ ਹੋਇ

ਜੋ ਕੁਝ ਇਸ ਦੁਨੀਆਂ ਤੇ ਵਰਤੇ, ਸਭ ਕੁਝ ਆਪੇ ਕਰਦਾ
ਮੇਰੀ ਮੈਂ ਦਾ ਮਾਣ ਕਰੇਂ ਤੂੰ, ਜ਼ਰਾ ਨਹੀਂ ਰੱਬ ਤੋਂ ਡਰਦਾ
ਤੈਨੂੰ ਸਮਝ ਜ਼ਰਾ ਨਾ ਆਈ, ਖੁਦ ਸਭ ਕੁਝ ਰੱਖੇ ਲਕੋਇ
ਅਪਣਾ ਰਾਜ਼ ਸਮਝਾ ਦੇ ਮਾਹੀ, ਕਿਉਂ ਨਹੀਂ ਮੈਨੂੰ ਦੱਸਦਾ
ਜੰਮਣ ਵੇਲੇ ਲੱਖ ਦਾ ਸੀ, ਮੈਂ ਹੁਣ ਰਿਹਾ ਨਹੀਂ ਕੱਖ ਦਾ
ਜੰਮਣ ਮਰਨਾਂ ਤਦ ਮੁੱਕਣਾ, ਜੇ ਜਿਉਂਦੇ ਮਰਨਾ ਹੋਇ
ਆਪੇ ਮੱਕਾ ਕਿਬਲਾ ਕਾਬਾ, ਆਪੇ ਕਾਜ਼ੀ ਆਪੇ ਹਾਜੀ
ਨਦੀ ਨਾਵ ਸੰਜੋਗੀ ਮੇਲਾ, ਆਪੇ ਬਣ ਕੇ ਬਹਿੰਦਾ ਮਾਝੀ
ਆਪੇ ਪੀਰ ਪੈਗੰਬਰ ਆਪੇ, ਆਪੇ ਤਨ ਮਨ ਵਿਚ ਸਮੋਇ
ਸਾਗਰ ਸਾਹਿਲ ਸਭ ਕੁਝ ਆਪੇ, ਦੀਨ ਧਰਮ ਭੀ ਆਪੇ
ਸੂਰਜ ਕਿਰਨ ਦੀ ਲੋ ਸਵੇਰੇ, ਰਾਤੀ ਚੰਨ ਚਾਨਣੀ ਆਪੇ
ਖੁਲ੍ਹੇ ਕਿਤਾਬ ਹੋਵੇ ਹਿਸਾਬ, ਰਾਜਾ ਰੰਕ ਨ ਜਾਪੈ ਕੋਇ
ਮਾਇਆ ਮਮਤਾ ਚ ਫਸਾ ਕੇ, ਬਣਾਏ ਭੈਣ ਭਰਾ ਤੇ ਮਾਪੇ
ਧੀਆਂ ਪੁੱਤਰ ਮੋਹ ਦਾ ਫੰਧਾ, ਜੰਮਣ ਮਰਨ ਦੇ ਸਭ ਸਿਆਪੇ
ਕੀ ਆਖੇ ਕਿਹਨੂੰ ਕੂਕ ਸੁਣਾਵੇ, ਬੈਂਸ, ਤੇਰੀ ਸੁਣੇ ਨਾ ਕੋਇ
ਔਸੀਆਂ ਪਾਵਾਂ ਕਾਗ ਉੜਾਵਾਂ, ਕਾਗਜ਼ਾਂ ਤੇ ਮਾਰਾਂ ਲੀਕਾਂ
ਪਾਵਾਂ ਦੁਹਾਈ ਆ ਜਾ ਮਾਹੀ, ਮੈਂ ਤੇਰੀਆਂ ਕਰਾਂ ਉਡੀਕਾਂ
ਮੈਂ ਕੋਠੇ ਚੜ੍ਹ ਚੜ੍ਹ ਰਾਹ ਤੱਕਦੀ, ਮਾਹੀ ਆ ਜਾ ਲੋਏ ਲੋਇ
ਜੋ ਆਇਆ ਸੋ ਜਾਣਾ, ਜਦੋਂ ਵਰਤਿਆ ਰੱਬ ਦਾ ਭਾਣਾ
ਐਵੇਂ ਮੇਰੀ ਮੇਰੀ ਕਰਦਾ, ਰਹਿਣਾ ਨਹੀਂ ਕੋਈ ਰਾਜਾ ਰਾਣਾ
ਖੁਲ੍ਹੇ ਕਿਤਾਬੇ ਆਪੇ ਹੋਵੇ ਹਿਸਾਬ, ਸਵਾਲ ਨਾ ਪੁੱਛੇ ਕੋਇ
ਨੀਵਾਂ ਹੋ ਕੇ ਚੱਲ ਅੜਿਆ, ਜੇ ਤੂੰ ਭੇਦ ਖੋਲ੍ਹਣਾ ਦਿਲ ਦਾ
ਨੀਵਾਂ ਹੋ ਕੇ ਚੱਲੇ ਪਹਾੜੋਂ, ਪਾਣੀ ਸਾਗਰ ਚ ਜਾ ਮਿਲਦਾ
ਨੈਣ ਝੁਕਾ ਕੇ ਪਿਆਰ ਜਤਾ ਕੇ, ਯਾਰ ਮਨਾ ਗਤ ਹੋਇ
ਜੇ ਮੈਂ ਬੁਰੇ ਕੰਮ ਨਾ ਕਰਦਾ, ਫਿਰ ਤੇਰੀ ਲੋੜ ਨਾ ਹੁੰਦੀ
ਨਾ ਅਕਲ ਤੇ ਪੜਦਾ ਪੈਂਦਾ, ਨਾ ਲੱਭਣੀ ਪੈਂਦੀ ਕੁੰਜੀ
ਚੰਗਾ ਮੰਦਾ ਆਪੇ ਨਿੱਖੜੇ, ਜਦੋਂ ਬਹੀਂ ਖੁਲ੍ਹੇ ਦੁਖ ਹੋਇ

ਹੱਥ ਨਾ ਪੱਲੇ

ਸੁਫਨਾ ਇਹ ਸੰਸਾਰ ਹੈ, ਅੱਜ ਖੱਟ ਕੱਲ੍ਹ ਨਾਲ ਚੱਲੇ
ਅੱਖ ਖੁੱਲ੍ਹੀ ਸੁਫਨਾ ਮੁੱਕ ਗਿਆ, ਰਿਹਾ ਕੁਝ ਨਾ ਪੱਲੇ

ਜਿਹੜੀ ਪਲ ਨੂੰ ਉਡੀਕਦਾ ਏਂ, ਉਹ ਨਹੀਂ ਆਉਣੀ
ਜਿਹੜੀ ਕੱਲ੍ਹ ਨੂੰ ਉਡੀਕਦਾ ਏਂ, ਉਹ ਨਹੀਂ ਆਉਣੀ
ਮਨ ਦੇ ਵਲਵਲੇ ਨਹੀਂ ਮਿਟਣੇ, ਐਵੇਂ ਮਾਰੀ ਜਾਵੇਂ ਟੱਲੇ

ਸੁਫਨਾ ਇਹ ਸੰਸਾਰ ਹੈ, ਸਭ ਨੇ ਸੁਫਨਾ ਲੈਣ ਲਈ ਆਉਣਾ
ਬੇਸਮਝੀ ਚ ਵਾਧੂ ਦੇ ਹੋ ਜਾਣ, ਅੱਖ ਖੁਲ੍ਹੀ ਕੁਝ ਨਹੀਂ ਬਿਆਉਣਾ
ਬੇਕਦਰਾਂ ਦੇ ਜੱਗ ਚ ਆ ਕੇ, ਬੈਂਸ, ਬੇਕਦਰੀ ਚ ਟੁਰ ਚੱਲੇ

ਜੱਗ ਸੁਫਨੇ ਨੂੰ ਸੱਚ ਜਾਣ ਕੇ, ਅਸਾਂ ਸਾਰੀ ਉਮਰ ਗੁਆ ਦਿੱਤੀ
ਕਰਮ ਧਰਮ ਨਿਭਾਉਣ ਵਾਸਤੇ, ਅਸਾਂ ਸਾਰੀ ਜ਼ਿੰਦਗੀ ਲਾ ਦਿੱਤੀ
ਜਾਣ ਸਮੇਂ ਸਭ ਸਾਥ ਛੱਡ ਗਏ, ਅਸਾਂ ਰਹਿ ਗਏ ਕੱਲਮ ਕੱਲੇ

ਜੱਗ ਬਾਜ਼ੀਗਰ ਦੀ ਬਾਜ਼ੀ ਏ, ਇਸ ਬਾਜ਼ੀ ਦੀ ਖੇਡ੍ਹ ਜਾਣ ਲੈ
ਖੋਜ ਕੇ ਅਪਣੇ ਮਨ ਮੰਦਰ ਨੂੰ, ਅੱਗੇ ਜਾਣ ਦਾ ਭੇਦ ਜਾਣ ਲੈ
ਜੋ ਬੀਜੇਂਗਾ ਉਹੋ ਵੱਢਣਾ ਪੈਣਾ, ਅੱਜ ਖੱਟ ਜੋ ਕੱਲ੍ਹ ਨਾਲ ਚੱਲੇ

ਜੱਗ ਚੋਂ ਕੁਝ ਨਾਲ ਨਹੀਂ ਜਾਂਦਾ, ਨਾਲ ਜਾਂਦਾ ਤੇਰਾ ਕਰਮ
ਅੜੀਏ ਕਰ ਮਾਹੀ ਮਾਹੀ ਮਾਹੀ, ਤੇਰੇ ਮੁੱਕ ਜਾਣਗੇ ਭਰਮ
ਇੰਨਾਂ ਪਿਆਰ ਵਧਾ ਮਾਹੀ ਨਾਲ, ਤੈਨੂੰ ਆਪ ਨਾਲ ਲੈ ਚੱਲੇ

ਪ੍ਰੀਤ ਪਿਆਰ

ਅਸਾਂ ਅੱਲ੍ਹੜਪਣੇ ਵਿਚ ਲਾਈ ਸੀ, ਸਾਨੂੰ ਲੱਭ ਗਿਆ ਵੱਲ ਪ੍ਰੀਤਾਂ ਦਾ
ਅੱਥਰੇ ਇਸ਼ਕ ਦੀ ਡਗਰ ਅਵੱਲੀ, ਰਾਹ ਭੁੱਲ ਗਿਆ ਮੰਦਰ ਮਸੀਤਾਂ ਦਾ

ਢੋਲਾ ਤੈਨੂੰ ਆਪਣਾ ਜਾਣ ਕੇ, ਅੱਖੀਆਂ ਤੇਰੇ ਨਾਲ ਲਾਈਆਂ
ਜ਼ਰਾ ਕੁ ਨਜ਼ਰੋਂ ਓਲ੍ਹੇ ਹੋਵੇਂ, ਮੈਂ ਫਿਰਦੀ ਵਾਂਗ ਸ਼ੁਦਾਈਆਂ
ਲੋਕ ਲਾਜ ਦੇ ਡਰ ਮਾਰੇ, ਅਸਾਂ ਛੱਡਿਆ ਰਾਹ ਸ਼ਰੀਕਾਂ ਦਾ

ਗੁਰਦੁਆਰੇ ਜ਼ਰੂਰ ਜਾਵਾਂ, ਜੇ ਦਰੋਂ ਯਾਰ ਦੇ ਵਿਹਲ ਮਿਲੇ
ਅੱਖੀਆਂ ਵੇਖਣ ਤਰਸਦੀਆਂ, ਜਦੋਂ ਮਾਹੀ ਨਾਲ ਨੈਣ ਮਿਲੇ
ਇਸ਼ਕ ਨਾ ਪੁੱਛੇ ਦੀਨ ਧਰਮ, ਪੰਧ ਮੁੱਕਿਆ ਰੰਕ ਰਈਸਾਂ ਦਾ

ਹੁਣ ਤੇਰੀ ਯਾਦ ਸਤੌਂਦੀ ਏ, ਹੋਰ ਅਸਾਂ ਕੁਝ ਭਾਉਂਦਾ ਨਹੀਂ
ਚਿੱਠੀਆਂ ਲਿਖ ਤੈਨੂੰ ਯਾਦ ਕਰਾਂ, ਹੋਰ ਅਸਾਂ ਕੁਝ ਆਉਂਦਾ ਨਹੀਂ
ਬੈਂਸ ਯਾਰ ਨੂੰ ਮਨਾ ਲੈ, ਰਾਹ ਭੁੱਲ ਜਾਊ ਮੰਦਰ ਮਸੀਤਾਂ ਦਾ

ਪਾ ਕੇ ਮਾਹੀ ਨਾਲ ਪਿਆਰ, ਭੁੱਲ ਗਈ ਨਮਾਜ਼ ਰੱਬ ਦੀ
ਸੱਜਣਾ ਨੂੰ ਦਿਲ ਚ ਵਸਾ ਕੇ, ਭੁੱਲ ਗਈ ਯਾਦ ਜੱਗ ਦੀ
ਪਿਆਰ ਜੱਗ ਨੂੰ ਭਾਉਣਾ, ਚੱਜ ਨਹੀਂ ਜੱਗ ਦੀਆਂ ਰੀਤਾਂ ਦਾ

ਤਰਲੇ ਕੱਢਾਂ ਵਾਸਤੇ ਪਾਵਾਂ, ਇਸ਼ਕ ਨਾ ਕਰਿਓ ਕੋਈ
ਅਪਣਾ ਸਭ ਕੁਝ ਭੁੱਲ ਬੈਠੀ, ਮੈਂ ਉਹਦੇ ਵਰਗੀ ਹੋਈ
ਦੁਨੀਆਂ ਤੈਨੂੰ ਧਰਮਾਂ ਚੋਂ ਲੱਭੇ, ਰਾਹ ਤੇਰਾ ਪ੍ਰੇਮ ਪ੍ਰੀਤਾਂ ਦਾ

ਪਾਰਉਤਾਰਾ

ਜਿਹਨੂੰ ਲੋਕੀਂ ਪਿਆਰ ਆਖਦੇ, ਭੇਦ ਤੇਰੇ ਦਿਲ ਦਾ ਏ
ਪਿਆਰ ਵਿਚ ਉਹਨੇ ਜੱਗ ਸਾਜਿਆ, ਇਸੇ ਚੋਂ ਉਹ ਮਿਲਦਾ ਏ

ਤੈਥੋਂ ਰੱਬ ਦੂਰ ਨਹੀਂ ਵਸਦਾ, ਵਸਦਾ ਦਿਲ ਦੇ ਅੰਦਰ
ਛੁਪ ਛੁਪ ਕੇ ਨਜ਼ਾਰੇ ਵੇਖਦਾ ਏ, ਵਿਚੇ ਪਾਇਆ ਮੰਦਰ
ਤੇਰਾ ਕੀਤਾ ਤੈਂ ਚ ਲਿਖਦਾ, ਭੇਦੀ ਹਰ, ਹਰ ਦਿਲ ਦਾ ਏ

ਮਨ ਦੀ ਸਫਾਈ ਕਰਨੀ ਪੈਂਦੀ, ਤਾਂ ਜਾ ਕੇ ਦਿਲ ਟਿਕਦਾ
ਜੇ ਪਿਆਰ ਕਿਸੇ ਨੂੰ ਹੋ ਜਾਵੇ, ਤਾਂ ਮਨ ਮਾਹੀ ਤੇ ਵਿਕਦਾ
ਕਮਲ ਨੀਰ ਚ ਮਾਰਾਂ ਖਾ ਕੇ, ਰਸਦਾ ਵਸਦਾ ਖਿਲਦਾ ਏ

ਜੇ ਰੱਬ ਮਿਲਦਾ ਨ੍ਹਾਤੇ ਧੋਤੇ, ਮਿਲਦਾ ਡੱਡੂਆਂ ਮੱਛੀਆਂ ਨੂੰ
ਜੇ ਰੱਬ ਮਿਲਦਾ ਜਤੀਆਂ ਸਤੀਆਂ, ਮਿਲਦਾ ਖੁਸਰੇ ਖੱਸੀਆਂ ਨੂੰ
ਰੱਬ ਮਿਲਦਾ ਏ ਯਾਰ ਮਨਾ ਕੇ, ਖੁਦ ਮਰ ਕੇ ਦਰ ਮਿਲਦਾ ਏ

ਜੇ ਰੱਬ ਮਿਲਦਾ ਜੰਗਲ ਬੇਲੇ, ਮਿਲਦਾ ਸ਼ੇਰ ਬਘੇਰਿਆਂ ਨੂੰ
ਮਾਰ ਖਾਣ ਉਹ ਹਿਰਨ ਜੰਗਲ ਦੇ, ਨਾਲੇ ਤਿੱਤਰ ਬਟੇਰਿਆਂ ਨੂੰ
ਬਣ ਕਸਾਈ ਕਰ ਪ੍ਰੇਮ ਕਮਾਈ, ਕੱਚ ਨਹੀਂ ਇਕ ਤਿਲ ਦਾ ਏ

ਜੇ ਰੱਬ ਮਿਲਦਾ ਪਾਠ ਕੀਤਿਆਂ, ਮਿਲਦਾ ਗਿਆਨੀ ਧਿਆਨੀਆਂ ਨੂੰ
ਉਹ ਬਗਲ ਸਮਾਧ ਲਗਾ ਕੇ ਬਹਿੰਦੇ, ਤੱਕਦੇ ਰਹਿਣ ਜਨਾਨੀਆਂ ਨੂੰ
ਪਾਠ ਬਣਾਇਆ ਅਮਲ ਕਰਨ ਨੂੰ, ਬਿਨ ਅਮਲਾਂ ਕੁਝ ਨਾ ਮਿਲਦਾ ਏ

ਧਰਮ ਕਰਨ ਪਰਚਾਰ ਰੱਬ ਦਾ, ਪਰ ਸਭ ਪਿਆਰ ਤੋਂ ਡਰਦੇ
ਪੋਥੀ ਛੱਡ ਕਤੇਬ ਪੜ੍ਹੀ ਜਾ, ਕਦੀ ਨਾ ਲੱਥਦੇ ਦਿਲ ਦੇ ਕਰਜ਼ੇ
ਕਰਮ ਧਰਮ ਸਭ ਦੁਨੀਆਂ ਬਾਜ਼ੀ, ਉਹਦਾ ਭੇਦ ਨਾ ਖੁਲ੍ਹਦਾ ਏ

ਬੈਂਸ ਜੇ ਰੱਬ ਨੂੰ ਪਾਉਣਾ ਚਾਹੁੰਨੈ, ਪਿਆਰ ਮਾਹੀ ਨਾਲ ਪਾ ਲੈ
ਪਿਆਰ ਪਾ ਕੇ ਯਾਰ ਮਨਾ ਲੈ, ਨੀਵਾਂ ਹੋ ਕੇ ਆਪ ਮਿਟਾ ਲੈ
ਰੱਬ ਪਿਆਰ ਯਾਰ ਨੂੰ ਸੌਂਪਿਆ, ਉਹ ਭੇਦੀ ਉਹਦੇ ਦਿਲ ਦਾ ਏ

ਅੱਖਾਂ ਲਾ ਕੇ

ਮਾਹੀ ਨਾਲ ਅੱਖਾਂ ਲਾ ਕੇ, ਦਿਲ ਦਾ ਕਰਾਰ ਖੋ ਗਿਆ
ਹੁਣ ਲਗਦਾ ਨਹੀਂ ਚਿੱਤ, ਪਤਾ ਨਹੀਂ ਇਹਨੂੰ ਕੀ ਹੋ ਗਿਆ

ਅੱਖੀਆਂ ਨਾਲ ਅੱਖੀਆਂ ਲਾ ਕੇ, ਹੋ ਗਏ ਨੈਣਾਂ ਦੇ ਕਰਾਰ
ਉਹਨੇ ਸਾਡਾ ਮਨ ਹਰ ਲਿੱਤਾ, ਦਿਲ ਹੋ ਗਿਆ ਬਿਮਾਰ
ਉਹਦਾ ਨਾਂ ਲਬਾਂ ਤੇ ਵਸਦਾ, ਜੀਅੜੇ ਦਾ ਚੈਨ ਖੋ ਗਿਆ

ਹੁਣ ਮਿਲਿਆ ਦਿਲਾਂ ਦਾ ਰਾਹੀ, ਜਿਹਨੇ ਸਾਡਾ ਦਿਲ ਜਿੱਤ ਲਿਆ
ਕੀ ਖੱਟਿਆ ਈ ਯਾਰੀ ਲਾ ਕੇ, ਜਿਹਨੇ ਦਮ ਦਮ ਦਮ ਖਿੱਚ ਲਿਆ
ਮਾਹੀ ਸੁਫਨੇ ਆਣ ਜਗਾਉਂਦਾ ਏ, ਉਹਨੇ ਸਾਡਾ ਦਿਲ ਮੋਹ ਲਿਆ

ਕੀ ਦੱਸਾਂ ਮੈਂ ਤੈਨੂੰ ਨੀ ਅੜੀਏ, ਉਹ ਮਿਲ ਗਿਆ ਰਾਹ ਮਦੀਨੇ
ਨੈਣਾਂ ਨਾਲ ਨੈਣ ਮਿਲਾ ਉਹਨੇ, ਚਾਨਣ ਕਰ ਦਿੱਤਾ ਨੈਣ ਨਬੀਨੇ
ਮਾਹੀ ਟੁਰ ਗਿਆ ਬੇੜੀ ਤੇ ਚੜ੍ਹਾ ਕੇ, ਪੱਤਣਾ ਤੇ ਦਿਲ ਖੋ ਗਿਆ

ਮੈਂ ਨਹੀਂ ਮੇਰੇ ਪੱਲੇ ਕੁਝ ਨਹੀਂ, ਲਿਖਣ ਦੀ ਅਸਾਂ ਸੁੱਧ ਨਹੀਂ
ਐਵੇਂ ਮਨ ਦੇ ਘੋੜੇ ਦੌੜਦੇ ਨੇ, ਪਰ ਸਕਦੀ ਤੈਨੂੰ ਬੁੱਝ ਨਹੀਂ
ਕਦੀ ਇਹ ਸੋਚਾਂ ਕਦੀ ਉਹ ਲਿਖਾਂ, ਜੋ ਹੋਣਾ ਸੀ ਹੋ ਗਿਆ

ਮੰਨਿਆਂ ਕਿ ਅਸਾਂ ਕੁਛ ਨਹੀਂ, ਜੀ ਰਹੇ ਹਾਂ ਜ਼ਿੰਦਗੀ ਸਹਾਰੇ
ਯਾਦ ਮਾਹੀ ਦੀ ਆਉਂਦੀ ਏ, ਇਕ ਦਿਨ ਲਾਏਗਾ ਕਿਨਾਰੇ
ਕਰਾਂ ਮਾਹੀ ਮਾਹੀ ਮਾਹੀ, ਮਾਹੀ ਨੇ ਮੇਰਾ ਜੀ ਭਲੋ ਲਿਆ

ਮਜ਼ਾ ਇਸ਼ਕ ਦਾ ਉਹਨੂੰ ਆਵੇ, ਜਿਹਦਾ ਯਾਰ ਬੁੱਕਲ ਚ ਖੇਲ੍ਹੇ
ਇਸ ਜਨਮ ਤੋਂ ਕਰੇ ਰਿਹਾਈ, ਅਗਲੇ ਜਨਮ ਦੇ ਕੱਟੇ ਝਮੇਲੇ
ਲਿਖੀਆਂ ਨਹੀਂ ਮਿਟਦੀਆਂ, ਬੈਂਸ, ਜੋ ਲਿਖਿਆ ਸੋ ਹੋ ਗਿਆ

ਦਿਲ ਕੋਲ ਰਹੇਂ

ਦੂਰ ਵਸੇਂ ਦਿਲ ਕੋਲ ਰਹੇਂ, ਯਾਦ ਕਰਾਂ ਰੱਜ ਰੱਜ ਵੇ
ਕੀ ਲੈਣਾ ਹੁਣ ਦੁਨੀਆਂ ਤੋਂ, ਮਨ ਚ ਵਸਦਾ ਰੱਬ ਵੇ

ਬੈਠੀ ਮੈਂ ਤੇਰੇ ਦਰ ਤੇ, ਸਜਦੇ ਕਰਦੀ ਮਿਨਤਾਂ ਕਰਕੇ
ਕਦ ਹੋਸੀ ਦਿਦਾਰ ਵੇ ਅੜਿਆ, ਪੁੱਛਾਂ ਮੈਂ ਡਰ ਡਰ ਕੇ
ਸੱਜਣਾ ਸਾਡਾ ਦਿਲ ਨਾ ਤੋੜੀਂ, ਸਾਡੇ ਚ ਬਹੁਤੇ ਕਜ ਵੇ

ਅੱਖੀਆਂ ਚ ਕਜਲਾ ਕੰਨੀਂ ਝੁਮਕੇ, ਛਣਕ ਵੰਙਾਂ ਦੇ ਵੱਜਦੇ
ਜੇ ਮਾਹੀ ਆ ਨੈਣ ਮਿਲਾਵੇ, ਮੈਂ ਝੁਕ ਝੁਕ ਕਰਦੀ ਸਜਦੇ
ਪਲਕਾਂ ਸਾਹਮਣੇ ਬਹਿ ਮਾਹੀ, ਤੈਨੂੰ ਵੇਖ ਲਵਾਂ ਰੱਜ ਰੱਜ ਕੇ

ਦਰਦ ਇਸ਼ਕ ਦਾ ਮਾਣਕ ਮੋਤੀ, ਦਰਦ ਇਸ਼ਕ ਦਾ ਗਹਿਣਾ
ਦਿਲ ਦਾ ਰੋਗ ਨਹੀਂ ਦੱਸਣਾ, ਤੇਰੇ ਸਾਹਮਣੇ ਬੈਠ ਕੇ ਰੋਣਾ
ਹਾਰ ਸੰਗਾਰ ਬਣਾ ਕੇ ਮੈਂ, ਤੇਰਾ ਦਿਲ ਤੜਫਾਉਣਾ ਅੱਜ ਵੇ

ਨੈਣ ਚੁਰਾ ਕੇ ਦਿਲ ਤੜਫਾਵੇਂ, ਸਾਡੇ ਵਿਚ ਕੀ ਕਜ ਵੇ
ਤੇਰੀ ਸੂਰਤ ਜੀ ਚ ਵਸਦੀ, ਦੱਸ ਆਵੇਂਗਾ ਕਦ ਵੇ
ਉਠਾ ਪੜਦਾ ਮਿਲਾ ਨਜ਼ਰਾਂ, ਤੇਰੀ ਦੀਦ ਚ ਸਾਡੀ ਹੱਜ ਵੇ

ਲੋਕੀ ਜਾਣ ਮਦੀਨੇ ਲੱਭਣ, ਮੇਰਾ ਯਾਰ ਦਿਲਾਂ ਚ ਵਸਦਾ
ਤੂੰ ਹੀ ਤੂੰ ਹੀ ਕਰਦੀ ਜਾਵਾਂ, ਇਹੋ ਮੇਰੇ ਯਾਰ ਦਾ ਸਜਦਾ
ਜੀ ਕਰਦਾ ਤੈਨੂੰ ਵੇਖੀ ਜਾਵਾਂ, ਚੰਨਾਂ, ਤੂੰ ਹੀ ਮੇਰਾ ਰੱਬ ਵੇ

ਯਾਰ ਮਨਾ ਅੜੀਏ

ਜੇ ਪਿਆਰ ਦੀ ਬਾਜ਼ੀ ਲਾਉਣੀ ਏ, ਦਿਲ ਤੇ ਕਾਬੂ ਪਾ ਅੜੀਏ
ਜੇ ਲਾ ਕੇ ਤੋੜ ਨਿਭਾਉਣੀ ਏ, ਨੱਚ ਨੱਚ ਕੇ ਯਾਰ ਮਨਾ ਅੜੀਏ

ਕਹਿੰਦੇ ਹਸ ਕੇ ਸੱਜਣ ਛੱਡੀਏ, ਰਹੇ ਫਿਰ ਮਿਲਣ ਦੀ ਆਸ
ਦਿਲ ਰਹੇ ਮਿਲਣ ਨੂੰ ਤੜਫਦਾ, ਬੁਝੇ ਨਾ ਦਿਲ ਦੀ ਪਿਆਸ
ਸੁਫਨਿਆਂ ਚ ਮਾਹੀ ਯਾਦ ਆਵੇ, ਇਸ਼ਕ ਦੇਵੇ ਤੜਫਾ ਅੜੀਏ

ਮਾਹੀ ਨੂੰ ਪਿੱਛੇ ਲਾਉਣ ਲਈ, ਦਿਲ ਚੀਰ ਵਖਾਉਣਾ ਪੈਂਦਾ ਏ
ਕਰਜ਼ ਲੈ ਕੇ ਅਸਾਂ ਆਏ ਏਥੇ,ਇਹ ਕਰਜ਼ ਚੁਕਾਉਣਾ ਪੈਂਦਾ ਏ
ਸਾਹ ਵੀ ਤੈਨੂੰ ਮਿਲੇ ਉਧਾਰੇ,ਹਰ ਸਾਹ ਚ ਉਹਨੂੰ ਧਿਆ ਅੜੀਏ

ਹਸ ਕੇ ਮਿਲਣਾ,ਮਿਲ ਕੇ ਹਸਣਾ,ਪਿਆਰ ਦੀਆਂ ਇਹ ਰੀਤਾਂ
ਮਿਲ ਕੇ ਵਿਛੜਨ ਤੋਂ ਡਰ ਲਗਦੈ,ਕਿਤੇ ਟੁੱਟ ਨਾ ਜਾਣ ਪ੍ਰੀਤਾਂ
ਜੇ ਸੁਹਣਾ ਰੁੱਸ ਕੇ ਟੁਰ ਜਾਵੇ, ਨਾ ਲੱਥੇ ਈਦ ਦਾ ਚਾ ਅੜੀਏ

ਨੈਣਾਂ ਨਾਲ ਨੈਣ ਐਵੇਂ ਲੜ ਜਾਂਦੇ, ਯਾਰੀ ਲਾਉਣੀ ਸੌਖੀ ਏ
ਇਸ਼ਕ ਲੜਾਉਣ ਦਾ ਚਾ ਤੈਨੂੰ, ਲਾ ਕੇ ਨਿਭਾਉਣੀ ਔਖੀ ਏ
ਬਣ ਕੇ ਖਾਕ ਦੁਆਰੇ ਦੀ, ਮਾਹੀ ਨਾਲ ਲਾਡ ਲਡਾ ਅੜੀਏ

ਜਿਵੇਂ ਸੱਸੀ ਪੁਨੂੰ ਦੀ ਦੋਸਤੀ, ਜਿਵੇਂ ਹੀਰ ਰਾਂਝਣ ਦਾ ਪਿਆਰ
ਤੇਰੇ ਕੱਚ ਦੀ ਨਹੀਂ ਪਰਵਾਹ ਸਾਨੂੰ, ਅਸਾਂ ਜਾਣਾ ਝਨਾਂ ਦੇ ਪਾਰ
ਵੇਖ ਨਜ਼ਰਾ ਇਸ਼ਕੇ ਦਾ, ਪਿਆਰ ਬੈਂਸ ਨਾਲ ਪਾ ਅੜੀਏ

ਸੱਟ ਕਲੇਜੇ

ਮਾਹੀ ਮਾਹੀ ਕਰਦੀ ਜਾਹ, ਤੂੰ ਲਾ ਕੇ ਇਕੋ ਰੱਟ ਨੀ
ਮਨ ਦਾ ਦੀਵਾ ਤਾਂ ਜਗਣਾ, ਜੇ ਵੱਜੇ ਕਲੇਜੇ ਸੱਟ ਨੀ

ਮਾਹੀ ਮੇਰੇ ਜੀ ਚ ਵਸਦਾ, ਨੀ ਮੈਂ ਕਰਦੀ ਰਾਂਝਾ ਰਾਂਝਾ
ਰਾਂਝਣ ਮੈਂ ਚ ਮੈਂ ਰਾਂਝਣ ਚ, ਪਿਆਰ ਦੋਹਾਂ ਦਾ ਸਾਂਝਾ
ਤਾਰ ਦਿਲਾਂ ਦੀ ਖਿੱਚ ਲੈ ਆਈ, ਛੇੜੂ ਬਣਿਆਂ ਜੱਟ ਨੀ

ਉਹ ਮੇਰੇ ਚ ਮੈਂ ਉਹਦੇ ਵਿਚ, ਹਰ ਸ਼ੈ ਚ ਉਹ ਵਸਦਾ ਏ
ਛੁਪ ਛੁਪ ਕੇ ਨਜ਼ਾਰੇ ਵੇਖਦਾ ਏ, ਭੇਦ ਕਿਸੇ ਨਾ ਦੱਸਦਾ ਏ
ਤੂੰ ਭੀ ਉਹ ਤੇ ਮੈਂ ਭੀ ਉਹ, ਪਰ ਸਭ ਕੁਝ ਉਹਦੇ ਵਸ ਨੀ

ਪਲ ਪਲ ਮੈਨੂੰ ਮਾਹੀ ਦਿਸਦਾ, ਮੈਂ ਕਿਹਨੂੰ ਆਖ ਸੁਣਾਵਾਂ
ਬੈਂਸ ਨਿਮਾਣੇ ਮਰਜ਼ ਇਸ਼ਕ ਦੀ, ਕੁੱਟ ਚੂਰੀਆਂ ਪਾਵੇ ਕਾਵਾਂ
ਸੁਣ ਕਾਵਾਂ ਤੈਨੂੰ ਹਾਲ ਸੁਣਾਵਾਂ, ਜਾਹ ਮਾਹੀ ਨੂੰ ਦੱਸ ਨੀ

ਮੰਦਿਰ ਤੇ ਗੁਰਦੁਆਰੇ ਬਣ ਗਏ, ਇਹ ਸਭ ਤੇਰੇ ਮੈਖ਼ਾਨੇ
ਕੋਈ ਗਿਰਜਾ ਕੋਈ ਮਸਜਿਦ ਪੂਜੇ, ਮਿਲਣ ਦੇ ਕਰਨ ਬਹਾਨੇ
ਇਸ਼ਕ ਮਾਹੀ ਨਾਲ ਹੋ ਜਾਵੇ, ਕੰਮ ਧਰਮ ਦਾ ਜਾਵੇ ਨੱਠ ਨੀ

ਕੋਠੈ ਚੜ੍ਹ ਚੜ੍ਹ ਦਵੇਂ ਦੁਹਾਈ, ਮੁਨਾਰੇ ਚੜ੍ਹ ਚੜ੍ਹ ਮਾਰੇਂ ਕੂਕਾਂ
ਉਹਨੂੰ ਸਭ ਕੁਝ ਸੁਣ ਜਾਂਦਾ ਏ, ਭਾਵੇਂ ਮਾਰ ਕੰਨ ਚ ਫੂਕਾਂ
ਰੱਬ ਯਾਰ ਦੇ ਪਿਆਰ ਚੋਂ ਮਿਲਦਾ, ਯਾਰ ਮਾਸ਼ੂਕਾਂ ਵਸ ਨੀ

ਪਿਆਰ ਚ ਉਹਨੇ ਜੱਗ ਸਾਜਿਆ, ਇਸੇ ਚ ਉਹ ਵਸਦਾ
ਜਿਹੜਾ ਪਿਆਰ ਦੀ ਬਾਜ਼ੀ ਲਾਵੇ, ਉਹਨੂੰ ਉਹ ਰਾਹ ਦੱਸਦਾ
ਯਾਰ ਬਣਾ ਲੈ ਪਿਆਰ ਜਤਾ ਲੈ, ਯਾਰ ਮਨਾ ਨੱਚ ਨੱਚ ਨੀ

ਥੋੜੇ ਰਹਿ ਗਏ

ਮਾਹੀ ਛੱਡ ਗਿਆ ਅੱਖੀਆਂ ਮਿਲਾ ਕੇ, ਵਿਛੋੜੇ ਪੈ ਗਏ ਈ
ਇਕ ਦਿਨ ਅਸਾਂ ਭੀ ਟੁਰ ਜਾਣਾ, ਦਿਨ ਥੋੜੇ ਰਹਿ ਗਏ ਈ

ਨੈਣਾਂ ਨਾਲ ਨੈਣ ਮਿਲਾ ਅੜਿਆ, ਦਿਲ ਦਾ ਕਰਾਰ ਹੋ ਗਿਆ
ਕੁਝ ਪਤਾ ਹੀ ਨਾ ਲੱਗਾ, ਕਿਵੇਂ, ਕਿਉਂ, ਕਿੱਥੇ, ਕੀ ਹੋ ਗਿਆ
ਹੁਣ ਥੰਮਦਾ ਨਹੀਂ ਦਿਲ, ਅੱਖੀਆਂ ਚੋਂ ਅੱਥਰੂ ਬਹਿ ਗਏ ਈ

ਤੜਕੇ ਪਹਿਰ ਦੇ ਸੁਫਨਾ ਆਇਆ, ਮਾਹੀ ਨੇ ਲਾਡ ਲਡਾਇਆ
ਸੁਫਨਾ ਟੁੱਟਿਆ ਮਾਹੀ ਰੁੱਸਿਆ, ਕੁਝ ਭੀ ਨਜ਼ਰ ਨਾ ਆਇਆ
ਹੁਣ ਕੁਝ ਭੀ ਚੇਤੇ ਨਹੀਂ ਆਉਂਦਾ, ਜੋ ਕਹਿਣਾ ਸੋ ਕਹਿ ਗਏ ਈ

ਸੁਫਨਿਆਂ ਤੂੰ ਸੁਲਤਾਨ ਹੈਂ, ਮੇਰੇ ਮਾਹੀ ਦਾ ਮੇਲ ਕਰਾਇਆ
ਸਾਡੇ ਨੈਣ ਮਿਲੇ, ਮਿਲ ਕੇ ਝੁਕੇ, ਦਿਲ ਚ ਪਿਆਰ ਵਧਾਇਆ
ਮੁੜ ਨਹੀਂ ਆਉਣਾ ਮਾਹੀ ਨੇ, ਸੁਫਨੇ ਚ ਇਹ ਕਹਿ ਗਏ ਈ

ਅੱਖੀਆਂ ਚੋਂ ਅੱਥਰੂ ਵਗਦੇ ਨੇ, ਮਨ ਪੈ ਗਿਆ ਵਸ ਵਿਚਾਰਾਂ ਦੇ
ਮਾਹੀ ਪਲਕਾਂ ਚ ਵਸਦਾ ਏ, ਪਲ ਚੇਤੇ ਆਉਂਦੇ ਕੌਲ ਕਰਾਰਾਂ ਦੇ
ਦਰਦ ਝੱਲਿਆ ਨਹੀਂ ਜਾਂਦਾ, ਕੁਝ ਕਹਿ ਗਏ ਦਿਲ ਢਹਿ ਗਏ ਈ

ਤਿੱਖੇ ਤੀਰ ਚਲਾ ਕੇ ਨੈਣਾਂ ਦੇ, ਮਾਹੀ ਟੁਰ ਗਿਆ ਪਰਦੇਸ ਨੂੰ
ਮਨ ਚਾਰੇ ਵੰਨੇ ਉੜਦਾ ਫਿਰੇ, ਤੱਕੇ ਕਦੀ ਸਿਆਲ ਕਦੀ ਕੇਚ ਨੂੰ
ਸੀਸ ਝੁਕਾਇਆ ਨਹੀਂ ਉਠਦਾ, ਜੋ ਦਰ ਮਾਹੀ ਦੇ ਢਹਿ ਗਏ ਈ

ਸੁਫਨਾ ਇਹ ਸੰਸਾਰ ਹੈ, ਅੱਜ ਖੱਟ ਲੈ, ਕੱਲ੍ਹ ਤੇਰੇ ਨਾਲ ਚੱਲੇ
ਅੱਖ ਖੁਲ੍ਹੀ ਸੁਫਨਾ ਮੁੱਕ ਗਿਆ, ਰਿਹਾ ਕੁਝ ਨਾ ਬੈਂਸ ਦੇ ਪੱਲੇ
ਮੜ੍ਹੀਆਂ ਤੇ ਮੇਲੇ ਲਗਦੇ ਈ, ਜਿਹੜੇ ਮਾਹੀ ਮਾਹੀ ਕਹਿ ਗਏ ਈ

ਫਰਜ਼ੀ ਦੁਨੀਆਂ

ਸਾਰੀ ਦੁਨੀਆਂ ਫਰਜ਼ੀ ਏ, ਇਥੇ ਕੁਝ ਨਹੀਂ ਪੈਂਦਾ ਪੱਲੇ
ਸਭ ਮੜ੍ਹੀਆਂ ਤੋਂ ਮੁੜ ਆਉਂਦੇ, ਅੱਗੇ ਨਾਲ ਨਾ ਕੋਈ ਚੱਲੇ

ਮੇਰੀ ਮੇਰੀ ਕਰ ਉਮਰ ਬਿਹਾਜੀ, ਮਰ ਮਰ ਬੋਝੇ ਭਰਦਾ
ਮਾਰੇਂ ਠੱਗੀਆਂ ਕਰੇਂ ਚੋਰੀਆਂ, ਰੱਬ ਕੋਲੋਂ ਭੀ ਨਾ ਡਰਦਾ
ਤੇਰੇ ਕਰਮ ਤੈਂ ਵਿਚ ਲਿਖਦਾ, ਜੋ ਖੱਟਿਆ ਪਾਏਗਾ ਪੱਲੇ

ਸਭ ਬਾਜ਼ੀਗਰ ਦੀ ਬਾਜ਼ੀ ਏ, ਸਾਰਾ ਜੱਗ ਖੇਲ੍ਹ ਤਮਾਸ਼ਾ
ਤੂੰ ਭੀ ਅਪਣੀ ਕਿਸਮਤ ਅਜਮਾ, ਖੇਡ੍ਹ ਕੇ ਸਾਰ ਪਾਸਾ
ਹਾਣ ਲਾਭ ਦੇ ਝਗੜੇ ਅੜੀਏ, ਕਦੀ ਉਤੇ ਕਦੀ ਥੱਲੇ

ਪਿਛਲੇ ਪਹਿਰੇ ਸੁਫਨਾ ਆਇਆ, ਮਾਹੀ ਨੇ ਗਲ ਲਾਇਆ
ਅੱਖ ਖੁਲ੍ਹੀ ਮੇਰਾ ਮਾਹੀ ਖੋ ਗਿਆ, ਐਵੈਂ ਦਿਲ ਧੜਕਾਇਆ
ਕਦੀ ਸੁਫਨੇ ਸੱਚ ਨਹੀਂ ਹੁੰਦੇ, ਹੁਣ ਰਹਿ ਗਏ ਕੱਲਮ ਕੱਲੇ

ਬੰਦਿਆ, ਇਸ ਜਨਮ ਚੋਂ ਖੱਟ ਲੈ, ਨਾਲ ਤੇਰੇ ਜੋ ਚੱਲੇ
ਇੱਥੇ ਕੋਈ ਸਦਾ ਨਹੀਂ ਟਿਕਦਾ, ਸਭ ਬੁਰੇ ਭਾਵੇਂ ਭਲੇ
ਹੱਥ ਚ ਕੁਝ ਨਹੀਂ ਅੱਗੇ ਪਤਾ ਨਹੀਂ, ਕੀ ਪੈਣਾ ਏ ਪੱਲੇ

ਪਿਆਰ ਚ ਉਹਨੇ ਜੱਗ ਬਣਾਇਆ, ਇਸੇ ਚ ਉਹ ਵਸਦਾ
ਯਾਰ ਬਣਾ ਲੈ ਪਿਆਰ ਪਾ ਲੈ, ਰੱਖ ਮਹਿਬੂਬ ਦਾ ਤਕਵਾ
ਬੈਂਸ, ਜੇ ਉਹਦੀ ਬਣ ਜਾਵੇਂ, ਮੁੜ ਤੈਨੂੰ ਨਾਲ ਲੈ ਚੱਲੇ

ਮਹਿਫਿਲ

ਮਹਿਬੂਬ ਦੇ ਮੈਖ਼ਾਨੇ ਚ, ਰਿੰਦ ਦਰਦ ਦੇ ਮਾਰੇ ਆਉਂਦੇ ਨੇ
ਦਿਲ ਦੇ ਕੇ ਕਾਤਿਲ ਨੈਣਾਂ ਨੂੰ, ਗਮ ਖੱਟ ਕੇ ਦਿਲ ਖੋ ਜਾਂਦੇ ਨੇ

ਦਰ ਦਰ ਤੈਨੂੰ ਫਿਰਾਂ ਭਾਲਦੀ, ਅਸਾਂ ਭੁੱਖੇ ਤੇਰੇ ਪਿਆਰ ਦੇ
ਪ੍ਰੀਤ ਦਿਲ ਨੂੰ ਖਿੱਚ ਲੈ ਆਈ, ਮਾਹੀ ਬੂਹੇ ਖੋਲ੍ਹ ਦੁਆਰ ਦੇ
ਦਿਲ ਤੜਫੇ ਤੈਨੂੰ ਵੇਖਣ ਨੂੰ, ਮੈਨੂੰ ਤੇਰੇ ਸੁਫਨੇ ਆਉਂਦੇ ਨੇ

ਤੇਰੇ ਜਿਹਾ ਮੈਨੂੰ ਹੋਰ ਨਾ ਕੋਈ, ਤੂੰ ਮੇਰਾ ਮੈਂ ਤੇਰੀ ਹੋਈ
ਹਟਾ ਪਰਦਾ ਮਿਲਾ ਨਜ਼ਰਾਂ, ਤੇਰੇ ਬਾਝੋਂ ਮਿਲੇ ਨਾ ਢੋਈ
ਅੜੀਏ, ਬਣ ਖ਼ਾਕ ਦੁਆਰੇ ਦੀ, ਤੇਰੇ ਯਾਰ ਬੁਲਾਉਂਦੇ ਨੇ

ਸ਼ੌਕ ਨਹੀਂ ਮੈਨੂੰ ਚਾਕ ਬਣਨ ਦਾ, ਤੂੰ ਸਾਡਾ ਦੀਨ ਇਮਾਨ
ਤੇਰੇ ਬਾਝੋਂ ਪਲ ਨਹੀਂ ਲੰਘਦਾ, ਕਰ ਸਾਡੇ ਤੇ ਅਹਿਸਾਨ
ਪਿਆਰ ਨੇ ਸਾਡੀ ਵਿੱਥ ਮੁਕਾਈ, ਦਿਲ ਆਪੇ ਮੇਲ ਕਰਾਉਂਦੇ ਨੇ

ਬਹੁਤ ਚਿਰਾਂ ਤੋਂ ਵਿਛੜੇ ਸਾਂ, ਸਾਡੀ ਪਿਛਲੇ ਜਨਮ ਦੀ ਜੋੜੀ
ਮੈਂ ਮਾਪੇ ਛੱਡ ਲੱਗੀ ਲੜ ਤੇਰੇ, ਮਾਹੀ ਹੁਣ ਨਾ ਖਾਲੀ ਮੋੜੀਂ
ਬੈਂਸ, ਤੇਰੇ ਬਣ ਕੇ ਰਹਿਣਾ ਏ, ਆਸਾਰ ਨਜ਼ਰ ਆਉਂਦੇ ਨੇ

ਜਿਹੜਾ ਸਾਡੇ ਦਿਲ ਚ ਵਸਦਾ, ਸੁਹਣੇ ਦੇ ਮੈਂ ਸਦਕੇ ਜਾਵਾਂ
ਜੇ ਕਿਧਰੇ ਸੁਹਣਾ ਮਿਲ ਜਾਵੇ, ਉਹਨੂੰ ਦਿਲ ਦਾ ਹਾਲ ਸੁਣਾਵਾਂ
ਅਸਾਂ ਮੁਖੜੇ ਦਾ ਨਜ਼ਾਰਾ ਲੈਣਾ ਏ, ਸਾਡੇ ਅਰਮਾਨ ਸਤੌਂਦੇ ਨੇ

ਚੇਤੇ ਕਰਿਆ ਕਰੇਂਗੀ

ਰੁੱਖ ਪਿਆਰ ਦਾ ਲਾ ਕੇ, ਕਿਸੇ ਆਪਣਾ ਬਣਾ ਕੇ
ਪਾਲ ਪੋਸਿਆ ਕਰੇਂਗੀ, ਪਾਣੀ ਹੰਝੂਆਂ ਦਾ ਲਾ ਕੇ
ਚੇਤੇ ਕਰਿਆ ਕਰੇਂਗੀ ਉਹਨੂੰ, ਰੋ ਰੋ ਕੇ

ਪਿਆਰ ਦਿਲ ਦੀ ਬਿਮਾਰੀ, ਟੁੱਟੇ ਨਾ ਉਮਰ ਸਾਰੀ
ਦਿਲ ਰੱਟ ਲਾਈ ਜਾਵੇ,ਜਾਵਾਂ ਸੱਜਣਾ ਦੇ ਬਲਿਹਾਰੀ
ਇਹ ਛੁਪੇ ਨਾ ਛੁਪਾਇਆਂ,ਭਾਵੇਂ ਰੱਖ ਲਈਂ ਲਕੋ ਕੇ

ਜਦੋਂ ਯਾਦ ਉਹਦੀ ਆਵੇ,ਹੋਵੇ ਮਿੱਠਾ ਜਿਹਾ ਦਰਦ
ਵੈਦ ਮਰਜ਼ ਕੀ ਜਾਣੇ, ਨਾ ਇਹ ਗਰਮ ਨਾ ਸਰਦ
ਜ਼ਖਮ ਨਜ਼ਰ ਨਹੀਂ ਆਉਂਦੇ, ਕੀ ਲੈਣਾ ਹੁਣ ਧੋ ਕੇ

ਚੰਨ, ਰੈਣ ਨੂੰ ਸਿਖਾਵੇ, ਉਹਨੂੰ ਖਿੱਚ ਕੇ ਲਿਆਵੇ
ਚਿੱਤ ਲਗਦਾ ਨਾ ਉਹਦਾ, ਚੈਨ ਦਿਲ ਨੂੰ ਨਾ ਆਵੇ
ਚਕੋਰੀ ਵਾਂਗ ਦਿਲ ਉੜੇ, ਮਾਲਾ ਪਿਆਰ ਦੀ ਪਰੋ ਕੇ

ਕਰ ਮਾਹੀ ਨਾਲ ਪਿਆਰ, ਉਹ ਤੇਰਾ ਦਿਲਦਾਰ
ਉਹਦਾ ਦਿਲ ਧੜਕਾ ਦੇ, ਬਣ ਜਾਵੇ ਤੇਰਾ ਯਾਰ
ਬੈਂਸ, ਦਿਲ ਚੀਰ ਕੇ ਵਖਾ, ਕੀ ਲੈਣਾ ਏ ਰੋ ਕੇ

ਪਿਆਰ ਸਾਰਾ ਜੱਗ ਆਖੇ, ਪਿਆਰ ਦਿਲ ਦੀ ਬਿਮਾਰੀ
ਹੋਵੇ ਪਿਆਰ ਦਾ ਦਰਦ, ਪੀੜ ਜਾਂਦੀ ਨਹੀਂ ਸਹਾਰੀ
ਬੈਂਸ, ਹੋਵੇ ਪਿਆਰ ਇਜ਼ਹਾਰ, ਲੜ ਚੁਨਰੀ ਭਿਓ ਕੇ

ਯਾਰ ਨਹੀਂ ਮੁੜਦੇ

ਰੁੱਸੇ ਯਾਰ ਨਹੀਂ ਮੰਨਦੇ, ਅੜੀਏ ਲਾ ਕੇ ਤੋੜੀਂ ਨਾ
ਵਿਛੜੇ ਯਾਰ ਨਹੀਂ ਮੁੜਦੇ, ਵੇਖੀਂ ਕੁੜੇ ਵਿਛੋੜੀਂ ਨਾ

ਅੱਖ ਲੜਾਉਣਾ ਸੌਖਾ ਏ, ਪਿਆਰ ਪਾਉਣਾ ਔਖਾ
ਸਿਰ ਦੀ ਬਾਜ਼ੀ ਲਾ ਕੇ, ਮਿਲੇ ਪਿਆਰ ਦਾ ਪੋਖਾ
ਦਿਲਬਰ ਦਿਲਾਂ ਦੇ ਰਾਹੀ, ਮਿਲਦੇ ਲੱਖ ਕਰੋੜੀਂ ਨਾ

ਕੁਤਬੋਂ ਉਚੀ ਮੰਜ਼ਿਲ, ਰਾਂਝੇ ਨੇ ਪਿਆਰ ਚੋਂ ਪਾਈ
ਸੈਦਾ ਵਿਆਹ ਲੈ ਗਿਆ, ਸਿਆਲੀਂ ਮਚੀ ਦੁਹਾਈ
ਬਾਜ਼ੀ ਇਸ਼ਕ ਮੁਸ਼ਕ ਦੀ, ਅੜੀਏ ਕਿਤੇ ਸਹੇੜੀਂ ਨਾ

ਪਿਆਰ ਨਿਭਾਉਣਾ ਔਖਾ ਏ, ਕੋਈ ਐਵੇਂ ਨਾ ਫਸ ਜਾਵੇ
ਨਾਗ ਇਸ਼ਕ ਦਾ ਬਣ ਕੇ, ਕਿਤੇ ਐਵੇਂ ਨਾ ਡਸ ਜਾਵੇ
ਸੂਲੀ ਤੇ ਚੜ੍ਹਾ ਕੇ ਰੱਖਦਾ ਏ, ਮੁੜ ਮੁੜ ਤੋੜ ਮਰੋੜੀਂ ਨਾ

ਜੇ ਕੱਚੀ ਲੱਗ ਕੇ ਟੁੱਟ ਜਾਵੇ, ਜੁੜਦੀ ਏ ਗੰਢ ਪਾ ਕੇ
ਤ੍ਰੇੜ ਮਿਟਾਉਣੀ ਔਖੀ ਏ, ਮਿਟਦੀ ਆਪ ਮਿਟਾ ਕੇ
ਅੱਖ ਲੜਾ ਕੇ ਟੁਰ ਜਾਵੇ, ਅੜੀਏ ਯਾਰ ਬਹੋੜੀਂ ਨਾ

ਪਿਆਰ ਸਾਰਾ ਜੱਗ ਆਖਦਾ, ਪਿਆਰ ਚ ਬੜਾ ਧੋਖਾ
ਇਸ਼ਕ ਹਕੀਕੀ ਔਖਾ ਏ, ਪਰ ਇਸ਼ਕ ਮਜਾਜ਼ੀ ਸੌਖਾ
ਨਰਕ ਸੁਰਗ ਜੀਣ ਨਾ ਦੇਵੇ, ਲਾ ਕੇ ਅੜੀਏ ਦੌੜੀਂ ਨਾ

ਇਸ਼ਕ ਚ ਉਹਨੇ ਜੱਗ ਸਾਜਿਆ, ਉਹਦੀ ਇਸ਼ਕ ਕਹਾਣੀ
ਪਿਆਰ ਪਾ ਕੇ ਲੜ ਲਾ ਲੈਂਦਾ, ਉਹਦੀ ਇਹੋ ਨਿਸ਼ਾਨੀ
ਬੈਂਸ ਨਾਲ ਲਾ, ਲਾ ਕੇ ਨਿਭਾ, ਚੁੰਨਰੀ ਤੇ ਨੀਰ ਨਚੋੜੀਂ ਨਾ

ਬੇਕਰਾਰੀ

ਸੱਜਣਾ ਵੇ ਮੈਂ ਦੁਨੀਆਂ ਨੂੰ ਛੱਡ, ਅੱਖੀਆਂ ਤੇਰੇ ਨਾਲ ਲਾਈਆਂ
ਕਿੱਥੇ ਟੁਰ ਗਿਆ ਤੇਰਾ ਮਾਹੀ, ਪੁੱਛਣ ਸਖੀਆਂ ਤੇ ਭਰਜਾਈਆਂ
ਲੀੜੇ ਪਾਟੇ ਝਾਟਾ ਖਿਲਰਿਆ, ਮੈਂ ਪਾਉਂਦੀ ਫਿਰਾਂ ਦੁਹਾਈਆਂ
ਸੱਜਣਾ ਦਾ ਪੈ ਗਿਆ ਵਿਛੋੜਾ, ਮੈਂ ਫਿਰਦੀ ਵਾਂਗ ਸ਼ੁਦਾਈਆਂ

ਟੁਰ ਗਿਆ ਤੱਤੀ ਨੂੰ ਲਾਰਾ ਲਾ ਕੇ, ਟੁੱਟੇ ਦਿਲ ਨੂੰ ਤੜਫਾ ਕੇ
ਪਰ, ਜਾਂਦਾ ਹੋਇਆ ਦੱਸ ਨਾ ਗਿਆ

ਵਜਹ ਪਤਾ ਨਾ, ਸਜ਼ਾ ਪਤਾ ਨਾ, ਲਾ ਬੈਠੀ ਪਿਆਰ ਦੀ ਬਾਜ਼ੀ
ਜਿੱਥੇ ਆਪੇ ਕਾਤਲ ਆਪੇ ਕਾਜ਼ੀ, ਉਥੇ ਕੌਣ ਸੁਣੇਗਾ ਸਾਡੀ
ਅੱਖੀਆਂ ਮਿਲ ਕੇ ਝੁਕ ਗਈਆਂ, ਹੁਣ ਸਾਡਾ ਵਸ ਨਾ ਰਿਹਾ

ਖਬਰ ਨਹੀਂ ਕੱਲ੍ਹ ਕੀ ਹੋਣਾ, ਅੱਜ ਦਿਲ ਨੂੰ ਰਾਜ਼ੀ ਕਰ ਲੈ
ਅੱਗ ਲਾ ਕੇ ਵਿਚ ਅੰਗਾਰਾਂ ਦੇ, ਇਹਦੀ ਬਰਬਾਦੀ ਕਰ ਲੈ
ਅੱਜ ਮੁੱਲਾਂ ਕਾਜ਼ੀ ਦਿੰਦੇ ਮੱਤਾਂ, ਕੱਲ੍ਹ ਕਿਸੇ ਕੱਖ ਨਾ ਕਿਹਾ

ਤੇਰੇ ਲਾਰਿਆਂ ਦੇ ਪਿੱਛੇ ਲੱਗ, ਮੈਂ ਬਣ ਗਈ ਫਕੀਰ
ਮਾਹੀ ਜਾਨ ਕੱਢ ਲਈ ਤੂੰ ਮੇਰੀ, ਟੁੱਟੀ ਹੱਥ ਦੀ ਲਕੀਰ
ਉਹਨੇ ਲੁੱਟ ਲਿਆ ਦਿਲ, ਹੁਣ ਦਿਲ ਵਸ ਨਾ ਰਿਹਾ

ਜੇ ਤੂੰ ਛੱਡ ਕੇ ਜਾਣਾ ਸੀ, ਕਾਹਨੂੰ ਪਿਆਰ ਚ ਅੱਖ ਮਿਲਾਈ
ਕੱਲ੍ਹ ਮੇਰੀ ਮੇਰੀ ਕਰਦਾ ਸੈਂ, ਅੱਜ ਟੁਰ ਗਿਆ ਦੇ ਕੇ ਜੁਦਾਈ
ਸਾਡਾ ਲੈ ਗਿਆ ਚੈਨ ਚੁਰਾ ਕੇ, ਤੇਰਾ ਕੁਝ ਘਸ ਨਾ ਗਿਆ

ਪਈ ਤੜਫਾਂ ਵਾਂਗ ਬਬੀਹੇ ਦੇ, ਮੈਂ ਕੱਖਾਂ ਵਾਕਣ ਰੁਲ ਗਈ
ਸਾਡੀਆਂ ਭੁੱਲਾਂ ਬਖਸ਼ ਮਾਹੀ, ਮੁਆਫ ਕਰ ਸਾਡੀ ਸੁਣੀ ਕਹੀ
ਕਿਉਂ ਆਵਾਜ਼ ਨਹੀਂ ਦਿੰਦਾ, ਕਿਵੇਂ ਮਿਲੇਂਗਾ ਦੱਸ ਨਾ ਗਿਆ

ਕੁਝ ਸਾਡੀ ਸੁਣ ਕੁਝ ਅਪਣੀ ਕਹਿ, ਕਿਉਂ ਜੁਆਬ ਨਹੀਂ ਦਿੰਦਾ
ਜੇ ਕੋਲ ਬਹਿਣ ਤੋਂ ਡਰ ਲਗਦਾ, ਖੁਆਬ ਚ ਕਿਉਂ ਨਹੀਂ ਕਹਿੰਦਾ
ਲਿਖ ਦਿੱਤੀ ਜੋ ਦਿਲ ਨੇ ਆਖੀ, ਬੈਂਸ, ਤੇਰਾ ਦਿਲ ਵਸ ਨਾ ਰਿਹਾ

ਸੱਜਣਾ, ਜੇ ਸਾਡੇ ਵਿਹੜੇ ਆਵੇਂ, ਤੈਨੂੰ ਦਿਲ ਦਾ ਹਾਲ ਸੁਣਾਵਾਂ
ਮੈਂ ਥੱਕੀ ਹਾਰ ਸ਼ਿੰਗਾਰ ਬਣਾ, ਨਿੱਤ ਔਸੀਆਂ ਪਾਈਆਂ ਕਾਵਾਂ
ਕਦ ਹੋਸੀ ਦਿਦਾਰ ਵੇ ਅੜਿਆ, ਬੈਂਸ, ਲੱਖ ਦਾ ਸੀ ਕੱਖ ਨਾ ਰਿਹਾ

ਲੜ ਫੜ ਲੈ

ਫੜ ਲੈ ਲੜ ਮਾਹੀ ਦਾ, ਜਿਹਦਾ ਸਾਰਾ ਜੱਗ ਸੁਹਣਿਆਂ
ਉਹੋ ਮਸਜਿਦ ਉਹੋ ਮੰਦਿਰ, ਉਹੋ ਤੇਰਾ ਰੱਬ ਸੁਹਣਿਆਂ

ਉਹੋ ਰੱਬ ਉਹੋ ਯਾਰ, ਉਹਦਾ ਉਹਦੇ ਨਾਲ ਪਿਆਰ
ਯਾਰ ਰੱਬ ਦਾ ਵਚੋਲਾ, ਕੀਤਾ ਉਹਦੇ ਨਾਲ ਇਕਰਾਰ
ਮਿਲਦਾ ਨਾ ਉਹਦੇ ਬਾਝੋਂ, ਭਾਵੇ ਗਾਹ ਲੈ ਜੱਗ ਸੁਹਣਿਆਂ

ਪਾ ਲੈ ਉਹਦੇ ਨਾਲ ਪਿਆਰ, ਤੇਰੀ ਮੁੱਕੇ ਤਨਹਾਈ
ਲਾਹ ਦੂ ਜਨਮਾਂ ਦੀ ਮੈਲ, ਕਰੂ ਇਹੋ ਜਿਹੀ ਸਫਾਈ
ਜਦੋਂ ਬਣ ਜਾਵੇ ਤੇਰਾ, ਚੁਾੜੂ ਇਸ਼ਕੇ ਦਾ ਰੰਗ ਸੁਹਣਿਆਂ

ਤੇਰੀ ਬਣਨ ਨੂੰ ਜੀ ਕਰਦੈ, ਕੁਝ ਸੁਣਨ ਕਹਿਣ ਨੂੰ ਜੀ ਕਰਦੈ
ਪਿਆਰ ਕਰਨ ਨੂੰ ਜੀ ਕਰਦੈ, ਤਿੱਖੇ ਤੀਰ ਸਹਿਣ ਨੂੰ ਜੀ ਕਰਦੈ
ਮਨ ਚ ਵਸਾ ਲੈ ਮਾਹੀ ਨੂੰ, ਕੀ ਲੈਣਾ ਜਾ ਕੇ ਹੱਜ ਸੁਹਣਿਆਂ

ਤੇਰੀ ਦੀਦ ਸਲਾਮਤ ਮੇਰੀ, ਜੀ ਕਰਦਾ ਬਣ ਜਾਵਾਂ ਤੇਰੀ
ਉਡੀਕਾਂ ਕਰਦਿਆਂ ਉਮਰ ਬੀਤ ਗਈ, ਤੂੰ ਨਾ ਪਾਈ ਫੇਰੀ
ਕਰੇ ਮਾਹੀ ਮਾਹੀ ਮਾਹੀ, ਦੇਹ ਬੈਂਸ ਨੂੰ ਚੱਜ ਸੁਹਣਿਆ

ਅੱਗ, ਇਸ਼ਕ ਦੇ ਲਾਂਬੂ ਉਚੇ, ਇਸ਼ਕ ਦਾ ਸੇਕ ਵਧੇਰਾ
ਅੱਗ ਸਾੜਦੀ ਲੱਤਾਂ ਗੋਡੇ, ਇਸ਼ਕ ਸਾੜੇ ਦਿਲ ਮੇਰਾ
ਜਾਗ ਇਸ਼ਕ ਦਾ ਲਾ ਕੇ, ਹੋਵੇ ਨਾ ਭੱਜ ਸੁਹਣਿਆਂ

ਤਿਖਾ ਨਿਮਾਣੀ ਦੀ

ਪਿਆਰ ਕਰਨ ਨੂੰ ਜੀ ਕਰਦੈ, ਪਰ ਸਾਰ ਨਾ ਪ੍ਰੇਮ ਕਹਾਣੀ ਦੀ
ਵਾਂਗ ਬਬੀਹੇ ਦਿਲ ਧੜਕੇ, ਨਹੀਂ ਬੁਝਦੀ ਤਿਖਾ ਨਿਮਾਣੀ ਦੀ

ਤੇਰੀ ਦੀਦ ਨੂੰ ਮੇਰਾ ਜੀ ਕਰਦਾ, ਪਰ ਤੈਨੂੰ ਵੇਖ ਸ਼ਰਮਾਵਾਂ
ਅੱਖ ਮਿਲਾਉਣ ਤੋਂ ਜੀ ਡਰਦਾ, ਤੂੰ ਤੱਕੇਂ ਮੈਂ ਘਬਰਾਵਾਂ
ਧੜ ਧੜ ਮੇਰਾ ਦਿਲ ਧੜਕੇ, ਦੇ ਛੱਲਾ ਖ਼ੈਰ ਨਿਸ਼ਾਨੀ ਦੀ

ਤੇਰੀ ਮੇਰੀ ਲੱਗ ਗਈ ਆਪੇ, ਹੁਣ ਲੋੜ ਨਹੀਂ ਕੋਈ ਮਸੀਹੇ ਦੀ
ਬੱਦਲ ਗਰਜ ਕੇ ਲੰਘਦੇ ਰਹਿਣ, ਬੁਝੇ ਨਾ ਪਿਆਸ ਬਬੀਹੇ ਦੀ
ਮਾਹੀ ਤੇਰੀ ਬਣਨ ਨੂ ਜੀ ਕਰਦੈ,ਆ ਵੇਖ ਦਸ਼ਾ ਦਿਲ ਜਾਨੀ ਦੀ

ਵੇਖੀਂ ਕਿਧਰੇ ਮਿਲ ਜਾਵੇਂ, ਇਸ ਦਿਲ ਨੂੰ ਕਰਾਰ ਨਹੀਂ ਆਉਣਾ
ਅੱਗ ਮਚਦੀ ਰਹੇ ਦਿਲ ਧੁਖਦਾ ਰਹੇ, ਅਸਾਂ ਜੀ ਨਹੀਂ ਸਮਝਾਉਣਾ
ਤੂੰ ਛੁਪਿਆ ਰਵ੍ਹੇਂ ਸਾਨੂੰ ਯਾਦ ਆਵੇ, ਰੱਖ ਹਾਲਤ ਇਹੋ ਨਿਮਾਣੀ ਦੀ

ਮਸਲਾ ਏ ਦਿਲ ਧੜਕਣ ਦਾ, ਇਹੋ ਪਿਆਰ ਇਹੋ ਇਕਰਾਰ
ਦਿਲ ਧੜਕੇ ਕਲੇਜਾ ਫੜਕੇ ਜਦੋਂ, ਇਹੋ ਦਿਲ ਇਹੋ ਦਿਲਦਾਰ
ਅਲਾ ਮਾਹੀ ਮਾਹੀ ਮਾਹੀ ਤੂੰ, ਬੈਂਸ, ਲੋੜ ਨਹੀਂ ਫਿਰ ਪਾਣੀ ਦੀ

ਤੇਰੇ ਪਿਆਰ ਚ ਫਿਰਦੀ ਖੋਈ, ਅਪਣੇ ਦਿਲ ਚ ਫਿਰਾਂ ਲਕੋਈ
ਇਸ ਜੀਅੜੇ ਨੂੰ ਚੈਨ ਨਾ ਆਵੇ, ਜੇ ਉਹਨੂੰ ਮੋੜ ਲਿਆਵੇ ਕੋਈ
ਇਸ਼ਕ ਦਾ ਹੜ੍ਹ ਲਿਆ ਕੇ ਬੈਂਸ, ਬੁਝਾ ਦੇ ਤਿਖਾ ਨਿਮਾਣੀ ਦੀ

ਸਧਰਾਂ ਪਿਆਰ ਦੀਆਂ

ਦਿਲ ਡੁੱਬ ਡੁੱਬ ਜਾਵੇ, ਨਾਲੇ ਅੱਖ ਵੀ ਡਬੋਈ ਏ
ਪਿਆਰ ਦੇ ਝਮੇਲਿਆਂ ਚ, ਫਿਰਾਂ ਖੋਈ ਖੋਈ ਵੇ

ਮੈਨੂੰ ਪਤਾ ਹੀ ਨਾ ਲੱਗਾ, ਕਿੱਥੇ ਟੁਰ ਗਿਆ ਮਾਹੀ
ਮੈਂ ਤਾਂ ਬੁੱਕ ਬੁੱਕ ਹਾਰੀ, ਮੁੱਕੀ ਨੈਣਾਂ ਦੀ ਸਿਆਹੀ
ਆ ਜਾ ਮੇਰੇ ਮਾਹੀ ਆ ਜਾ, ਪਾਵਾਂ ਤੋਈ ਸ਼ੋਈ ਵੇ

ਕਦੋਂ ਆਵੇ ਮੇਰਾ ਯਾਰ, ਖੋਇਆ ਦਿਲ ਦਾ ਕਰਾਰ
ਇਕ ਵਾਰੀ ਫੇਰਾ ਪਾ ਜਾ, ਕਰਾਂ ਤੇਰਾ ਇੰਤਜ਼ਾਰ
ਤੇਰੇ ਬਾਝੋਂ ਸੁਹਣਿਆਂ ਮੈਂ, ਫਿਰਾਂ ਖੋਈ ਖੋਈ ਵੇ

ਦਿਲ ਡੁੱਬ ਡੁੱਬ ਜਾਵੇ, ਲੱਗ ਗਈ ਇਸ਼ਕ ਬਿਮਾਰੀ
ਇਲਾਜ ਕਿਸ ਤੋਂ ਕਰਾਵਾਂ, ਵੈਦ ਜਾਣੇ ਨਾ ਬਿਮਾਰੀ
ਖੋਇਆ ਦਿਲ ਦਾ ਕਰਾਰ, ਨਾਲੇ ਸੁੱਧ ਬੁੱਧ ਖੋਈ ਏ

ਅਸਾਂ ਪਤਾ ਹੀ ਨਾ ਲੱਗਾ, ਕਿਵੇਂ ਪੈ ਗਿਆ ਪਿਆਰ
ਚੇਤੇ ਕਰ ਤੈਨੂੰ ਮਾਹੀ, ਖੋ ਗਿਆ ਦਿਲ ਦਾ ਕਰਾਰ
ਜਿਹੜੇ ਮਾਹੀ ਨੂੰ ਮਨਾਉਣ, ਬੈਂਸ ਪਾਰ ਹੋਣ ਸੋਈ ਵੇ

ਤੂੰ ਆਪੇ ਪਿਆਰ ਪਾਵੇਂ, ਆਪੇ ਲਾ ਕੇ ਤੋੜ ਜਾਵੇਂ
ਕਰ ਕੇ ਟੁਕੜੇ ਜਿਗਰ ਦੇ, ਸਾਰੇ ਜੱਗ ਨੂੰ ਵਖਾਵੇਂ
ਹੋ ਗਿਆ ਬੈਂਸ ਬਰਬਾਦ, ਤੈਨੂੰ ਸਾਰ ਨਾ ਕੋਈ ਵੇ

ਪੰਛੀ ਤੇ ਦਰਵੇਸ

ਖਾਣ ਪੀਣ ਨਾ ਪੱਲੇ ਬੰਨ੍ਹਣ, ਪੰਛੀ ਤੇ ਦਰਵੇਸ
ਫਿਰਨ ਮਾਹੀ ਨੂੰ ਲੱਭਦੇ, ਭੌਣ ਦੇਸ ਪਰਦੇਸ

ਉਹ ਵਿਛੜੇ ਅਪਣੇ ਯਾਰ ਤੋਂ, ਲੱਗੀ ਕਲੇਜੇ ਠੇਸ
ਰੁੱਝੇ ਮਾਇਆ ਧੰਦਿਆਂ, ਭੁੱਲਿਆ ਮਾਹੀ ਦਾ ਦੇਸ

ਦਰ ਦਰ ਉਹਨੂੰ ਲੱਭਦੇ, ਕਰ ਕਰ ਵਖਰੇ ਭੇਸ
ਜਿੱਥੇ ਰਾਤ ਆ ਉਤਰੇ, ਲਾ ਲੈਣ ਉਸੇ ਥਾਂ ਢੇਸ

ਉਹ ਹੋਰ ਕਿਸੇ ਨਹੀਂ ਤੱਕਦੇ, ਭਾਵੇਂ ਬਿਸ਼ਨ ਮਹੇਸ਼
ਉਹ ਚੋਗਾ ਪਾ ਉਡੀਕਦਾ, ਜਿੱਥੇ ਵਸਦਾ ਏ ਦਰਵੇਸ

ਉਹ ਉਥੇ ਜਾ ਜਾ ਢੁਕਦੇ, ਜਿੱਥੇ ਯਾਰ ਕਰੇ ਆਦੇਸ
ਸਿੱਕ ਉਨ੍ਹਾਂ ਦਿਲਦਾਰ ਦੀ, ਪਿਆਰ ਉਹਦਾ ਸੰਦੇਸ

ਚੋਗਾ ਚੁਗਣ ਪ੍ਰੀਤ ਦਾ, ਜਿਹੜਾ ਕਰੇ ਕਲੇਜੇ ਛੇਕ
ਪਿੱਛੇ ਮੁੜ ਨਹੀਂ ਤੱਕਦੇ, ਭੁੱਲ ਜਾਵਣ ਅਪਣਾ ਦੇਸ

ਨਜ਼ਰ ਕਿਸੇ ਨਹੀਂ ਆਉਂਦੇ, ਰੱਖਣ ਅਜਿਹਾ ਭੇਸ
ਖਾਣ ਮਾਹੀ ਦਾ ਪੀਣ ਮਾਹੀ ਦਾ, ਕੁੱਲੀ ਕੱਟੇ ਕਲੇਸ

ਚੂੰ ਚੂੰ ਹੁਣ ਰਾਸ ਨਾ ਤੈਨੂੰ, ਛੱਡ ਚਿੜੀਆਂ ਦਾ ਦੇਸ
ਅਪਣੇ ਸਭ ਹੁਣ ਹੋਏ ਪਰਾਏ, ਰੱਖ ਮਾਹੀ ਦੀ ਟੇਕ

ਦਿਲ ਦਿਲਾਂ ਨੂੰ ਰਾਹੀ ਮਿਲਿਆ, ਮੁਕਿਆ ਵਛੋੜਾ ਸੇਕ
ਸਵਰਨ ! ਉਥੇ ਤੇਰਾ ਮਾਹੀ ਵਸਦਾ, ਉਹੋ ਬੈਂਸ ਦਾ ਦੇਸ

ਜਾਮ ਪਿਆਲਾ

ਰਿੰਦਾਂ ਦੀ ਭਰੀ ਮਹਿਫਿਲ ਚੋਂ, ਸਾਡੇ ਨਾਲ ਨੈਣ ਮਿਲਾ ਸਾਕੀ
ਜਾਮ ਨਹੀਂ ਜੇ ਪਿਆਲੇ ਵਿਚ, ਨਜ਼ਰਾਂ ਦੇ ਨਾਲ ਪਿਲਾ ਸਾਕੀ

ਤੈਨੂੰ ਭਾਲਣ ਲੋਕ ਵੀਰਾਨੇ ਵਿਚ, ਜੋ ਬਾਕੀ ਉਹ ਮੈਖਾਨੇ ਵਿਚ
ਨਸ਼ਾ ਸਭ ਤੇਰੀ ਨਜ਼ਰਾਂ ਦਾ, ਨਜ਼ਰਾਂ ਨਾਲ ਪਿਆਸ ਬੁਝਾ ਸਾਕੀ

ਇੰਞ ਤੇ ਹਰ ਕੋਈ ਪੀਂਦਾ ਏ, ਕੋਈ ਹੋਠੋਂ ਸੇ ਕੋਈ ਕੋਠੋਂ ਸੇ
ਤੀਰ ਨਜ਼ਰ ਦਾ ਮਾਰ ਕੇ, ਰਗ ਰਗ ਚ ਜਾਓ ਸਮਾ ਸਾਕੀ

ਸਭ ਲੋਕ ਮੁਹੱਬਤ ਕਰਦੇ ਨੇ, ਕੋਈ ਸੋਹਣੀ ਕੋਈ ਕਲੋਟੋਂ ਸੇ
ਹੁਸਨ ਫੁਸਨ ਦਾ ਸ਼ੌਕ ਨਹੀਂ, ਆ ਦਿਲ ਸੇ ਤਾਰ ਮਿਲਾ ਸਾਕੀ

ਛੁਪ ਛੁਪ ਨੈਣ ਮਿਲਾ ਕੇ, ਸਵਰਨ ਦਾ ਦਿਲ ਤੜਫਾਉਂਦੇ ਹੋ
ਬੈਂਸ ਦਾ ਦਿਲ ਬੇਤਾਬ ਹੋਇਆ, ਉਹਦੀ ਧੀਰ ਬਨ੍ਹਾ ਸਾਕੀ

ਜੋ ਨਸ਼ਾ ਤੇਰੀ ਸ਼ਰਾਬ ਵਿਚ, ਉਹੋ ਨਸ਼ਾ ਤੇਰੇ ਸ਼ਬਾਬ ਵਿਚ
ਜੇ ਨਸ਼ਾ ਨਹੀਂ ਮੈਖ਼ਾਨੇ ਵਿਚ, ਨਜ਼ਰਾਂ ਚੋਂ ਜਾਮ ਪਿਲਾ ਸਾਕੀ

ਨਜ਼ਰ ਨਾਲ ਨਜ਼ਰ ਮਿਲਾ ਕੇ, ਫਸ ਗਏ ਤੇਰੇ ਪਿਆਰ ਵਿਚ
ਇਕ ਮਿਕ ਹੋ ਜਾ ਬੈਂਸ ਨਾਲ, ਹੋਰ ਨਾ ਹੁਣ ਤੜਫਾ ਸਾਕੀ

ਤੈਨੂੰ ਸੱਦਣ ਲੋਕ ਮੁਨਾਰੇ ਤੇ, ਬਾਕੀ ਜਾ ਢੁੱਕਣ ਗੁਰਦੁਆਰੇ ਤੇ
ਤੂੰ ਛੁਪ ਕੇ ਜੀ ਚ ਬੈਠਾ ਏਂ, ਇਸ ਜੱਗ ਨੂੰ ਇਹ ਸਮਝਾ ਸਾਕੀ

ਜੀ ਭੜਕਾ ਲਿਆ

ਜੰਮਦੇ ਹੀ ਮੰਗਣਾ ਸਿੱਖ ਲਿਆ, ਮਨਾ, ਕਦੋਂ ਕਰੇਂਗਾ ਇਨਕਾਰ
ਮੰਗ ਮੰਗ ਕੇ ਜੀ ਭੜਕਾ ਲਿਆ, ਇੰਵ ਹੋਣਾ ਨਹੀਂ ਬੇੜਾ ਪਾਰ

ਜਦੋਂ ਲੱਗੀ ਹਵਾ ਜਹਾਨ ਦੀ, ਮਨ ਪੈ ਗਿਆ ਵਸ ਵਿਚਾਰਾਂ ਦੇ
ਤੱਕ ਤਰ੍ਹਾਂ ਤਰ੍ਹਾਂ ਦੇ ਫੁੱਲ ਏਥੇ, ਲੱਗੇ ਸੁਫਨੇ ਆਉਣ ਬਹਾਰਾਂ ਦੇ
ਮਨ ਖਿਜ਼ਾਂ ਵੱਲ ਤੱਕਦਾ ਈ ਨਹੀਂ, ਆਖੇ ਸਦਾ ਹੀ ਰਹੇ ਬਹਾਰ

ਆਉਣ ਵੇਲੇ ਇਸ ਜੱਗ ਵਿਚ, ਤੂੰ ਆਇਆ ਕਰ ਕੇ ਵਾਧਾ
ਤੈਨੂੰ ਸਦਾ ਹੀ ਚੇਤੇ ਰੱਖੂੰਗਾ, ਆ ਕੇ ਬਦਲ ਲਿਆ ਇਰਾਦਾ
ਸਮਾਂ ਬੀਤਿਆ ਮੁੜ ਨਹੀਂ ਆਉਂਦਾ, ਜਾਣ ਸਮੇਂ ਪਊਗੀ ਮਾਰ

ਇਸ ਜੱਗ ਦਾ ਰੰਗ ਅਵੱਲਾ ਏ, ਹਰ ਕੋਈ ਮਾਇਆ ਦਾ ਝੱਲਾ ਏ
ਇੱਥੇ ਮਾਇਆ ਦੇ ਸਭ ਪੁਜਾਰੀ ਨੇ, ਨਾ ਰਾਮ ਨਾ ਇੱਥੇ ਅੱਲਾ ਏ
ਸਭ ਅਪਣੀ ਤੱਕੜੀ ਤੋਲਦੇ ਨੇ, ਕੋਈ ਕਿਸੇ ਨਾ ਕਰੇ ਇਤਬਾਰ

ਮੰਗ ਮੰਗ ਕੇ ਢਿੱਡ ਭਰਦਾ ਨਹੀਂ, ਕੋਈ ਭੀ ਮੰਗਣੋ ਡਰਦਾ ਨਹੀਂ
ਹਰ ਸੱਤ ਪੁਸ਼ਤਾਂ ਲਈ ਮੰਗਦਾ ਏ, ਘੱਟ ਕਿਸੇ ਦਾ ਸਰਦਾ ਨਹੀਂ
ਮੱਥੇ ਘਸ ਗਏ ਰਗੜ ਰਗੜ ਕੇ, ਇੰਨਾਂ ਮਾਇਆ ਨਾਲ ਪਿਆਰ

ਖੁਦੀ ਨੇ ਖੁਦਾ ਨਾਲ ਪਾ ਕੇ ਦੁਸ਼ਮਣੀ, ਰੱਬ ਨੂੰ ਦਿਲੋਂ ਭੁਲਾ ਦਿੱਤਾ
ਭੇਸ ਬਣਾ ਕੇ ਦੁਨੀਆਂ ਫਿਰਦੀ, ਸਾਰੇ ਜੱਗ ਨੂੰ ਪਿੱਛੇ ਲਾ ਲਿੱਤਾ
ਬੈਂਸ ਦਾ ਮਨ ਮੈਂ ਚ ਫਸ ਗਿਆ, ਉਹ ਤੇ ਹੋ ਗਈ ਖੁਦੀ ਸਵਾਰ

ਪਰਾਇਆ ਦੁਖ

ਨਾ ਸਾਥੋਂ ਨੈਣ ਚੁਰਾ ਅੜੀਏ, ਕਿਵੇਂ ਪਤਾ ਲੱਗੂ ਯਾਰਾਨੇ ਦਾ
ਛੁਪ ਛੁਪ ਕੇ ਤੀਰ ਚਲਾਓਗੇ, ਕਿਵੇਂ ਦਿੱਸੂ ਦਰਦ ਬੇਗਾਨੇ ਦਾ

ਨੈਣ ਮਿਲਾ ਕੇ ਨਜ਼ਰ ਚੁਰਾਵੇਂ, ਛੁਪ ਛੁਪ ਕੇ ਕਰੇਂ ਇਕਰਾਰ
ਤੇਰੀ ਨਜ਼ਰ ਨੇ ਦਿਲ ਮੋਹ ਲਿਆ, ਹੋਇਆ ਤੇਰੇ ਨਾਲ ਪਿਆਰ
ਇਸ਼ਕ ਦੀ ਸ਼ਮ੍ਹਾਂ ਜਲਾ ਕੇ, ਦਿਲ ਸਾੜ ਦਿੱਤਾ ਪਰਵਾਨੇ ਦਾ

ਤੀਰ ਚਲਾ ਕੇ ਭੁੱਲ ਗਈ, ਕਿੱਥੇ ਡਿਗਿਆ ਤੜਫਦਾ ਯਾਰ
ਪ੍ਰੀਤ ਤੀਰ ਜਿਹੜਾ ਖਾ ਗਿਆ, ਤੜਫੇਗਾ ਬਿਨਾ ਤਕਰਾਰ
ਤੇਰੇ ਸੀਨੇ ਦਰਦ ਨਹੀਂ ਹੋਣਾ, ਦਿਲ ਧੜਕੇ ਜਦੋਂ ਬੇਗਾਨੇ ਦਾ

ਕਿਸੇ ਮਜ਼ਾ ਆਵੇ ਯਾਰਾਨੇ ਚੋਂ,ਕਿਸੇ ਆਵੇ ਖਸਮਾਨੇ ਚੋਂ
ਢਿੱਲਾ ਜਿਹਾ ਤੀਰ ਛੱਡ ਕੇ, ਕੀ ਲੈਣਾ ਉਨ੍ਹਾਂ ਨਿਸ਼ਾਨੇ ਤੋਂ
ਮਜ਼ਾ ਲੈਣ ਘਾਯਲ ਕਰਕੇ, ਉਨ੍ਹਾਂ ਚਾ ਨਹੀਂ ਯਾਰਾਨੇ ਦਾ

ਜਦੋਂ ਯਾਰ ਸੁਨੇਹਾ ਘੱਲੇ, ਦਿਲ ਰੋਵੇ ਅੱਖ ਨਹੀਂ ਰੋ ਸਕਦੀ
ਅੱਥਰੂ ਭਾਵੇਂ ਨਹੀਂ ਵਗਦੇ, ਪਰ ਅੱਖ ਵੱਖ ਨਹੀਂ ਹੋ ਸਕਦੀ
ਨੈਣਾਂ ਨਾਲ ਨੈਣ ਮਿਲਾ ਸਾਕੀ, ਮੈਨੂੰ ਸ਼ੌਕ ਨਹੀਂ ਪੈਮਾਨੇ ਦਾ

ਦਿਲ ਜਦੋਂ ਜ਼ਖਮੀਂ ਹੋ ਜਾਵੇ, ਲਹੂ ਸੀਨੇ ਵਿਚ ਵਗਦਾ ਏ
ਨਾ ਸਾਹ ਆਵੇ ਨਾ ਦਮ ਨਿਕਲੇ, ਮਰਨਾਂ ਭੀ ਨਹੀਂ ਫਬਦਾ ਏ
ਜਦੋਂ ਨਸ਼ਾ ਇਸ਼ਕ ਦਾ ਚੜ੍ਹ ਜਾਵੇ, ਭੁੱਲ ਜਾਵੇ ਰਾਹ ਮੈਖ਼ਾਨੇ ਦਾ

ਨੀਂਦਰ ਉੜ ਜਾਵੇ

ਨੈਣਾ ਦੀ ਨੀਂਦਰ ਉੜ ਜਾਵੇ, ਹੋ ਜਾਵੇ ਜਿਹਨੂੰ ਪਿਆਰ
ਮਨ ਨੂੰ ਚੈਨ ਨਹੀਂ ਆਉਂਦਾ, ਜਦੋਂ ਹੋ ਜਾਣ ਕੌਲ ਕਰਾਰ

ਜਿਹਨੇ ਪਾ ਲਿਆ ਪਿਆਰ, ਭੁੱਲ ਜਾਵੇ ਘਰ ਬਾਰ
ਉਹਦੇ ਚਿੱਤ ਵਿਚ ਵਸੇ, ਹੋਵੇ ਜਿਹੜਾ ਉਹਦਾ ਯਾਰ
ਦਿਲ ਖੁੱਸ ਖੁੱਸ ਜਾਵੇ, ਹੋ ਜਾਏ ਮਾਹੀ ਦੀ ਬਿਮਾਰ

ਪਿਆਰ ਪਾਉਣਾ ਬੜਾ ਸੌਖਾ, ਨਿਭਾਉਣਾ ਔਖਾ ਏ
ਚੂਸੇ ਖੂਨ ਬਿਨਾਂ ਜ਼ਖਮ, ਇਹਦਾ ਦਰਦ ਅਨੋਖਾ ਏ
ਨੀਮਕਸ਼ ਛੱਡਿਆ ਤੀਰ, ਲੰਘੇ ਨਾ ਜਿਗਰ ਦੇ ਪਾਰ

ਇਸ਼ਕ ਇਹੋ ਜਿਹੀ ਬਿਮਰੀ, ਟੁੱਟੇ ਨਾ ਉਮਰ ਸਾਰੀ
ਇਹਦਾ ਹੋਵੇ ਨਾ ਇਲਾਜ, ਸਦਾ ਕਰੇ ਇਹ ਖੁਆਰੀ
ਘੁਣ ਵਾਂਗ ਜਿਗਰ ਨੂੰ ਖਾਵੇ, ਕਰੇ ਜ਼ਰਾ ਨਾ ਇਜ਼ਹਾਰ

ਚੰਨਾਂ ਮਨ ਸਮਝਾ ਕੇ, ਪਿਆਰ ਮਾਹੀ ਨਾਲ ਪਾ ਲੈ
ਜੇ ਤੇਰਾ ਰੁੱਸ ਜਾਵੇ ਮਾਹੀ, ਉਹਨੂੰ ਰੋ ਕੇ ਮਨਾ ਲੈ
ਸੁਹਣੇ ਯਾਰ ਨੂੰ ਮਨਾ ਕੇ, ਹੋ ਜਾਏ ਸੀਨਾਂ ਠੰਢਾ ਠਾਰ

ਮੁੜ ਲਗਦਾ ਨਾ ਚਿੱਤ, ਪਿਆਰ ਮਾਹੀ ਨਾਲ ਪਾ ਕੇ
ਆਵੇ ਦਿਲ ਨੂੰ ਨਾ ਚੈਨ, ਸੁਹਣੇ ਯਾਰ ਨੂੰ ਭੁਲਾ ਕੇ
ਬੈਂਸ, ਯਾਰ ਨੂੰ ਮਨਾ ਲੈ, ਤੇਰਾ ਹੋ ਜਾਊ ਬੇੜਾ ਪਾਰ

ਤੇਰੀ ਨਜ਼ਰ

ਕ੍ਯੂੰ ਪੱਜ ਲਾ ਕੇ ਵਖਾਵੇਂ, ਛੁਪਾਈ ਨਾ ਗੱਲ ਛੁਪਦੀ ਏ
ਮੇਰੇ ਸੁਹਣੇ ਦਿਲਦਾਰਾ, ਗੱਲ ਤੇਰੀ ਨਜ਼ਰ ਤੇ ਮੁੱਕਦੀ ਏ

ਕਿੱਥੇ ਟੁਰ ਗਿਆ ਮਾਹੀ, ਆ ਜਾ ਪਾਵਾਂ ਮੈਂ ਦੁਹਾਈ
ਤੈਨੂੰ ਦਰਦ ਨਾ ਆਇਆ, ਮੁੱਕੀ ਨੈਣਾਂ ਦੀ ਸਿਆਹੀ
ਕਿਵੇਂ ਤੈਨੂੰ ਦੱਸਾਂ, ਜਿੰਦ ਤੇਰਿਆਂ ਗਮਾਂ ਚ ਸੁੱਕਦੀ ਏ

ਧੂੰਏਂ ਦਾ ਪੱਜ ਲਾ ਕੇ ਬੈਠੀ ਰੋਵਾਂ, ਜਦੋਂ ਯਾਦ ਤੇਰੀ ਆਵੇ
ਦੱਸ, ਕਿਹੜੀ ਕਿਹੜੀ ਤੋਂ ਛੁਪਾਵਾਂ, ਜਦੋਂ ਬਿਰਹਾ ਸਤਾਵੇ
ਹੋਵੇ ਗੁੱਝੀ ਗੁੱਝੀ ਪੀੜ, ਲਹੂ ਵਗ ਕੇ ਹੀ ਪੀੜ ਰੁਕਦੀ ਏ

ਹਾਰ ਗਮਾਂ ਦਾ ਬਣਾ ਕੇ, ਬੈਠੀ ਗਲ ਵਿਚ ਪਾ ਕੇ
ਗੀਤ ਤਿੰਜਣਾਂ ਚ ਗਾਵਾਂ, ਗਮ, ਗੀਤਾਂ ਚ ਛੁਪਾ ਕੇ
ਚਿੱਤ ਨਾ ਸੀ ਚੇਤੇ, ਰਾਤ ਤਾਰੇ ਗਿਣਦੇ ਮੁੱਕਦੀ ਏ

ਕੇਚ ਟੁਰ ਗਿਆ ਮਾਹੀ, ਕੱਲੀ ਥਲਾਂ ਵਿਚ ਛੱਡ
ਸਾਨੂੰ ਪਤਾ ਹੀ ਨਾ ਲੱਗਾ, ਸਾਡਾ ਮਾਹੀ ਕਿੱਡਾ ਠੱਗ
ਬੈਂਸ, ਕੱਚੇ ਨਾਲ ਲਾ ਕੇ, ਤੜੱਕ ਦੇ ਕੇ ਟੁੱਟਦੀ ਏ

ਕਦੀ ਟੁੱਟ ਕੇ ਨਾ ਜੁੜੇ, ਰੱਖ ਚਿੱਤ ਚ ਇਹ ਖ਼ਿਆਲ
ਜ਼ਰਾ ਸੋਚ ਸਮਝ ਕੇ ਤੋੜੀਂ, ਜੁਦਾਈ ਕਰੇ ਮੰਦਾ ਹਾਲ
ਲੱਗੀ ਬੁਝਦੀ ਨਾ ਕਾਈ, ਇਹ ਹੌਲੇ ਹੌਲੇ ਧੁਖਦੀ ਏ

ਖੁਦਾਈ ਮੰਗਣੀ

ਤੀਰ ਇਸ਼ਕ ਦਾ ਖਾ ਕੇ, ਕਿਸੇ ਨਹੀਂ ਰਿਹਾਈ ਮੰਗਣੀ
ਪਿਆਰ ਦਿਲ ਚ ਵਸਾ ਕੇ, ਕਿਸੇ ਨਹੀਂ ਜੁਦਾਈ ਮੰਗਣੀ

ਜਦੋਂ ਹੋਵੇ ਮਾਹੀ ਸੰਗ, ਚੜ੍ਹੇ ਪਿਆਰ ਵਾਲਾ ਰੰਗ
ਆਵੇ ਪ੍ਰੇਮ ਦਾ ਨਜ਼ਾਰਾ, ਮਿਲੇ ਅੰਗ ਨਾਲ ਅੰਗ
ਕਰ ਮਾਹੀ ਮਾਹੀ ਮਾਹੀ, ਮੁੜ ਨਾ ਰਿਹਾਈ ਮੰਗਣੀ

ਇਸ਼ਕ ਦਿਲ ਦੀ ਬਿਮਾਰੀ, ਟੁੱਟੇ ਨਾ ਉਮਰ ਸਾਰੀ
ਹੋਵੇ ਕੋਈ ਨਾ ਇਲਾਜ, ਕਰੇ ਸਦਾ ਲਈ ਖੁਆਰੀ
ਮਿਲੇ ਯਾਰ ਦਾ ਪਿਆਰ, ਫਿਰ ਕੀ ਦੁਆਈ ਮੰਗਣੀ

ਜਿਹਦਾ ਮਾਹੀ ਹੋ ਜਾਏ ਵੱਲ, ਉਹਦੀ ਬਣ ਜਾਵੇ ਗੱਲ
ਪਿਆਰ ਏਸ ਦੀ ਦੁਆਈ, ਇਹਦਾ ਇਹੋ ਇਕ ਹੱਲ
ਮਿਲੇ ਦਿਲ ਨਾਲ ਦਿਲ, ਫਿਰ ਕੀ ਸਫਾਈ ਮੰਗਣੀ

ਜੇ ਮੰਗਣੀ ਹੀਰ ਸਲੇਟੀ ਤੂੰ, ਕੰਨਾਂ ਵਿਚ ਮੁੰਦਰਾਂ ਪਾ ਲੈ
ਹੱਥ ਚ ਕਾਸਾ ਫੜਕੇ ਬੈਂਸ, ਖੇੜੀਂ ਜਾ ਅਲਖ ਜਗਾ ਲੈ
ਸੂਰਤ ਯਾਰ ਦੀ ਦਿਲ ਚ ਹੋਵੇ, ਫਿਰ ਕੀ ਸਿਆਹੀ ਮੰਗਣੀ

ਤੂੰ ਮਾਹੀ ਮਾਹੀ ਕਰਦੀ ਜਾਹ, ਦਿਨ ਰਾਤ ਤੇ ਸ਼ਾਮ ਸਵੇਰੇ
ਜਦੋਂ ਮਨ ਚ ਪਿਆਰ ਜਾਗਿਆ, ਉਹ ਵਸ ਜਾਵੇ ਮਨ ਤੇਰੇ
ਖੋਜੇਂਗੀ ਦੀਵਾ ਬਾਲ ਬਾਲ ਕੇ, ਭੁੱਲ ਜਾਵੇਗੀ ਜੁਦਾਈ ਮੰਗਣੀ

ਦਿਲ ਦੀ ਧੜਕਣ

ਜੋ ਤੇਰੇ ਦਿਲ ਦੀ ਧੜਕਣ ਅੜੀਏ, ਉਹੋ ਤੇਰਾ ਰੱਬ ਨੀ
ਜੇ ਦਿਲ ਨੂੰ ਦਿਲ ਖੋਜ ਲਵੇ, ਉਹ ਜਾਵੇ ਤੈਨੂੰ ਲੱਭ ਨੀ

ਰੱਬ ਕੋਈ ਹੋਰ ਸ਼ੈ ਨਹੀਂ, ਖਿੱਚੋਤਾਣ ਤੇਰੇ ਦਿਲ ਦੀ ਏ
ਦਿਲ ਥਾਮ ਮਨ ਖੋਜ ਲੈ, ਇੰਞ ਸਾਰ ਇਹ ਮਿਲਦੀ ਏ
ਸਮਝ ਜੇ ਤੈਨੂੰ ਆ ਜਾਵੇ, ਮਨ ਦਾ ਦੀਵਾ ਜਾਵੇ ਜਗ ਨੀ

ਤੇਰੇ ਮਨ ਨੂੰ ਬੇਕਰਾਰ ਕਰ, ਛੁਪ ਛੁਪ ਕੇ ਵਿਚ ਬਹਿੰਦਾ ਏ
ਤੇਰਾ ਸਭ ਕੁਝ ਜਾਣਦਾ, ਪਰ ਮੂੰਹੋਂ ਕੁਝ ਨਹੀਂ ਕਹਿੰਦਾ ਏ
ਛੁਪ ਛੁਪ ਕੇ ਨਜ਼ਾਰਾ ਵੇਖਦਾ ਏ, ਉਹ ਠੱਗਾਂ ਦਾ ਠੱਗ ਨੀ

ਅੜੀਏ, ਤੈਨੂੰ ਸਮਝ ਨਾ ਆਈ, ਰੱਬ ਤੇਰੇ ਵਿਚ ਵਸਦਾ ਏ
ਜੋ ਤੂੰ ਕਰੇਂ ਉਹ ਜਾਣੇ, ਤੇਰੀ ਕਰਤੂਤਾਂ ਵੇਖ ਕੇ ਹਸਦਾ ਏ
ਅਪਣੇ ਮਨ ਨੂੰ ਖੋਜ ਜ਼ਰਾ, ਫਿਰ ਕਿਤੇ ਨਾ ਜਾਵੇਂ ਭੱਜ ਨੀ

ਤੇਰੇ ਅੰਦਰ ਖੁਦੀ ਵਾੜ ਕੇ, ਆਪ ਪਿੱਛੇ ਛੁਪ ਬਹਿੰਦਾ ਏ
ਅਮਲਾਂ ਤੇ ਨਬੇੜੇ ਕਰਦਾ ਏ, ਕਰਮ ਤੋਲਦਾ ਰਹਿੰਦਾ ਏ
ਭੈ ਭੌ ਤੇਰੇ ਚ ਵਸ ਜਾਵੇ, ਫਿਰ ਕਰੇਂ ਕਦੀ ਨਾ ਲੱਬ ਨੀ

ਪਹਿਲਾਂ ਤੈਨੂੰ ਸਭ ਕੁਝ ਦੇ ਕੇ, ਫਿਰ ਦਿੱਤੀ ਆਜ਼ਾਦੀ
ਇਹਨੇ ਤੈਨੂੰ ਖੁਦੀ ਸਿਖਾਈ, ਜਿਹਨੇ ਕੀਤੀ ਬਰਬਾਦੀ
ਬੈਂਸ, ਤੂੰ ਉਹਦੀ ਬਣ ਕੇ ਰਹਿ, ਉਹੋ ਤੇਰਾ ਰੱਬ ਨੀ

ਰਹਿਮਤਾਂ ਦਾ ਸਦਕਾ

ਸਖ਼ੀ ਤੇਰੇ ਗੀਤ ਗਾਵਾਂ, ਤੇਰੀ ਰਹਿਮਤਾਂ ਦਾ ਸਦਕਾ
ਮੈਂ ਵਾਰੇ ਵਾਰੇ ਜਾਵਾਂ, ਤੇਰੀ ਰਹਿਮਤਾਂ ਦਾ ਸਦਕਾ

ਹੋ ਕੇ ਪ੍ਰੇਮ ਦੀਵਾਨੀ, ਪਾਇਆ ਤੇਰੇ ਨਾਲ ਪਿਆਰ
ਆਖਾਂ ਸਖੀਆਂ ਨੂੰ ਜਾ ਕੇ, ਰੱਬਾ ਤੂੰ ਹੀ ਮੇਰਾ ਯਾਰ
ਹੁਣ ਕਿਸੇ ਤੋਂ ਨਾ ਸੰਗਾਂ, ਬੈਠ ਤ੍ਰਿੰਜਣਾ ਚ ਗਾਵਾਂ

ਤੇਰੇ ਹੁਸਨ ਦੇ ਮਾਰੇ, ਲਾਈ ਤੇਰੇ ਨਾਲ ਯਾਰੀ
ਤੂੰ ਮੇਰਾ ਰਾਂਝਣ ਯਾਰ, ਤੂੰ ਹੀ ਕ੍ਰਿਸ਼ਣ ਮੁਰਾਰੀ
ਮਨ ਤੂੰ ਹੀ ਤੂੰ ਗਾਵੇ, ਨਾਲੇ ਨੱਚਾਂ ਨਾਲੇ ਗਾਵਾਂ

ਚੰਨਾਂ ਅੱਲ੍ਹੜਪਣੇ ਚ, ਸਾਡੀ ਮਿਲ ਗਈ ਅੱਖ
ਕੱਲ੍ਹ ਕੱਖ ਸੀ ਜਿਹੜੀ, ਅੱਜ ਬਣ ਗਈ ਲੱਖ
ਆ ਕੇ ਸੁਫਨੇ ਜਗਾਵੇਂ, ਅੱਖਾਂ ਤੇਰੇ ਨਾਲ ਲਾਵਾਂ

ਮੇਰਾ ਦਿਲ ਖਿੱਚ ਲੈ ਗਏ, ਤੇਰੇ ਨੈਣ ਨਸ਼ੀਲੇ
ਨਸ਼ਾ ਚੜ੍ਹੇ ਤੈਨੂੰ ਵੇਖ, ਗਏ ਨਾਗ ਵਾਂਗ ਕੀਲੇ
ਦਿਲ ਤੇਰੇ ਪਿੱਛੇ ਨੱਸੇ, ਭਾਵੇਂ ਆਵਾਂ ਭਾਵੇਂ ਜਾਵਾਂ

ਇਹ ਲਿਖਿਆ ਸੀ ਧੁਰੋਂ, ਜਿਵੇਂ ਹੀਰ ਰਾਂਝਾ ਨਾਤਾ
ਬੈਂਸ, ਤੇਰੇ ਦਰ ਦਾ ਭਿਖਾਰੀ, ਖ਼ੈਰ ਪਾ ਦੇ ਵਿਧਾਤਾ
ਆਇਆ ਲੈ ਕੇ ਝੋਲੀ ਖਾਲੀ, ਝੋਲੀ ਭਰ ਘਰ ਜਾਵਾਂ

ਬੈਂਸ ਤੇਰੇ ਦਰ ਆਇਆ, ਮਾਹੀ ਬਣ ਕੇ ਸਵਾਲੀ
ਆਇਆ ਬੜੀ ਆਸ ਲੈ ਕੇ, ਉਹਨੂੰ ਘੱਲੀਂ ਨਾ ਖਾਲੀ
ਮੇਰੇ ਮੀਤ, ਖਿੱਚੇ ਤੇਰੀ ਪ੍ਰੀਤ, ਪ੍ਰੀਤ ਮੀਤ ਨਾਲ ਪਾਵਾਂ

ਮਨ ਦੀ ਹਾਲਤ

ਜਿੰਦ ਜਾਨ ਵਾਰ ਕੇ ਮਾਹੀ ਤੇ, ਪਾ ਉਹਦੇ ਨਾਲ ਪਿਆਰ
ਤੱਕ ਤੱਕ ਉਹਨੂੰ ਨੱਚਿਆ ਕਰ, ਉਹੋ ਰੱਬ ਤੇ ਉਹੋ ਯਾਰ

ਖੁਦ ਤੇਰੀ ਰਮਜ਼ ਪਛਾਣ ਕੇ, ਤੇਰਾ ਮਨ ਕਰੇ ਗੁਮਰਾਹ
ਦਿਲ ਨਾਲ ਦਿਲ ਮਿਲਾ ਕੇ, ਪਾ ਦੇਵੇ ਪਿਆਰ ਦੇ ਰਾਹ
ਤੱਕ ਸਾਰੀ ਰਾਤ ਆਕਾਸ਼ ਵੱਲ, ਕਰ ਉਹਦਾ ਇੰਤਜ਼ਾਰ

ਪਿਆਰ ਚੋਂ ਬਿਰਹਾ ਜਾਗਦਾ, ਜਿਹੜਾ ਮਨ ਕਰੇ ਉਦਾਸ
ਕੱਚੇ ਘੜੇ ਤੇ ਤਰਨਾਂ ਪੈਂਦਾ, ਜਿਹਦਾ ਯਾਰ ਨਾ ਹੋਵੇ ਪਾਸ
ਜਾਨ ਦੀ ਬਾਜ਼ੀ ਲਾਉਣੀ ਪੈਂਦੀ, ਜੇ ਹੋ ਜਾਣ ਕੌਲ ਕਰਾਰ

ਬਿਰਹਾ ਬਿਨਾ ਪਿਆਰ ਨਹੀਂ, ਪਿਆਰ ਬਿਨਾ ਦਿਲਦਾਰ
ਪਿਆਰ ਮਨ ਗੁਮਰਾਹ ਕਰ ਦੇਵੇ, ਮਨ ਦੀ ਉਹ ਸਰਕਾਰ
ਰਾਂਝਾ ਚੱਲ ਹਜ਼ਾਰਿਓਂ ਆਵੇ, ਜਦੋਂ ਖਿੱਚੇ ਦਿਲਾਂ ਦੀ ਤਾਰ

ਬਿਰਹਾ ਸਤਾਵੇ ਚਿਤ ਨੂੰ, ਜਿਹਦਾ ਯਾਰ ਨਾ ਹੋਵੇ ਪਾਸ
ਬੈਂਸ, ਸੁੱਤਾ ਮਨ ਨਾ ਜਾਗਿਆ, ਛੱਡ ਪਿਆਰ ਦੀ ਆਸ
ਇਸ਼ਕ ਮਜਾਜ਼ੀ ਜੱਗ ਕਰੇ, ਪਰ ਹਕੀਕੀ ਕਰਦਾ ਪਾਰ

ਬੇਗਰਜ਼ ਪਿਆਰ ਨੂੰ ਪਰਖ ਕੇ, ਉਹ ਸੁਣੇ ਤੇਰੀ ਪੁਕਾਰ
ਯਾਰ ਟੋਰ ਦੇਵੇ ਉਹ ਡਗਰ, ਤਿੱਖੀ ਵਾਂਗ ਖੰਡੇ ਦੀ ਧਾਰ
ਅੜੀਏ, ਸੁੱਤਾ ਮਨ ਜਾਗ ਪਵੇ, ਜਿਹਨੂੰ ਮਿਲ ਜਾਵੇ ਯਾਰ

ਜੇ ਤੈਨੂੰ ਪਿਆਰ ਕਰਨ ਦਾ ਚਾ, ਤਾਂ ਮਨ ਨੀਵਾਂ ਕਰਕੇ ਆ
ਪਹਿਲਾਂ ਅਪਣਾ ਆਪ ਮਿਟਾ ਲੈ, ਫਿਰ ਸਕੇਂਗੀ ਯਾਰ ਮਨਾ
ਮਰਕੇ ਜੱਨਤ ਤਾਂ ਮਿਲਦਾ, ਜੇ ਮਿਲੇ ਮਾਹੀ ਦਾ ਪਿਆਰ

ਬੇਗਰਜ਼ ਪਿਆਰ ਦੀ ਫਿਤਰਤ, ਮਨ ਦੀ ਕਰੇ ਸਫਾਈ
ਸਭ ਤੋਂ ਉਚੀ ਮੰਜ਼ਿਲ ਏ, ਬਿਨਾਂ ਯਾਰ ਨਾ ਜਾਵੇ ਪਾਈ
ਕਰ ਲੈ ਮਨ ਦੀ ਸਫਾਈ, ਜੇ ਕਰਨਾ ਉਹਦਾ ਦਿਦਾਰ

ਸੱਚਾ ਪਿਆਰ ਯਾਰ ਨਾਲ ਪਾ, ਮਨ ਦਾ ਪੜਦਾ ਦੇਵੇ ਲਾਹ
ਸਵਰਨ, ਯਾਰ ਚੋਂ ਰੱਬ ਦਿਸਦਾ, ਇਹੋ ਰੱਬ ਮਿਲਣ ਦਾ ਰਾਹ
ਬੈਂਸ, ਉਹ ਰੱਬ ਵਾਕਣ ਦਿਸਣ ਲਗੇ, ਜੇ ਮੰਨ ਜਾਵੇ ਯਾਰ

ਯਾਰ ਲੁੱਟੇਰਾ

ਅਸਾਂ ਪਿਆਰ ਦੇ ਬਹਾਨੇ, ਦਿਲ ਮਾਹੀ ਨਾਲ ਜੋੜਨਾ
ਉਹਦਾ ਲੁਟ ਲੈਣਾ ਦਿਲ, ਫਿਰ ਕਦੀ ਨਹੀਂ ਮੋੜਨਾ

ਦਿਲ ਚ ਭਾਂਬੜ ਬਲਦੇ ਨੇ, ਇਸ ਕਰਕੇ ਬਹਾਨੇ ਬਣਦੇ ਨੇ
ਪਿਆਰ ਦਾ ਰਾਜ਼ ਅਨੋਖਾ ਏ, ਜੋ ਜਾਲ ਇਸ਼ਕ ਦੇ ਤਣਦੇ ਨੇ
ਦਿਲ ਟੁਕੜੇ ਟੁਕੜੇ ਹੋ ਜਾਵੇ, ਗਿਣੇ ਜਾਵਣ ਲੱਖ ਕਰੋੜ ਨਾ

ਇਸ਼ਕ ਅਵਲੜਾ ਡਾਕੂ ਏ, ਘਰ ਦਰ ਸਭ ਖੋਹ ਲੈਂਦਾ ਏ
ਦਿਲ ਗਮ ਚ ਗੋਤੇ ਖਾਂਦਾ ਏ, ਸਖੀਆਂ ਦੇ ਨਹੋਰੇ ਸਹਿੰਦਾ ਏ
ਨਾ ਅੱਲ੍ਹੜਪਣੇ ਚ ਲਾ ਬੈਠੀਂ, ਦਿਲ ਲੈ ਕੇ ਕਿਸੇ ਨਹੀਂ ਮੋੜਨਾ

ਲੁਟਦਾ ਖੁਲ੍ਹੀਆਂ ਅੱਖੀਆਂ ਨੂੰ, ਸੁਝਦਾ ਨਹੀਂ ਕੁਝ ਤੱਤੀਆਂ ਨੂੰ
ਦਿਲ ਤੇ ਕਾਬੂ ਕਰ ਲੈਂਦਾ, ਨਹੀਂ ਮੰਨਦਾ ਸੱਜਣਾ ਸਖੀਆਂ ਨੂੰ
ਪਿਆਰ ਦਿਲਾਂ ਨੂੰ ਖਿੱਚ ਲੈਂਦਾ, ਉਹਨੂੰ ਪੈਂਦਾ ਨਹੀਂ ਜੋੜਨਾ

ਪਿਆਰ ਦਾ ਪੱਤਰ ਅਜਿਹਾ ਏ, ਇਹਨੂੰ ਖ੍ਹੋਲਣਾ ਨਹੀਂ ਪੈਂਦਾ
ਨਜ਼ਰਾਂ ਨਾਲ ਆਪੇ ਖੁਲ੍ਹਦਾ ਏ, ਤੈਨੂੰ ਬੈਂਸ ਨਿਮਾਣਾ ਕਹਿੰਦਾ
ਹੱਡ ਸਾੜਦਾ ਬਿਨਾਂ ਬਾਲਣ ਦੇ, ਰੱਤ ਪੈਂਦਾ ਨਹੀਂ ਨਿਚੋੜਨਾਂ

ਇਸ਼ਕ ਚਿੰਗਾਰੀ ਲੱਗ ਗਈ ਏ, ਧੁਖਦੀ ਏ ਪਰ ਬੁਝਦੀ ਨਹੀਂ
ਸਦਾ ਮਾਹੀ ਚੇਤੇ ਆਉਂਦਾ ਏ, ਹੋਰ ਗੱਲ ਕੋਈ ਸੁੱਝਦੀ ਨਹੀਂ
ਦਿਲ ਖੱਟੀਆਂ ਬੱਟੀਆਂ ਹੋਇਆ ਏ, ਬੈਂਸ ਟੁੱਟਿਆਂ ਨੂੰ ਤੋੜ ਨਾ

ਗੱਲ ਨਹੀਂ ਸੁੱਝਦੀ

ਜੇ ਸ਼ਮ੍ਹਾਂ ਪਿਆਰ ਦੀ ਜਗ ਜਾਵੇ, ਮੁੜ ਕੇ ਨਹੀਂ ਬੁਝਦੀ ਏ
ਮਾਹੀ ਦੀ ਯਾਦ ਸਤੌਂਦੀ ਏ, ਹੋਰ ਗੱਲ ਨਹੀਂ ਸੁਝਦੀ ਏ

ਮਾਹੀ ਜਾਵੇ ਨਾ ਕਿਸੇ ਦਾ ਦੂਰ, ਕਰ ਜਾਵੇ ਦਿਲ ਨੂੰ ਚੂਰ
ਬੇਪਰਵਾਹ ਦੇ ਨਾਲ ਲਾ ਬੈਠੀ, ਸਾਡਾ ਇਹੋ ਏ ਕਸੂਰ
ਮਨ ਉਹਨੂੰ ਚੇਤੇ ਕਰਦਾ ਏ, ਮੇਰੀ ਜਿੰਦ ਗਮਾਂ ਚ ਡੁੱਬਦੀ ਏ

ਨੈਣ ਮਿਲਾ ਕੇ ਪਿਆਰ ਜਤਾ ਕੇ, ਉਹਨੇ ਕੀਤਾ ਮੈਨੂੰ ਦੀਵਾਨੀ
ਕੱਚੀ ਲਾ ਕੇ ਤੋੜ ਗਿਆ, ਲੁੱਟ ਲੈ ਗਿਆ ਪਿਆਰ ਨਿਸ਼ਾਨੀ
ਦਰ ਦਰ ਉਹਨੂੰ ਫਿਰਾਂ ਭਾਲਦੀ, ਖਬਰ ਨਹੀਂ ਸੁੱਧ ਬੁੱਧ ਦੀ ਏ

ਬੂਟਾ ਪਿਆਰ ਦਾ ਲਾ ਕੇ, ਪਿਆਰ ਮਾਹੀ ਦੇ ਨਾਲ ਪਾ ਕੇ
ਸਾਡਾ ਟੁਟ ਗਿਆ ਦਿਲ, ਜਦੋਂ ਟੁਰ ਗਿਆ ਲਾਰਾ ਲਾ ਕੇ
ਹੁਣ ਲਗਦਾ ਨਾ ਚਿੱਤ, ਲੱਗੀ ਦਿਲ ਦੀ ਨਹੀਂ ਬੁਝਦੀ ਏ

ਦੀਵਾ ਪ੍ਰੇਮ ਦਾ ਜਗਾ ਕੇ, ਰਾਤ ਵਾਂਗ ਚੰਨ ਨੂੰ ਮਨਾਵਾਂ
ਵਾਰ ਸੱਜਣਾ ਤੇ ਜਿੰਦ, ਉਹਨੂੰ ਸੀਨੇ ਨਾਲ ਲਾਵਾਂ
ਰੱਬਾ ਦੇਵੀਂ ਨਾ ਵਿਛੋੜਾ, ਇਹੋ ਗੱਲ ਬੈਂਸ ਨੂੰ ਸੁਝਦੀ ਏ

ਬੇਪਰਵਾਹ ਨਾਲ ਲਾ ਬੈਠੀ, ਭੈੜਾ ਦਿਲ ਤੜਫਾਈ ਜਾਂਦਾ ਏ
ਸੁਫਨੇ ਚ ਗੱਲਾਂ ਕਰਨ ਲੱਗੇ, ਅੱਖ ਖੁਲ੍ਹੇ ਦੂਰ ਨੱਸ ਜਾਂਦਾ ਏ
ਲਾਂਬੂ ਲਾ ਕੇ ਟੁਰ ਜਾਵੇ, ਬੈਂਸ, ਲੱਗੀ ਨਹੀਂ ਹੁਣ ਬੁਝਦੀ ਏ

ਵਿਛੋੜਾ ਖਾਈ ਜਾਂਦਾ

ਮੈਨੂੰ ਯਾਰ ਦਾ ਵਿਛੋੜਾ ਖਾਈ ਜਾਂਦਾ, ਰੱਬਾ ਸਾਡਾ ਦੁਖ ਤੋੜ ਦੇ
ਮੇਰਾ ਮਾਹੀ ਨੈਣ ਨਹੀਂ ਮਿਲਾਉਂਦਾ, ਰੱਬਾ ਮੇਰਾ ਪਿਆਰ ਮੋੜ ਦੇ

ਬਦੋ ਬਦੀ ਮੈਂ ਅੱਲ੍ਹੜਪਣੇ ਵਿਚ, ਇਕ ਬੇਦਰਦੀ ਨਾਲ ਲਾ ਬੈਠੀ
ਐਵੇਂ ਬੇਕਦਰਾਂ ਨੂੰ ਦਿਲ ਦੇ ਕੇ, ਮੈਂ ਉਮਰ ਦੀ ਚਿੰਤਾ ਲਾ ਬੈਠੀ
ਜੀ ਨਿੱਤ ਦਾ ਵਿਛੋੜਾ ਨਹੀਂ ਸਹਿੰਦਾ, ਰੱਬਾ ਸਾਡੀ ਪ੍ਰੀਤ ਜੋੜ ਦੇ

ਜੀ ਕਰਦਾ ਤੈਨੂੰ ਵੇਖੀ ਜਾਵਾਂ, ਤੱਕ ਤੱਕ ਹੁਸਨ ਦੀ ਖ਼ੈਰ ਮਨਾਵਾਂ
ਮੇਰੇ ਦਿਲ ਨੂੰ ਖਿੱਚ ਪਾਈ ਜਾਵੇ, ਮੁੱਖੜੇ ਤੋਂ ਕਿਵੇਂ ਨਜ਼ਰ ਹਟਾਵਾਂ
ਜੇ ਤੂੰ ਪਲਕਾਂ ਤੋਂ ਦੂਰ ਦੂਰ ਰਹਿਣਾ, ਪਿਆਰ ਦਾ ਬਹਾਨਾਂ ਛੋੜ ਦੇ

ਮੇਰਾ ਜੀ ਕਰਦਾ ਤੈਨੂੰ ਤੱਕਦੀ ਰਵ੍ਹਾਂ, ਤੱਕ ਤੱਕ ਤੈਨੂੰ ਨੱਚਦੀ ਰਵ੍ਹਾਂ
ਮੈਂ ਸਜਦੇ ਕਰ ਕਰ ਹਾਰ ਗਈ, ਜ਼ਰਾ ਨਾ ਸੁਣੇ ਮੈਂ ਜੋ ਭੀ ਕਹਾਂ
ਜੇ ਤੂੰ ਸਾਡੇ ਕੋਲ ਨਹੀਂ ਬਹਿਣਾ, ਰੱਬਾ ਸਾਡਾ ਪਿਆਰ ਮੋੜ ਦੇ

ਪਾਣੀ ਭਰਨ ਦੇ ਕਰਾਂ ਬਹਾਨੇ, ਰਾਹ ਤੱਕ ਤੱਕ ਅੱਖੀਆਂ ਪੱਕੀਆਂ
ਨੀ ਕਿਹੜਾ ਇਸ਼ਕ ਦਾ ਚਾ ਚੜ੍ਹਿਆ, ਮੈਨੂੰ ਤ੍ਰਾਨੇ ਮਾਰਨ ਸਖੀਆਂ
ਬਣ ਕੇ ਵਚੋਲਾ ਆ ਅੜਿਆ, ਰੱਬਾ ਦੁਖ ਤੋੜ ਦੇ ਸਾਡਾ ਯਾਰ ਮੋੜ ਦੇ

ਸੁਣ ਮਾਹੀ ਮੇਰੇ ਢੋਲ ਸਿਪਾਹੀ, ਮੈਨੂੰ ਸਾਹਮਣੇ ਬਹਿ ਕੇ ਵੇਖਣ ਦੇ
ਤੂੰ ਮੇਰਾ ਬਣ ਮੈਂ ਤੇਰੀ ਬਣ ਗਈ, ਦਿਲ ਕਰਦਾ ਦਿਲ ਵੇਚਣ ਦੇ
ਮਾਹੀ ਖਰੀਦ ਲੈ ਆਪੇ ਮੁੱਲ ਪਾ ਕੇ, ਜਿੰਨੀਂ ਕੁ ਤੈਨੂੰ ਸਾਡੀ ਲੋੜ ਏ

ਤੈਨੂੰ ਵੇਖਣ ਅੱਖੀਆਂ ਤਰਸਦੀਆਂ, ਚੋਰੀ ਚੋਰੀ ਮੁਖੜਾ ਵਖਾ
ਸਾਡੇ ਨੈਣਾ ਨਾਲ ਨੈਣ ਮਿਲਾ ਕੇ, ਮਾਹੀ ਦਿਲ ਦੀ ਲੱਗੀ ਬੁਝਾ
ਮਾਹੀ ਅੱਖੀਆਂ ਚ ਪਾ ਕੇ ਕਜਲਾ, ਨੈਣਾਂ ਦਾ ਕਰਾਰ ਤੋੜ ਦੇ

ਕਿਵੇਂ ਤੇਰੇ ਕੋਲੋਂ ਨਜ਼ਰਾਂ ਹਟਾਵਾਂ, ਮੈਨੂੰ ਤੇਰੇ ਵਿਚੋਂ ਰੱਬ ਦਿਸਦਾ
ਕਿਵੇਂ ਅੱਖੀਆਂ ਚ ਕਜਲਾ ਪਾਵਾਂ, ਨੈਣਾਂ ਚ ਮੇਰਾ ਯਾਰ ਵਸਦਾ
ਤੈਨੂੰ ਵੇਖ ਤੇਰੇ ਚ ਖੋਈ ਜਾਵਾਂ, ਰੱਬਾ ਸਾਡਾ ਪਿਆਰ ਜੋੜ ਦੇ

ਤੂੰ ਸਾਡੇ ਚਿੱਤ ਚ ਵਸਦਾ ਏਂ, ਮੈਂ ਜਿਹਦੇ ਬਦਲੇ ਦਰ ਦਰ ਫਿਰਦੀ
ਪੁੱਛਾਂ ਮੁੜ ਮੁੜ ਜਾਂਦੇ ਰਹੀਆਂ ਤੋਂ, ਮੈਨੂੰ ਮਿਲੇ ਨਾ ਕੋਈ ਹਮਦਰਦੀ
ਰਾਹੀ ਜਾਣ ਮਦੀਨੇ ਨੂੰ, ਬੈਂਸ ਉਨ੍ਹਾਂ ਨਾਲ ਮਿਲ ਕੇ ਪਿਆਰ ਜੋੜ ਦੇ

ਪਿਆਰ ਦਾ ਜਲਵਾ

ਮਾਹੀ ਪਲਕਾਂ ਚੋਂ ਕਿਰਦੇ ਨੇ, ਜਲਵੇ ਪਿਆਰ ਦੇ
ਸਾਡਾ ਦਿਲ ਬਦੋ ਬਦੀ ਗਾਵੇ, ਨਗਮੇ ਬਹਾਰ ਦੇ

ਮੇਰੇ ਦਿਲ ਤੇ ਜਾਦੂ ਕੀਤਾ, ਤੱਕਦੀ ਰਵ੍ਹਾਂ ਤੇਰੀ ਅੱਖੀਆਂ
ਚੋਰੀ ਚੋਰੀ ਛੁਪ ਛੁਪ ਕੇ, ਕਿਤੇ ਵੇਖ ਲੈਣ ਨਾ ਸਖੀਆਂ
ਨਾ ਕਹਿ ਸਕਦੀ ਨਾ ਰਹਿ ਸਕਦੀ, ਕੀਤੇ ਵਾਧੇ ਪਿਆਰ ਦੇ

ਸਾਡੇ ਦਿਲ ਦਾ ਚੈਨ ਖੋ ਗਿਆ, ਬੇਵਸ ਹੋਈਆਂ ਅੱਖੀਆਂ
ਕਦ ਹੋਸੀ ਦਿਦਾਰ ਵੇ ਅੜਿਆ, ਤੱਕ ਤੱਕ ਅਖੀਆਂ ਪੱਕੀਆਂ
ਮਾਹੀ ਮੈਂ ਜੋਗਣ ਬਣ ਗਈ, ਖ਼ੈਰ ਮੰਗਾਂ ਦਰ ਸਰਕਾਰ ਦੇ

ਨੈਣ ਮਿਲਾ ਕੇ ਨੈਣ ਝੁਕਾ ਕੇ, ਕਰਾਂ ਪਿਆਰ ਇਜ਼ਹਾਰ
ਸੂਰਤ ਤੇਰੀ ਮਨ ਵਿਚ ਵਸਦੀ, ਤੂੰ ਹੀ ਮੇਰਾ ਰਾਂਝਣ ਯਾਰ
ਤੇਰੇ ਬਾਝੋਂ ਜੀ ਨਹੀਂ ਲਗਦਾ, ਹੁਣ ਰੱਖ ਭਾਵੇਂ ਮਾਰ ਦੇ

ਸਾਡਾ ਦਿਲ ਬੇਤਾਬ ਹੋ ਗਿਆ, ਤੇਰੇ ਨਾਲ ਨੈਣ ਮਿਲਾ ਕੇ
ਤੈਨੂੰ ਮਿਲਣ ਨੂੰ ਨੈਣ ਤਰਸਦੇ, ਮਾਹੀ ਧੀਰ ਬਨ੍ਹਾ ਆ ਕੇ
ਨੈਣਾਂ ਨਾਲ ਨੈਣ ਮਿਲਾ ਸਾਡੇ, ਕਰ ਸੀਨਾਂ ਠੰਢਾ ਠਾਰ ਵੇ

ਹੋਰ ਕਿਤੋਂ ਕੁਝ ਨਹੀਂ ਮਿਲਦਾ, ਮਿਲੇ ਨਮਾਣੀ ਅੱਖੀਆਂ ਨੂੰ
ਨੈਣ ਝੁਕਾ ਕੇ ਇਕ ਮਿਕ ਹੋ ਜਾ, ਆਖੀਂ ਨਾ ਪਰ ਸਖੀਆਂ ਨੂੰ
ਜੇ ਮਿਲਿਆ ਨੈਣਾਂ ਨੂੰ ਮਿਲਿਆ, ਸਦਕੇ ਉਹਦੇ ਪਿਆਰ ਦੇ

ਕੱਲੀ ਛੱਡ ਗਿਓਂ

ਭੁੱਲ ਗਿਆ ਮੈਨੂੰ ਜੱਗ ਸਾਰਾ, ਕੋਈ ਦੇਵੇ ਨਾ ਸਹਾਰਾ
ਅੱਸਾਂ ਤੱਕਿਆ ਸੀ ਤੇਰੇ ਵੱਲ, ਤੂੰ ਭੀ ਛੱਡ ਗਿਓਂ ਯਾਰਾ
ਦਰ ਦਰ ਤੈਨੂੰ ਫਿਰਾਂ ਭਾਲਦੀ, ਚੰਨਾਂ ਤੂੰ ਮੀਤ ਹਮਾਰਾ
ਆ ਜਾ ਮੇਰੇ ਸੱਜਣਾ ਵੇ, ਮੋਢਾ ਦੇ ਕੇ ਲਾ ਦੇ ਕਿਨਾਰਾ

ਕੋਈ ਦੱਸਿਆ ਨਾ ਪਤਾ ਸਤਾ, ਟੁਰ ਗਿਆ ਅਸਾਂ ਬਰਬਾਦ ਕਰਕੇ
ਨਾਲੇ ਰੋਵਾਂ ਨਾਲੇ ਕਾਗ ਉਡਾਵਾਂ, ਚੰਨਾਂ ਤੈਨੂੰ ਯਾਦ ਕਰਕੇ

ਭੁੱਲ ਗਿਆ ਸਾਨੂੰ ਅਪਣਾ ਬਣਾ ਕੇ, ਉਮਰਾਂ ਦਾ ਰੋਣਾ ਦੇ ਗਿਆ
ਛੱਡ ਗਿਆ ਤੱਤੀ ਨੂੰ ਲਾਰਾ ਲਾ ਕੇ, ਸੱਸੀਏ ਦਾ ਚੈਨ ਲੈ ਗਿਆ
ਪੁੱਛਾਂ ਡਾਚੀਆਂ ਕੋਲੋਂ ਸਿਰਨਾਵਾਂ, ਨਾਲੇ ਰੋਵਾਂ ਤੈਨੂੰ ਯਾਦ ਕਰਕੇ

ਪਰਦੇਸੀ ਨੂੰ ਅਪਣਾ ਬਣਾ ਬੈਠੀ, ਮੈਂ ਅਪਣਾ ਆਪ ਗੁਆ ਬੈਠੀ
ਨਜ਼ਰ ਮਿਲਾ ਕੇ ਬੇਕਦਰਾਂ ਨਾਲ, ਅੱਖੀਆਂ ਦੀ ਨੀਂਦ ਗੁਆ ਬੈਠੀ
ਦੱਸ ਜਾਂਦੋਂ ਆਪਣਾ ਸਿਰਨਾਵਾਂ, ਮੈਂ ਟੁਰੀ ਆਉਂਦੀ ਰਾਹ ਫੜਕੇ

ਦੁਨੀਆਂ ਦੇ ਦਰਵਾਜੇ ਉਚੇ, ਪਰ ਰਾਹ ਇਸ਼ਕ ਦਾ ਮੋਰੀ
ਪਿਆਰ ਦੀ ਰੀਤ ਅਵੱਲੀ ਏ, ਬਣਨਾ ਪੈਂਦਾ ਚੰਨ ਚਕੋਰੀ
ਯਾਰ ਮੰਨਦਾ ਪਿਆਰ ਪਾ ਕੇ, ਰੱਬ ਮਿਲੇ ਯਾਦ ਕਰ ਕੇ

ਮਾਹੀ ਨੇ ਤੈਨੂੰ ਸਿਆਣ ਲਿਆ, ਹੁਣ ਬੁੱਸ ਬੁੱਸ ਨਾ ਕਰ ਝੱਲੀ
ਪਿਆ ਵੇਖੇ ਤੇਰੇ ਅਮਲਾਂ ਨੂੰ, ਅੜੀਏ, ਦਿਲ ਵਿਚ ਰੱਖ ਤਸੱਲੀ
ਬੈਂਸ, ਉਹ ਆਏਗਾ ਗਲ ਲਾਏਗਾ, ਜ਼ਰਾ ਵੇਖ ਫਰਿਆਦ ਕਰਕੇ

ਦਿਲ ਦੀ ਆਹ

ਜਾਂਦੇ ਸੱਜਣਾ ਨੂੰ ਕੋਈ ਮੋੜੇ, ਝੱਲਣੀ ਜੁਦਾਈਆਂ ਪੈ ਗਈਆਂ
ਕੋਈ ਦਿਲ ਨਾ ਕਿਸੇ ਦਾ ਤੋੜੇ, ਰੋਂਦੀਆਂ ਨਿਗਾਹਾਂ ਕਹਿੰਦੀਆਂ

ਅੱਖ ਦਿਲ ਦੀ ਦੀਵਾਨੀ ਏ, ਗੁਝੇ ਪਿਆਰ ਦੀ ਨਿਸ਼ਾਨੀ ਏ
ਲੜ ਜਾਏ ਲਾ ਪਰਵਾਹੀ ਨਾਲ, ਜਾਣੇ ਲਾਭ ਨਾ ਹਾਨੀ ਏ
ਕਰੇ ਦਿਲ ਦੀ ਗੁਲਾਮੀ, ਝੁਕ ਜਾਏ ਝੱਟ ਜਦੋਂ ਵੀ ਦਿਲ ਮੋੜੇ

ਅੱਖ ਦਿਲ ਦਾ ਨਿਸ਼ਾਨ, ਕਰਦੀ ਦਿਲ ਦਾ ਹਾਲ ਬਿਆਨ
ਜਿਹਦੀ ਲੱਗੀ ਟੁਟ ਜਾਵੇ, ਉਹਦਾ ਜੀਣਾ ਹੋ ਜਾਏ ਹਰਾਮ
ਛੁਪ ਛੁਪ ਕੇ ਫਰਿਆਦ ਕਰੇ, ਜੇ ਮੇਰਾ ਸੱਜਣ ਮੁਹਾਰਾਂ ਮੋੜੇ

ਇਹ ਕਿੰਨੀਂ ਭੈੜੀ ਗੱਲ, ਅੱਜ ਲਾਈ ਟੁਟ ਜਾਵੇ ਕੱਲ੍ਹ
ਤਾਰੇ ਗਿਣ ਗਿਣ ਰਾਤ ਲੰਘਦੀ, ਜੇ ਹੋਵੇ ਨਾ ਮਾਹੀ ਵੱਲ
ਉਬ੍ਹੜਵਾਈ ਉਠੱ ਉਠੱ ਨੱਸੇ, ਸੁਫਨਿਆਂ ਚ ਪੈਣ ਵਿਛੋੜੇ

ਅੱਖ ਲਾ ਲੈਣੀ ਬੜੀ ਸੌਖੀ ਏ,ਲਾ ਕੇ ਨਿਭਾਉਣੀ ਔਖੀ ਏ
ਦਿਲ ਧੜਕੇ ਕਲੇਜਾ ਫੜਕੇ, ਪਿਆਰ ਦੀ ਇਹ ਚਨੌਤੀ ਏ
ਪਿਆਰ ਮਾਹੀ ਨਾਲ ਪਾ ਬੈਠੀ, ਪਰ ਪਲ ਮਿਲਣ ਦੇ ਥੋੜੇ

ਉਹਦਾ ਕਾਹਦਾ ਇਤਬਾਰ, ਜਿਹੜਾ ਭੁੱਲ ਜਾਵੇ ਇਕਰਾਰ
ਐਵੇਂ ਲਾਰਾ ਲਾ ਕੇ ਟੁਰ ਜਾਂਦੇ, ਜਿਨ੍ਹਾਂ ਕੀਤਾ ਨਹੀਂ ਪਿਆਰ
ਕੱਚੀ ਕੱਚਿਆਂ ਦੀ ਯਾਰੀ, ਨਾਲ ਕੱਚਿਆਂ ਕੋਈ ਨਾ ਜੋੜੇ

ਦਿਲ ਦੇ ਕੇ ਨੈਣ ਮਿਲਾ ਅੜੀਏ, ਉਹੋ ਯਾਰ ਉਹੋ ਦਿਲਦਾਰ
ਜਿਹਨੇ ਤੇਰਾ ਦਿਲ ਧੜਕਾਇਆ, ਉਹੋ ਕਰੇਗਾ ਬੇੜਾ ਪਾਰ
ਬੈਂਸ ਰੱਖੇਗਾ ਲਾਜ ਨਿਮਾਣੀ ਦੀ, ਤੇਰੇ ਸੱਜਣ ਪਾਉਣਗੇ ਮੋੜੇ

ਬਣ ਗਈ ਫਕੀਰ

ਤੇਰੇ ਲਾਰਿਆਂ ਦੇ ਪਿੱਛੇ, ਟੁੱਟੀ ਹੱਥ ਦੀ ਲਕੀਰ ਵੇ
ਅੱਖਾਂ ਤੇਰੇ ਨਾਲ ਲਾ ਕੇ, ਮੈਂ ਬਣ ਗਈ ਫਕੀਰ ਵੇ

ਮਨ ਚ ਵਸਦੀ ਸੂਰਤ ਤੇਰੀ, ਇਕ ਵਾਰੀ ਫੇਰਾ ਪਾ ਜਾ
ਝੱਲੀਆਂ ਨਾ ਜਾਣ ਜੁਦਾਈਆਂ, ਮੇਰੇ ਮਾਹੀ ਮੇਰੇ ਰਾਜਾ
ਜਦੋਂ ਯਾਦ ਤੇਰੀ ਆਵੇ, ਹੋਵੇ ਮਿੱਠੀ ਮਿੱਠੀ ਪੀੜ ਵੇ

ਐਵੇਂ ਕਰੀਏ ਨਾ ਕੱਚੇ ਵਾਧੇ, ਨਾ ਹੀ ਕਰੀਏ ਗ਼ਰੂਰ
ਪਿਆਰ ਤੇਰੇ ਨਾਲ ਪਾ ਕੇ, ਦਿਲ ਹੋਇਆ ਚੂਰੋ ਚੂਰ
ਮਨ ਬੇਵਸ ਹੋ ਗਿਆ, ਚੰਨਾਂ ਹੋ ਗਈ ਅਖੀਰ ਵੇ

ਲਾਰੇ ਲਾ ਕੇ ਪਿੱਛੇ ਲਾਇਆ, ਸਾਡਾ ਮਨ ਤੜਫਾਇਆ
ਸੁੱਤੀ ਛੱਡ ਕੇ ਟੁਰ ਗਿਆ, ਪਤਾ ਸਤਾ ਨਾ ਸਮਝਾਇਆ
ਦੇ ਗਿਆ ਮਿੱਠਾ ਜਿਹਾ ਦਰਦ, ਮਾਰ ਨਜ਼ਰਾਂ ਦੇ ਤੀਰ ਵੇ

ਅੱਲੜਪਣੇ ਚ ਲੱਗ ਗਈ ਸਾਡੀ, ਹੋ ਗਏ ਕੌਲ ਕਰਾਰ
ਦੁਖ ਝੱਲਿਆ ਨਾ ਜਾਵੇ, ਹੋ ਗਈ ਪਿਆਰ ਚ ਬਿਮਾਰ
ਆ ਜਾ ਮੇਰੇ ਮਾਹੀ ਆ ਜਾ, ਬੈਂਸ ਤੱਕੇ ਤੇਰੀ ਤਸਵੀਰ ਵੇ

ਮੇਰੀ ਸੁਣ ਲੈ ਮੇਰੇ ਮਾਹੀ, ਤੂੰ ਕਾਹਨੂੰ ਕਰਦਾ ਏਂ ਅਤੀਆਂ
ਮੈਂ ਤੇਰੀ ਦੀਵਾਨੀ ਹੋ ਗਈ, ਹੁਣ ਚੁੱਕ ਹੋਣ ਨਾ ਛਤੀਆਂ
ਬੈਂਸ, ਉਮਰ ਬੀਤ ਗਈ ਸਾਰੀ, ਸੁੱਕੇ ਜੰਡ ਤੇ ਕਰੀਰ ਵੇ

ਰਾਂਝਣ ਦੀ ਦੀਦ

ਹਟਾ ਪੜਦਾ ਮਿਲਾ ਨਜ਼ਰਾਂ, ਮੇਰਾ ਜੀ ਵੇਖਣ ਨੂੰ ਧੜਕੇ
ਤੇਰੇ ਹੱਥ ਕਲਾਈ ਸਾਡੀ, ਮਾਹੀ ਛੱਡੀਂ ਨਾ ਹੁਣ ਫੜਕੇ

ਅਸਾਂ ਤੇਰੀ ਯਾਦ ਸਤੌਂਦੀ ਏ, ਤੈਨੂੰ ਮਿਲਣ ਨੂੰ ਜੀ ਕਰਦਾ
ਛੁਪ ਛੁਪ ਕੇ ਨਾ ਤੀਰ ਚਲਾ, ਮਿਲਾ ਨਜ਼ਰਾਂ ਉਠਾ ਪੜਦਾ
ਇਸ਼ਕ ਤੇਰੇ ਨੇ ਲੁੱਟਿਆ ਈ, ਰਾਹ ਤੱਕਦੀ ਬਨੇਰੇ ਚੜ੍ਹ ਕੇ

ਤੇਰੀ ਦੀਦ ਦਾ ਸਾਨੂੰ ਚਾ, ਕਦੀ ਸਾਡੇ ਵੀ ਵਿਹੜੇ ਆ
ਔਂਸੀਆਂ ਪਾਵਾਂ ਕਾਗ ਉੜਾਵਾਂ, ਅਸਾਂ ਯਾਰ ਮਿਲਣ ਦਾ ਚਾ
ਬੱਦਲ ਗਰਜੇ ਬਿਜਲੀ ਚਮਕੇ, ਦਿਲ ਵਾਂਗ ਬਬੀਹੇ ਧੜਕੇ

ਤੂੰ ਹੀ ਮੇਰਾ ਰਾਂਝਣ ਮਾਹੀ, ਤੂੰ ਹੀ ਏਂ ਮੇਰਾ ਪਿਆਰ
ਮੇਰਾ ਜੀ ਸੋਚਾਂ ਨੇ ਖਾਧਾ, ਤੇਰੇ ਗ਼ਮ ਚ ਪਈ ਬਿਮਾਰ
ਦਿਲ ਦੇ ਬਿਖਰੇ ਟੋਟਿਆਂ ਨੂੰ, ਚੁੱਕ ਲੈ ਇਕ ਇਕ ਕਰਕੇ

ਤੂੰ ਮੇਰੇ ਦਿਲ ਦਾ ਦਰਪਣ, ਤੈਨੂੰ ਵੇਖਣ ਵਿਚ ਪਿਆਰ
ਮੁੰਹ ਵੇਖਾਂ ਮੈਨੂੰ ਤੂੰ ਦਿਸਦਾ, ਪਿਆ ਕਰਦਾ ਕੌਲ ਕਰਾਰ
ਨੈਣਾਂ ਨਾਲ ਨੈਣ ਮਿਲਾ ਮਾਹੀ, ਤੋੜ ਨਾ ਜਾਵੀਂ ਲੜ ਕੇ

ਚੰਨਾਂ, ਮੈਂ ਤਾਰਿਆਂ ਤੋਂ ਪੁੱਛਾਂ, ਹੋਕਾ ਦੇਵਾਂ ਸਾਰੀ ਰਾਤ
ਕਦੋਂ ਮੇਰੇ ਚੰਨ ਮਾਹੀ ਆਉਣਾ, ਕਦੋਂ ਚੜ੍ਹੇਗੀ ਬਾਰਾਤ
ਬੈਂਸ ਮਾਹੀ ਨੂੰ ਮਨਾ ਲੈ, ਚੇਤੇ ਕਰਿਆ ਕਰ ਉਠੱ ਤੜਕੇ

ਸੁਫਨੇ ਚ ਆ ਕੇ ਮਿਲ, ਮੈਂ ਤੇਰੇ ਨਾਲ ਕੌਲ਼ ਕਰਾਰ ਕਰਾਂ
ਮੇਰਾ ਦਿਲ ਤੜਫਾਉਂਦਾ ਰਹਿ, ਸਦਾ ਤੇਰਾ ਇੰਤਜ਼ਾਰ ਕਰਾਂ
ਇਸ਼ਕ ਦਾ ਮਾਰਾ ਬੈਂਸ ਮਰ ਗਿਆ, ਨਬਜ਼ ਬਿਨਾ ਦਿਲ ਧੜਕੇ

ਮਿਲੇ ਨਾ ਮੰਜ਼ਿਲ

ਪਿਆਰ ਦੇ ਬਾਝੋਂ ਮਿਲੇ ਨਾ ਮੰਜ਼ਿਲ, ਜਿੰਨਾਂ ਮਰਜ਼ੀ ਮਨ ਦੌੜਾ ਲੈ
ਹੋਰ ਕਿਸੇ ਥਾਂ ਕੁਝ ਨਹੀਂ ਮਿਲਦਾ, ਭਾਵੇਂ ਸਾਰਾ ਜੱਗ ਭਰਮਾ ਲੈ

ਤੂੰ ਦਾਤਾ ਮੈਂ ਮੰਗਤਾ ਤੇਰਾ, ਤੈਥੋਂ ਸਦਾ ਹੀ ਮੰਗਦੇ ਰਹਿਣਾ
ਜੇ ਸਾਨੂੰ ਦਰੋਂ ਖਾਲੀ ਤੋਰਿਆ, ਤੈਨੂੰ ਦਾਤਾ ਅਸਾਂ ਨਾ ਕਹਿਣਾ
ਤੇਰੇ ਦਰ ਤੇ ਖੜ੍ਹਾ ਭਿਖਾਰੀ, ਆ ਕੇ ਖ਼ੈਰ ਪਿਆਰ ਦੀ ਪਾ ਲੈ

ਚਾਹ ਸਾਨੂੰ ਤੇਰੇ ਪਿਆਰ ਦੀ, ਤੇਰੇ ਨਾਲ ਕੌਲ ਕਰਾਰ ਦੀ
ਜ਼ਰਾ ਸਾਡੇ ਵਲ ਤੱਕ ਸੱਜਣਾ,ਰੱਖ ਲਾਜ ਅਪਣੇ ਪਿਆਰ ਦੀ
ਨਿੱਕਾ ਜਿਹਾ ਇਸ਼ਾਰਾ ਕਰਕੇ, ਅਸਾਂ ਨੂੰ ਗਲ ਨਾਲ ਲਾ ਲੈ

ਗੁਰਦੁਆਰੇ ਜਾ ਜਾ ਥੱਕੇ, ਰਗੜ ਰਗੜ ਸਿਰ ਘਸ ਗਏ ਮੱਥੇ
ਚਲਦੇ ਚਲਦੇ ਪੈਰ ਘਸ ਗਏ, ਨਾ ਉਹ ਤੀਰਥ ਨਾ ਵਿਚ ਮੱਕੇ
ਕਰਮ ਧਰਮ ਚੋਂ ਰੱਬ ਨਾ ਮਿਲਦਾ, ਭਾਵੇਂ ਸਾਰੀ ਉਮਰ ਕਮਾ ਲੈ

ਰੱਬ ਮਿਲਦਾ ਯਾਰ ਬਣਾ ਕੇ, ਮਾਹੀ ਦੇ ਨਾਲ ਪਿਆਰ ਪਾ ਕੇ
ਸਾਰੀ ਦੁਨੀਆਂ ਭੁੱਲਣੀ ਪੈਂਦੀ, ਅਪਣੇ ਵਿਚੋਂ ਆਪ ਮਿਟਾ ਕੇ
ਬੈਂਸ, ਜੇ ਕਿਧਰੇ ਸੁਹਣਾ ਰੁੱਸ ਜਾਵੇ, ਪੈਰੀਂ ਪੈ ਯਾਰ ਮਨਾ ਲੈ

ਕਵਿਤਾ ਲਿਖ ਲਿਖ ਚਿੱਠੀਆਂ ਪਾਵਾਂ, ਮਾਹੀ ਤੇਰੇ ਪਿਆਰ ਵਿਚ
ਤੂੰ ਯਾਦ ਆਵੇਂ ਮੇਰਾ ਜੀ ਘਬਰਾਵੇ, ਮਜ਼ਾ ਆਵੇ ਇੰਤਜ਼ਾਰ ਵਿਚ
ਬੈਂਸ ਚਿੱਠੀਆਂ ਲਿਖ ਲਿਖ ਮਾਹੀ ਨੂੰ, ਦਿਲ ਦੀ ਲੱਗੀ ਬੁਝਾ ਲੈ

ਚਿੜੀਆਂ ਰੈਣ ਬਸੇਰਾ

ਪਲ ਉਰੇ ਪਲ ਪਰੇ ਉੜੇ, ਹੁਣ ਜੀ ਨਹੀਂ ਲਗਦਾ ਮੇਰਾ
ਦਰ ਬਦਰ ਫਿਰੇ ਭਟਕਦਾ,ਜਿਵੇਂ ਚਿੜੀਆਂ ਰੈਣ ਬਸੇਰਾ

ਅੱਜ ਇਥੇ ਕਲ੍ਹ ਉਥੇ ਜਾਵੇ, ਚੰਨ ਤਾਰੇ ਤੋੜਨ ਜਾਂਦਾ ਏ
ਖੋਜੇ ਅਪਣੇ ਮਾਹੀ ਨੂੰ, ਉੜ ਉੜ ਕੇ ਮਨ ਬਹਿਲੌਂਦਾ ਏ
ਕਰਮਾਂ ਤੇ ਨਬੇੜੇ ਹੁੰਦੇ ਨੇ, ਉਥੇ ਵਾਹ ਨਹੀਂ ਚਲਣਾ ਤੇਰਾ

ਨਿੱਤ ਉਠ ਅਸਮਾਨੀ ਉੜਦਾ, ਅਪਣੇ ਮਨ ਨਾਲ ਲੜਦਾ ਨਹੀਂ
ਤਾਰੇ ਤੋੜਨ ਨਸਦਾ ਏ, ਪਰ ਅੰਦਰ ਛੁਪੇ ਚੋਰ ਨੂੰ ਫੜਦਾ ਨਹੀਂ
ਮਨ ਚ ਖੋਜ ਲੈ ਆਪਣਾ ਮਾਹੀ, ਤੇਰਾ ਮੁੱਕ ਜਾਏ ਝਗੜਾ ਝੇੜਾ

ਜੇ ਸੱਜਣਾ ਨਾਲ ਕਰਨੇ ਮੇਲੇ, ਬਣਨਾ ਪੈਣਾ ਨਾਥ ਦੇ ਚੇਲੇ
ਹੀਰ ਸਲੇਟੀ ਸਜਦੇ ਕਰਦੀ, ਮੇਰਾ ਯਾਰ ਬੁੱਕਲ ਵਿਚ ਖੇਲ੍ਹੇ
ਰਾਂਝਾ ਕਰਦੀ ਰਾਂਝਾ ਬਣ ਗਈ, ਦਿਲ ਹਾਲ ਬੇਹਾਲ ਏ ਮੇਰਾ

ਮਿਲਣ ਯਾਰ ਨੂੰ ਜਾਹ ਅੜੀਏ, ਰੱਖ ਅਪਣੇ ਚਿੱਤ ਚ ਆਸ
ਮੇਰੇ ਮਨ ਚ ਵਸਦਾ ਰਹਿ, ਮਿਟੇ ਨਾ ਮਿਲਣ ਦੀ ਪਿਆਸ
ਆ ਗਲ ਲੱਗ ਮੇਰੇ ਸੱਜਣਾ ਵੇ, ਬੈਂਸ ਰਾਹ ਪਿਆ ਤੱਕੇ ਤੇਰਾ

ਇਸ ਜੱਗ ਵਿਚ ਮੇਰਾ ਤੂੰ ਹੀ ਏਂ, ਇੱਥੇ ਹੋਰ ਨਹੀਂ ਕੋਈ ਮੇਰਾ
ਮਿੰਨਤਾਂ ਕਰ ਕਰ ਹਾਰ ਗਈ, ਤੂੰ ਕਿਉਂ ਨਹੀਂ ਪਾਉਂਦਾ ਫੇਰਾ
ਮਨ ਤੱਤੜੇ ਵਿਚ ਆ ਵਸ ਢੋਲਾ, ਪੰਧ ਮੁੱਕ ਜਾਏ ਤੇਰਾ ਮੇਰਾ

ਅੱਖੀਆਂ ਦਾ ਰੋਣਾ

ਅੱਖੀਆਂ ਨੇ ਜਦੋਂ ਰੋਣਾ ਸਿੱਖਿਆ, ਕਿਸੇ ਦੀਆਂ ਨਹੀਂ ਰਹੀਆਂ
ਪਲਕਾਂ ਤੇ ਮਾਹੀ ਵਸਦਾ ਏ, ਮਾਹੀ ਮਾਹੀ ਕਰਦੀਆਂ ਪਈਆਂ

ਰੱਬ ਬਚਾਏ ਇਨ੍ਹਾਂ ਅੱਖੀਆਂ ਤੋਂ, ਪਰ ਛੁਪਾ ਕੇ ਰੱਖੇ ਸਖੀਆਂ ਤੋਂ
ਮੋਤੀਆਂ ਕਿਸੇ ਨਾ ਮੁਤੀਆਂ ਇਹ, ਖ਼ੈਰ ਕਰੇ ਰੱਬ ਤੱਤੀਆਂ ਤੋਂ
ਛੁਪ ਛੁਪ ਕੇ ਨਜ਼ਾਰੇ ਵੇਖਦੀਆਂ, ਜਦੋਂ ਰਾਹ ਇਸ਼ਕ ਦੇ ਪਈਆਂ

ਨੱਚਣਾ ਟੱਪਣਾ ਭੁੱਲ ਜਾਵੇ, ਜਦੋਂ ਦਿਲ ਯਾਰ ਤੇ ਡੁੱਲ੍ਹ ਜਾਵੇ
ਸ਼ਾਮ ਸਵੇਰੇ ਅੱਥਰੂ ਵਗਦੇ, ਰੋ ਰੋ ਪਿਆਰ ਦਾ ਮੁੱਲ ਪਾਵੇ
ਜਦੋਂ ਅੱਖੀਆਂ ਤੇਰੀਆਂ ਹੋਈਆਂ, ਸਾਰਾ ਜੱਗ ਭੁੱਲ ਗਈਆਂ

ਆ ਜਾ ਮੇਰੇ ਰਾਂਝਣ ਮਾਹੀ, ਕੱਠੇ ਰਹਿ ਕੇ ਇਸ਼ਕ ਕਮਾਈਏ
ਨੈਣਾ ਦਾ ਕਜਲਾ ਬਹਿ ਟੁਰਿਆ, ਹੁਣ ਜੱਗ ਤੋਂ ਨਾ ਛਰਮਾਈਏ
ਤਰਕਾਂ ਤੇਰੇ ਪਿਆਰ ਦੀਆਂ, ਸਾਥੋਂ ਨਹੀਂ ਜਾਂਦੀਆਂ ਸਹੀਆਂ

ਬਣਾ ਲੈਂਦਾ ਕਦੀ ਢਾ ਦਿੰਦਾ, ਦਮ ਖਿਚ ਲੈਂਦਾ ਵਿਚ ਵੜਕੇ
ਲਾ ਅਪਣੇ ਪਿੱਛੇ ਸੋਹਣੀ ਨੂੰ, ਦਿੱਤਾ ਡੋਬ ਝਨਾ ਵਿਚ ਫੜਕੇ
ਲੈ ਗਈ ਲਹਿਰ ਝਨਾ ਦੀ, ਅੱਖੀਆਂ ਮਾਹੀ ਤੱਕਦੀਆਂ ਰਹੀਆਂ

ਲਾ ਕੇ ਰੁੱਸ ਗਿਆ ਸੱਸੀ ਨਾਲ, ਥਲਾਂ ਚ ਉਹਨੂੰ ਰੋਲਿਆ ਤੂੰ
ਨੰਗੇ ਪੈਰ ਬਿਨ ਚੁੰਨੀਂ ਟੁਰ ਪਈ, ਕਿਉਂ ਨਾ ਉਹਨੂੰ ਮੋੜਿਆ ਤੂੰ
ਘੁੰਡ ਚੁੱਕ ਲੈ ਬੈਂਸ ਨਿਮਾਣੇ ਤੋਂ, ਅੱਖੀਆਂ ਤਰਸਦੀਆਂ ਪਈਆਂ

ਪਿਆਰ ਦੀ ਪੀੜ

ਅੱਲ੍ਹੜਾਂ ਦੇ ਨਾਲ ਲਾ ਬੈਠੀ, ਐਵੇਂ ਜੀ ਤੜਫਾਈ ਰੱਖਦਾ ਏ
ਬੇਕਦਰਾਂ ਦੀ ਖ਼ੈਰ ਹੋਵੇ, ਅਪਣਿਆਂ ਨੂੰ ਪਰਾਇਆ ਦੱਸਦਾ ਏ

ਕਦੀ ਤੜਕੇ ਕਦੀ ਸ਼ਾਮੀਂ ਏ, ਕਦੀ ਬਦਨੀ ਕਦੀ ਰੂਹਾਨੀ ਏ
ਲਾਭ ਹਾਣ ਦੇ ਝਗੜੇ ਸਭ, ਕਿਤੇ ਇੱਜ਼ਤ ਕਿਤੇ ਬਦਨਾਮੀਂ ਏ
ਨਰਕ ਸੁਰਗ ਦੇ ਲਾਲੇ ਕਿਤੇ, ਧਰਮਾਂ ਤੋਂ ਡਰਾਈ ਰੱਖਦਾ ਏ
ਕਿਤੇ ਬੁੱਤਖਾਨੇ ਚ ਬੈਠਾ ਏ, ਕਿਤੇ ਹਾਜੀ ਏ ਕਿਤੇ ਕਾਜ਼ੀ ਏ
ਸਭ ਭੇਸ ਬਣਾ ਕੇ ਫਿਰਦੇ ਨੇ, ਪਰ ਉਹ ਧਰਮਾਂ ਤੋਂ ਬਾਗੀ ਏ
ਇਹ ਹੋਵੇ ਭਾਵੇਂ ਉਹ ਹੋਵੇ, ਉਹ ਸਭਨਾਂ ਵਿਚ ਵਸਦਾ ਏ
ਮਾਹੀ ਬਾਝੋਂ ਅੱਖ ਨਾ ਲਗਦੀ, ਸਾਰੀ ਰਾਤ ਜਗਾਈ ਰੱਖਦਾ ਏ
ਮੇਰਾ ਚੰਨ, ਤਾਰਿਆਂ ਵਾਕਣ, ਮੇਰਾ ਦਿਲ ਤੜਫਾਈ ਰੱਖਦਾ ਏ
ਜਦੋਂ ਤਾਰੇ ਝਿਲਮਿਲ ਕਰਦੇ ਨੇ, ਮੇਰਾ ਜੀ ਉਨ੍ਹਾਂ ਵਲ ਨੱਸਦਾ ਏ
ਜਦੋਂ ਨਿਆਜ਼ ਅੱਖ ਨੂੰ ਭੌਂਦਾ ਏ, ਗੈਰਾਂ ਨੂੰ ਅਪਣਾ ਬਣਾਉਂਦਾ ਏ
ਰੋਗ ਇਸ਼ਕ ਦਾ ਲਾ ਦੇਵੇ, ਜਿਹਨੂੰ ਲੱਗ ਜਾਂਦਾ ਉਹਨੂੰ ਖਾਂਦਾ ਏ
ਜੱਗ ਦੀ ਨਹੀਂ ਪਰਵਾਹ ਕੋਈ, ਜੇ ਰੋਕੋ ਖਿੜ ਖਿੜ ਹਸਦਾ ਏ
ਗੁਝੇ ਤੀਰ ਚਲਾ ਕੇ ਨੈਣਾ ਦੇ, ਮੇਰੇ ਦਿਲ ਨੂੰ ਚਿੰਣਗ ਲਗਾ ਦੇਵੇ
ਨਾ ਡਰਦਾ ਫਾਸੀ ਫੰਧਿਆਂ ਤੋਂ, ਹਸ ਹਸ ਕੇ ਜਾਨ ਗੁਆ ਦੇਵੇ
ਘਰ ਬਾਰ ਛਡਾ ਕੇ ਰਾਂਝੇ ਤੋਂ, ਜਾ ਵਿਚ ਸਿਆਲੀਂ ਵਸਦਾ ਏ
ਨਾ ਰਹਿਣ ਸਹਿਣ ਦੀ ਥਾਂ ਹੋਵੇ, ਨਾ ਰੁੱਖਾਂ ਦੀ ਠੰਢੀ ਛਾਂ ਹੋਵੇ
ਸਾਰੀ ਦੁਨੀਆਂ ਭੁੱਲ ਜਾਵੇ, ਜਿਹਦੇ ਮਨ ਚ ਯਾਰ ਦਾ ਨਾਂ ਹੋਵੇ
ਸਭ ਰਿਸ਼ਤੇ ਨਾਤੇ ਭੁੱਲ ਜਾਂਦੇ, ਗੈਰਾਂ ਨੂੰ ਅਪਣਾ ਦੱਸਦਾ ਏ
ਨਾ ਨਬਜ਼ ਰੁਕੇ ਨਾ ਸਾਹ ਆਵੇ, ਪਰ ਚੇਤੇ ਬੇਪਰਵਾਹ ਆਵੇ
ਇਲਾਜ ਮਰਜ਼ ਦਾ ਔਖਾ ਏ, ਨਾ ਵੈਦ ਆਵੇ ਨਾ ਜਰਾਹ ਆਵੇ
ਜਿਉਂਦਿਆਂ ਮਰਨਾਂ ਪੈਂਦਾ ਏ, ਜਦੋਂ ਨਾਗ ਇਸ਼ਕ ਦਾ ਡਸਦਾ ਏ
ਉਹਦੇ ਕਾਤਲ ਨੈਣ ਨਸ਼ੀਲੇ ਨੇ, ਕਾਲੇ ਨਾਗ ਵਾਂਗ ਜ਼ਹਿਰੀਲੇ ਨੇ
ਜਦੋਂ ਲੜ ਜਾਂਦੇ ਅੰਗ ਖੜ੍ਹ ਜਾਂਦੇ, ਹੱਥ ਪੈਰ ਹੋ ਜਾਂਦੇ ਨੀਲੇ ਨੇ
ਤੀਰ ਅੰਦਾਜ਼ ਦੀ ਖੈਰ ਹੋਵੇ, ਪਿਆ ਤੀਰ ਚਲਾ ਕੇ ਹਸਦਾ ਏ
ਸਭ ਅਪਣੇ ਕਰਮ ਬਣਾਉਂਦੇ ਨੇ, ਜੋ ਖੱਟਿਆ ਨਾਲ ਲੈ ਜਾਂਦੇ ਨੇ
ਅੱਜ ਜੰਮਿਆਂ ਭਲ ਕੇ ਮਰ ਜਾਣਾ, ਮੁੜ ਮੁੜ ਆਉਂਦੇ ਜਾਂਦੇ ਨੇ
ਅਮਲਾਂ ਦੀ ਕੀਮਤ ਪੈਂਦੀ ਏ, ਕੋਈ ਲੱਖ ਦਾ ਕੋਈ ਕੱਖ ਦਾ ਏ
ਨਹੀਂ ਮੰਨਦਾ ਮੀਰਾਂ ਪੀਰਾਂ ਨੂੰ, ਪਿਆ ਭਾਲੇ ਰਾਂਝਣ ਹੀਰਾਂ ਨੂੰ
ਜਦੋਂ ਇਸ਼ਕ ਦੇ ਭਾਂਬੜ ਮਚਦੇ ਨੇ, ਟੁਰ ਜਾਵੇ ਘੱਤ ਵਹੀਰਾਂ ਨੂੰ
ਮੀਰ ਪੀਰ ਵੀ ਨਾ ਰੋਕ ਸਕਣ, ਤੈਨੂੰ ਬੈਂਸ ਨਿਮਾਣਾ ਦੱਸਦਾ ਏ

ਸੁਹਣਿਆਂ ਮੈਂ ਤੇਰੀ

ਪਿਆਰ ਦੀ ਬਾਜ਼ੀ ਲਾ ਅੜਿਆ, ਕਰ ਸਾਡੇ ਨਾਲ ਇਕਰਾਰ
ਸੌਂਹ ਤੇਰੀ ਸੁਹਣਿਆਂ ਮੈਂ ਤੇਰੀ, ਤੂੰ ਮੇਰਾ ਰਾਂਝਣ ਯਾਰ

ਇਸ਼ਕ ਮਜਾਜ਼ੀ ਰੀਤ ਜੱਗ ਦੀ, ਇਸ਼ਕ ਦਾ ਰੋਗ ਅਵੱਲਾ
ਜੇ ਇਸ਼ਕ ਹਕੀਕੀ ਹੋ ਜਾਵੇ, ਜੀ ਹੋ ਜਾਏ ਅੱਲ ਵਲੱਲਾ
ਕੱਚੇ ਘੜੇ ਤੇ ਤਰ ਜਾ ਸੋਹਣੀਏ, ਮਾਹੀ ਵਸਦਾ ਝਨਾ ਦੇ ਪਾਰ

ਪਿਆਰ ਕਰਨ ਨੂੰ ਜੀ ਕਰਦੈ, ਇਜ਼ਹਾਰ ਕਰਨ ਨੂੰ ਜੀ ਕਰਦੈ
ਜੀ ਬਹਿਲੌਣ ਨੂੰ ਜੀ ਕਰਦੈ, ਤੈਨੂੰ ਅਪਣਾ ਬਣਾਉਣ ਨੂੰ ਜੀ ਕਰਦੈ
ਮਾਹੀ ਦਿਲ ਚੀਰ ਵਖਾ ਦੇਵਾਂ, ਜੇ ਮੰਨ ਜਾਏ ਮੇਰੀ ਸਰਕਾਰ

ਤੈਨੂੰ ਗਲੇ ਲਾਉਣ ਨੂੰ ਜੀ ਕਰਦੈ, ਲਾ ਕੇ ਮਨਾਉਣ ਨੂੰ ਜੀ ਕਰਦੈ
ਕੁਝ ਤੇਰੀ ਸੁਣਨ ਨੂੰ ਜੀ ਕਰਦੈ, ਕੁਝ ਮੇਰੀ ਸੁਣਾਉਣ ਨੂੰ ਜੀ ਕਰਦੈ
ਸੌਂਹ ਤੇਰੀ, ਰਾਂਝਣਾ ਮੈਂ ਤੇਰੀ, ਸਾਡਾ ਜਨਮ ਜਨਮ ਦਾ ਪਿਆਰ

ਕੱਲਿਆਂ ਬਹਿ ਰਾਤ ਨਾ ਬੀਤੇ, ਹੋਵੇ ਰੁੱਖ ਨਾ ਵਣਾਂ ਵਿਚ ਕੱਲਾ
ਆ ਮਾਹੀ ਦੋਵੇਂ ਰਲ ਕੇ ਬਹੀਏ, ਨਾਲੇ ਦੇ ਜਾ ਸ਼ਗਨ ਦਾ ਛੱਲਾ
ਦੁਨੀਆਂ ਪੁੱਠੀ ਖੱਲ ਲੁਹਾ ਦੇ ਸੀ, ਬੈਂਸ, ਜੇ ਕਰ ਬੈਠੇਂ ਇਜ਼ਹਾਰ

ਹੁਣ ਸੱਜਰੇ ਪਿਆਰ ਨੂੰ ਜੀ ਕਰਦੈ, ਵਸਲੇ ਯਾਰ ਨੂੰ ਜੀ ਕਰਦੈ
ਕਜਲਾ ਪਾਉਣ ਨੂੰ ਜੀ ਕਰਦੈ, ਨਜ਼ਰਾਂ ਮਿਲਾਉਣ ਨੂੰ ਜੀ ਕਰਦੈ
ਸਾਡਾ ਈਦ ਮਨਾਉਣ ਨੂੰ ਜੀ ਕਰਦੈ, ਬੈਂਸ ਕਰੇ ਤੇਰਾ ਇੰਤਜ਼ਾਰ

ਬੇੜੀ ਬੰਨੇ ਲਾ ਦੇ

ਪਾਠ ਪੜ੍ਹਾਂ ਕਿ ਤੈਨੂੰ ਯਾਦ ਕਰਾਂ, ਮੈਨੂੰ ਇਹ ਸਮਝਾ ਦੇ
ਮਰ ਗਈ ਮੈਂ ਸਜਦੇ ਕਰਦੀ, ਮੇਰੀ ਬੇੜੀ ਬੰਨੇ ਲਾ ਦੇ

ਧਰਮੀ ਸਿੱਖ ਪਾਠ ਨਿੱਤ ਕਰਦੇ, ਪਾਠ ਪੜ੍ਹ ਪੜ੍ਹ ਕੜ੍ਹਦੇ
ਗੁਰਦੁਆਰੇ ਚੋਂ ਲੱਭਣ ਤੈਨੂੰ, ਪਰ ਤੈਨੂੰ ਯਾਦ ਨਹੀਂ ਕਰਦੇ
ਗੁਰਦੁਆਰੇ ਵਿਚ ਜੇ ਤੂੰ ਵਸਦਾ, ਮੈਨੂੰ ਭੀ ਸ਼ਬਦ ਸਿਖਾ ਦੇ

ਮਸਜਿਦ ਦੇ ਵਿਚ ਮੋਮਨ ਕੂਕਣ, ਝੁਕ ਝੁਕ ਪੜ੍ਹਨ ਨਮਾਜ਼ਾਂ
ਮਨ ਉਨ੍ਹਾਂ ਦਾ ਮੱਝੀਆਂ ਚਾਰੇ, ਨਮਾਜ਼ ਚੋਂ ਲੱਭਣ ਨਿਆਜ਼ਾਂ
ਜੇ ਮਾਹੀ ਮੱਕੇ ਚ ਵਸਦਾ, ਸੁਹਣਿਆਂ ਮੈਨੂੰ ਭੀ ਹੱਜ ਕਰਾ ਦੇ

ਮੁਸਲਮਾਨ ਪਏ ਰੋਜ਼ੇ ਰੱਖਣ, ਹਿੰਦੂ ਪਏ ਕਰਨ ਚਲੀਹਾ
ਹਨੇਰ ਸਵੇਰੇ ਛੁਪ ਕੇ ਖਾਂਦੇ, ਕਹਿੰਦੇ ਇੰਞ ਮਿਲੇ ਮਸੀਹਾ
ਜੇ ਤੂੰ ਭੁੱਖੇ ਢਿੱਡ ਚ ਵਸਦਾ, ਸਾਡਾ ਭੀ ਪੇਟ ਵਜਾ ਦੇ

ਹਿੰਦੂ ਹਰਿਦੁਆਰ ਜਾ ਨਾਹੁੰਦੇ, ਮੁਸਲਮਾਨ ਹੱਜ ਮੱਕੇ
ਸਿੱਖਾਂ ਦਾ ਰੱਬ ਹਰਮੰਦਰ ਚ, ਟੁਰ ਟੁਰ ਕੇ ਸਭ ਥੱਕੇ
ਹਰ, ਹਰ ਥਾਂ ਤੂੰ ਵਸਦਾ, ਕਿਉਂ ਰਖਦਾ ਆਪ ਛੁਪਾ ਕੇ

ਤੂੰ ਇਕ, ਤੇਰੇ ਬਹੁਤ ਵਚੋਲੇ, ਦੱਸ ਕਿਹਦੇ ਪਿੱਛੇ ਜਾਵਾਂ
ਆਪਣੀ ਆਪਣੀ ਬੀਨ ਵਜੌਂਦੇ, ਦੱਸ ਕੀ ਪਾਵਾਂ ਕੀ ਢਾਵਾਂ
ਤੇਰੇ ਹੱਥ ਮੇਰੀ ਡੋਰ ਵੇ ਸੱਜਣਾ, ਮਰਜ਼ੀ ਜਿਵੇਂ ਹਿਲਾ ਦੇ

ਤੇਰੇ ਦਰ ਦਾ ਬੈਂਸ ਭਿਖਾਰੀ, ਦਰ ਦਰ ਪਿਆ ਤੈਨੂੰ ਲੱਭੇ
ਭਾਈ, ਮੁੱਲਾਂ ਰਾਹ ਚ ਬੈਠੇ, ਉਹ ਕਿਵੇਂ ਉਨ੍ਹਾਂ ਤੋਂ ਭੱਜੇ
ਆ ਬਹੁੜ ਤੱਤੀ ਦਿਆ ਢੋਲਾ, ਬੈਂਸ ਦਾ ਦਿਲ ਸਮਝਾ ਦੇ

ਕਯਾਮਤ

ਜਦੋਂ ਭੌਰ ਵਜੂਦੋਂ ਉੜ ਗਿਆ, ਮੁੜ ਨਹੀਂ ਕਯਾਮਤ ਆਉਣਾ
ਮੁਰਦੇ ਕਦੀ ਨਹੀਂ ਬੋਲਦੇ, ਤੈਨੂੰ ਕਿਸੇ ਨਾ ਆਣ ਜਗਾਉਣਾ

ਤੂੰ ਗੂੜ੍ਹੀ ਨੀਂਦੇ ਸੌਂ ਗਿਆ, ਤੈਨੂੰ ਜੱਗ ਦਾ ਵਿਛੋੜਾ ਪੈ ਗਿਆ
ਕਬਰਾਂ ਚੋਂ ਕੋਈ ਨਾ ਬ੍ਹੋੜਦਾ, ਤੈਨੂੰ ਬੈਂਸ ਨਿਮਾਣਾ ਕਹਿ ਗਿਆ
ਤੇਰੇ ਹੱਥ ਤੇ ਸਧੌਰਾ ਰੱਖਿਆ, ਜੇ ਮੁਕ ਜਾਏ ਤੇਰਾ ਡਰਾਉਣਾ

ਕਬਰਾਂ ਚੋਂ ਨਾ ਕਿਤੇ ਮੁੜ ਆਵੇ, ਤੈਨੂੰ ਛੇ ਫੁੱਟ ਡੂੰਘਾ ਗੱਡਣਾ
ਅਣ ਤੋਲੀ ਮਿੱਟੀ ਪਾ ਕੇ, ਮੁੜ ਉਠਣ ਜੋਗਾ ਨਹੀਂ ਛੱਡਣਾ
ਤੈਨੂੰ ਲੰਮੀਆਂ ਤਾਣ ਸੁਆ ਦੇਣਾ, ਦੇ ਕੇ ਇਟ ਦਾ ਸਰ੍ਹਾਣਾ

ਬੀਬਾ, ਮੁਰਦੇ ਮੁੜ ਨਹੀ ਉਠੱਦੇ, ਇਸ ਸਭ ਧਰਮਾਂ ਦਾ ਭਰਮ
ਦਮ ਟੁਟ ਜਾਏ ਕੰਮ ਮੁੱਕ ਜਾਏ, ਤੇਰੇ ਨਾਲ ਜਾਣ ਤੇਰੇ ਕਰਮ
ਤੇਰਾ ਜੱਗ ਤੋਂ ਨਾਤਾ ਟੁਟਿਆ, ਤੈਨੂੰ ਮੁੜ ਨਹੀਂ ਕਿਸੇ ਬੁਲਾਉਣਾ

ਮਨ ਕਦੀ ਸਾਫ ਨਹੀਂ ਕੀਤਾ, ਫਿਰ ਹੱਜ ਕੀ ਤੀਰਥ ਨ੍ਹਾਵਣ ਦਾ
ਤਕਵਾ ਰੱਖ ਮਹਿਬੂਬਾ ਵਾਲਾ, ਚੱਜ ਆਵੇ ਯਾਰ ਮਨਾਵਣ ਦਾ
ਨੈਣ ਝੁਕਾ ਕੇ ਯਾਰ ਮਨਾ ਲੈ, ਤੇਰਾ ਮੁੱਕ ਜਾਏ ਆਉਣਾ ਜਾਣਾ

ਉਹ ਕਬਰਾਂ ਤੱਕ ਨਾਲ ਜਾਣਗੇ, ਇੱਥੇ ਤੀਕ ਉਨ੍ਹਾਂ ਦੀ ਯਾਰੀ
ਵੇਖੀਂ ਕਿਧਰੇ ਮੁੜ ਨਾ ਆਵੇ, ਲੱਗੀ ਚਿੰਤਾ ਉਨ੍ਹਾਂ ਨੂੰ ਭਾਰੀ
ਹੱਥਾਂ ਨਾਲ ਮਿੱਟੀ ਪਾ ਕੇ, ਸਭ ਨੇ ਮਿਲ ਕੇ ਤੈਨੂੰ ਦਬਾਉਣਾ

ਇਸ਼ਕ ਦਾ ਸੇਕ

ਵੱਡੇ ਵਡੇਰੇ ਬਣ ਬਣ ਬਹਿੰਦੇ, ਜੱਗ ਦੇ ਦਰਵਾਜ਼ੇ ਉਚੇ
ਗਿਆਨੀ ਮੁੱਲਾਂ ਦੋਵੇਂ ਖਾਲੀ, ਨਾਲੇ ਇਕ ਦੂਜੇ ਤੋਂ ਲੁੱਚੇ
ਨਾ ਜਾਣਨ ਨਾ ਦੱਸਣ ਮਾਸਾ, ਨਾ ਗੱਲ ਉਨ੍ਹਾਂ ਦੀ ਮੁੱਕੇ
ਰੱਬ ਮਿਲਣ ਦੇ ਦਾਵੇ ਕਰਦੇ, ਜੇ ਕੋਈ ਉਨ੍ਹਾਂ ਨੂੰ ਪੁੱਛੇ

ਖੈਰ ਕਰੀਂ ਤੂੰ ਅੱਲ੍ਹੜਾਂ ਤੇ, ਜਿਹੜੇ ਹਸ ਕੇ ਨੈਣ ਮਿਲਾ ਲੈਂਦੇ
ਇਸ਼ਕ ਦਾ ਸੇਕ ਵਧੇਰਾ ਏ, ਉਹ ਅਪਣਾ ਆਪ ਜਲਾ ਲੈਂਦੇ

ਪਹਿਲਾਂ ਬੇਸਮਝੀ ਚ ਲਾ ਲੈਂਦੇ, ਫਿਰ ਲਾ ਕੇ ਘਬਰਾ ਜਾਂਦੇ
ਉਹ ਮੱਝਧਾਰ ਚ ਫਸ ਜਾਂਦੇ, ਬੇੜੀ ਭੀ ਨਾਲ ਫਸਾ ਲੈਂਦੇ
ਦਿਲ ਲੈ ਕੇ ਜਿਹੜੇ ਵੜ ਜਾਂਦੇ, ਭੇਦ ਮਾਹੀ ਦਾ ਪਾ ਲੈਂਦੇ

ਮੁੱਲਾਂ, ਭਾਈ ਦੀ ਖੈਰ ਹੋਵੇ, ਜਿਹੜੇ ਜੱਗ ਨੂੰ ਧਰਮ ਸਿਖਾਉਂਦੇ
ਰੱਬ ਉਨ੍ਹਾਂ ਦੇ ਚਿੱਤ ਨਾ ਚੇਤੇ, ਪਰ ਲੋਕਾਂ ਨੂੰ ਰੱਬ ਦੀ ਸੁਣਾਉਂਦੇ
ਜੱਗ ਨੂੰ ਪੜ੍ਹਾਉਣਾ ਕੰਮ ਉਨ੍ਹਾਂ ਦਾ, ਖੁਦ ਰੱਬ ਨੂੰ ਦਿਲੋਂ ਭੁਲਾ ਦੇਂਦੇ

ਪੜ੍ਹ ਪੜ੍ਹ ਕੇ ਉਹ ਕੜ੍ਹ ਜਾਂਦੇ, ਕਿੱਸੇ ਪੜ੍ਹ ਵਾਧੂ ਬਣ ਜਾਂਦੇ
ਤਵਾਰੀਖ ਉਹ ਖੂਬ ਜਾਣਦੇ, ਨਾਲੇ ਸ਼ਰ੍ਹਾ ਦੇ ਆਗੂ ਬਣ ਜਾਂਦੇ
ਕਿਰਤ ਕਿਸੇ ਦੇ ਮਨ ਨਾ ਭਾਵੇ, ਉਹ ਰੱਬ ਨੂੰ ਖੇਡ੍ਹ ਬਣਾ ਲੈਂਦੇ

ਕੁਤਬ ਤੋਂ ਉਚੀ ਮੰਜ਼ਿਲ ਏ, ਇਹ ਖਾਲਾ ਜੀ ਦਾ ਬਾੜਾ ਨਹੀਂ
ਉਥੇ ਸਭ ਕੁਝ ਖੋਣਾ ਪੈਂਦਾ ਏ, ਪਰ ਖੋਣਾ ਭੀ ਕੋਈ ਮਾੜਾ ਨਹੀਂ
ਬੈਂਸ, ਉਹ ਸਾਗਰ ਤਰ ਜਾਂਦੇ, ਜਿਹੜੇ ਅਪਣਾ ਆਪ ਮਿਟਾ ਲੈਂਦੇ

ਪਿਆਰ ਮੁਹੱਬਤ

ਪਿਆ ਭੁਲੇਖਾ ਸੱਜਣਾ ਦਾ, ਮੈਂ ਗ਼ੈਰਾਂ ਨੂੰ ਅਪਣਾ ਲਿੱਤਾ
ਉਹ ਭੀ ਅਪਣੇ ਬਣ ਗਏ, ਜਦੋਂ ਅਪਣਾ ਮਨ ਸਮਝਾ ਲਿੱਤਾ

ਜੱਗ ਵਿਚ ਕੋਈ ਅਪਣਾ ਨਹੀਂ, ਨਾ ਹੀ ਕੋਈ ਬੇਗ਼ਾਨਾ ਏ
ਇਹ ਲੋਭ ਮੋਹ ਦੇ ਫੰਧੇ ਸਭ, ਇਹ ਸਭ ਝੂਠਾ ਯਾਰਾਨਾ ਏ
ਮੇਰ ਤੇਰ ਸਭ ਝੂਠੀ ਏ, ਇਹਨੇ ਸਭ ਨੂੰ ਰਾਹ ਭੁਲਾ ਦਿੱਤਾ

ਇਸ ਜੱਗ ਦੇ ਦਰਵਾਜ਼ੇ ਉਚੇ, ਰਾਹ ਰੱਬ ਦਾ ਮੋਰੀ
ਰਾਹ ਚ ਭਾਈ, ਮੁੱਲਾਂ ਬੈਠੇ, ਉਥੇ ਜਾਣਾ ਪੈਂਦਾ ਚੋਰੀ
ਭਾਈ ਮੁੱਲਾਂ ਦੋਵੇਂ ਖਿੱਚਣ, ਧਰਮਾਂ ਨੇ ਪੁਆੜਾ ਪਾ ਦਿੱਤਾ

ਮਸਜਿਦ ਤੇ ਗੁਰਦੁਆਰੇ ਅੰਦਰ, ਮੈਂ ਬਣ ਕੇ ਗਿਆ ਸੁਆਲੀ
ਭਾਈ, ਮੁੱਲਾਂ ਕਰਨ ਸਕੀਮਾਂ, ਕਿਵੇਂ ਕਰੀਏ ਰੱਬ ਦਲਾਲੀ
ਇਕ ਸ਼ਬਦ ਸੁਣਾ ਕੇ ਭਾਈ ਨੇ, ਮੇਰਾ ਮਨ ਬਹਿਲਾ ਦਿੱਤਾ

ਇਸ ਜੱਗ ਦਾ ਝੂਠ ਯਾਰਾਨਾ, ਉਹਦੇ ਬਾਝੋਂ ਜੱਗ ਵੀਰਾਨਾ
ਸਾਰੀ ਦੁਨੀਆਂ ਫਾਨੀ ਏ, ਇਕ ਦਿਨ ਸਭ ਨੇ ਟੁਰ ਜਾਣਾ
ਮੇਰ ਤੇਰ ਮੁਕ ਜਾਣੀ ਸਾਰੀ, ਜਦੋਂ ਵਿਚ ਮੜ੍ਹੀ ਦੇ ਪਾ ਦਿੱਤਾ

ਸਿੱਖ ਲੈ ਕਰਨ ਮੁਹੱਬਤ ਬੰਦਿਆ, ਝੂਠੇ ਛੱਡ ਫਸਾਦਾਂ ਨੂੰ
ਰਾਹ ਰੱਬ ਦਾ ਇਕੋ ਏ, ਜਿਹੜਾ ਕਰਸੀ ਸਾਫ ਹਿਸਾਬਾਂ ਨੂੰ
ਲਿਖ ਕਵਿਤਾ ਬੈਂਸ ਨਿਮਾਣੇ ਨੇ, ਦਿਲ ਦਾ ਹਾਲ ਸੁਣਾ ਦਿੱਤਾ

ਸੁਣੇ ਨਾ ਪੁਕਾਰ

ਕਦੀ ਮਿਲੇ ਨਾ ਜੁਦਾਈ, ਮੰਗਾਂ ਰੱਬ ਤੋਂ ਦੁਆਵਾਂ
ਜਦੋਂ ਮਾਹੀ ਚੇਤੇ ਆਵੇ, ਪੈਣ ਸ੍ਹਾਵਾਂ ਵਿਚ ਹ੍ਹਾਵਾਂ
ਕੋਈ ਸੁਣਦਾ ਨਾ ਮੇਰੀ, ਜੇ ਕੋਈ ਸੁਣੇ ਮੈਂ ਸੁਣਾਵਾਂ
ਜੇ ਹੋ ਜਾਏ ਮਾਹੀ ਵੱਲ, ਉਹਨੂੰ ਗਲੇ ਨਾਲ ਲਾਵਾਂ

ਪਾ ਕੇ ਤੇਰੇ ਨਾਲ ਪਿਆਰ, ਭੁੱਲ ਗਈ ਯਾਦ ਜੱਗ ਦੀ
ਜੀਅੜੇ ਚ ਤੂੰ ਵਸਦਾ, ਕਿਵੇਂ ਪੜ੍ਹਾਂ ਮੈਂ ਨਮਾਜ਼ ਰੱਬ ਦੀ

ਸੁੱਖ ਸਨੇਹਾ ਲਿਆਵੋ ਸਈਓ,ਮੈਂ ਤੱਕਦੀ ਉਹਦੀ ਰ੍ਹਾਵਾਂ
ਜੇ ਮੇਰਾ ਮਾਹੀ ਮੁੜ ਆਵੇ,ਰੱਬਾ ਲੱਖ ਲੱਖ ਸ਼ੁਕਰ ਮਨਾਵਾਂ
ਆ ਮਿਲ ਮੇਰੇ ਸੱਜਣਾ ਵੇ, ਅਸਾਂ ਹੋਰ ਗੱਲ ਨਹੀਂ ਫਬਦੀ

ਬਿਨਾਂ ਯਾਰ ਦੇ ਰੱਬ ਨਹੀਂ ਮੰਨਦਾ,ਸਾਰਾ ਜ਼ੋਰ ਭਾਵੇਂ ਲਾ ਲੈ
ਪਿਆਰ ਬਾਝੋਂ ਯਾਰ ਨਹੀਂ ਮੰਨਦਾ,ਬੈਂਸ ਦੀ ਗੱਲ ਅਜਮਾ ਲੈ
ਯਾਰੀ ਲਾ ਕੇ ਯਾਰ ਮਨਾ ਲੈ, ਹੋਰ ਕੋਈ ਗੱਲ ਨਹੀਂ ਚੱਜ ਦੀ

ਸੁੱਖ ਸਨੇਹੇ ਪਿਆਰ ਭਰੇ,ਮੈਂ ਕਿਸ ਲਾਗੀ ਹੱਥ ਘੱਲਾਂ
ਨਾਲੇ ਯਾਦ ਕਰਾਂ ਨਾਲੇ ਰੋਵਾਂ,ਇਕ ਪਲ ਨਾ ਤੈਨੂੰ ਭੁੱਲਾਂ
ਦਿਲ ਨੂੰ ਚੈਨ ਨਹੀਂ ਆਉਂਦਾ, ਕੋਈ ਗੱਲ ਨਹੀਂ ਫਬਦੀ

ਸੱਜਣਾ ਦੇ ਪੈ ਗਏ ਵਿਛੋੜੇ,ਕਿਉਂ ਹੋਈਆਂ ਇਹ ਗੱਲਾਂ
ਲੈ ਜਾਓ ਸਨੇਹਾ ਅੜੀਓ ਨੀ, ਮੇਰੇ ਪੈਣ ਜਿਗਰ ਨੂੰ ਸੱਲਾਂ
ਬੈਂਸ, ਖੋਜੇ ਵਿਚ ਥਲਾਂ ਦੇ, ਜੇ ਬਣ ਜਾਏ ਗੱਲ ਸਬੱਬ ਦੀ

ਤੇਰੀ ਮੇਰੀ ਖੁਸ਼ੀ

ਚਿਤ ਆਵੇਂ ਜੀ ਹੋਵੇ ਖੁਸ਼ੀ, ਚੇਤੇ ਕਰਾਂ ਤੂੰ ਹੋਵੇਂ ਖੁਸੀ
ਤੇਰੀ ਖੁਸ਼ੀ ਚ ਮੇਰੀ ਖੁਸ਼ੀ, ਮੇਰੀ ਖੁਸ਼ੀ ਚ ਤੇਰੀ ਖੁਸ਼ੀ

ਜੀ ਨੱਚੇ ਵਾਕਣ ਮੋਰ ਪੀਆ, ਨੱਚ ਨੱਚ ਬਹਿਲਾਵੇ ਜੀਆ
ਸੱਜਣਾ ਤੈਨੂੰ ਪਿਆਰ ਪੁਕਾਰੇ, ਆ ਜਾ ਮੇਰੇ ਪਰਦੇਸੀਆ
ਮਨ ਖਿੜਦਾ ਤੈਨੂੰ ਵੇਖ ਕੇ, ਜਿਵੇਂ ਸੂਰਜ ਵੇਖ ਸੂਰਜਮੁਖੀ

ਤੇਰੇ ਇਸ਼ਕ ਚ ਨੱਚਾਂ ਗਾਵਾਂ, ਨੱਚ ਨੱਚ ਕੇ ਯਾਰ ਮਨਾਵਾਂ
ਕਦੋਂ ਸੱਜਣ ਦੇ ਹੋਣ ਮੇਲੇ, ਤੱਕਦੀ ਪਈ ਚੰਨ ਦੀ ਰ੍ਹਾਵਾਂ
ਉੜ ਜਾ ਕਾਲਿਆ ਕਾਵਾਂ, ਜਾ ਦੱਸ ਮਾਹੀ ਨੂੰ ਖੁਸ਼ੀ ਖੁਸ਼ੀ

ਮਾਹੀ ਬਾਝੋਂ ਜੀ ਨਹੀਂ ਰਾਜ਼ੀ, ਨੱਚ ਕੇ ਲਾਵੇ ਪ੍ਰੀਤ ਦੀ ਬਾਜ਼ੀ
ਨੱਚਣਾ ਅੜੀਏ ਤਾਂਹੀਓਂ ਸੁਹੰਦਾ, ਜੇ ਸੁਹਣਾ ਹੋ ਜਾਵੇ ਰਾਜ਼ੀ
ਲਾ ਬੈਂਸ ਪਿਆਰ ਦੀ ਬਾਜ਼ੀ, ਫਿਰ ਮਨ ਹੋਵੇ ਨਾ ਕਦੀ ਦੁਖੀ

ਮਨ ਕੰਜਰੀ ਦੀਆਂ ਰੀਸਾਂ ਕਰਦਾ, ਨੱਚ ਨੱਚ ਕੇ ਤਰਲੇ ਕਰਦਾ
ਕੰਜਰੀ ਬਣਿਆਂ ਇੱਜ਼ਤ ਨਾ ਘਟਦੀ, ਜੇ ਹੋਵੇ ਇਕ ਦਰ ਦਾ
ਇੱਜ਼ਤ ਮਾਣ ਲੱਭਦਾ ਫਿਰਦਾ, ਜਿਹੜਾ ਡੁੱਬਿਆ ਵਿਚ ਖੁਦੀ

ਜੇ ਮਨ ਨੱਚੇ ਤਾਂ ਤਨ ਨੱਚੇ, ਨੱਚਣਾ ਪਿਆਰ ਦੀ ਹਾਲਤ ਦੱਸੇ
ਨੱਚਣਾ ਭੀ ਇਬਾਦਤ ਬਣ ਜਾਂਦਾ, ਜੇ ਯਾਰ ਜਿਗਰ ਚ ਵਸੇ
ਪਿਆਰ ਸਹਾਰਾ ਦੇਣ ਲੱਗੇ, ਜਿਹਦੀ ਮਿਲ ਕੇ ਨਜ਼ਰ ਝੁਕੀ

ਨੱਚਣਾ ਮਨ ਨੂੰ ਭੌਂਦਾ ਏ, ਜਦੋਂ ਨੱਚਾਂ ਉਹ ਯਾਦ ਆਉਂਦਾ ਏ
ਨੱਚ ਨੱਚ ਕੇ ਯਾਰ ਮਨਾਵਾਂ, ਉਹ ਮੇਰਾ ਮਨ ਬਹਿਲੌਂਦਾ ਏ
ਨੱਚ ਨੱਚ ਮੈਂ ਹੋਵਾਂ ਖੁਸ਼ੀ, ਮਾਹੀ ਇਸੇ ਖੁਸ਼ੀ ਚ ਤੇਰੀ ਖੁਸ਼ੀ

ਤਨ ਭੀ ਨੱਚੇ ਮਨ ਭੀ ਨੱਚੇ, ਚੜ੍ਹ ਗਈ ਐਸੀ ਪ੍ਰੇਮ ਖੁਮਾਰੀ
ਤੇਰੇ ਦਰ ਦੀ ਜੋਗਣ ਬਣ ਗਈ, ਮੈਂ ਸੱਜਣਾ ਪ੍ਰੇਮ ਦੀ ਮਾਰੀ
ਮੰਗਦੀ ਜਾਵਾਂ ਤੇਰੀਆਂ ਦੁਆਵਾਂ, ਵਸਦਾ ਰਵ੍ਹੇਂ ਤੂੰ ਖੁਸ਼ੀ ਖੁਸ਼ੀ

ਲੱਦ ਗਿਆ ਦਿਲ ਦਾ ਜਾਨੀ, ਦੇ ਗਿਆ ਦਿਲ ਦਰਦ ਨਿਸ਼ਾਨੀ
ਲਾ ਗਿਆ ਰੋਗ ਦਿਲਾਂ ਨੂੰ, ਸਾਨੂੰ ਭੁੱਲ ਗਈ ਲਾਭ ਤੇ ਹਾਨੀ
ਜੇ ਇਹੋ ਤੇਰੀ ਰਜ਼ਾ ਏ ਚੰਨਾਂ, ਤੈਨੂੰ ਚੇਤੇ ਕਰਨਾ ਮੇਰੀ ਖੁਸ਼ੀ

ਜਦੋਂ ਯਾਦ ਸੱਜਣ ਤੇਰੀ ਆਵੇ, ਮੇਰਾ ਦਿਲ ਡੁੱਬ ਜਾਵੇ
ਮਾਰ ਕਾਗਜ਼ ਤੇ ਕਾਲੀਆਂ ਲੀਕਾਂ, ਬੈਂਸ ਮਨ ਪਰਚਾਵੇ
ਯਾਰੀ ਨਾਲ ਸੱਜਣ ਦੇ ਲਾ ਕੇ, ਮੁੱਕ ਗਈ ਝਾਕ ਜੱਗ ਦੀ

ਜਦੋਂ ਯਾਦ ਤੇਰੀ ਆਈ, ਤੇਰੇ ਪਿਆਰ ਨੇ ਸਤਾਇਆ
ਜਿੰਨੇ ਅੱਥਰੂ ਡਿਗਣ, ਪਿਆਰ ਉਨੀਂ ਹੀ ਵਧਾਇਆ
ਪਿਆਰ ਭਰੇ ਹੰਝੂਆਂ ਚ, ਰੱਜ ਕੇ ਭਿਓ ਲਈ ਚੁਨਰੀ

ਵੇਖ ਵੇਖ ਕੇ ਚੱਜ ਬੁੱਲੇ ਦੇ, ਬੈਂਸ ਦਾ ਮਨ ਵੀ ਨੱਚੇ
ਸੱਸੀ ਵਾਕਣ ਫਿਰੇ ਭਾਲਦਾ, ਮਨ ਵੱਲ ਥਲਾਂ ਦੇ ਨੱਸੇ
ਮਨਾਂ ਨੱਚ ਨੱਚ ਨੱਚ, ਤੇਰੇ ਨੱਚਣ ਚ ਮਾਹੀ ਦੀ ਖੁਸ਼ੀ

ਭਾਗ ਖੁਲ੍ਹ ਜਾਣ

ਹੋ ਪ੍ਰੇਮ ਦੀਵਾਨੀ, ਚੱਲੀ ਮਾਹੀ ਨੂੰ ਮਨਾਉਣ
ਹੋ ਜਾਏ ਨਦਰੇ ਕਰਮ, ਮੇਰੇ ਭਾਗ ਖੁਲ੍ਹ ਜਾਣ

ਮੇਰਾ ਮਾਹੀ ਮੇਰਾ ਰੱਬ, ਰੱਬਾ ਮੰਨੇਂਗਾ ਉਹ ਕਦ
ਤੇਰਾ ਪਿਆਰ ਮੇਰੇ ਮਾਹੀ, ਮੇਰੀ ਪਿਆਰ ਭਰੀ ਹੱਜ
ਤੂੰ ਮੇਰਾ ਮੀਰ ਪੀਰ ਰਾਂਝਣ, ਤੇਰੇ ਬਾਝੋਂ ਮੇਰਾ ਕੌਣ

ਚੂਰੀ ਕੋਠੇ ਤੇ ਖਲਾਰਾਂ, ਘੱਲਾਂ ਕਾਵਾਂ ਨੂੰ ਸੁਨੇਹਾ
ਦਿਓ ਮਾਹੀ ਨੂੰ ਖਬਰ, ਕੋਈ ਨਹੀਂ ਤੇਰੇ ਜਿਹਾ
ਵਗੇ ਪਲਕਾਂ ਚੋਂ ਨੀਰ, ਮੀਂਹ ਵਰ੍ਹੇ ਜਿਵੇਂ ਸੌਣ

ਚੰਨਾਂ ਮਸਾਂ ਮਸਾਂ ਅਸਾਂ, ਅੱਖਾਂ ਤੇਰੇ ਨਾਲ ਲਾਈਆਂ
ਤੇਰੀ ਹੋ ਜਾਏ ਮਿਹਰ, ਮਿਟ ਜਾਣ ਤਨਹਾਈਆਂ
ਲਿਖੇ ਬੈਂਸ ਤੂੰ ਲਿਖਾਵੇਂ, ਜਿਹੜੇ ਗੀਤ ਤੈਨੂੰ ਭਾਉਣ

ਪੁੱਛਾਂ ਜਾਂਦੇ ਰਾਹੀਆਂ ਨੂੰ, ਉੜੇ ਜਾਂਦੇ ਪੰਛੀਆਂ ਨੂੰ
ਮੈਂ ਹੋ ਕੇ ਨਿਮਾਣੀ, ਪੁੱਛਾਂ ਚੋਰੀ ਚੋਰੀ ਸਖੀਆਂ ਨੂੰ
ਨੀ ਪਾਓ ਤੋਈ ਸ਼ੋਈ, ਮੇਰੇ ਮਾਹੀ ਘਰ ਆਉਣ

ਕਿਹਨੂੰ ਆਖਾਂ ਮਾਹੀ, ਸਾਡੇ ਦਿਲ ਦੀਆਂ ਗੱਲਾਂ
ਚੰਨਾਂ ਤੇਰੇ ਨਾਲ ਲਾ ਕੇ, ਮਾਰ ਹਿਜਰ ਦੀ ਝੱਲਾਂ
ਹਾਲ ਮਾਹੀ ਨੂੰ ਸੁਣਾ ਦੇ, ਜਦੋਂ ਕੋਲੋਂ ਲੰਘੇ ਪੌਣ

ਤੂੰ ਮੇਰਾ ਦਰਦ ਨਾ ਜਾਣੇ, ਮੈਂ ਤੇਰੀ ਪ੍ਰੇਮ ਦੀਵਾਨੀ
ਤੇਰਾ ਪਿਆਰ ਸਤਾਵੇ, ਤੇਰੇ ਪਿਆਰ ਦੀ ਨਿਸ਼ਾਨੀ
ਗਾਵਾਂ ਸੁਬਹ ਸਾਮ ਰਾਮ, ਸਾਰਾ ਦਿਨ ਸਾਰੀ ਰੈਣ

ਚੰਨਾਂ ਹੋ ਕੇ ਨਿਮਾਣੀ, ਅੱਜ ਆਈ ਦਰ ਤੇਰੇ
ਤੇਰਾ ਪਿਆਰ ਵਾਜਾਂ ਮਾਰੇ, ਗਲ ਲੱਗਣ ਨੂੰ ਤੇਰੇ
ਤੇਰਾ ਪਿਆਰ ਮੇਰਾ ਰੱਬ, ਤੇਰੇ ਬਾਝੋਂ ਮੇਰਾ ਕੌਣ

ਸਾਡਾ ਬਣ ਸੱਜਣਾ

ਦਿਲ ਚ ਵਸਦੀ ਸੂਰਤ ਤੇਰੀ, ਹੋਰ ਕਿਤੇ ਜੀ ਲਗਦਾ ਨਹੀਂ
ਤੂੰ ਭੀ ਸਾਡਾ ਬਣ ਸੱਜਣਾ, ਹੁਣ ਹੋਰ ਸਤੌਣਾ ਫਬਦਾ ਨਹੀਂ

ਜੀ ਵਿਚ ਮਚਦੇ ਭਾਂਬੜ ਨੂੰ, ਇਜ਼ਹਾਰ ਕਰਨ ਨੂੰ ਜੀ ਕਰਦੈ
ਸਾਹਮਣੇ ਬੈਠ ਕੇ ਰੋ ਰੋ, ਤੈਨੂੰ ਪਿਆਰ ਕਰਨ ਨੂੰ ਜੀ ਕਰਦੈ
ਸੱਜਰੇ ਇਸ਼ਕ ਦਾ ਚਾ ਚੜ੍ਹਿਆ, ਹੋਰ ਕਿਤੇ ਜੀ ਲਗਦਾ ਨਹੀਂ

ਬਿਰਹਾ ਮਨ ਟਿਕਣ ਨਾ ਦੇਵੇ, ਜੀ ਯਾਦ ਮਾਹੀ ਨੂੰ ਕਰਦਾ ਏ
ਵੇਖੀਂ ਕਿਧਰੇ ਭੁੱਲ ਜਾਵੇਂ, ਇਹ ਸੋਚ ਸੋਚ ਦਿਲ ਡਰਦਾ ਏ
ਡੁੱਬ ਗਿਆ ਇਸ਼ਕ ਨਿਮਾਣੀ ਦਾ, ਨੀਰ ਝਨਾ ਚ ਵਗਦਾ ਨਹੀਂ

ਤੂੰ ਹੀ ਹਾਰ ਸੰਗਾਰ ਏਂ ਮੇਰਾ, ਤੂੰ ਹੀ ਗਲੇ ਦਾ ਗਹਿਣਾ
ਜੋ ਚਾਹੇਂ ਮਰਜ਼ੀ ਏ ਤੇਰੀ, ਅਸਾਂ ਉਸੇ ਚ ਰਾਜ਼ੀ ਰਹਿਣਾ
ਤੂੰ ਹੀ ਤੂੰ ਮਨ ਗਾਈ ਜਾਵੇ, ਹੋਰ ਕੁਝ ਚੰਗਾ ਲਗਦਾ ਨਹੀਂ

ਮਨ ਚੇਤੇ ਕਰ ਕਰ ਥੱਕ ਜਾਵੇ, ਹੁਣ ਤੂੰ ਭੀ ਸਾਡਾ ਬਣ ਮਾਹੀ
ਸਜਦੇ ਕਰ ਕਰ ਹਾਰ ਗਈ, ਮੁੱਕ ਗਈ ਨੈਣਾ ਦੀ ਸਿਆਹੀ
ਲਿਖਾਂ ਤੇ ਹੁਣ ਕੀ ਲਿਖਾਂ, ਇਸ਼ਕ ਬਿਨਾ ਕੁਝ ਸੁੱਝਦਾ ਨਹੀਂ

ਜੀ ਨਾਲ ਜੀ ਮਿਲਾ ਅੜਿਆ, ਤੈਨੂੰ ਮਿਲਣਾ ਅਸਾਂ ਜ਼ਰੂਰੀ
ਕਿਉਂ ਦੂਰ ਬੈਂਸ ਤੋਂ ਨਸਦੇ ਹੋ, ਭਲਾ ਇੰਨੀਂ ਕੀ ਮਜ਼ਬੂਰੀ
ਖਫ਼ਾ ਹੋ ਕੇ ਆਪਣਿਆਂ ਤੋਂ, ਜੀ ਤੜਫੌਣਾ ਫਬਦਾ ਨਹੀਂ

ਪਲਕਾਂ ਦੇ ਉਹਲੇ

ਦਿਲ ਦੀਆਂ ਸਧਰਾਂ ਨੂੰ, ਸਾਂਭ ਸਾਂਭ ਰੱਖ ਨੀ
ਵਸੇ ਪਲਕਾਂ ਦੇ ਓਹਲੇ, ਨਜ਼ਰਾਂ ਦੇ ਵਸ ਨੀ

ਮਿਲ ਝੁਕ ਜਾਣ ਨੈਣ, ਇਕ ਪਲ ਨਾ ਆਵੇ ਚੈਨ
ਦਿਲ ਰੋਵੇ ਅੱਖਾਂ ਰੋਣ, ਭਾਵੇਂ ਕੁਝ ਭੀ ਨਾ ਕਹਿਣ
ਤੈਨੂੰ ਹੋ ਗਿਆ ਪਿਆਰ, ਗੱਲ ਆਖਾਂ ਤੈਨੂੰ ਸੱਚ ਨੀ

ਅੱਖ ਦਿਲ ਦੀ ਪੁਕਾਰ, ਹੰਝੂ ਅੱਖ ਦਾ ਸੰਗਾਰ
ਬਦੋ ਬਦੀ ਡਿਗ ਪੈਂਦੇ, ਹੋਵੇ ਪਿਆਰ ਇਜ਼ਹਾਰ
ਜ਼ਰਾ ਨਜ਼ਰਾਂ ਚੁਰਾ ਕੇ, ਸੁਹਣੇ ਮਾਹੀ ਵੱਲ ਤੱਕ ਨੀ

ਦਿਲ ਦਾ ਕਰਾਰ ਅੱਖ, ਹੁਸਨ ਦਾ ਸੰਗਾਰ ਅੱਖ
ਮਾਹੀ ਦਾ ਪਿਆਰ ਅੱਖ, ਉਹਦਾ ਇਜ਼ਹਾਰ ਅੱਖ
ਮਾਹੀ ਵਸੇ ਮੀਮ ਓਹਲੇ, ਪਰ ਧੋਖਾ ਦੇਵੇ ਅੱਖ ਨੀ

ਭਾਵੇਂ ਰੋਵੇ ਭਾਵੇਂ ਹਸੇ, ਅੱਖ ਮਾਹੀ ਦਾ ਪਿਆਰ
ਖੁਸ਼ੀ ਖੁਸ਼ੀ ਨੀਵੀਂ ਪਾ ਕੇ, ਝੱਲੇ ਸਖੀਆਂ ਦੀ ਮਾਰ
ਪਈਆਂ ਕਰਨ ਕਲੋਲ, ਤ੍ਹਾਨੇ ਦੇਣ ਹਸ ਹਸ ਨੀ

ਭਾਵੇਂ ਹਸਣ ਭਾਵੇਂ ਰੋਣ, ਧੋਣੇ ਪਿਆਰ ਵਾਲੇ ਧੋਣ
ਜਦੋਂ ਕੱਲੀ ਬੈਠੀ ਹੋਵਾਂ, ਗਾਉਣੇ ਹਿਜਰ ਦੇ ਗਾਉਣ
ਦਿਲ ਡੁੱਬ ਡੁੱਬ ਜਾਵੇ, ਡੋਬੇ ਪਲਕਾਂ ਤੇ ਅੱਖ ਨੀ

ਯਾਰ ਪਿਆਰ ਦੀ ਨਿਸਾਨੀ, ਹੋਵੇ ਉਹਦੀ ਮਿਹਰਬਾਨੀ
ਰੱਬ ਯਾਰ ਦੋਵੇਂ ਇਕ, ਬੈਂਸ, ਇਹ ਸੱਚ ਕਰ ਜਾਣੀ
ਹੋ ਜਾ ਪਿਆਰ ਚ ਬਿਮਾਰ, ਕੱਖ ਹੋ ਜਾਏ ਲੱਖ ਨੀ

ਕੰਢੇ ਉਤੇ ਖੜ੍ਹੀ

ਯਾਦ ਮਾਹੀ ਦੀ ਸਤਾਵੇ, ਲੱਗੀ ਪ੍ਰੇਮ ਦੀ ਝੜੀ
ਜਾਣਾ ਮਾਹੀ ਨੂੰ ਮਿਲਣ, ਕੰਢੇ ਉਤੇ ਮੈਂ ਖੜ੍ਹੀ

ਖੜ੍ਹੀ ਕੰਢੇ ਉਤੇ, ਮੈਂ ਕਰਦੀ ਉਡੀਕਾਂ ਤੇਰੀਆਂ
ਦਰਿਆ ਠਾਠਾਂ ਮਾਰੇ, ਉਤੋਂ ਵਗਦੀ ਹਨੇਰੀਆਂ
ਚੱਲੀ ਮਾਹੀ ਨੂੰ ਮਿਲਣ, ਕੱਚੇ ਘੜੇ ਤੇ ਚੜ੍ਹੀ

ਅੜਿਆ, ਕੱਚਿਆ ਘੜਿਆ, ਲਾ ਕੇ ਤੋੜ ਨਿਭਾ ਦੇ
ਦੀਨ ਦੁਨੀ ਤੋਂ ਨੀਵਾਂ ਹੋ ਕੇ, ਸਾਨੂੰ ਪਾਰ ਲੰਘਾ ਦੇ
ਸੱਦਾ ਮਾਹੀ ਨੂੰ ਪਹੁੰਚਾ ਦੇ, ਸੋਹਣੀ ਜਾਂਦੀ ਏ ਰੁੜ੍ਹੀ

ਕੱਚਾ ਘੜਾ ਨਾਲ ਮੇਰੇ, ਉਹਨੇ ਸਾਥ ਨਹੀਂ ਨਿਭੌਣਾ
ਜਦੋਂ ਪਾਣੀ ਵਿਚ ਪਾਇਆ, ਉਹਨੇ ਝੱਟ ਖੁਰ ਜਾਣਾ
ਮਾਹੀ ਮਾਹੀ ਜੀ ਪੁਕਾਰੇ, ਘੂਕ ਪਿਆਰ ਦੀ ਚੜ੍ਹੀ

ਅੜੀਏ, ਮੈਂ ਕੱਚਾ ਹਾਂ ਜ਼ਰੂਰ, ਮੇਰਾ ਇਹੋ ਏ ਕਸੂਰ
ਪਿੱਛੇ ਮੁੜਦਾ ਨਾ ਕਾਈ, ਭਾਵੇਂ ਹੋ ਜਾਂ ਚੂਰ ਚੂਰ
ਲੱਗੀ ਲਾ ਕੇ ਨਿਭਾ ਸਾਂ, ਭਾਵੇਂ ਘੜੀ ਦੀ ਘੜੀ

ਕੱਚਾ ਘੜਾ ਖੁਰ ਗਿਆ, ਨਾਲੇ ਮੈਂ ਰੁੜ੍ਹ ਚੱਲੀ
ਮੇਰੀ ਸੁਣਦਾ ਨਾ ਕੋਈ, ਪਾਵਾਂ ਵਾਸਤੇ ਮੈਂ ਝੱਲੀ
ਮਾਹੀ ਸੋਹਣੀ ਵਾਜਾਂ ਮਾਰੇ, ਜਾਂਦੀ ਵਾਰੀ ਦੀ ਘੜੀ

ਅਸਾਂ ਮਿਲਣਾ ਜ਼ਰੂਰ, ਮੇਰਾ ਮਾਹੀ ਮੇਰਾ ਰੱਬ
ਪੈਂਡੇ ਹੋ ਗਏ ਲੰਬੇ, ਹੁਣ ਮਿਲੇਗਾ ਉਹ ਕਦ
ਬੈਂਸ, ਮਾਹੀ ਨੂੰ ਮਨਾ ਲੈ, ਆਈ ਜਾਣ ਦੀ ਘੜੀ

ਇਸ਼ਕ ਸਮੁੰਦਰ

ਸਜਦੇ ਕਰ ਕਰ ਹਾਰ ਗਈ, ਪਰ ਮਨ ਨੂੰ ਚੈਨ ਨਾ ਆਵੇ
ਮਨ ਦਾ ਪੜਦਾ ਨਹੀਂ ਖੁਲ੍ਹਦਾ, ਜੇ ਯਾਰ ਜਾਗ ਨਾ ਲਾਵੇ

ਭੇਸ ਬਣਾ ਕੇ ਫਿਰੇ ਲੁਕਾਈ, ਫਿਰੇ ਲੱਭਦੀ ਅਪਣੇ ਮਾਹੀ ਨੂੰ
ਲੀਕਾਂ ਮਾਰ ਬੈਂਸ ਹੰਭ ਗਿਆ, ਲਾ ਕਾਗਜ਼ ਉਤੇ ਸਿਆਹੀ ਨੂੰ
ਤੂੰ ਅਪਣਾ ਫਰਜ਼ ਨਿਭਾ ਅੜੀਏ, ਮਰਜ਼ੀ ਜਿਵੇਂ ਉਹਨੂੰ ਭਾਵੇ

ਕੜ੍ਹ ਕੜ੍ਹ ਭਾਵੇਂ ਲਾਲ ਹੋਵੇ, ਬਿਨਾਂ ਜਾਗ ਦੇ ਦੁਧ ਨਾ ਜੰਮਦਾ
ਭਾਵੇਂ ਘਰ ਚ ਮੰਦਰ ਪਾ ਲੈ, ਬਿਨਾਂ ਯਾਰ ਦੇ ਰੱਬ ਨਾ ਮੰਨਦਾ
ਪੜ੍ਹ ਪੜ੍ਹ ਕੇ ਭਾਵੇਂ ਕੜ੍ਹ ਜਾ ਤੂੰ, ਇਹ ਮਨ ਨਾ ਕਾਬੂ ਆਵੇ

ਪਿਆਰ ਬਾਝੋਂ ਹੁਸਨ ਨਾ ਡੁਲ੍ਹਦਾ, ਮਾਹੀ ਬਾਝੋਂ ਮਨ ਨਾ ਖੁਲ੍ਹਦਾ
ਪਰਾਏ ਕਦੀ ਨਹੀਂ ਬਣਦੇ ਅਪਣੇ, ਖੋਲ੍ਹੇ ਨਾ ਕੋਈ ਭੇਦ ਦਿਲ ਦਾ
ਇਹੋ ਇਮਾਨਤ ਇਹੋ ਇਬਾਦਤ, ਇਹੋ ਸੱਚੇ ਰੱਬ ਨੂੰ ਭਾਵੇ

ਗੁਰਦੁਆਰੇ ਚੋਂ ਰੱਬ ਨੂੰ ਲਭਦਾ, ਇਹ ਤੇਰੀ ਨਜ਼ਰ ਦਾ ਧੋਖਾ ਏ
ਉਹ ਤੇਰੇ ਮਨ ਚ ਵਸਦਾ ਏ, ਪਰ ਰਾਹ ਮਿਲਣ ਦਾ ਔਖਾ ਏ
ਮਨ ਮਾਰ ਕੇ ਆਪ ਮਿਟਾ ਲੈ, ਇਹ ਰਾਹ ਉਹਦੇ ਦਰ ਜਾਵੇ

ਇਸ਼ਕ ਸਮੁੰਦਰ ਦਿਲ ਦੇ ਅੰਦਰ, ਵਿਚ ਲੱਖਾਂ ਰਾਹ ਬਣਾਏ
ਮਨ ਚੋਂ ਇਸ਼ਕ ਦਾ ਰੋਗ ਜਾਗਦਾ, ਮਨ ਚੋਂ ਹੀ ਪਰਚਾ ਪਾਏ
ਵਾਂਗ ਬਬੀਹੇ ਦਿਲ ਧੜਕੇ, ਭਾਵੇਂ ਇਕ ਬੂੰਦ ਮੂੰਹ ਨਾ ਪਾਵੇ

ਇਸ਼ਕ ਦਾ ਰੋਗ ਅਨੋਖਾ ਏ, ਪਰ ਅੱਖ ਲੜਾਉਣਾ ਸੌਖਾ ਏ
ਇਹ ਕੁਤਬ ਤੋਂ ਉਚੀ ਮੰਜ਼ਿਲ ਏ, ਇਹਨੂੰ ਪਾਉਣਾ ਔਖਾ ਏ
ਬੈਂਸ ਰੋਗ ਇਸ਼ਕ ਦਾ ਲੱਗ ਜਾਵੇ, ਘੁਣ ਵਾਂਗ ਜਿਗਰ ਨੂੰ ਖਾਵੇ

ਝਗੜੇ ਮੁਕ ਜਾਂਦੇ

ਯਾਰੀ ਲਾਉਣ ਦਾ ਚੱਜ ਹੋਵੇ, ਸਭ ਝਗੜੇ ਝੇੜੇ ਮੁੱਕ ਜਾਂਦੇ
ਬੇਕਦਰਾਂ ਦੀ ਖ਼ੈਰ ਹੋਵੇ, ਜਿਹੜੇ ਯਾਰੀ ਲਾ ਕੇ ਰੁੱਸ ਜਾਂਦੇ

ਯਾਰੀ ਦੀ ਪਿਆਰ ਨਿਸ਼ਾਨੀ ਏ, ਇਹ ਮਾਹੀ ਦੀ ਮਿਹਰਬਾਨੀ ਏ
ਜਿਹੜੇ ਪੈ ਜਾਂਦੇ ਉਹ ਢਹਿ ਜਾਂਦੇ, ਕੁੱਲ ਜਾਂਦੀ ਲਾਭ ਹਾਨੀ ਏ
ਇਜ਼ਹਾਰ ਪਿਆਰ ਦਾ ਹੋਣ ਲੱਗੇ, ਜਦੋਂ ਤੀਰ ਜਿਗਰ ਚ ਟੁੱਟ ਜਾਂਦੇ

ਲਾਪਰਵਾਹ ਇਸ਼ਕ ਦਾ ਦਰਜਾ ਏ, ਹੁਸਨ ਇਸ਼ਕ ਤੇ ਮਰਦਾ ਏ
ਜਦੋਂ ਹੋ ਜਾਵੇ ਦਿਲ ਖੋ ਜਾਵੇ, ਫਿਰ ਜ਼ਰਾ ਨਾ ਸ਼ਰ੍ਹਾ ਤੋਂ ਡਰਦਾ ਏ
ਜਿਹੜੇ ਨੁਕਤਾਚੀਨੀ ਕਰਦੇ ਨੇ, ਯਾਰ ਪਿਆਰ ਉਨ੍ਹਾਂ ਤੋਂ ਖੁੱਸ ਜਾਂਦੇ

ਅੜੀਏ ਪਿਆਰ ਜਤੌਣਾ ਸੌਖਾ ਏ, ਪਰ ਯਾਰ ਮਨਾਉਣਾ ਔਖਾ ਏ
ਜਿਹਨੂੰ ਯਾਰ ਮਨਾਉਣਾ ਆ ਜਾਵੇ, ਉਹਨੂੰ ਰੱਬ ਪਾਉਣਾ ਸੌਖਾ ਏ
ਜਿਉਂਦਿਆਂ ਮਰਨਾ ਪੈਂਦਾ ਏ, ਖੁਦ ਮਰ ਸਭ ਧੰਦੇ ਮੁਕ ਜਾਂਦੇ

ਦੁਨੀਆਂ ਚ ਧਰਮ ਬਣਾ ਦਿੱਤੇ, ਵਿਚ ਭਰਮ ਧਰਮ ਦੇ ਪਾ ਦਿੱਤੇ
ਭਰਮ ਧਰਮ ਗੁਮਰਾਹ ਕਰਦਾ, ਲੋਕੀਂ ਰੱਬ ਤੋਂ ਦੂਰ ਹਟਾ ਦਿੱਤੇ
ਉਹ ਤੇ ਪਾਠ ਨਮਾਜ਼ਾਂ ਪੜ੍ਹਦੇ ਨੇ, ਪੜ੍ਹ ਪੜ੍ਹ ਕੇ ਉਥੇ ਰੁਕ ਜਾਂਦੇ

ਵਖਰੇ ਵਖਰੇ ਧਰਮ ਬਣਾ ਦਿੱਤੇ, ਧਰਮਾਂ ਨੇ ਲੋਕ ਭਰਮਾ ਲਿੱਤੇ
ਧਰਮਾਂ ਦੇ ਓਹਲੇ ਛੁਪ ਬੈਠੇਂ, ਲੋਕ ਗੁਰਦੁਆਰੇ ਵੱਲ ਭਜਾ ਦਿੱਤੇ
ਬੈਂਸ, ਨਹੀਂ ਤੈਨੂੰ ਪਾ ਸਕਦੇ, ਜਿਹੜੇ ਮਸਜਿਦ ਮੰਦਰ ਢੁਕ ਜਾਂਦੇ

ਯਾਰੀ ਨਹੀਂ ਭੌਂਦੀ

ਦਿਲ ਦਾ ਭਰਮ ਨਹੀਂ ਜਾਂਦਾ, ਜੇ ਯਾਰ ਗਲੇ ਨਾ ਲਾਵੇ
ਉਹਨੂੰ ਯਾਰੀ ਨਹੀਂ ਫਬਦੀ, ਜੇ ਉਹਦੇ ਮਨ ਨਾ ਭਾਵੇ

ਅਪਣਾ ਮਨ ਸਮਝਾ ਕੇ ਬੀਬਾ, ਪਿਆਰ ਮਾਹੀ ਨਾਲ ਪਾ ਲੈ
ਯਾਦ ਰੱਬ ਨੂੰ ਕਰਿਆ ਕਰ, ਮਿੰਨਤਾਂ ਕਰ ਯਾਰ ਮਨਾ ਲੈ
ਪਿਆਰ ਨਾਲ ਉਹ ਮੰਨਦਾ ਏ, ਮੰਨ ਜਾਵੇ ਮੁੜ ਨਾ ਠੁਕਰਾਵੇ

ਜਦੋਂ ਨੈਣ ਨੈਣਾ ਨਾਲ ਲੜ ਜਾਂਦੇ, ਸੁਧ ਬੁੱਧ ਭੁਲ ਜਾਂਦੀ ਏ
ਇਸ਼ਕ ਹਿਜਰ ਚ ਰੋਲ ਦੇਵੇ, ਅੱਖ ਪਿਆਰ ਚ ਡੁਲ੍ਹ ਜਾਂਦੀ ਏ
ਰੋਣਾ ਹੀ ਇਬਾਦਤ ਬਣ ਜਾਵੇ, ਦਿਲ ਰੋ ਰੋ ਪਿਆਰ ਸਿਖਾਵੇ

ਰੋਣਾ ਮਨ ਦਾ ਪਿਆਰ ਮੁਹੱਬਤ, ਇਹ ਇਸ਼ਕ ਦੀ ਆਦਤ ਏ
ਚਿਤ ਚ ਰੱਖ ਹੁਸਨ ਯਾਰ ਦਾ, ਬੈਂਸ ਇਹੋ ਇਸ਼ਕ ਇਬਾਦਤ ਏ
ਮਨ ਨੂੰ ਪਿਆਰ ਦਾ ਰੋਗ ਲਗਾ ਕੇ, ਨੱਚ ਨੱਚ ਯਾਰ ਮਨਾਵੇ

ਲੱਗ ਜਾਵੇ ਦਿਲ ਲੁਟ ਲੈਂਦਾ, ਸ਼ਾਹ ਰਗ ਤੋਂ ਦਮ ਘੁੱਟ ਦਿੰਦਾ
ਉਲਟ ਪੁਲਟ ਸਭ ਕਰ ਦੇਵੇ, ਪਰ ਮੂਹੋਂ ਕੁਝ ਨਹੀਂ ਕਹਿੰਦਾ
ਮੈਂ ਤੂੰ ਸਭ ਛੱਡਣੀ ਪੈਂਦੀ, ਬੈਂਸ ਪਿਆਰ ਚ ਖੁਦੀ ਨਾ ਭਾਵੇ

ਆਪ ਗੁਆ ਕੇ ਉਹਦੀ ਬਣ ਜਾ, ਇੰਵ ਇਸ਼ਕ ਦਾ ਤਾਣਾ ਤਣਦਾ
ਤਨ ਮਨ ਦੀ ਬਾਜ਼ੀ ਲਾ ਪਹਿਲਾਂ, ਫਿਰ ਨੀਵੀਂ ਹੋ ਉਹਦੀ ਬਣਜਾ
ਆਪ ਮਿਟਾ ਕੇ ਉਹ ਮਿਲਦਾ ਏ, ਬਾਜ਼ੀ ਹਾਰ ਕੇ ਜੰਗ ਜਿੱਤ ਜਾਵੇ

ਪੌਣ ਹੱਥ ਚਿੱਠੀ

ਉਡ ਜਾ ਨੀ ਪੌਣੇ, ਨਾਲ ਲੈ ਜਾ ਸਾਡੀ ਪੀੜ ਨੂੰ
ਪਿਆਰ ਦਾ ਸੁਨੇਹਾ, ਜਾ ਸੁਣਾ ਦੇ ਦਿਲਗੀਰ ਨੂੰ

ਜਾ ਕੇ ਉਹਨੂੰ ਦੱਸੀਂ, ਉਹਨੂੰ ਛੰਡ ਕੇ ਮੈਂ ਆਈ
ਤੈਨੂੰ ਚੇਤੇ ਕਰੀ ਜਾਵੇ, ਬਹਿ ਕੇ ਵਿਚ ਤਨਹਾਈ
ਪਾਣੀ ਲਹਿਰ ਮਿਲਾ ਦੇ, ਮਿਲਾ ਕੇ ਨੀਰ ਨੀਰ ਨੂੰ

ਜਾ ਕੇ ਆਖੀਂ ਨੀ ਹਵਾਏ, ਸੁਹਣੇ ਮਾਹੀ ਨੂੰ ਸਲਾਮ
ਦੇਵੀਂ ਪਿਆਰ ਦਾ ਸਨੇਹਾ, ਹੋਰ ਕੋਈ ਨਾ ਕਲਾਮ
ਉੜਾ ਕੇ ਲੈ ਗਈ ਮਾਹੀ ਨੂੰ, ਭੀੜਾਂ ਪਾ ਕੇ ਹੀਰ ਨੂੰ

ਬੱਕਾਂ ਗਿਣ ਗਿਣ ਤਾਰੇ, ਕਦੀ ਹੋਵੇ ਨਾ ਅਖੀਰ
ਚਰਖ਼ੇ ਦੀ ਘੂਕ ਨਾਲ, ਹੋਵੇ ਮਿੱਠੀ ਮਿੱਠੀ ਪੀੜ
ਮਾਹੀ ਮਾਹੀ ਮਾਹੀ, ਚੇਤੇ ਆਉਂਦਾ ਏ ਫਕੀਰ ਨੂੰ

ਵਿਚ ਥਲਾਂ ਦੇ ਟੁਰ ਗਈ ਸੱਸੀ, ਟੁਰੀ ਜਾਵੇ ਕੇਚ ਨੂੰ
ਥਲਾਂ ਵਿਚ ਟੋਲੇ ਪੁੰਨਣ ਨੂੰ, ਧਰ ਮੱਥੇ ਉਤੇ ਰੇਤ ਨੂੰ
ਹਾਲ ਦਿਲ ਦਾ ਸੁਣਾ ਪੌਣੇ, ਜਾ ਕੇ ਦਸਤਗੀਰ ਨੂੰ

ਖਾਲੀ ਹੱਥ ਆਈ ਏਥੇ, ਖਾਲੀ ਏਥੋਂ ਜਾਣਾ ਏ
ਦਰ ਦਰ ਫਿਰਾਂ ਭਟਕਦੀ, ਮਿਲੇ ਨਾ ਠਿਕਾਣਾ ਵੇ
ਆਖੀਂ ਮੇਰੇ ਮਾਹੀ ਜਾ ਕੇ, ਮਿਲ ਜਾਵੇ ਅਖੀਰ ਨੂੰ

ਸਾਰਾ ਜੱਗ ਤੂੰ ਹੀ ਤੂੰ ਏਂ, ਪਰ ਰੱਖੇਂ ਸਾਥੋਂ ਪੜਦਾ
ਮੇਰੇ ਮਨ ਚ ਵਸਦਾ ਤੂੰ, ਕਿਉਂ ਮਿਲਣ ਤੋਂ ਡਰਦਾ
ਕਰ ਸੀਨਾਂ ਠੰਢਾ ਠਾਰ, ਵਸਾ ਮਨ ਚ ਤਸਵੀਰ ਨੂੰ

ਲੋਕੀਂ ਤੈਨੂੰ ਮੰਦਰ ਲੱਭਣ, ਹਰ, ਮੇਰਾ ਹਰਮੰਦਰ ਤੂੰ ਹੈਂ
ਕੀ ਜਾਣਨ, ਕੀ ਮਨ ਚ ਮੇਰੇ, ਮੈਂ ਕਰਦੀ ਤੂੰ ਹੀ ਤੂੰ ਹੈਂ
ਘੱਲੀ ਬੈਂਸ ਨੇ ਸਲਾਮ, ਪੌਣੇ ਪਹੁੰਚਾ ਦੇ ਮੇਰੇ ਵੀਰ ਨੂੰ

ਭਵਸਾਗਰ ਤਰਨਾ

ਜੇ ਭਵਸਾਗਰ ਤਰਨਾ ਹੋਵੇ, ਦਰ ਦਰ ਨਹੀਂ ਸਿਰ ਝੁਕਾਈਦਾ
ਜੇ ਮਾਹੀ ਨੂੰ ਪਾਉਣਾ ਹੋਵੇ, ਤਨ ਮਨ ਤੋਂ ਇਕ ਧਿਆਈਦਾ

ਹੁਸਨ ਜੁਆਨੀ ਟਿਕਣ ਨਾ ਦੇਂਦੀ, ਕਰ ਕਰ ਝੂਠੇ ਦਾਵੇ
ਸਾਰਾ ਜੱਗ ਕੀੜੀ ਜਿਹਾ ਦਿਸੇ, ਹਸ ਹਸ ਕਰੇ ਤਗਾਦੇ
ਅਪਣਾ ਆਪ ਗੁਆਉਣਾ ਪੈਂਦਾ, ਜਦੋਂ ਕਿਸੇ ਅਪਣਾਈਦਾ

ਇਸ਼ਕ ਦਾ ਧੰਦਾ ਔਖਾ ਏ, ਆਪ ਗੁਆ ਕੇ ਸੱਜਣ ਮਿਲਦੇ
ਪਾ ਕੇ ਪਿਆਰ ਨਿਭਾਉਣ ਵਾਸਤੇ, ਭੇਦ ਖੋਲ੍ਹਣੇ ਪੈਂਦੇ ਦਿਲ ਦੇ
ਮਾਣ ਹੁਸਨ ਦਾ ਪੜਦਾ ਲਾਹ ਕੇ, ਸੱਜਣਾ ਦੇ ਦਰ ਜਾਈਦਾ

ਜੇ ਉਹਦੇ ਦਰ ਜਾਣਾ ਹੋਵੇ, ਪਹਿਲਾਂ ਏਥੇ ਕਰਜ਼ ਉਤਾਰੀਦਾ
ਏਥੇ ਕਰਜ਼ਾ ਉਥੇ ਕਰਜ਼ਾ, ਇਲਾਜ ਨਹੀਂ ਕੋਈ ਬਿਮਾਰੀ ਦਾ
ਸ਼ਾਹ ਦਰ ਫਿਰ ਜਾਣਾ ਸੁਹੰਦਾ, ਜੇ ਪਿਛਲਾ ਕਰਜ਼ਾ ਲਾਹੀਦਾ

ਜੰਗਲ ਬੇਲੇ ਦੁਨੀਆਂ ਫਿਰਦੀ, ਤਪ ਕਰਨ ਵਿਚ ਤਨਹਾਈ
ਉਲਟੇ ਧੰਦੀਂ ਜੱਗ ਪੈ ਗਿਆ, ਕੋਈ ਮਨ ਦੀ ਨਾ ਕਰੇ ਸਫਾਈ
ਜੇ ਮਾਹੀ ਨੂੰ ਪਾਉਣਾ ਹੋਵੇ, ਬੈਂਸ, ਯਾਰ ਦਰ ਸੀਸ ਝੁਕਾਈਦਾ

ਭੇਸ ਬਣਾ ਕੇ ਦੁਨੀਆਂ ਫਿਰਦੀ, ਲਭਦੀ ਅਪਣੇ ਮਾਹੀ ਨੂੰ
ਬੈਂਸ ਵਿਚਾਰਾ ਹੰਭ ਗਿਆ, ਲਾ ਕਾਗਜ਼ ਉਤੇ ਸਿਆਹੀ ਨੂੰ
ਪੜ੍ਹ ਕੜ੍ਹ ਰੱਬ ਜੇ ਮਿਲਦਾ, ਤਾਂ ਪੜ੍ਹ ਪੜ੍ਹ ਗ੍ਰੰਥ ਸੁਣਾਈ ਜਾ

ਜੇ ਰੱਬ ਨੂੰ ਪਾਉਣਾ ਹੋਵੇ, ਪਹਿਲਾਂ ਯਾਰ ਬਣਾਉਣਾ ਪੈਂਦਾ
ਜੇ ਕਿਧਰੇ ਸੁਹਣਾ ਰੁੱਸ ਜਾਵੇ, ਪੈਰੀਂ ਪੈ ਮਨਾਉਣਾ ਪੈਂਦਾ
ਯਾਰ ਬਾਝੋਂ ਰੱਬ ਨਾ ਮੰਨਦਾ, ਜੀ ਚਾਹੇ ਤਾਣ ਲਗਾਈ ਜਾ

ਪਿਆਰ ਦੀ ਝਲਕ

ਮਨ ਨੂੰ ਚੈਨ ਨਾ ਆਵੇ, ਜੇ ਪਿਆਰ ਕਿਸੇ ਨੂੰ ਹੋ ਜਾਵੇ
ਨੈਣਾਂ ਦੀ ਨੀਂਦਰ ਖੋ ਜਾਵੇ, ਜੇ ਨਜ਼ਰੋਂ ਓਲ੍ਹੇ ਹੋ ਜਾਵੇ

ਸਾਰੀ ਦੁਨੀਆਂ ਭੁੱਲ ਜਾਵੇ, ਪਿਆਰ ਦੀ ਇਹ ਨਿਸ਼ਾਨੀ
ਸੋਚੇਂ ਕੁਝ ਤੇ ਹੋਵੇ ਕੁਝ, ਭੁੱਲ ਜਾਵੇ ਸਭ ਲਾਭ ਹਾਨੀ
ਮਾਹੀ ਮਾਹੀ ਹੋਣ ਲੱਗੇ, ਜੇ ਪਿਆਰ ਕਿਸੇ ਨੂੰ ਹੋ ਜਾਵੇ

ਅੱਜ ਕਮਾ ਲੈ ਕੱਲ੍ਹ ਮਿਲੇਗਾ, ਲਿਖੇ ਹੋਣ ਜਨਮ ਦੇ ਮੇਲੇ
ਜੇ ਹੀਰ ਸਲੇਟੀ ਪਾਉਣੀ ਹੋਵੇ, ਬਣਨਾ ਪਵੇ ਨਾਥ ਦੇ ਚੇਲੇ
ਟਿਕਣ ਨਾ ਦੇਵੇ ਤਨਹਾਈ, ਪਿਆਰ ਜਿਨ੍ਹਾਂ ਦਾ ਖੋ ਜਾਵੇ

ਖਾਲੀ ਹੱਥ ਤੂੰ ਆਇਆ ਏਥੇ, ਖਾਲੀ ਇਥੋਂ ਜਾਣਾ ਏ
ਗੂੜ੍ਹੀ ਨੀਂਦੇ ਸੌਂ ਜਾਣਾ, ਤੈਨੂੰ ਕਿਸੇ ਨਾ ਆਣ ਜਗਾਉਣਾ ਏ
ਸੱਭ ਕੁਝ ਹੱਥੋਂ ਖੁਸ ਜਾਂਦਾ, ਜਦੋਂ ਵਾਰ ਹੋਣੀ ਦਾ ਹੋ ਜਾਵੇ

ਵਗਦਾ ਏ ਲਹੂ ਜਿਗਰ ਦਾ, ਕਿਵੇਂ ਸੰਭਾਲਾਂ ਪੀੜਾਂ ਨੂੰ
ਲੈ ਕੇ ਜਾਹ ਸਨੇਹਾ ਅੜੀਏ, ਜਾ ਪਹੁੰਚਾ ਦੇ ਮੀਰਾਂ ਨੂੰ
ਕੀ ਰੱਖਿਆ ਚੋਰੀ ਮੋਰੀ ਚ, ਘਰ ਫੂਕ ਤਮਾਸ਼ਾ ਹੋ ਜਾਵੇ

ਸੁਫਨੇ ਚ ਹੀ ਮਿਲ ਲੈਂਦੇ, ਜੇ ਦਿਲ ਨਾਲ ਲੈ ਜਾਂਦਾ
ਸੁੱਖ ਸਨੇਹਾ ਘੱਲ ਛੱਡਦੀ, ਜੇ ਪਤਾ ਸਤਾ ਦੇ ਜਾਂਦਾ
ਚੰਨਾਂ, ਤਾਰਿਆਂ ਤੋਂ ਪੁੱਛ, ਜਦੋਂ ਨਜ਼ਰੋਂ ਓਲ੍ਹੇ ਹੋ ਜਾਵੇ

ਪਤਾ ਹੀ ਨਹੀਂ ਲੱਗਾ, ਜਦੋਂ ਸਭ ਕੁਝ ਹੋ ਗਿਆ
ਸਾਰੀ ਉਮਰ ਕਮਾਇਆ, ਬੈਂਸ ਪਲ ਚ ਖੋ ਗਿਆ
ਪਿਆਰ ਯਾਰ ਨਾਲ ਪਾ ਲੈ, ਮਾਹੀ ਮਾਹੀ ਹੋ ਜਾਵੇ

ਭੇਦ ਭਾਵ ਖੋਲ੍ਹ ਲੈ

ਬਣ ਕੇ ਸੱਜਣਾ ਦਾ ਮਿੱਤ, ਦੁਖ ਸੁਖ ਫੋਲ ਲੈ
ਪਾ ਕੇ ਚਿੱਤ ਵਿਚ ਚਿੱਤ, ਭੇਦ ਭਾਵ ਖੋਲ੍ਹ ਲੈ

ਲੁਟਿਆ ਈ ਸੱਸੀ ਵਾਂਗ, ਨਜ਼ਰਾਂ ਮਿਲਾ ਕੇ ਤੂੰ
ਭੁੱਲ ਗਿਆ ਸੱਜਣਾ ਨੂੰ, ਆਪਣਾ ਬਣਾ ਕੇ ਤੂੰ
ਚੰਨਾਂ ਮਰਜ਼ੀ ਏ ਤੇਰੀ, ਭਾਵੇਂ ਥਲਾਂ ਚ ਰੋਲ ਲੈ

ਘਰ ਦਰ ਪੱਟ ਕੇ ਤੂੰ, ਘੱਲਿਆ ਸਿਆਲਾਂ ਨੂੰ
ਮੱਝੀਆਂ ਚਰਾਈਆਂ, ਭੁੱਲ ਆਪਣੇ ਖਿਆਲਾਂ ਨੂੰ
ਰਾਂਝਣਾ, ਜੋਗੀ ਬਣ ਕੇ, ਦਰ ਦਰ ਹੀਰ ਟੋਲ ਲੈ

ਐਵੇਂ ਲਾ ਕੱਚੀ ਯਾਰੀ, ਘੱਲੇਂ ਦੇਸ ਪਰਦੇਸ
ਆਪਣਾ ਬਣਾ ਕੇ, ਲਾਵੇਂ ਤਵੀਆਂ ਦਾ ਸੇਕ
ਉਤੋਂ ਪਾ ਕੇ ਤੱਤੀ ਰੇਤ, ਤੂੰ ਪਿਆਰ ਤੋਲ ਲੈ

ਅਖੀਆਂ ਮਿਲਾ ਕੇ, ਦੂਰੋਂ ਦੂਰੋਂ ਪਿਆਰ ਪਾ ਕੇ
ਪਹਿਲਾਂ ਆਪਣਾ ਬਣਾ ਕੇ, ਫਿਰ ਸੂਲੀ ਤੇ ਚੜ੍ਹਾ ਕੇ
ਪਹਿਲਾਂ ਖਿੱਚ ਕੇ ਪ੍ਰਾਣ, ਫਿਰ ਪਿਆਰ ਫੋਲ ਲੈ

ਪਹਿਲਾਂ ਕੱਢੇਂ ਜਾਨ, ਲਵੇਂ ਰੱਜ ਰੱਜ ਇਮਤਹਾਨ
ਕੌਣ ਤੂੰ ਤੇ ਕੌਣ ਬੈਂਸ, ਜਦੋਂ ਨਿਕਲ ਗਏ ਪ੍ਰਾਣ
ਸਾੜ ਦੇਣਾ ਕੋਲਿਆਂ ਨੇ, ਫਿਰ ਆ ਕੇ ਫੁੱਲ ਟੋਲ ਲੈ

ਮਜ਼ਾ ਯਾਰੀ ਦਾ ਆਵੇ, ਆ ਕੇ ਅੱਜ ਕਰੇਂ ਮੇਲੇ
ਜਾ ਕੇ ਸਖੀਆਂ ਨੂੰ ਆਖਾਂ, ਯਾਰ ਬੁੱਕਲ ਚ ਖੇਲ੍ਹੇ
ਨੈਣਾਂ ਚ ਨੈਣ ਪਾ ਕੇ, ਪਲਕਾਂ ਚੋਂ ਪਿਆਰ ਟੋਲ ਲੈ

ਰਾਂਝਣ ਮਾਹੀ

ਰੱਖ ਲੈ ਲਾਜ ਨਿਮਾਣੀ ਦੀ, ਮਾਹੀ ਭੁੱਲੀਂ ਨਾ ਕੌਲ ਕਰਾਰ
ਤੂੰ ਹੀ ਮੇਰਾ ਰਾਂਝਣ ਮਾਹੀ, ਚੰਨਾਂ ਤੂੰ ਹੀ ਮੇਰਾ ਪਿਆਰ

ਰੱਖ ਲੈ ਮਾਹੀ ਮੇਰੀਆਂ ਲਾਜਾਂ, ਸਜਦੇ ਕਰਾਂ ਨਾਲੇ ਮਾਰਾਂ ਵਾਜਾਂ
ਕਾਲੀ ਕਮਲੀ ਵਾਲੇ ਆ ਜਾ, ਮੁੜ ਮੁੜ ਨਾ ਤੜਫਾ ਸਰਕਾਰ

ਨਦੀਓਂ ਪਾਰ ਮਾਹੀ ਦਾ ਡੇਰਾ, ਮਾਹੀ ਬਾਝੋਂ ਜੀ ਲਗੇ ਨਾ ਮੇਰਾ
ਹਿਜਰ ਜੁਦਾਈਆਂ ਪਾਏ ਬਖੇੜੇ, ਜੀ ਉਸ ਪਾਰ ਮੈਂ ਇਸ ਪਾਰ

ਹਾਜੀ ਬਣ ਮਦੀਨੇ ਲੈ ਚਲ, ਮੇਰੇ ਮਨ ਚ ਮਚ ਗਈ ਹਲ ਚਲ
ਖੈਰ ਕਰਮ ਦੀ ਪਾ ਦੇ ਸਾਈਆਂ, ਹੁਣ ਜੀਣਾ ਹੋਇਆ ਦੁਸ਼ਵਾਰ

ਜਦੋਂ ਹਾਜੀ ਲੋਕ ਮਦੀਨੇ ਜਾਂਦੇ, ਮਨ ਤੈਨੂੰ ਵੇਖਣ ਨੂੰ ਕਰਦਾ
ਰੱਖ ਲੈ ਲਾਜ ਨਿਮਾਣੀ ਦੀ, ਮਾਹੀ ਦੇ ਜਾ ਆ ਕੇ ਦੀਦਾਰ

ਅਸਾਂ ਸ਼ੌਕ ਮਦੀਨਾ ਵੇਖਣ ਦਾ, ਤੇਰੀ ਦੀਦ ਏ ਹਜ ਹਜ਼ਾਰ
ਆ ਬਹੁੜ ਤੱਤੀ ਦਿਆ ਢੋਲਣਾ, ਡੁੱਬਦੀ ਨੂੰ ਲੈ ਚਲ ਪਾਰ

ਲੱਗ ਕੇ ਬੈਂਸ ਜੇ ਟੁੱਟ ਜਾਵੇ, ਅੱਖੀਆਂ ਦਾ ਸੌਣਾ ਮੁੱਕ ਜਾਵੇ
ਜਾਨ ਭੀ ਨਾਲੇ ਮੁੱਕ ਜਾਵੇ, ਖੁਸ ਜਾਵੇ ਉਮਰਾਂ ਦਾ ਪਿਆਰ

ਕੱਚੀ ਲਾ ਕੇ ਤੋੜ ਗਿਆ, ਸੱਈਓ ਨੀ ਮੇਰਾ ਢੋਲਣ ਮਾਹੀ
ਹਿਜਰ ਦੀ ਮਾਰੀ ਦਰ ਦਰ ਫਿਰਦੀ, ਰੁੱਸ ਗਿਆ ਮੇਰਾ ਯਾਰ

ਰਾਹੇ ਮਦੀਨਾ

ਅਸਾਂ ਸ਼ੌਕ ਮਦੀਨਾ ਵੇਖਣ ਦਾ, ਮੇਰਾ ਯਾਰ ਮਦੀਨੇ ਵਸਦਾ ਏ
ਜਦੋਂ ਲੋਕ ਮਦੀਨੇ ਜਾਂਦੇ ਨੇ, ਮੇਰਾ ਦਿਲ ਉਨ੍ਹਾਂ ਵੱਲ ਨੱਸਦਾ ਏ

ਸਭ ਹੱਜ ਵਾਲੇ ਲੀੜੇ ਪਾਉਂਦੇ ਨੇ, ਜਦੋਂ ਰਾਹ ਮਦੀਨੇ ਜਾਂਦੇ ਨੇ
ਪਲਕਾਂ ਸਾਹਮਣੇ ਲੰਘਣ ਜਦੋਂ, ਮੇਰਾ ਮਨ ਖਿੱਚ ਲੈ ਜਾਂਦੇ ਨੇ
ਸੀਸ ਝੁਕਾ ਕੇ ਨੈਣ ਚੁਰਾ ਕੇ, ਮੇਰਾ ਜੀ ਉਨ੍ਹਾਂ ਵੱਲ ਤੱਕਦਾ ਏ

ਜਦੋਂ ਹਾਜੀ ਮੱਕੇ ਵੱਲ ਜਾਂਦੇ ਨੇ, ਮੈਨੂੰ ਤੇਰੀ ਯਾਦ ਸਤੌਂਦੀ ਏ
ਕਰਾਂ ਸ਼ੁਕਰੀਆਂ ਕਮਲੀ ਵਾਲੇ ਦਾ, ਮਨ ਨੂੰ ਚੈਨ ਆ ਜਾਂਦੀ ਏ
ਮੇਰਾ ਯਾਰ ਮੇਰੇ ਚ ਵਸਦਾ ਏ, ਮੇਰਾ ਮਨ ਇਹ ਮੈਨੂੰ ਦੱਸਦਾ ਏ

ਹਾਜੀ ਹੱਥ ਸਨੇਹਾ ਘੱਲਾਂ, ਮਦੀਨੇ ਵਾਲੇ ਨੂੰ ਮੇਰਾ ਸਲਾਮ ਕਹਿਣਾ
ਤੇਰੀ ਯਾਦ ਬਹੁਤ ਤੜਫੌਂਦੀ ਏ, ਕੋਈ ਹੋਰ ਕਲਾਮ ਨਾ ਕਹਿਣਾ
ਜਦੋਂ ਤੇਰਾ ਨਾਂ ਕੋਈ ਲੈਂਦਾ ਏ, ਮੇਰਾ ਮਨ ਪਿਆਰ ਚ ਨੱਚਦਾ ਏ

ਅੜਿਓ, ਮਦੀਨੇ ਦਾ ਮੁਸਾਫਿਰ ਹਾਂ, ਮੈਂ ਆਖਾਂ ਜਾਂਦੇ ਰਾਹੀਆਂ ਨੂੰ
ਮੇਰੇ ਲਈ ਦੁਆ ਕਰਨਾ, ਸਦਕੇ ਉਹਦੀਆਂ ਬੇ ਪਰਵਾਹੀਆਂ ਨੂੰ
ਮਦੀਨੇ ਨੂੰ ਜਾਵਾਂ ਮੰਗਾਂ ਦੁਆਵਾਂ, ਮੇਰਾ ਮਾਹੀ ਮਨ ਚ ਵਸਦਾ ਏ

ਉਹ ਲੋਕੀਂ ਤੀਰਥ ਜਾਂਦੇ ਨੇ, ਜਿਨ੍ਹਾਂ ਦੇ ਦਿਲ ਚ ਪਿਆਰ ਨਹੀਂ
ਵਿਚਾਰੇ ਦਰ ਦਰ ਭਟਕਦੇ ਨੇ, ਜਿਨ੍ਹਾਂ ਦਾ ਮੰਨਦਾ ਯਾਰ ਨਹੀਂ
ਕੀ ਲੈਣਾ ਧਰਮਾਂ ਧਾਮਾਂ ਤੋਂ, ਜਿਹਦਾ ਯਾਰ ਦਿਲਾਂ ਚ ਵਸਦਾ ਏ

ਤੂੰ ਹੀ ਮੇਰਾ ਕਿਬਲਾ ਕਾਬਾ, ਮਾਹੀ ਤੂੰ ਹੀ ਏਂ ਮੇਰੀ ਹੱਜ
ਹਾਜੀ ਲੋਕ ਤੈਨੂੰ ਲੱਭਣ ਮਦੀਨੇ, ਮੇਰੀ ਤੇਰੇ ਹੱਥ ਚ ਲੱਜ
ਰੱਖ ਲੈ ਲਾਜ ਨਿਮਾਣੀ ਦੀ, ਤੇਰਾ ਨਾਂ ਮੇਰੇ ਜੀ ਵਸਦਾ ਏ

ਮਨ ਦੀ ਭਟਕਣ

ਚਾਰੇ ਬੰਨੇ ਪੈਰ ਪਸਾਰੀ, ਫਿਰੇ ਮੰਗਦਾ ਸ਼ਹਿਰ ਬਾਜ਼ਾਰੀ
ਭੌਂਦਾ ਰਹਿੰਦਾ ਉਮਰਾਂ ਸਾਰੀ, ਕਦੀ ਸੁਫਨੇ ਸੱਚ ਨਹੀਂ ਹੁੰਦੇ

ਮਾਇਆ ਮਾਈ ਪਾਏ ਫਾਹੇ, ਝੋਲੀ ਫੜ ਦਰ ਦਰ ਭਰਮਾਏ
ਥੋੜੀ ਜਿਹੀ ਹੋਰ ਮਿਲ ਜਾਏ, ਮਾਇਆ ਮੈਨੂੰ ਬੜੀ ਪਿਆਰੀ

ਕ੍ਯੂੰ ਐਵੇਂ ਹਫਸ ਵਧਾਵੇਂ, ਜਾਣ ਵੇਲੇ ਇਹ ਨਾਲ ਨਾ ਜਾਵੇ
ਐਵੇਂ ਦਿਲ ਧੜਕਾਈ ਜਾਵੇਂ, ਭਟਕੇਂਗਾ ਤੂੰ ਉਮਰਾਂ ਸਾਰੀ

ਜਿੰਨਾਂ ਚਾਹੇ ਜ਼ੋਰ ਤੂੰ ਲਾ ਲੈ, ਮਨ ਅਪਣੇ ਨੂੰ ਕਿਵੇਂ ਭਜਾ ਲੈ
ਭਾਵੇਂ ਨਰ ਸੁਲਤਾਨ ਕਹਾ ਲੈ, ਮੰਗਣ ਦੀ ਨਾ ਮੁੱਕੇ ਬਿਮਾਰੀ

ਭਟਕਿਆ ਮਨ ਨਾ ਕਾਬੂ ਆਵੇ, ਦਰ ਦਰ ਪਿਆ ਧੱਕੇ ਖਾਵੇ
ਅੱਜ ਏਥੇ ਕਲ੍ਹ ਉਥੇ ਜਾਵੇ, ਆਖੇ ਮਿਲ ਜਾਵੇ ਧਰ ਸਾਰੀ

ਮਿਲੇ ਜੋ ਆਪ ਕਮਾਇਆ, ਕਿਸੇ ਨਾ ਤੈਨੂੰ ਇਹ ਸਮਝਾਇਆ
ਲੁੱਟ ਕਸੁੱਟ ਕੇ ਥੋਝੇ ਭਰਦਾ, ਲਾਲਚ ਦੀ ਤੈਨੂੰ ਲੱਗੀ ਬਿਮਾਰੀ

ਕੰਮ ਨਹੀਂ ਆਉਣਾ ਸਰਮਾਇਆ, ਜੇ ਤੂੰ ਮਨ ਨਾ ਸਮਝਾਇਆ
ਸਬਰ ਬਿਨਾਂ ਨਾ ਮਨ ਕਾਬੂ ਆਵੇ, ਬੈਂਸ ਨੇ ਆਖੀ ਗੱਲ ਕਰਾਰੀ

ਮਨ ਤੇਰਾ ਪਿਆ ਭਰੇ ਉਡਾਰੀ, ਪਲ ਪਲ ਵੇਖੇ ਚਾਰ ਦਿਵਾਰੀ
ਦਰ ਬਦਰ ਪਿਆ ਧੱਕੇ ਖਾਵੇ, ਕਰਦਾ ਮਨ ਨੂੰ ਬਹੁਤ ਖੁਆਰੀ

ਇਕ ਨਿੱਕੀ ਜਿਹੀ ਜਾਨ ਏ ਤੇਰੀ, ਕਰਦਾ ਫਿਰਦਾ ਮੇਰੀ ਮੇਰੀ
ਬਣਨਾ ਇਕ ਦਿਨ ਖ਼ਾਕ ਦੀ ਢੇਰੀ, ਐਵੇਂ ਜਾਵੇਂ ਜਾਨ ਨੂੰ ਮਾਰੀ

ਇਸ ਮਨ ਨੇ ਕਾਬੂ ਨਹੀਂ ਆਉਣਾ, ਜੇ ਇਹਨੂੰ ਨਹੀਂ ਸਮਝਾਉਣਾ
ਮੁੱਕਣਾ ਨਹੀਂ ਤੇਰਾ ਆਉਣਾ ਜਾਣਾ, ਭੈੜੀ ਏ ਇਹ ਬਹੁਤ ਬਿਮਾਰੀ

ਦੁਨੀਆਂ ਬਾਜ਼ੀਗਰ ਦੀ ਬਾਜ਼ੀ ਏ, ਖੇਲ੍ਹ ਤਮਾਸ਼ੇ ਚ ਜੱਗ ਰਾਜ਼ੀ ਏ
ਜੱਗ ਖੇਡ੍ਹੇ ਜਿਵੇਂ ਉਹ ਰਾਜ਼ੀ ਏ, ਆਪੇ ਘੱਲਦਾ ਹੁਕਮ ਸਰਕਾਰੀ

ਕਿਸੇ ਦੇ ਮਨ ਨੂੰ ਚੈਨ ਨਾ ਆਵੇ, ਰੋਜ਼ੇ ਰੱਖੇ ਭਾਵੇਂ ਚਲੀਹਾ ਮਨਾਵੇ
ਹਨੇਰ ਸਵੇਰੇ ਛੁਪ ਕੇ ਖਾਵੇ, ਕਰਮ ਧਰਮ ਚ ਫਸੀ ਦੁਨੀਆਂ ਸਾਰੀ

ਰੋਜ਼ੇ ਰੱਖੇ ਨਾਲੇ ਨਮਾਜ਼ ਗੁਜ਼ਾਰੇ, ਧਰਮਾਂ ਨੇ ਪਿੱਛੇ ਲਾ ਲਏ ਸਾਰੇ
ਬੇੜੀ ਫਸੀ ਨਾ ਲੱਗੇ ਕਿਨਾਰੇ, ਚੋਟ ਮਝਧਾਰ ਦੀ ਬੜੀ ਕਰਾਰੀ

ਪਹਿਲਾਂ ਮਨ ਤੇ ਕਾਬੂ ਪਾ ਲੈ, ਇਸ ਮਨ ਤੱਤੜੇ ਨੂੰ ਸਮਝਾ ਲੈ
ਪਹਿਲਾਂ ਮਨ ਤੋਂ ਮਨ ਮਰਾ ਲੈ, ਮਿਟ ਜਾਵੇ ਮੰਗਣ ਭੁੱਖ ਸਾਰੀ

ਅਪਣੇ ਮਨ ਨੂੰ ਪਿਆਰ ਸਿਖਾ ਲੈ, ਸੁਹਣਾ ਜਿਹਾ ਯਾਰ ਬਣਾ ਲੈ
ਫਿਰ ਮਾਹੀ ਨੂੰ ਗਲ ਨਾਲ ਲਾ ਲੈ, ਭੁੱਲ ਜਾਵੇਗੀ ਦੁਨੀਆਂ ਸਾਰੀ

ਜਦੋਂ ਪਿਆਰ ਦੀ ਅੱਗ ਸਤਾਵੇ, ਮੁੜ ਮਾਹੀ ਮਾਹੀ ਚੇਤੇ ਆਵੇ
ਇੱਥੋਂ ਛੱਡ ਉਥੇ ਟੁਰ ਜਾਵੇ, ਮੰਗਣ ਦੀ ਇੰਞ ਟੁੱਟੇ ਬਿਮਾਰੀ

ਚੇਤੇ ਕਰ ਜਿਹੜਾ ਸਭ ਕੁਝ ਦੇਵੇ, ਕੱਚੀਆਂ ਕਲਾਂ ਪੱਕੇ ਫਲ ਮੇਵੇ
ਬਦਲੇ ਵਿਚ ਤੈਥੋਂ ਕੁਝ ਨਾ ਲੈਵੇ, ਭਾਵੇਂ ਦੁਨੀਆਂ ਉਹਦੀ ਸਾਰੀ

ਪਹਿਲਾਂ ਅਪਣਾ ਮਨ ਸਮਝਾ ਲੈ, ਦਿਲੋਂ ਪਿਆਰ ਮਾਹੀ ਨਾਲ ਪਾ ਲੈ
ਤਨ ਮਨ ਤੋਂ ਬੈਂਸ ਉਹਦਾ ਬਣ ਜਾ, ਜੰਮਣ ਮਰਨ ਦੀ ਮੁੱਕੇ ਬਿਮਾਰੀ

ਜੀ ਤੜਫਾ ਕੇ ਵੇਖ

ਪਾਇਆਂ ਪਿਆਰ ਨਹੀਂ ਪੈਂਦਾ, ਐਵੇਂ ਕਰੇਂ ਤਕਰਾਰ
ਜੀ ਤੜਫਾ ਕੇ ਵੇਖ ਜ਼ਰਾ, ਪਤਾ ਲੱਗੂ ਕੀ ਏ ਪਿਆਰ

ਪਿਆਰ ਪਾਇਆ ਨਹੀਂ ਜਾਂਦਾ, ਐਵੇਂ ਹੀ ਪੈ ਜਾਂਦਾ ਏ
ਜੇ ਕਿਸੇ ਨਾਲ ਪੈ ਜਾਵੇ, ਦਿਲ ਜਾਨ ਖਿੱਚ ਲੈ ਜਾਂਦਾ ਏ
ਪਿਆਰ ਮਾਹੀ ਦਾ ਮਨ ਧੜਕਾਵੇ, ਭੁੱਲ ਜਾਂਦੇ ਤਕਰਾਰ

ਪਿਆਰ ਦਿਲਾਂ ਦੀ ਬਾਜ਼ੀ ਏ, ਦਿਲਾਂ ਦੇ ਸੌਦੇ ਹੁੰਦੇ ਨੇ
ਅਪਣਾ ਆਪ ਭੁੱਲ ਜਾਂਦਾ ਏ, ਦਰਦ ਪਰਾਏ ਸੁਹੰਦੇ ਨੇ
ਸਿਰਾਂ ਦੀ ਬਾਜ਼ੀ ਲਗਦੀ ਏ, ਜਿੱਤ ਹੋਵੇ ਭਾਵੇਂ ਹਾਰ

ਸੁਫਨੇ ਚ ਪਿਆਰ ਪਾਇਆ, ਆਜ਼ਮ ਜਾਮ ਦੀ ਬੱਚੀ ਨੇ
ਪੁਨਣ ਨੂੰ ਯਾਰ ਬਣਾਇਆ ਸੀ, ਬੇਸਮਝੀ ਚ ਤੱਤੀ ਨੇ
ਐਵੇਂ ਜਾਨ ਗੁਆ ਬੈਠੀ, ਮਾਹੀ ਟੁਰ ਗਿਆ ਥਲਾਂ ਦੇ ਪਾਰ

ਪਾਇਆ ਘੁਮਿਆਰੀ ਸੋਹਣੀ ਨੇ, ਮਾਹੀ ਦੀ ਮਨਮੋਹਣੀ ਨੇ
ਕੱਚੇ ਘੜੇ ਤੇ ਤਰ ਗਈ ਸੀ, ਰਾਹ ਚ ਰੋਕ ਲਈ ਹੋਣੀ ਨੇ
ਜੀ ਨਾ ਰੁਕਿਆ ਕੰਢੇ ਤੇ, ਆਪ ਇਸ ਪਾਰ ਮਾਹੀ ਉਸ ਪਾਰ

ਪਿਆਰ ਹੀਰ ਸਲੇਟੀ ਪਾ ਬੈਠੀ, ਧੀਦੋ ਨੂੰ ਯਾਰ ਬਣਾ ਬੈਠੀ
ਹੱਡੀਂ ਇਸ਼ਕ ਰਚਾ ਬੈਠੀ, ਮੁੜ ਅਪਣਾ ਆਪ ਭੁਲਾ ਬੈਠੀ
ਰਾਂਝਾ ਰਾਂਝਾ ਕਰਦੀ ਉਹ, ਬੈਂਸ, ਬਣ ਗਈ ਰਾਂਝਣ ਯਾਰ

ਪਿਆਰ ਨਾ ਕਿਧਰੇ ਪਾ ਬੈਠੀਂ, ਹਸ਼ਰ ਨਹੀਂ ਇਹਦਾ ਚੰਗਾ
ਜੱਗ ਲੁੱਟ ਜਾਵੇ ਦਿਲ ਟੁੱਟ ਜਾਵੇ, ਇਸ਼ਕ ਜਿਨ੍ਹਾਂ ਦਾ ਧੰਦਾ
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ, ਉਨ੍ਹਾਂ ਪਾਰ ਉਤਾਰੇ ਯਾਰ

ਪਿਆਰ

ਪਾ ਨਾਲ ਸੱਜਣ ਦੇ ਪਿਆਰ, ਉਹੋ ਮਾਹੀ ਉਹੋ ਯਾਰ
ਉਹਨੂੰ ਮਨ ਚ ਵਸਾ ਲੈ, ਜੇ ਕਰਨਾ ਈ ਬੇੜਾ ਪਾਰ

ਪਿਆਰ ਨੂੰ ਦੁਨੀਆਂ ਕੀ ਜਾਣੇ, ਦੁਨੀਆਂ ਨੂੰ ਇਹ ਭੌਂਦਾ ਨਹੀਂ
ਦਰ ਦਰ ਦੇ ਧੱਕੇ ਪੈਂਦੇ ਨੇ, ਜਿਹੜਾ ਇਹਨੂੰ ਛੁਪਾਉਂਦਾ ਨਹੀਂ
ਉਹ ਰੱਬ ਨੂੰ ਪਾ ਲੈਂਦਾ, ਜਿਹਨੇ ਝੁਕ ਝੁਕ ਮਨਾਇਆ ਯਾਰ

ਇਸ਼ਕ ਮਜਾਜ਼ੀ ਦੁਨੀਆਂ ਕਰਦੀ, ਇਸ਼ਕ ਹਕੀਕੀ ਕੋਈ ਜਾਣੇ
ਆਹਦ ਅਹਿਮਦ ਏ ਇਸ਼ਕ ਹਕੀਕੀ, ਕਹਿੰਦੇ ਇਹੋ ਸਿਆਣੇ
ਰਾਮ ਸ਼ਾਮ ਚ ਫਰਕ ਨਾ ਕਾਈ, ਬੈਂਸ, ਉਹੋ ਯਾਰ ਸਰਕਾਰ

ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ, ਯਾਰ ਵਸੇ ਮਨ ਅੰਦਰ
ਇਹੋ ਅਮ੍ਰਿਤ ਇਹੋ ਪੂਜਾ, ਕੋਈ ਨਹੀਂ ਅਜਿਹਾ ਮੰਦਿਰ
ਯਾਦ ਮਾਹੀ ਦੀ ਆਵੇ ਜਦੋਂ, ਐਵੇਂ ਹੋ ਜਾਣ ਕੌਲ ਕਰਾਰ

ਮਾਹੀ ਮਨ ਚ ਵਸ ਜਾਵੇ, ਦਿਲ ਯਾਰ ਮਿਲਣ ਨੂੰ ਭੱਜਦਾ ਏ
ਉਹਦੀ ਯਾਦ ਇਬਾਦਤ ਏ, ਸੱਜਣਾ ਦਾ ਇਹੋ ਸਜਦਾ ਏ
ਯਾਦ ਮਾਹੀ ਦੀ ਕਾਬਾ ਏ, ਉਹੋ ਹੱਜ ਏ ਮੇਰੀ ਸਰਕਾਰ

ਯਾਦ ਇਸ਼ਕ ਫਰਿਆਦ ਇਸ਼ਕ, ਯਾਰ ਇਸ਼ਕ ਦਿਲਦਾਰ ਇਸ਼ਕ
ਰਾਂਝੇ ਹੀਰ ਦਾ ਪਿਆਰ ਇਸ਼ਕ, ਸੋਹਣੀ ਦਾ ਮਹੀਵਾਲ ਇਸ਼ਕ
ਬੈਂਸ, ਬੰਦੇ ਨੂੰ ਰੱਬ ਬਣਾ ਦੇਵੇ, ਲੈਲਾ ਮਜਨੂੰ ਜਿਹਾ ਕੌਲ ਕਰਾਰ

ਕੋਇਲ ਵਾਂਗ ਕੁਰਲਾ

ਕੋਇਲ ਵਾਂਗ ਕੁਰਲਾ ਅਤੀਏ, ਜੇ ਸੁਣ ਲਏ ਯਾਰ ਪਿਆਰਾ
ਗਾ ਕੇ ਪਿਆਰ ਜਤਾ ਅਤੀਏ, ਸਮਾਂ ਆਉਣਾ ਨਹੀਂ ਦੁਬਾਰਾ

ਪਿਆਰ ਅਜੇਹੀ ਕਸੌਟੀ ਹੈ, ਜਿਹੜੀ ਕਰੇ ਸਫਾਈ ਦਿਲ ਦੀ
ਮਨ ਤਤੜੇ ਨੂੰ ਸਮਝਾ ਅਤੀਏ, ਦਿਲ ਹਾਰ ਕੇ ਬਾਜ਼ੀ ਮਿਲਦੀ
ਜੋ ਹਰ ਜਾਂਦੇ ਉਹ ਤਰ ਜਾਂਦੇ, ਹੋਵੇ ਹਰਨ ਦਾ ਰੰਗ ਨਿਆਰਾ

ਜੇ ਸੁਣਾ ਸਕਦੀ ਉਹ ਸੁਣ ਲੈਸੀ, ਪਿਆ ਕਰੇ ਉਡੀਕਾਂ ਤੇਰੀਆਂ
ਉਹ ਤੇਰੇ ਪਿਆਰ ਨੂੰ ਤੱਕਦਾ ਏ, ਫਿਰ ਕਾਹਨੂੰ ਕੀਤੀਆਂ ਦੇਰੀਆਂ
ਜਦੋਂ ਲੱਗ ਜਾਵੇ ਸੜ ਖਾਕ ਹੋਵੇ, ਮੁੜ ਸੜੇ ਨਾ ਕੋਈ ਦੁਬਾਰਾ

ਗਾਏ ਜਾ ਤੂੰ ਗੀਤ ਪਿਆਰ ਦੇ, ਕਰ ਸਜਦੇ ਤੂੰ ਕੋਲ ਯਾਰ ਦੇ
ਤੇਰਾ ਪਿਆਰ ਸਤਾਵੇ ਉਹਨੂੰ, ਮੁਕਾ ਦੇ ਸੀ ਫੰਧੇ ਸਰਕਾਰ ਦੇ
ਦੋ ਚਿੱਤਾ ਮਨ ਟਿਕਣ ਨਾ ਦੇਵੇ, ਬਿਨਾ ਟਿਕੇ ਨਾ ਮਿਲੇ ਸਹਾਰਾ

ਰਮਜ਼ ਪਿਆਰ ਦੀ ਨਿਵੰ ਕੇ ਮਿਲਦੀ, ਗਾਏ ਜਾ ਗੱਲ ਦਿਲ ਦੀ
ਇਹ ਅੱਲ੍ਹੜਾਂ ਦੀ ਬਾਜ਼ੀ ਏ, ਪਿਆਰ ਚ ਨਾ ਕੋਈ ਖਾਜਾ ਖਿਲਜੀ
ਮਨ ਨੀਵਾਂ ਕਰਕੇ ਟੁਰ ਜਾ ਬੈਂਸ, ਰਾਹ ਤੱਕਦਾ ਯਾਰ ਪਿਆਰਾ

ਇਸ਼ਕ ਮਜਾਜ਼ੀ ਟਿਕਣ ਨਾ ਦੇਵੇ, ਦੁਨੀਆਂ ਹੁਸਨ ਫੁਸਨ ਤੇ ਮਰਦੀ
ਇਸ਼ਕ ਹਕੀਕੀ ਕਰਨਾ ਔਖਾ, ਦੁਨੀਆਂਦਾਰੀ ਨਹੀਂ ਇਹਨੂੰ ਜਰਦੀ
ਇਸ਼ਕ ਚ ਜੱਗ ਬਣਾਇਆ ਉਹਨੇ, ਉਹਦਾ ਉਹੀਓ ਦੱਸੇ ਕਿਨਾਰਾ

ਸਬੱਬੀਂ ਮੇਲੇ

ਰਾਹ ਸਭ ਦਾ ਵੱਖਰਾ ਵੱਖਰਾ, ਉਥੇ ਹੋਣ ਸਬੱਬੀਂ ਮੇਲੇ
ਯਾਰੀ ਲਾਈ ਤਦ ਸੁਹੰਦੀ, ਜਦੋਂ ਯਾਰ ਬੁੱਕਲ ਵਿਚ ਖੇਲ੍ਹੇ

ਰੁਕ ਰੁਕ ਕੇ ਕਾਫਲੇ ਟੁਰ ਜਾਂਦੇ, ਟੁਰੇ ਜਣ ਸਭ ਮੱਕੇ ਨੂੰ
ਸਭ ਚਲੋ ਚਾਲ ਦਾ ਮੇਲਾ ਏ, ਪਏ ਲੱਭਦੇ ਭੀੜ ਭੜੱਕੇ ਨੂੰ
ਕਿਬਲਾ ਕਾਬਾ ਮਨ ਤੇਰੇ ਵਿਚ, ਅੱਲਾ ਰਾਮ ਇਸੇ ਚ ਖੇਲ੍ਹੇ

ਰਾਹ ਪਿਆਰ ਦਾ ਨਿੱਕੀ ਮੋਰੀ, ਉਥੇ ਜਾਣਾ ਪੈਂਦਾ ਚੋਰੀ ਚੋਰੀ
ਰਾਹ ਚ ਮੁੱਲਾਂ, ਭਾਈ, ਦੇਂਦੇ ਮੱਤਾਂ, ਪਰ ਸਮਝ ਉਨ੍ਹਾਂ ਦੀ ਥੋੜੀ
ਕੀ ਜਾਣਨ ਉਹ ਕਿਥੇ ਵਸਦਾ, ਉਨ੍ਹਾਂ ਪਾਏ ਮਜ਼ੂਬ ਦੇ ਲੇਲੇ

ਸਫਰ ਜ਼ਿੰਦਗੀ ਦਾ ਲੰਮਾਂ ਯਾਰੋ, ਹਮ ਸਫਰ ਮਿਲ ਜਾਂਦੇ
ਕੱਚੇ ਰਾਹ ਕੱਚੀਆਂ ਡੰਡੀਆਂ, ਸਭ ਇਕ ਮੰਜ਼ਿਲ ਵੱਲ ਜਾਂਦੇ
ਜਨਮ ਜਨਮ ਦੇ ਰਿਸ਼ਤੇ ਹੋਵਣ, ਆ ਮਿਲਦੇ ਸੱਜਣ ਸੁਹੇਲੇ

ਉਹਨੂੰ ਪੌਣਾ ਸੌਖਾ ਨਹੀਂ, ਆਪ ਮਿਟਾ ਕੇ ਸੱਜਣ ਮਿਲਦੇ
ਇਸ਼ਕ ਦਿਲਾਂ ਦੀ ਗੁੰਝਲ ਏ, ਭੇਦ ਖੋਲ੍ਹਣੇ ਪੈਂਦੇ ਦਿਲ ਦੇ
ਪਿਆਰ ਯਾਰ ਨਾਲ ਹੋ ਜਾਵੇ, ਰਾਂਝਣ ਯਾਰ ਬੁੱਕਲ ਚ ਖੇਲ੍ਹੇ

ਈਦ ਵਾਲੇ ਦਿਨ ਸਭ ਉਡੀਕਣ, ਅਪਣੇ ਅਪਣੇ ਯਾਰ ਨੂੰ
ਈਦ ਵੀ ਐਵੇਂ ਲੰਘ ਜਾਵੇ, ਜੇ ਭੁੱਲ ਜਾਣ ਕੌਲ ਕਰਾਰ ਨੂੰ
ਬੈਂਸ ਨਾਲ ਈਦ ਮਨਾ ਅੜਿਆ, ਮੁਕਾ ਜੰਮਣ ਜੰਮਣ ਝਮੇਲੇ

ਫ਼ਕੀਰਾ ਨੀਵਾਂ ਹੋ

ਮਰਨ ਤੋਂ ਡਰਦੀ ਦੁਨੀਆਂ ਰੋਂਦੀ, ਜੰਮਣ ਤੋਂ ਤੂੰ ਰੋ
ਜੇ ਕਰਨਾ ਦਿਦਾਰ ਮਾਹੀ ਦਾ, ਫ਼ਕੀਰਾ ਨੀਵਾਂ ਹੋ

ਜੋ ਆਇਆ ਸੋ ਜਾਣਾ, ਕਿਸੇ ਅੱਜ ਜਾਣਾ ਕਿਸੇ ਕੱਲ੍ਹ
ਜੇ ਪਾਰ ਉਤਾਰਾ ਚਾਹੁੰਦਾ ਏਂ, ਦਰ ਸੱਜਣ ਦਾ ਮੱਲ
ਜੰਮਣ ਮਰਨ ਚਰਾਸੀ ਮੁੱਕੇ, ਮਨ ਪਿਆਰ ਨਾਲ ਧੋ

ਜੰਮਣ ਵੇਲੇ ਬੱਚਾ ਡਰਦਾ, ਮਰਨ ਤੋਂ ਦੁਨੀਆਂ ਡਰਦੀ
ਜਾਣ ਸਮੇਂ ਕੋਈ ਸੰਗ ਨਾ ਸਾਥੀ, ਨਾ ਕੋਈ ਹਮਦਰਦੀ
ਜੇ ਦਰਦ ਵੰਡਾਉਣਾ ਚਾਹੁੰਦਾ ਏਂ, ਪਾ ਮਾਹੀ ਨਾਲ ਮੋਹ

ਖ਼ਾਨ ਮਲੂਕ ਤੇ ਔਲੀਏ ਭੀ, ਜਾਣ ਵੇਲੇ ਸਭ ਡਿਗਦੇ
ਮੀਰ ਪੀਰ ਤੇ ਕਵੀ ਨਬੀ, ਕਰਦੇ ਜਾਣ ਸਭ ਸਿਜਦੇ
ਜੈਸੀ ਕਰਨੀ ਤੈਸੀ ਭਰਨੀ, ਜੋ ਕਮਾਏਂਗਾ ਖਾਏਂਗਾ ਸੋ

ਰੋਂਦੇ ਆਉਣਾ ਰੋਂਦੇ ਜਾਣਾ, ਤੈਨੂੰ ਕਿਤੇ ਨਾ ਮਿਲੇ ਠਿਕਾਣਾ
ਇਥੋਂ ਸਭਨਾ ਖਾਲੀ ਜਾਣਾ, ਸੱਚੇ ਰੱਬ ਦਾ ਇਹੋ ਭਾਣਾ
ਮਨ ਤੱਤੜੇ ਨੂੰ ਸਮਝਾ ਅੜੀਏ, ਮੁੜ ਮੁੜ ਨਾ ਜੰਮੇਂ ਉਹ

ਪਾਣੀ ਨੀਵਾਂ ਹੋ ਚੱਲੇ ਪਹਾੜੋਂ, ਸਾਗਰ ਵਿਚ ਜਾ ਮਿਲਦਾ
ਮਨ ਝੁਕਾ ਕੇ ਸੀਸ ਨਿਵਾ ਕੇ, ਬੈਂਸ ਵੇਖ ਯਾਰ ਦਾ ਜਲਵਾ
ਤਕਵਾ ਰੱਖ ਮਹਿਬੂਬਾ ਵਾਲਾ, ਮੁੜ ਅਸ਼ਕ ਪਿਆਰ ਚ ਧੋ

ਰੱਬ ਰਜਾਈਂ ਸੱਜਣ ਮਿਲਦੇ, ਸਾਇਰ ਹੋਣ ਇਕ ਮੰਜ਼ਿਲ ਦੇ
ਇਸ਼ਕ ਨਮਾਜ਼ੀ ਤਦ ਸੁਹੰਦੀ, ਜੇ ਭੇਦ ਖੁਲ੍ਹ ਜਾਵਣ ਦਿਲ ਦੇ
ਝੁਕ ਝੁਕ ਯਾਰ ਮਨਾਉਣ ਜਿਹੜੇ, ਬੈਂਸ ਪਾਰ ਹੋਣਗੇ ਉਹ

ਰਿਸ਼ਤੇ ਨਾਤੇ ਮੁੱਕ ਜਾਂਦੇ, ਜਦੋਂ ਵਰਤ ਗਿਆ ਉਹਦਾ ਭਾਣਾ
ਮਨ ਤੱਤੜਾ ਸਮਝਾਉਣ ਵਾਸਤੇ, ਤੈਨੂੰ ਪੈਣਾ ਯਾਰ ਬਣਾਉਣਾ
ਅੜੀਏ ! ਮਨ ਦੀ ਗੁੰਝਲ ਤਾਂ ਖੁਲ੍ਹਣੀ, ਜੇ ਮਿਲੇ ਯਾਰ ਦੀ ਛੋਹ

ਗਰੀਬੀ

ਬਣ ਕੇ ਖ਼ਾਕ ਦੁਆਰੇ ਦੀ, ਉੜੀ ਰੱਖ ਕੇ ਚਿੱਤ ਚ ਉੜਨ ਵੇਲੇ
ਲੈ ਚਲ ਯਾਰ ਦੇ ਦਰ ਅੜੀਏ, ਕੌਣ ਜਾਣੇ ਮੁੜ ਕਦੋਂ ਹੋਣ ਮੇਲੇ

ਸੁਹਣੇ ਯਾਰ ਦਾ ਕਰਨ ਦਿਦਾਰ ਅੜੀਓ, ਉੜ ਆਈ ਰਾਖ਼ ਬਣ ਕੇ
ਨਜ਼ਰ ਉਠਾ ਕੇ ਤੱਕ ਹੀਰੇ, ਤੇਰੇ ਦਰ ਤੇ ਡਿਗੀ ਏ ਚਾਕ ਬਣ ਕੇ

ਸਮਾਂ ਬੀਤਿਆ ਮੁੜ ਕੇ ਨਹੀਂ ਆਉਂਦਾ, ਕਦੀ ਸਬੱਬੀਂ ਹੋਣ ਮੇਲੇ
ਚਾਕਾ! ਜੇ ਹੀਰ ਸਲੇਟੀ ਪਾਉਣੀ ਏ, ਬਣਨਾ ਪੈਣਾ ਨਾਬ ਦੇ ਚੇਲੇ

ਵੇਖ ਲੈ ਸਮੇਂ ਦੀ ਚਾਲ ਬੀਬਾ, ਨਜ਼ਰ ਚੁਰਾ ਕੇ ਕੋਲੋਂ ਲੰਘ ਜਾਵੇ
ਬੈਂਸ ਜੇ ਤੇਰੇ ਨਾਲ ਸਾਂਝ ਹੋਵੇ, ਬਹਾਨੇ ਨਾਲ ਜ਼ਰਾ ਕੁ ਖੰਘ ਜਾਵੇ

ਇਸ਼ਕ ਦਾ ਰਾਜ਼ ਅਵੱਲੜਾ ਏ, ਇਹ ਰਾਜ਼ ਮਾਸ਼ੂਕ ਹੀ ਜਾਣਦਾ ਏ
ਇਸ਼ਕ ਮੁਸ਼ਕ ਛੁਪਾਇਆ ਨਹੀਂ ਛੁਪਦਾ, ਜਾਣਦਾ ਇਹਨੂੰ ਹਾਣਦਾ ਏ

ਵਰਜਣਾ ਇਸ਼ਕ ਤੋਂ ਬੜਾ ਔਖਾ, ਜਿਹਨੂੰ ਲੱਗ ਜਾਵੇ ਉਹਨੂੰ ਖਾ ਜਾਵੇ
ਲੋਕੋ ਵੇਖ ਲਓ ਇਸ਼ਕ ਰੰਝੇਟੜੇ ਦਾ, ਘਰ ਦਰ ਬਰਬਾਦ ਕਰਾ ਜਾਵੇ

ਇਸ਼ਕ ਦੀ ਚਾਲ ਅਨੋਖੀ ਏ, ਵਿੱਚੇ ਰਮਜ਼ ਦਾ ਰਾਜ਼ ਸਮਝਾ ਜਾਂਦੇ
ਦਿਲ ਦਿਲਾਂ ਨਾਲ ਕਰਨ ਗੱਲਾਂ, ਤੱਕ ਅੱਖ ਨਾਲ ਅੱਗ ਲਗਾ ਜਾਂਦੇ

ਜਿਹਨੂੰ ਹੋ ਜਾਵੇ ਉਹ ਖੋ ਜਾਵੇ, ਸਭ ਜੱਗ ਪਰਾਇਆ ਹੋ ਜਾਵੇ
ਇਹ ਵੇ ਰੱਬ ਦਾ ਰਾਹ ਅੜੀਓ, ਜਦੋਂ ਮਨ ਪਿਆਰ ਚ ਖੋ ਜਾਵੇ

ਅਲਿਫ਼ ਲੈਲਾ ਦੇ ਕਿੱਸੇ ਬਥੇਰੇ ਨੇ, ਪਰ ਮਜਨੂ ਕੋਈ ਕੋਈ ਹੋਵੇ
ਇਹ ਨਾਤਾ ਚੰਨ ਚਕੋਰ ਦਾ ਏ, ਦਿਨੇ ਸੋਵੇ ਰਾਤੀਂ ਉਠ ਖਲੋਵੇ

ਇਨ੍ਹਾਂ ਰਾਵ੍ਹਾਂ ਤੇ ਉਹ ਟੁਰਦੈ, ਜਿਹਦੀ ਜੱਗ ਤੋਂ ਮੱਤ ਮਾਰੀ ਹੋਵੇ
ਬੈਂਸ, ਦਿਲਾਂ ਦਾ ਬਾਦਸ਼ਾਹ ਉਹ, ਜੱਗ ਚ ਭਾਵੇਂ ਭਿਖਾਰੀ ਹੋਵੇ

ਇਸ਼ਕ ਦੀਆਂ ਬਾਤਾਂ

ਯਾਰ ਇਸ਼ਕ ਦਿਲਦਾਰ ਇਸ਼ਕ, ਇਸ਼ਕ ਦੀਆਂ ਕਿਆ ਬਾਤਾਂ
ਬਿਨਾਂ ਹਿਜਰ ਇਸ਼ਕ ਨਾ ਅੜਿਓ, ਐਵੇਂ ਬੀਤ ਜਾਣ ਬਰਸਾਤਾਂ

ਜਦੋਂ ਮਨ ਨੂੰ ਇਸ਼ਕ ਸਤੌਣ ਲੱਗੇ, ਦਿਲ ਗੀਤ ਪਿਆਰ ਦੇ ਗਾਵੇ
ਸੁਫਨਿਆਂ ਚ ਯਾਰ ਜਗਾਉਣ ਲੱਗੇ, ਛੁਪ ਛੁਪ ਕੇ ਮਨ ਪਰਚਾਵੇ
ਨੈਣਾ ਨਾਲ ਨੈਣ ਜਦੋਂ ਮਿਲ ਜਾਂਦੇ, ਭੁੱਲ ਜਾਣ ਅੱਲ੍ਹੜ ਜਜ਼ਬਾਤਾਂ

ਇਸ਼ਕ ਮਜਾਜ਼ੀ ਭੁੱਲ੍ਹ ਕੇ, ਲੋਕੀਂ ਫਰਜ਼ ਇਸ਼ਕ ਦਾ ਭੁੱਲ ਜਾਂਦੇ
ਵਸਲ ਦੀ ਵਸਲ ਚ ਖੁਭ ਕੇ, ਨਜ਼ਰਾਂ ਦੇ ਹੁਸਨ ਤੇ ਡੁਲ੍ਹ ਜਾਂਦੇ
ਵਸਲ ਵਸਲ ਦੀ ਸਦਾ ਨਾ ਰਹਿੰਦੀ, ਇਹ ਜਸਮਾਨੀ ਬਾਤਾਂ

ਜਿਹੜੇ ਇਸ਼ਕ ਮਜਾਜ਼ੀ ਕਰਦੇ ਨੇ, ਮਜ਼ਾ ਇਸ਼ਕ ਦਾ ਕੀ ਆਵੇ
ਉਹ ਵਸਲ ਚੋਂ ਵਸਲਾਂ ਲੱਭਦੇ ਨੇ, ਹੁੰਦੇ ਹੀ ਜਿਹੜੀ ਮੁੱਕ ਜਾਵੇ
ਵਸਲ ਚੋਂ ਜਦੋਂ ਜੀ ਭਰ ਜਾਵੇ, ਭੁੱਲ ਜਾਣ ਪਿਆਰ ਦੀਆਂ ਰਾਤਾਂ

ਮਜ਼ਾ ਮਰਨ ਦਾ ਤਦ ਆਵੇ, ਜੇ, ਨਾ ਦਮ ਨਿਕਲੇ ਨਾ ਸਾਹ ਆਵੇ
ਮਜ਼ਾ ਇਸ਼ਕ ਦਾ ਤਦ ਆਵੇ, ਜਦੋਂ ਸੁਫਨੇ ਚ ਮਾਹੀ ਆਣ ਜਗਾਵੇ
ਸੁਫਨਾ ਜਦੋਂ ਮੁੱਕ ਜਾਵੇ, ਮੁੜ ਤੜਫਾਉਣ ਪਿਆਰ ਦੀਆਂ ਬਾਤਾਂ

ਹਿਜਰ ਦੇ ਬਾਝੋਂ ਇਸ਼ਕ ਨਾ ਫਬਦਾ, ਨਾਲੇ ਦਿਲ ਭੀ ਧੜਕੇ
ਇਸ਼ਕ ਦਿਲਾਂ ਦੀ ਬਾਜ਼ੀ ਏ, ਇਹ ਲਗਦੀ ਏ ਖੁਦ ਮਰ ਕੇ
ਦਿਲ ਮਾਹੀ ਮਾਹੀ ਗਾਉਂਦਾ ਏ, ਜਾਗ ਜਾਗ ਬੀਤਦੀਆਂ ਰਾਤਾਂ

ਇਸ਼ਕ ਅਜਿਹੀ ਤਾਂਘ ਦਿਲਾਂ ਦੀ, ਅਨਹੱਦ ਦੀ ਜਿਵੇਂ ਹੱਦ ਨਹੀਂ
ਉਦੋਂ ਮਨ ਮੰਜ਼ਿਲ ਤੇ ਪਹੁੰਚਦਾ ਏ, ਜਦੋਂ ਚੇਤੇ ਰਹਿੰਦਾ ਜੱਗ ਨਹੀਂ
ਬੈਂਸ, ਮਾਹੀ, ਮਾਹੀ ਹੋਣ ਲਗੇ, ਜਿਵੇਂ ਹੀਰ ਨੂੰ ਰਾਂਝਣ ਆਖਾਂ

ਝੁਕ ਕਰਾਂ ਅਰਦਾਸ

ਮਾਹੀ ਬਾਝੋਂ ਚਿੱਤ ਨਹੀਂ ਲਗਦਾ, ਅੱਜ ਉਹ ਨਹੀਂ ਮੇਰੇ ਪਾਸ
ਉਹ ਨਹੀਂ ਸੁਣਦਾ ਤੂੰ ਹੀ ਸੁਣ ਲੈ, ਮੈਂ ਝੁਕ ਝੁਕ ਕਰਾਂ ਅਰਦਾਸ

ਰਾਤ ਚਾਨਣੀ ਅਪਣੀ ਹੋਵੇ, ਦਿਨ ਭੀ ਨਾ ਹੋਵੇ ਪਰਾਇਆ
ਯਾਰ ਮਿਲਣ ਦੀ ਤਾਂਘ ਰਹੇ, ਇਸ਼ਕ ਨੇ ਦਿਲ ਭਰਮਾਇਆ
ਇਸ਼ਕ ਦੇ ਸ਼ੋਲ੍ਹੇ ਉੜਦੇ ਰਹਿਣ, ਮਾਹੀ ਮੁੱਕ ਨਾ ਜਾਵੇ ਆਸ

ਚੰਨਾਂ ਵੇ ਤੇਰੀ ਸੀਤ ਚਾਨਣੀ, ਨਾਲੇ ਤਾਰਿਆਂ ਦੀ ਭਿੰਨੀਂ ਲੋ
ਸਾਡਾ ਮਨ ਮਿਲਣ ਨੂੰ ਤੜਫੇ, ਚਿੱਤ ਗਿਆ ਪਿਆਰ ਚ ਖੋ
ਅੱਖੀਆਂ ਚੋਂ ਅੱਥਰੂ ਵਗਦੇ ਨੇ, ਜਿਵੇਂ ਸੌਣ ਪਵੇ ਬਰਸਾਤ

ਚੰਨਾਂ ਵੇ ਤੇਰੀ ਚਾਨਣੀ ਰਾਤ ਚ, ਤਾਰਿਆਂ ਦੀ ਭਰੀ ਪਰਾਤ
ਇਸ਼ਕ ਦੀਆਂ ਇਹ ਖੇਡ੍ਹਾਂ ਸਭ, ਪਿਆਰ ਦੀ ਇਹ ਸੌਗ਼ਾਤ
ਦਿਲ ਦਿਲਾਂ ਨੂੰ ਖਿੱਚ ਲੈ ਆਵੇ, ਛੁਪ ਛੁਪ ਕਰੇਂ ਮੁਲਾਕਾਤ

ਲੋਕੀਂ ਘਰ ਘਰ ਈਦ ਮਨਾਉਂਦੇ, ਮਨ ਚ ਤਾਂਘਾਂ ਪਿਆਰ ਦੀਆਂ
ਪਿਆਰ ਜਿਨ੍ਹਾਂ ਦੇ ਹੱਡੀਂ ਰਚਿਆ, ਆਸਾਂ ਉਨ੍ਹਾਂ ਦਿਲਦਾਰ ਦੀਆਂ
ਯਾਰ ਨਾ ਮੰਨੇਂ ਈਦ ਨਾ ਮੰਨੋ, ਬੈਂਸ, ਐਵੇਂ ਝੂਠੀ ਕਰੇਂ ਅਰਦਾਸ

ਜਿਹਦੇ ਦਿਲ ਚ ਮਾਹੀ ਵਸਦਾ, ਲੋੜ ਨਹੀਂ ਉਹਨੂੰ ਮਸੀਹੇ ਦੀ
ਯਾਰ ਰੱਬ ਚ ਫਰਕ ਨਾ ਕਾਈ, ਪਿਆਰ ਬੁਝਾਵੇ ਤਿਖਾ ਬਬੀਹੇ ਦੀ
ਅੜੀਓ ਬੈਂਸ ਦਾ ਯਾਰ ਖੋ ਗਿਆ, ਝਾਕੇ ਵਾਂਗ ਚਕੋਰ ਸਾਰੀ ਰਾਤ

ਇਸ਼ਕ ਦੀ ਰੀਤ

ਦਿਲ ਚ ਵਸਦੀ ਸੂਰਤ ਉਹਦੀ, ਇਸ਼ਕ ਦੀਆਂ ਇਹ ਰੀਤਾਂ
ਮਾਹੀ ਮਾਹੀ ਦਿਲ ਪਿਆ ਕਰਦਾ, ਪਿਆਰ ਦੀਆਂ ਕੀ ਰੀਸਾਂ

ਮੇਰਾ ਮਨ ਆਖੇ ਨਹੀਂ ਲਗਦਾ, ਮਾਹੀ ਬਾਝੋਂ ਜੀ ਨਹੀਂ ਲਗਦਾ
ਉਹ ਚੇਤੇ ਆਵੇ ਜੀ ਭਰ ਆਵੇ, ਜੀ ਕਰੇ ਵਸਲ ਲਈ ਸਜਦਾ
ਅੱਗ ਲਗਾ ਕੇ ਡੱਬੂ ਬਣ ਗਿਆ, ਲਾ ਗਿਆ ਪਿਆਰ ਨੂੰ ਲੀਕਾਂ

ਮੈਨੂੰ ਮਾਹੀ ਦੀ ਯਾਦ ਸਤੌਂਦੀ ਏ, ਮੈਂ ਕਰਦੀ ਤੂੰ ਹੀ ਤੂੰ ਹਾਂ
ਅਪਣੇ ਮਨ ਨਾਲ ਗੱਲਾਂ ਕਰਦੀ, ਨਾਲੇ ਕਰਦੀ ਹੂੰ ਹੂੰ ਹੂੰ ਹਾਂ
ਮਨ ਦੇ ਵਲਵਲੇ ਉੜ ਉੜ ਜਾਂਦੇ, ਕਾਗਜ਼ ਤੇ ਮਾਰਨ ਲੀਕਾਂ

ਅੱਖੀਆਂ ਚੋਂ ਅੱਥਰੂ ਵਗਦੇ ਨੇ, ਮਨ ਪੈ ਗਿਆ ਵਸ ਵਿਚਾਰਾਂ ਦੇ
ਰਾਤੀਂ ਉਠ ਉਠ ਨੱਸਦੀ ਹਾਂ, ਜਦੋਂ ਸੁਫਨੇ ਆਉਣ ਦਿਲਦਾਰਾਂ ਦੇ
ਜੇ ਸੁਫਨਿਆਂ ਚ ਹੀ ਮਿਲਣਾ ਸੀ, ਫਿਰ ਕ੍ਯੂੰ ਪਾਈਆਂ ਪ੍ਰੀਤਾਂ

ਦਿਲ ਦਰਿਆ ਸਮੁੰਦਰੋਂ ਡੂੰਘੇ, ਨਿੱਤ ਡੂੰਘੇ ਵਹਿਣ ਬਣਾ ਦੇਂਦੇ
ਜਿੱਥੋਂ ਵਗਦੇ ਸਭ ਕੁਝ ਢਾ ਜਾਂਦੇ, ਨਾਮ ਨਿਸ਼ਾਨ ਮਿਟਾ ਜਾਂਦੇ
ਰੋਕਿਆਂ ਕਿਸੇ ਨਾ ਰੁਕਦੇ ਈ, ਨਾਲੇ ਝਿੜਕਾਂ ਪੈਣ ਸ਼ਰੀਕਾਂ

ਇਸ਼ਕ ਚ ਉਹਨੇ ਜੱਗ ਸਾਜਿਆ, ਅਪਣਾ ਪਿਆਰ ਜਤੌਣ ਵਾਸਤੇ
ਕੀ ਮੈਂ ਤੁਹਾਡਾ ਰੱਬ ਨਹੀਂ, ਪੁਛਿਆ ਪਿਆਰ ਅਜਮੌਣ ਵਾਸਤੇ
ਰੱਬ ਦੀ ਰਹਿਤ ਪਿਆਰ ਬੰਦਿਆ, ਬੈਂਸ, ਪਾ ਉਹਦੇ ਨਾਲ ਪ੍ਰੀਤਾਂ

ਰਹਿਤ

ਰਹਿਤ ਬੰਦੇ ਦੀ ਨੇਕੀ ਕਮਾਉਣਾ ਏ, ਭੈੜੇ ਕੰਮਾਂ ਤੋਂ ਸਭ ਨੂੰ ਹਟਾਉਣਾ ਏ
ਰਹਿਤ ਧਰਮ ਦੀ ਸਭਿਅਤਾ ਬਣਾਉਣਾ ਏ, ਪਿੱਛੇ ਲਾ ਲੋਕਾਂ ਸਮਝਾਉਣਾ ਏ
ਰਹਿਤ ਫੁੱਲ ਦੀ ਭੌਰੇ ਨੂੰ ਮੋਹਣਾ ਏ, ਉਹਨੂੰ ਮੋਹ ਕੇ ਪਿਆਰ ਚ ਪਰੋਣਾ ਏ
ਰਹਿਤ ਭੌਰੇ ਦੀ ਫੁੱਲ ਤੇ ਭੌਣਾ ਏ, ਉਹਦੀ ਮਹਿਕ ਦੇ ਪਿਆਰ ਚ ਗਾਉਣਾ ਏ
ਰਹਿਤ ਧਰਤੀ ਦੀ ਜੱਗ ਨੂੰ ਪਾਲਣਾ ਏ, ਪਾਲਣ ਪੋਸਣਾ ਉਹਦੀ ਘਾਲਣਾ ਏ
ਰਹਿਤ ਸੂਰਜ ਦੀ ਸ਼ਕਤੀ ਦੇਣਾ ਏ, ਉਹਦੇ ਬਦਲੇ ਚ ਕੁਝ ਨਹੀਂ ਲੈਣਾ ਏ
ਰਹਿਤ ਚੰਨ ਦੀ ਸੀਤ ਬਣਾਉਣਾ ਏ, ਇਸ਼ਕ ਮੁਸ਼ਕ ਚ ਮਨ ਭਰਮਾਉਣਾ ਏ
ਰਹਿਤ ਨਾਰੀ ਦੀ ਪਿਆਰ ਜਤਾਉਣਾ ਏ, ਪਿਆਰ ਦੇ ਕੇ ਮਾਹੀ ਮਨਾਉਣਾ ਏ
ਰਹਿਤ ਮਾਂ ਦੀ ਜਨਮ ਦੇਣਾ ਏ, ਬਦਲੇ ਜਨਮ ਦੇ ਪਿਆਰ ਮੁੱਲ ਲੈਣਾ ਏ
ਰਹਿਤ ਇਸ਼ਕ ਦੀ ਪਿਆਰ ਪਾਉਣਾ ਏ, ਪਿਆਰ ਪਾ ਕੇ ਤੋੜ ਨਿਭਾਉਣਾ ਏ
ਰਹਿਤ ਸ਼ਮ੍ਹਾਂ ਦੀ ਰੋਸ਼ਨੀ ਕਰਨਾ ਏ, ਉਸ ਰੋਸ਼ਨੀ ਤੇ ਪਰਵਾਨਿਆਂ ਮਰਨਾਂ ਏ
ਰਹਿਤ ਅੱਗ ਦੀ ਸਭ ਨੂੰ ਸਾੜਨਾ ਏ, ਮੰਦੇ ਕੰਮਾਂ ਤੋ ਜਹਾਨ ਨੂੰ ਤਾੜਨਾ ਏ
ਰਹਿਤ ਕੋਲੇ ਦੀ ਕਾਲਖ ਲਗਾਉਣਾ ਏ, ਕਾਲਖ ਲਾ ਕੇ ਰੰਗ ਬਦਲਾਉਣਾ ਏ
ਰਹਿਤ ਹਵਾ ਦੀ ਸਾਹ ਦਿਵਾਉਣਾ ਏ, ਸਾਹ ਦਿਵਾ ਕੇ ਜੱਗ ਨੂੰ ਚਲਾਉਣਾ ਏ
ਰਹਿਤ ਪਾਣੀ ਦੀ ਨੀਵਾਂ ਹੋ ਚੱਲਣਾ ਏ, ਚੱਲ ਚੱਲ ਕੇ ਸਾਗਰ ਜਾ ਮੱਲਣਾ ਏ
ਰਹਿਤ ਲਿਖ ਕੇ ਲੀਕਾਂ ਮਾਰਦਾ ਏਂ, ਬੈਂਸ, ਰਹਿਤ ਬਾਰੇ ਕੀ ਵਿਚਾਰਦਾ ਏਂ
ਰਹਿਤ ਰੱਬ ਦਾ ਉਹ ਅਸੂਲ ਹੋਵੇ, ਜਿਹੜਾ ਗੁਰੂ ਪੀਰ ਨੂੰ ਖੁਦ ਕਬੂਲ ਹੋਵੇ
ਰਹਿਤ ਅਣਲਿਖਿਆ ਇਕ ਕਾਨੂੰਨ ਹੋਵੇ, ਮੰਨਣ ਵਾਸਤੇ ਜ਼ਰੂਰੀ ਮਜ਼ਮੂਨ ਹੋਵੇ
ਰਹਿਤ ਕਿਸੇ ਦੇ ਮਨ ਦੀ ਵਾਸ਼ਨਾ ਏ, ਜਿਹੜੀ ਬਣਦੀ ਉਨ੍ਹਾਂ ਦੀ ਆਸ਼ਨਾ ਏ
ਰਹਿਤ ਰੂਹ ਦੀ ਖੁਸ਼ੀ ਅਖਵਾਉਂਦੀ ਏ, ਜਿਹੜੀ ਗੁਰੂ ਦੇ ਮਨ ਨੂੰ ਭਾਉਂਦੀ ਏ
ਰਹਿਤ ਕਿਸੇ ਦੀ ਅਜਿਹੀ ਭਾਵਨਾਂ ਏ, ਜਿਹਨੇ ਮਨ ਨੂੰ ਉਸ ਤੇ ਢਾਲਣਾ ਏ
ਰਹਿਤ ਨੂੰ ਪਹਿਲਾਂ ਖੁਦ ਅਪਣਾਉਣਾ ਏ, ਮੁੜ ਚੇਲਿਆਂ ਕੋਲੋਂ ਮਨਾਉਣਾ ਏ
ਰਹਿਤ ਮਨ ਦਾ ਅਜਿਹਾ ਵਸਾਹ ਏ, ਜਿਹੜਾ ਗੁਰੂ ਦੇ ਪਿਆਰ ਦਾ ਰਾਹ ਏ
ਰਹਿਤ ਚੇਲੇ ਦੀ ਪ੍ਰੀਤ ਨੂੰ ਟੋਹੰਦੀ ਏ, ਨਾਲ ਨਾਲ ਉਹਦੇ ਮਨ ਨੂੰ ਮੋਹੰਦੀ ਏ
ਰਹਿਤ ਇਨਸਾਨ ਦਾ ਇਮਤਹਾਨ ਹੋਵੇ, ਕੱਚੇ ਪੱਕੇ ਦੀ ਇੰਞ ਪਹਿਚਾਣ ਹੋਵੇ
ਰਹਿਤ ਸ਼ਰਧਾ ਦਾ ਇਕ ਪੈਮਾਨਾ ਏ, ਪੂਰੇ ਤੁਲਣ ਦਾ ਇਕ ਨਿਸ਼ਾਨਾ ਏ
ਰਹਿਤ ਮੰਨ ਕੇ ਉਹਨੂੰ ਨਿਭਾਉਣਾ ਏ, ਫਿਰ ਗੁਰੂ ਨੇ ਪਾਰ ਲੰਘਾਉਣਾ ਏ
ਰਹਿਤ ਰੱਬ ਦੀ ਉਹਦਾ ਪਿਆਰ ਹੋਵੇ, ਪਾਰ ਹੋਣ ਲਈ ਨਾਲ ਬੈਂਸ ਯਾਰ ਹੋਵੇ

ਦਿਲ ਦਾ ਦਰਦ

ਈਮਾਨ ਸਲਾਮਤ ਹਰ ਕੋਈ ਮੰਗੇ, ਇਸ਼ਕ ਸਲਾਮਤ ਕੋਈ
ਈਮਾਨ ਕਮਾਉਂਦਾ ਹਰ ਕੋਈ ਫਿਰਦਾ, ਇਸ਼ਕ ਕਮਾਵੇ ਕੋਈ
ਇਸ਼ਕ ਸਲਾਮਤ ਉਹ ਮੰਗੇ, ਜਿਹਨੇ ਜਿੰਦੜੀ ਇਸ਼ਕ ਪਰੋਈ
ਦਰਦ ਇਸ਼ਕ ਦਾ ਜਿਹਨੂੰ ਲੱਗ ਜਾਏ, ਫਿਰਦੇ ਦਰਦ ਲਕੋਈ

ਤੇਰੇ ਅੰਦਰ ਰੱਬ ਵਸਦਾ, ਮਾਰ ਲੈ ਝਾਤੀ ਅਪਣੇ ਅੰਦਰ
ਛੁਪ ਕੇ ਪਿਆ ਨਜ਼ਾਰਾ ਵੇਖੇ, ਉਥੇ ਉਹਨੇ ਪਾਇਆ ਮੰਦਰ
ਸਾਧਾਂ ਪਿੱਛੇ ਭੌਂਦਾ ਫਿਰਦਾ, ਬਣੇ ਫਿਰਨ ਜੋ ਮਸਤ ਕਲੰਦਰ
ਮਨ ਦਾ ਦੀਵਾ ਬਾਲ ਜ਼ਰਾ, ਹੋ ਜਾਸੀ ਚਾਨਣ ਦਿਲ ਅੰਦਰ

ਇਹ ਤਨ ਰੱਬ ਸੱਚੇ ਦੀ ਬਾੜੀ, ਵਿਚੇ ਬਾਗ ਬਗੀਚੇ ਲਗਦੇ
ਵਿਚੇ ਫਲ ਫੁੱਲ ਤੇ ਮੇਵੇ ਉਹਦੇ, ਵਿਚੇ ਕੂਜਾ ਮਿਸਰੀ ਸਜਦੇ
ਵਿਚੇ ਕਿਬਲਾ ਕਾਬਾ ਛੁਪਿਆ, ਵਿਚੇ ਗੰਗਾ ਜਮਨਾ ਵਗਦੇ
ਕਾਮਿਲ ਮੁਰਸ਼ਦ ਮਿਲਿਆ ਤੈਨੂੰ, ਪੱਲੂ ਪਾ ਕਰ ਉਹਦੇ ਸਜਦੇ

ਅੰਦਰ ਤੂੰ ਹੈਂ ਬਾਹਰ ਤੂੰ ਹੈ, ਦੱਸ ਹੋਰ ਕਿੱਥੇ ਫਿਰਾਂ ਲੱਭਦਾ
ਅੱਖ ਫੜਕਾਂ ਤੂੰ ਅੱਗੇ ਆਵੇਂ, ਹੋਰ ਕਿਸੇ ਕਰਾਂ ਕਿਉਂ ਸਜਦਾ
ਚੇਤੇ ਆ ਆ ਜੀ ਤੜਫਾਵੇਂ, ਤੇਰੇ ਬਾਝੋਂ ਜੀ ਨਹੀਂ ਲਗਦਾ
ਬਣੇ ਆਦਤ ਬਣੇ ਇਬਾਦਤ, ਕਰ ਸ਼ੁਕਰੀਆ ਸੱਚੇ ਰੱਬ ਦਾ

ਪੜ੍ਹ ਪੜ੍ਹ ਗ੍ਰੰਥ ਕਤੇਬਾਂ ਮੁੜ ਮੁੜ, ਆਲਮ ਫਾਜ਼ਿਲ ਹੋਇਆ
ਦਸਮ ਦਸੌਂਧ ਖਿਰਾਤਾਂ ਵੰਡੇ, ਪਰ ਮਨ ਦਾ ਮੈਲ ਨਾ ਧੋਇਆ
ਰੋਜ਼ੇ ਰੱਖੇ ਪੜ੍ਹੀ ਨਮਾਜ਼ਾਂ, ਮਨ ਫਿਰ ਭੀ ਸਾਫ ਨਾ ਹੋਇਆ
ਤਰਲੇ ਕੱਢੇ ਮੱਥੇ ਰਗੜੇ, ਮਨ ਸ਼ਰਤਾਂ ਮਨਾਉਣ ਚ ਖੋਇਆ

ਪਾਠ ਕਰ ਕਰ ਗਿਆਨੀ ਬਣ ਗਏ, ਲੋਕਾਂ ਤਾਈਂ ਸੁਣਾਉਂਦੇ
ਫਿਰਨ ਗਿਆਨ ਸਿਰਾਂ ਤੇ ਚੁੱਕੀ, ਫਿਰਦੇ ਗਲੀਆਂ ਗੌਂਦੇ
ਜਿੱਥੋਂ ਮਹਿਕ ਮਾਇਆ ਦੀ ਆਵੇ, ਉਥੇ ਜਾ ਡੇਰਾ ਲਾਉਂਦੇ
ਅਪਣਾ ਝੁੱਗਾ ਸਾੜ ਕੇ ਟੁਰਦੇ, ਹੋਰਾਂ ਦੇ ਘਰ ਅੱਗ ਲਗਾਉਂਦੇ

ਪੜ੍ਹ ਪੜ੍ਹ ਲੱਖ ਕਰੋੜ ਕਿਤਾਬਾਂ, ਪਏ ਸੰਤ ਮਹੰਤ ਅਖਵਾਉਂਦੇ
ਅੱਖਰ ਇਸ਼ਕ ਦਾ ਇਕ ਨਾ ਜਾਣਨ, ਲੋਕਾਂ ਤਾਈਂ ਸਮਝਾਉਂਦੇ
ਆਪ ਡੁੱਬੇ ਜਜਮਾਨ ਭੀ ਡੋਬੇ, ਪੱਥਰਾਂ ਭਰੀ ਬੇੜੀ ਤੇ ਚੜ੍ਹਾਉਂਦੇ
ਧਰਮ ਰਾਜ ਜਦੋਂ ਕੱਢਿਆ ਖਾਤਾ, ਨਰਕਾਂ ਦੇ ਹੁਕਮ ਸੁਣਾਉਂਦੇ

ਥੋੜੀ ਲਾਹਣਤ ਦੁਨੀਆਂਦਾਰੀ, ਬਹੁਤੀ ਦੁਨੀਆਂਦਾਰਾਂ
ਜੇ ਮਾਹੀ ਨੂੰ ਯਾਦ ਨਾ ਕੀਤਾ, ਅੰਤ ਪੈਣਗੀਆਂ ਮਾਰਾਂ
ਦੀਨ ਧਰਮ ਦੇ ਪਿੱਛੇ ਲੱਗ ਕੇ, ਮੱਥੇ ਰਗੜੇ ਹਜ਼ਾਰਾਂ
ਯਾਰੀ ਲਾ ਲੈ ਮਨ ਸਮਝਾ ਲੈ, ਮਿਲਸਣ ਮੌਜ ਬਹਾਰਾਂ

ਵੈਦ ਕਾਹਦਾ ਜੇ ਦਰਦ ਨਾ ਜਾਵੇ, ਐਵੇਂ ਝੂਠਾ ਵੈਦ ਕਹਾਵੇ
ਗੁਰੂ ਕਾਹਦਾ ਗੁਰ ਮੰਤਰ ਦੱਸੇ, ਜੇ ਦਿਲ ਨੂੰ ਚੈਨ ਨਾ ਆਵੇ
ਪਹਿਲਾਂ ਨਮਾਜ਼ ਮਸੀਤ ਗੁਜ਼ਾਰੇ, ਗੁਰਦੁਆਰੇ ਪਾਠ ਸੁਣਾਵੇ
ਮਨ ਦਾ ਤਾਲਾ ਤਦ ਖੁੱਲ੍ਹਸੀ, ਜਦ ਯਾਰ ਗਲੇ ਨਾਲ ਲਾਵੇ

ਮਾਲਾ ਫੇਰੀ ਜੇ ਮਨ ਨਾ ਫਿਰਿਆਂ, ਕੀ ਲੈਣਾ ਹੱਥ ਫੜਕੇ
ਪਾਠ ਕੀਤਾ ਅਮਲ ਨਾ ਸਿੱਖਿਆ, ਕੀ ਲੈਣਾ ਫਿਰ ਪੜ੍ਹਕੇ
ਪੰਜ ਬਾਣੀਆਂ ਪਾਠ ਪਿਆ ਕਰਦਾ, ਨ੍ਹਾ ਧੋ ਕੇ ਉਠ ਤੜਕੇ
ਬੈਂਸ ਜੇ ਮਨ ਦਾ ਨਫਰ ਨਾ ਮਰਿਆ, ਕੀ ਲੈਣਾ ਫਿਰ ਲੜਕੇ

ਜਿਉਂਦੇ ਮੌਤ ਦੀ ਸਾਰ ਕੀ ਜਾਣਨ, ਮਰਨ ਚ ਸਾਰ ਲਕੋਈ
ਅੱਗ ਲਾ ਲਾ ਸਾੜਨ ਮੁਰਦੇ, ਬਾਕੀ ਮਿੱਟੀ ਪਾਉਣ ਅਣਤੋਈ
ਮਰਨ ਮਾਰਨ ਦਾ ਕੰਮ ਤਾਂਹੀਓਂ ਮੁੱਕਦਾ, ਆਪ ਮਰੇ ਜੇ ਕੋਈ
ਜਿਉਂਦਿਆ ਮਰਕੇ ਜੱਨਤ ਮਿਲਦੀ, ਇਹ ਮਰਨਾਂ ਜਾਣੇ ਕੋਈ

ਜਿਹਨੂੰ ਨਾਗ ਇਸ਼ਕ ਦਾ ਲੜਿਆ, ਦਰਦ ਜਾਣਦਾ ਸੋਈ
ਨਸ਼ਾ ਇਸ਼ਕ ਦਾ ਵੱਧ ਸ਼ਰਾਬੋਂ, ਜਿਹੜਾ ਪੀਵੇ ਜਾਣੇ ਸੋਈ
ਇਸ਼ਕ ਇਮਾਨ ਇਬਾਦਤ ਉਹਦੀ, ਇਹ ਜਾਣੇ ਕੋਈ ਕੋਈ
ਬੈਂਸ ਨਿਮਾਣੇ ਮਰਜ਼ ਇਸ਼ਕ ਦੀ, ਮਰਜ਼ ਇਲਾਜ ਨਾ ਕੋਈ

ਭੱਜ ਦੌੜ ਕੇ ਤੀਰਥ ਜਾਵੇਂ, ਪਰ ਦਿਲ ਦੀ ਦੌੜ ਨਾ ਮੁੱਕੀ
ਪੜ੍ਹੇਂ ਪਾਠ ਤੇ ਪੜ੍ਹੇਂ ਨਮਾਜ਼ਾਂ, ਦਿਲ ਦੀ ਧੜਕਣ ਨਾ ਰੁਕੀ
ਜੰਗਲ ਬੇਲੇ ਭੌਂਦਾ ਫਿਰਦਾ, ਰੱਖ ਤਾਂਘ ਮਿਰਗ ਵਾਂਗ ਸੁੱਕੀ
ਜੇ ਯਾਰ ਨੇ ਜਾਗ ਨਾ ਲਾਇਆ, ਰਹਿ ਗਈ ਕੋਈ ਤਰੁੱਟੀ

ਦਿਲ ਦਰਿਆ ਸਮੁੰਦਰੋਂ ਡੂੰਘੇ, ਦੁਨੀਆਂ ਸਾਰ ਕੀ ਜਾਣੇ
ਪੜ੍ਹ ਕੇ ਆਲਮ ਫਾਜ਼ਿਲ ਹੋਏ, ਪਰ ਮਨ ਚ ਹੋਣ ਅੰਞਾਣੇ
ਸਾਰੀ ਦੁਨੀਆਂ ਦਿਲ ਦੇ ਅੰਦਰ, ਜੇ ਰੰਗ ਇਸ਼ਕ ਦਾ ਮਾਣੇ
ਜਿਹਦੇ ਦਿਲ ਚ ਦਰਦ ਇਸ਼ਕ ਦਾ, ਓਹੋ ਯਾਰ ਪਛਾਣੇ

ਦਿਲ ਦੇ ਦਰਦ ਦਾ ਸੇਕ ਵਧੇਰਾ, ਲਾਗੇ ਕੋਈ ਨਾ ਆਵੇ
ਜਿਹੜਾ ਕੋਲੋਂ ਲੰਘ ਕੇ ਜਾਂਦਾ, ਮੁੜ ਉਹ ਰਾਹ ਨਾ ਆਵੇ
ਦਰਦਮੰਦਾਂ ਦੀ ਕੂਕ ਸੁਣੇਸੀ, ਖਿੱਚ ਜਿਗਰ ਨਾਲ ਲਾਵੇ
ਦਰਦ ਇਸ਼ਕ ਦਾ ਹੱਡੀਂ ਰਚਿਆ, ਘੁਣ ਵਾਂਗ ਜਿਗਰ ਨੂੰ ਖਾਵੇ

ਇਸ਼ਕ ਯਾਰ ਦਾ ਦਿਲ ਨੂੰ ਟੁੰਬੇ, ਗੱਲ ਗੱਲ ਚ ਕਰੇ ਇਸ਼ਾਰੇ
ਖਾਣ ਪੀਣ ਦੇ ਦੁਖੜੇ ਮੇਟੇ, ਜਨਮ ਜਨਮ ਦੀ ਮੈਲ ਉਤਾਰੇ
ਜਨਮ ਮਰਨ ਦੁਖ ਕੱਟ ਕੇ, ਰੱਬ ਮਿਲਣ ਲਈ ਦਵੇ ਸਹਾਰੇ
ਜੇ ਮਾਸ਼ੂਕ ਨੇ ਇਸ਼ਕ ਨਾ ਸਿਖਿਆ, ਆਸ਼ਿਕ ਲਾਏ ਝੂਠੇ ਲਾਰੇ

ਦਿਲ ਦੀ ਤਾਂਘ

ਕਿਹਨੂੰ ਕੂਕ ਸੁਣਾਵਾਂ ਮੈਂ, ਇਸ ਗ਼ਮ ਨੇ ਬਹੁਤ ਸਤਾਇਆ ਏ
ਜੱਗ ਪਰਾਇਆ ਦਿਸਦਾ ਏ, ਜਦੋਂ ਜੀ ਮਾਹੀ ਨਾਲ ਲਾਇਆ ਏ

ਉਹ ਸਾਰੇ ਜੱਗ ਦਾ ਮਾਲਿਕ ਏ, ਮੈਂ ਖਲਕ ਉਹ ਖਾਲਿਕ ਏ
ਉਹ ਸਭਨਾ ਦਾ ਮਾਤ ਪਿਤਾ, ਉਹ ਆਪੇ ਜੱਗ ਦਾ ਚਾਲਕ ਏ
ਉਹ ਹੀ ਜਗਤ ਵਿਧਾਤਾ ਏ, ਜੱਗ ਉਹਦਾ ਸਰਮਾਇਆ ਏ

ਮੁਹੱਬਤ ਚੋਂ ਇਸ਼ਕ ਜਾਗਿਆ, ਇਸ਼ਕ ਤੋਂ ਲੱਗਾ ਬੈਰਾਗ
ਜਾਗ ਦੇ ਬਾਝੋਂ ਦੁੱਧ ਨਹੀਂ ਜੰਮਦਾ, ਯਾਰ ਬਿਨਾਂ ਨਾ ਜਾਗ
ਸੱਖਣਾ ਯਾਰ ਮਨਾਉਣ ਬਾਝੋਂ, ਕਿਸੇ ਨਾ ਉਹਨੂੰ ਪਾਇਆ ਏ

ਹਰ ਥਾਂ ਚ ਉਹ ਵਸਦਾ, ਫਿਰ ਭੀ ਨਜ਼ਰ ਨਹੀਂ ਆਉਂਦਾ
ਮੈਂ ਖੋਜ ਖੋਜ ਕੇ ਹਾਰ ਗਈ, ਮੈਨੂੰ ਕੋਈ ਨਹੀਂ ਸਮਝਾਉਂਦਾ
ਸਾਰੀ ਦੁਨੀਆਂ ਤੈਨੂੰ ਜਾਣੇ, ਕਿਉਂ ਬੈਂਸ ਤੋਂ ਮੂੰਹ ਛੁਪਾਇਆ ਏ

ਮੈਂ ਸਜਦੇ ਕਰ ਕਰ ਹਾਰ ਗਈ, ਮੰਨਦਾ ਮੇਰਾ ਯਾਰ ਨਹੀਂ
ਕਿਹਨੂੰ ਕੂਕ ਸੁਣਾਵਾਂ ਮੈਂ, ਕੋਈ ਸੁਣਦਾ ਮੇਰੀ ਪੁਕਾਰ ਨਹੀਂ
ਕਿਉਂ ਨਾ ਨੈਣ ਮਿਲਾਵੇਂ ਤੂੰ, ਕਿਉਂ ਜੀਅੜਾ ਤੜਫਾਇਆ ਏ

ਮੈਂ ਜਿੰਦੜੀ ਵਾਰਾਂ ਸੱਜਣਾ ਤੇ, ਉਹਨੂੰ ਜ਼ਰਾ ਅਹਿਸਾਸ ਨਹੀਂ
ਕਿਵੇਂ ਮਨਾਵਾਂ ਮਾਹੀ ਨੂੰ, ਚੇਤੇ ਕਰਦੀ ਮੈਂ ਦਿਨ ਰਾਤ ਪਈ
ਆ ਮਿਲ ਮੇਰੇ ਸੱਜਣਾ ਵੇ, ਤੇਰੀ ਯਾਦ ਨੇ ਬਹੁਤ ਸਤਾਇਆ ਏ

ਚੰਨਾਂ, ਮੇਰੇ ਜੀ ਚ ਵਸਦਾ ਤੂੰ, ਪਰ ਮੇਰੇ ਨਾਲ ਨਹੀਂ ਬੋਲਦਾ
ਤੂੰ ਸਭ ਕੁਝ ਮੇਰਾ ਜਾਣਦਾ ਏਂ, ਭੇਦ ਆਪਣਾ ਨਹੀਂ ਖੋਲ੍ਹਦਾ
ਗਲੇ ਲਾ ਬੈਂਸ ਨਿਮਾਣੇ ਨੂੰ, ਉਹਨੇ ਪਿਆਰ ਤੇਰੇ ਨਾਲ ਪਾਇਆ ਏ

ਜਿਗਰ ਨਾਲ ਲਾਈਦਾ

ਲੜ ਲਾ ਕੇ ਸੁਹਣੇ ਸੱਜਣਾ ਨੂੰ, ਐਵੇਂ ਨਹੀਂ ਛੱਡ ਜਾਈਦਾ
ਬੇਕਰਮਾਂ ਦੇ ਕਰਮ ਬਣਾ ਕੇ, ਅਪਣੇ ਜਿਗਰ ਨਾਲ ਲਾਈਦਾ

ਇਸ ਮਨ ਨੂੰ ਮਸਤ ਮਲੰਗ ਕਰਦੇ, ਗੀਤ ਹਿਜਰ ਦੇ ਗਾਵੇ
ਅਪਣਾ ਪਤਾ ਸਤਾ ਦੱਸ ਜਾ, ਤੇਰੇ ਦਰ ਤੇ ਅਲਖ਼ ਜਗਾਵੇ
ਤੈਨੂੰ ਮਿਲਣ ਦੀ ਤਾਂਘ ਰਹੇ, ਸਾਡੇ ਮਨ ਨੂੰ ਲਾਰਾ ਲਾਈਜਾ

ਬਣ ਜਾਂ ਖ਼ਾਕ ਦੁਆਰੇ ਦੀ, ਕੋਈ ਪਿਆਰ ਦਾ ਸੁਨੇਹਾ ਦੱਸ ਵੇ
ਤੇਰੇ ਬਾਝੋਂ ਜੀ ਨਹੀਂ ਲਗਦਾ, ਅਸਾਂ ਤੇਰੇ ਪਿੱਛੇ ਹੋਏ ਕੱਖ ਵੇ
ਸੁਹਣੇ ਸੱਜਣ ਨੂੰ ਸੀਨੇਂ ਲਾ ਕੇ, ਦਿਲ ਦਾ ਦਰਦ ਵੰਡਾਈਜਾ

ਖੁਦ ਆ ਕੇ ਮਨ ਪਰਚਾ ਸਾਡਾ, ਜਿੰਦ ਹੋ ਗਈ ਬੇ ਵਸ ਵੇ
ਇਕ ਵਾਰੀ ਫੇਰਾ ਪਾ ਸੱਜਣਾ, ਮੈਂ ਸ਼ੁਕਰ ਮਨਾਵਾਂ ਲੱਖ ਵੇ
ਕੱਚੀ ਭਾਵੇਂ ਪੱਕੀ ਲੱਗ ਗਈ, ਪੱਤਣਾਂ ਤੇ ਨਹੀਂ ਰੁਆਈਦਾ

ਕਿਹੜੀ ਗੱਲੋਂ ਤੂੰ ਗੁੱਸੇ ਹੋਇਓਂ, ਚੰਨ ਮਾਹੀ ਮੈਂ ਚਾਨਣੀ ਤੇਰੀ
ਗਲਵੱਕੜੀ ਪਾ ਕੇ ਸੀਤ ਬਣਾ ਦੇ, ਮੈਂ ਢਾ ਕੇ ਬਹਿ ਗਈ ਢੇਰੀ
ਤੇਰੇ ਦਰ ਤੇ ਜੀਣਾ ਮਰਨਾ, ਮਾਹੀ ਦਰ ਦਰ ਨਾ ਭਟਕਾਈ ਜਾ

ਵਿਚ ਥਲਾਂ ਮੈਂ ਟੁਰਦੀ ਆਵਾਂ, ਹਰ ਪਗ ਨਾਲ ਘਟਦੀ ਦੂਰੀ
ਤਾਂਘ ਇਸ਼ਕ ਦੀ ਖਿੱਚ ਲਿਆਈ, ਮੁੱਕ ਗਈ ਸਭ ਮਜ਼ਬੂਰੀ
ਚਲ ਚਲ ਕੇ ਹੁਣ ਚੱਲ ਜਾਸਾਂ, ਹੁਣ ਹੋਰ ਨਹੀਂ ਤੜਫਾਈਦਾ

ਤੂੰ ਭੀ ਜ਼ਰਾ ਕੁ ਹੱਥ ਵੰਡਾ, ਕਰ ਥੋੜਾ ਜਿਹਾ ਉਪਾ ਅੜਿਆ
ਕਾਗ ਉੜਾਵਾਂ ਔਸੀਆਂ ਪਾਵਾਂ, ਕਦੀ ਸਾਡੇ ਵਿਹੜੇ ਆ ਅੜਿਆ
ਬੈਂਸ, ਲੀਕਾਂ ਨਹੀਂ ਮਰਾਇਆ ਕਰਦੇ, ਪਿਆਰ ਯਾਰ ਨਾਲ ਪਾਈਦਾ

ਕੀ ਛੁਪਾਵਾਂ ਤੈਥੋਂ

ਕੀ ਛੁਪਾਵਾਂ ਤੈਥੋਂ ਅੜਿਆ, ਤੂੰ ਸਭ ਜਾਣੀ ਜਾਣ
ਹੱਥ ਜੋੜ ਕੇ ਕਰਾਂ ਜੋਦੜੀ, ਰੱਖ ਤੱਤੜੀ ਦਾ ਮਾਣ

ਜਿੰਨੇ ਗ਼ਲਤ ਕੰਮ ਮੈਂ ਕੀਤੇ, ਸਭ ਦਾ ਰੱਖੇਂ ਹਿਸਾਬ
ਮੇਰੇ ਅੰਦਰ ਲਿਖਦਾ ਜਾਵੇਂ, ਨਾ ਰੱਖੇਂ ਕੋਈ ਕਿਤਾਬ
ਬਖਸ਼ ਦੇ ਮੇਰੀਆਂ ਗ਼ਲਤੀਆਂ, ਅਸਾਂ ਜਾਣ ਅਣਜਾਣ

ਬੇਸਮਝੀ ਚ ਆ ਕੇ ਮਾਹੀ, ਅਸਾਂ ਕੀਤੇ ਪਾਪ ਬਥੇਰੇ
ਮੈਨੂੰ ਕੋਈ ਸਮਝ ਨਹੀਂ ਸੀ, ਪਰ ਚੇਤੇ ਸਭ ਕੁਝ ਤੇਰੇ
ਪਤਾ ਨਹੀਂ ਕਿ ਬਖਸ਼ੇਂਗਾ, ਡਰ ਪੈਂਦਾ ਦਿਲ ਨੂੰ ਖਾਣ

ਪਾਪ ਕਰਨ ਵੇਲੇ ਨਾ ਸੋਚਿਆ, ਸ਼ਾਇਦ ਕੋਈ ਵੇਖ ਲਵੇਗਾ
ਜੀ ਚ ਜ਼ਰਾ ਖਿਆਲ ਨਾ ਆਇਆ, ਵੇਖ ਕੇ ਫਿਰ ਕੀ ਕਹੇਗਾ
ਬੁਰੇ ਭਲੇ ਦਾ ਕੀ ਫਲ ਮਿਲਦਾ, ਅਸਾਂ ਨਾ ਸਕੇ ਪਹਿਚਾਣ

ਛੁਪ ਛੁਪ ਕੇ ਮੈਂ ਚੋਰੀ ਕੀਤੀ, ਪਰ ਤੂੰ ਮੇਰੇ ਚ ਵਸਦਾ ਏਂ
ਸਾਰੀ ਉਮਰ ਪਾਪ ਮੈਂ ਕੀਤੇ, ਤੂੰ ਕੁਝ ਭੀ ਨਹੀਂ ਦੱਸਦਾ ਏਂ
ਇਹੋ ਡਰ ਵੱਢ ਵੱਢ ਖਾਵੇ, ਕਿਵੇਂ ਪਾਸ ਹੋਵੇ ਇਮਤਹਾਨ

ਜੋ ਬੀਜੇਂਗਾ ਸੋ ਵੱਢੇਂਗਾ, ਨਿਕਲੇ ਅੰਤ ਨਤੀਜਾ ਇਹ
ਹੱਥ ਜੋੜ ਕੇ ਕਰਾਂ ਬੇਨਤੀ, ਮੈਨੂੰ ਸਜ਼ਾ ਇਸ਼ਕ ਦੀ ਦੇਹ
ਨਾਮ ਸਿਖਾ ਦੇ ਪਿਆਰ ਜਤਾ ਕੇ, ਕਰ ਸਾਨੂੰ ਪਰਵਾਣ

ਅਰਜ਼ਾਂ ਕਰਦੇ ਡਰਦੇ ਡਰਦੇ, ਆ ਗਏ ਹਾਂ ਤੇਰੇ ਦਰ ਤੇ
ਤਰਲੇ ਕੱਢਦਾ ਬੈਂਸ ਨਿਮਾਣਾ,ਪੜਦਾ ਕਰਕੇ ਢਕ ਲੈ ਪੜਦੇ
ਮੈਂ ਤੇਰੀ ਤੂੰ ਮੇਰਾ ਅੜਿਆ, ਮੈਂ ਸੁਹਣੇ ਸੱਜਣਾ ਤੇ ਕੁਰਬਾਣ

ਰੂਹ ਦੀ ਕੰਜ

ਜਿੰਦੜੀ ਸੱਪ ਕੀ ਕੰਜ ਵਾਂਗ ਹੋਵੇ, ਕਦੀ ਲਹਿੰਦੀ ਕਦੀ ਆਉਂਦੀ ਏ
ਰੂਹ ਸੱਪ ਵਾਂਗ ਕੰਜ ਲਾਹੁੰਦੀ ਏ, ਮੁੜ ਮੁੜ ਕੇ ਆਉਂਦੀ ਜਾਂਦੀ ਏ
ਮਨ ਦੀ ਸਫਾਈ ਕਰ ਪਹਿਲਾਂ, ਫਿਰ ਰੂਹ ਤੇ ਕੰਜ ਨਹੀਂ ਆਉਂਦੀ ਏ
ਇਕ ਵਾਰ ਬੁਰੇ ਕੰਮ ਮੁੱਕ ਜਾਣ, ਰੂਹ ਮੁੜ ਕੇ ਜੱਗ ਨਹੀਂ ਆਉਂਦੀ ਏ

ਜੰਮਣ ਮਰਨ ਚਰਾਸੀ ਤਾਂ ਮੁੱਕਦੀ, ਜਦੋਂ ਰੱਬ ਨੂੰ ਰੂਹ ਮਨਾਉਂਦੀ ਏ
ਜਦੋਂ ਮੇਰੀ ਮੈਂ ਦੀ ਤੂੰ ਬਣ ਜਾਵੇ, ਤਾਂ ਸਮਝ ਮਾਹੀ ਦੀ ਆਉਂਦੀ ਏ
ਰੱਬ ਹੋਰ ਕਿਸੇ ਥਾਂ ਨਹੀਂ ਵਸਦਾ, ਤੇਰੀ ਰੂਹ ਰੱਬ ਚੋਂ ਆਉਂਦੀ ਏ
ਜੇ ਆਪਣਾ ਆਪ ਪਛਾਣ ਲਵੇਂ, ਤਾਂ ਰੂਹ ਆਪ ਰੱਬ ਬਣ ਜਾਂਦੀ ਏ

ਜਿਹਨੂੰ ਮਾਹੀ ਦੀ ਝਾਕ ਹੋਵੇ, ਸਾਰੇ ਜੱਗ ਦੀ ਝਾਕ ਭੁੱਲ ਜਾਂਦੀ ਏ
ਜਦੋਂ ਪੱਕੀ ਯਾਰੀ ਲੱਗ ਜਾਵੇ, ਦੋਹਾਂ ਨੂੰ ਨੀਂਦ ਨਹੀਂ ਆਉਂਦੀ ਏ
ਉਹ ਤੇਰੇ ਪਿਆਰ ਚ ਖੋ ਜਾਵੇ, ਉਹਨੂੰ ਹੋਰ ਗੱਲ ਨਹੀਂ ਭੌਂਦੀ ਏ
ਆਸ਼ਿਕ ਇਸ਼ਕ ਚ ਫਸ ਜਾਵੇ, ਉਹਦੀ ਸੁੱਧ ਬੁੱਧ ਭੁੱਲ ਜਾਂਦੀ ਏ

ਨਾ ਵਸਦਾ ਮੰਦਰ ਮਸੀਤਾਂ ਚ, ਨਾ ਧਰਮਾਂ ਦੀਆਂ ਰਸਮਾਂ ਰੀਤਾਂ ਚ
ਨਾ ਗਿਰਜੇ ਘਰ ਵੱਲ ਰਾਹ ਉਹਦਾ, ਨਾ ਗੁਰਦੁਆਰੇ ਦੀਆਂ ਭੀਤਾਂ ਚ
ਓਹਨੂੰ ਇਸ਼ਕ ਹਕੀਕੀ ਭੌਂਦਾ ਏ, ਖੁਸ਼ ਹੀਰ ਰਾਂਝਣ ਦੀਆਂ ਪ੍ਰੀਤਾਂ ਚ
ਮੰਨੇਂ ਸੱਸੀ ਪੁਨੂੰ ਦੀ ਦੋਸਤੀ ਨੂੰ, ਨਹੀਂ ਵਸਦਾ ਨਮਾਜ਼ ਮਸੀਤਾਂ ਚ

ਉਹ ਵਸਦਾ ਦਿਲ ਦੇ ਅੰਦਰ ਏ, ਉਥੇ ਬਣਿਆਂ ਉਹਦਾ ਮੰਦਰ ਏ
ਉਹ ਸਾਰੇ ਜੱਗ ਦਾ ਮਾਲਿਕ ਏ, ਵਸਦਾ ਹਰ ਸ਼ੈ ਹਰ ਜੀ ਅੰਦਰ ਏ
ਉਹ ਯਾਰ ਮਨਾ ਕੇ ਮੰਨਦਾ ਏ, ਉਹੋ ਉਹਦਾ ਰਵੀ ਸ਼ਸ਼ੀ ਇੰਦਰ ਏ
ਬੈਂਸ, ਆਪ ਮਿਟਾ ਕੇ ਯਾਰ ਮਨਾ ਲੈ, ਤੇਰਾ ਉਹੋ ਇਸ਼ਕ ਸਮੁੰਦਰ ਏ

ਪੀਘ ਚੜ੍ਹਾਉਣੀ

ਬੋਲ ਵੇ ਬਨੇਰੇ ਉਤੇ ਕਾਵਾਂ, ਦਿਲ ਤਾਂਘਾਂ ਮਾਹੀ ਆਉਣ ਦੀਆਂ
ਵਿਹੜੇ ਆ ਵੜ ਮੇਰੇ ਵੇ, ਰੱਖ ਸਧਰਾਂ ਪ੍ਰੀਤ ਨਿਭਾਉਣ ਦੀਆਂ

ਤੇਲ ਚੋਆਂ ਬੂਹੇ ਤੇ ਖਲੋ ਕੇ, ਮੈਂ ਸ਼ਗਨ ਮਨਾਵਾਂ ਤੇਰੇ ਵੇ
ਸੁਆਹ ਛਾਣ ਛਾਣ ਲੀਕਾਂ ਪਾਵਾਂ, ਵਿਹੜੇ ਆ ਵੜ ਮੇਰੇ ਵੇ
ਮਿਲ ਕੇ ਝੁਕ ਜਾਣ ਅੱਖੀਆਂ, ਰੀਝਾਂ ਪਿਆਰ ਜਤਾਉਣ ਦੀਆਂ

ਤੇਰੇ ਜਿਹਾ ਮੈਨੂੰ ਹੋਰ ਨਾ ਕੋਈ, ਤੂੰ ਤੂੰ ਕਰਦੀ ਤੂੰ ਹੀ ਹੋਈ
ਤੂੰ ਹੀ ਬਾਹਰ ਤੂੰ ਹੀ ਅੰਦਰ, ਨਾਮ ਦੀ ਮਾਲਾ ਮਨ ਚ ਪਰੋਈ
ਯਾਦ ਕਰੇ ਫਰਿਆਦ ਕਰੇ, ਜੀ ਰੁੱਸ ਕੇ ਯਾਰ ਮਨਾਉਣ ਦੀਆਂ

ਜਦੋਂ ਜਿੰਦੜੀ ਪਿਆਰ ਚ ਖੋਈ, ਮਾਪੇ ਛੱਡ ਮੈਂ ਤੇਰੀ ਹੋਈ
ਰਾਂਝਾ ਰਾਂਝਾ ਕਰਦੀ ਸੱਈਓ, ਖੁਦ ਮੈਂ ਰਾਂਝਣ ਬਣ ਖਲੋਈ
ਰਾਂਝਣ ਮੈਂ ਚ ਮੈਂ ਰਾਂਝਣ ਚ, ਕਸਕਾਂ ਨੈਣ ਮਿਲਾਉਣ ਦੀਆਂ

ਤੇਰੀ ਪ੍ਰੀਤ ਮੈਂ ਮਨ ਚ ਹੋੜੀ, ਕੋਝੀ ਜਾਣ ਕੇ ਮੁੱਖ ਨਾ ਮੋੜੀਂ
ਅੱਲ੍ਹੜਪਣੇ ਚ ਲੱਗੀ ਦੋਸਤੀ, ਪਿਆਰ ਨਾ ਮਿਲਦਾ ਲੱਖ ਕਰੋੜੀਂ
ਪੈਣ ਸੌਣ ਦੀਆਂ ਪੁਹਾਰਾਂ, ਲਾ ਪ੍ਰੀਤਾਂ ਪੀਘ ਚੜ੍ਹਾਉਣ ਦੀਆਂ

ਲੋਕੀਂ ਆਖਣ ਮੱਝੀਆਂ ਦਾ ਪਾਲੀ, ਉਹ ਸਾਡਾ ਦੀਨ ਈਮਾਨ
ਪਲਕਾਂ ਚ ਵਸਦੀ ਸੂਰਤ ਉਹਦੀ, ਮੇਰੀ ਰਾਂਝਣ ਦੇ ਵਿਚ ਜਾਨ
ਬੈਂਸ ਮਾਹੀ ਨੂੰ ਮਨਾ ਲੈ, ਸੋਚਾਂ ਮੁੱਕ ਜਾਣ ਆਵਣ ਜਾਣ ਦੀਆਂ

ਅਕਲ ਨਾ ਸ਼ਕਲ ਨਾ ਰੂਪ ਨਾ ਰੇਖ, ਦਿੰਦਾ ਨਹੀਂ ਕਿਸੇ ਨੂੰ ਭੇਤ
ਮਨ ਦੀ ਕਿੰਗਰੀ ਵੱਜਦੀ ਜਦੋਂ, ਨਜ਼ਰ ਪਿਆ ਆਵੇਂ ਜਿੱਥੇ ਵੇਖ
ਯਾਰੀ ਲਾਵੇ ਪਿਆਰ ਜਤਾ ਕੇ, ਰੱਖ ਸਧਰਾਂ ਯਾਰ ਮਨਾਉਣ ਦੀਆਂ

ਝੂਠ ਮੂਠ ਜੇ ਪਿਆਰ ਪਾ ਲਵੋ, ਖੁਦ ਆਣ ਮਿਲੇ ਜੋਗੀ ਮਤਵਾਲਾ
ਪਿਆਰ ਦਾ ਭੁੱਖਾ ਦਰ ਦਰ ਫਿਰਦਾ, ਗਲ ਇਲ ਇੱਲਾ ਦੀ ਮਾਲਾ
ਉਹ ਜੋਗੀ ਮਤਵਾਲਾ ਏ, ਦਿਲ ਸਧਰਾਂ ਪਿਆਰ ਨਿਭਾਉਣ ਦੀਆਂ

ਦਿਲ ਮੋਹ ਲਿਆ

ਜੀਅੜੇ ਨੂੰ ਕਿਵੇਂ ਸਮਝਾਵਾਂ, ਦਿਲ ਦਾ ਕਰਾਰ ਖੋ ਗਿਆ
ਲੁੱਟ ਲਿਆ ਅੱਖੀਆਂ ਮਿਲਾ ਕੇ, ਨਾਲੇ ਦਿਲ ਮੋਹ ਲਿਆ

ਐਵੇਂ ਬੈਠੇ ਬੈਠੇ ਅਸਾਂ, ਪਿਆਰ ਤੇਰੇ ਨਾਲ ਪਾ ਲਿਆ
ਅਸਾਂ ਖੱਟਣਾ ਤੇ ਕੀ ਸੀ, ਜੋ ਪੱਲੇ ਸੀ ਗੁਆ ਲਿਆ
ਕਿਵੇਂ ਉਹਨੂੰ ਸਮਝਾਵਾਂ, ਉਹਦਾ ਸਭ ਕੁਝ ਖੋ ਗਿਆ

ਚੰਨਾਂ ਆਏ ਤੇਰੇ ਜੱਗ ਵਿਚ, ਆਸਾਂ ਲੈ ਕੇ ਡਾਢੀਆਂ
ਹੱਥ ਕੁਝ ਭੀ ਨਾ ਆਇਆ, ਹੋ ਗਈ ਬਰਬਾਦੀਆਂ
ਕੁਝ ਪਤਾ ਹੀ ਨਾ ਲੱਗਾ, ਕਿਥੇ ਕੀ ਕੀ ਹੋ ਗਿਆ

ਤੇਰੇ ਵੱਲ ਜਦੋਂ ਝਾਤੀ ਮਾਰਾਂ, ਦਿਲ ਡੁੱਬ ਡੁੱਬ ਜਾਵੇ
ਉਹ ਤੇ ਦੂਰ ਨੱਸ ਜਾਵੇ, ਫਿਰ ਮੁੜ ਕੇ ਨਾ ਆਵੇ
ਜਦੋਂ ਨਜ਼ਰ ਨਾ ਆਵੇਂ, ਦਿਲ ਬੁੱਸ ਬੁੱਸ ਰੋ ਲਿਆ

ਰੁੱਸ ਪੁੱਛਦੇ ਨੇ ਨੈਣ, ਇਸ ਦਿਲ ਵਿਚ ਕੀ ਏ
ਬੈਂਸ ਕਿਹਨੂੰ ਕਿਹਨੂੰ ਦੱਸੇ, ਹੁਣ ਦੱਸਣ ਨੂੰ ਕੀ ਏ
ਤੀਰ ਜਿਗਰ ਚ ਖਾ ਕੇ, ਦੁਖ ਪਲਕਾਂ ਪਰੋ ਲਿਆ

ਚਿੱਤ ਲਗਦਾ ਨਹੀਂ ਮੇਰਾ, ਤੇਰੇ ਬਾਝੋਂ ਮੇਰੇ ਮਾਹੀ
ਦੱਸ, ਕਦੋਂ ਹੋਣਗੇ ਦਿਦਾਰ, ਰੱਬਾ ਪਾਵਾਂ ਮੈਂ ਦੁਹਾਈ
ਬੈਂਸ, ਕੋਈ ਦੇਵੇ ਨਾ ਸਹਾਰਾ, ਮੇਰਾ ਦਿਲ ਖੋ ਗਿਆ

ਸਾਡਾ ਦੀਨ ਇਮਾਨ

ਚੋਰੀ ਚੋਰੀ ਪਿਆਰ ਲਕੋਈ, ਯਾਦ ਤੇਰੀ ਚ ਫਿਰਦੀ ਖੋਈ
ਅਪਣੇ ਆਪ ਚ ਗੱਲਾਂ ਕਰਦੀ, ਉਹਨੂੰ ਮੋੜ ਲਿਆਵੇ ਕੋਈ
ਭੱਜ ਭੱਜ ਬਨੇਰਿਓਂ ਕਾਗ ਉੜਾਵਾਂ, ਨਾਲੇ ਪਾਵਾਂ ਤੋਈ ਸ਼ੋਈ
ਤੂੰ ਮੇਰੇ ਵਿਚ ਮੈਂ ਤੇਰੇ ਵਿਚ, ਮਾਪੇ ਛੱਡ ਮੈਂ ਤੇਰੀ ਹੋਈ

ਆ ਵੜ ਵਿਹੜੇ ਮੇਰੇ ਵੇ, ਤੂੰ ਬਣ ਸਾਡਾ ਮਹਿਮਾਨ ਵੇ
ਤੂੰ ਹੀ ਮੇਰਾ ਹਰਮੰਦਿਰ, ਤੂੰ ਹੀ ਸਾਡਾ ਦੀਨ ਇਮਾਨ ਵੇ

ਪਿਆਰ ਤੇਰੇ ਚ ਫਿਰਦੀ ਖੋਈ, ਤੇਰੀ ਖਬਰ ਲਿਆਵੇ ਕੋਈ
ਚੁੱਕ ਚੁੱਕ ਅਡੀਆਂ ਰਾਹਾਂ ਤੱਕਦੀ, ਜੇ ਉਧਰੋਂ ਆ ਜਾਵੇ ਕੋਈ
ਜੀ ਨਹੀਂ ਲਗਦਾ ਕੱਲੀ ਦਾ, ਮੇਰੇ ਨਿਕਲਦੇ ਜਾਣ ਪਰਾਣ ਵੇ

ਕੀ ਸਾਡੇ ਸਿਰ ਚ ਪਾਇਆ, ਤੇਰੇ ਇਸ਼ਕ ਨੇ ਜੀ ਤੜਫਾਇਆ
ਤੇਰਾ ਨਾਂ ਲਬਾਂ ਤੇ ਆਇਆ, ਵੱਧ ਸ਼ਰਾਬੋਂ ਨਸ਼ਾ ਚੜ੍ਹਾਇਆ
ਕੋਝੀ ਭਾਵੇਂ ਕਮਲੀ, ਪਰ ਤੇਰੀ ਹਾਂ, ਕਰ ਸਾਨੂੰ ਪਰਵਾਣ ਵੇ

ਮਿੰਨਤਾਂ ਕਰਦੀ ਤੇਰੀਆਂ ਮਾਹੀ, ਆ ਜਾ ਮੇਰੇ ਢੋਲ ਸਿਪਾਹੀ
ਤੇਰੇ ਪਿਆਰ ਚ ਵਾਹਾਂ ਲੀਕਾਂ, ਮੁੱਕ ਗਈ ਨੈਣਾਂ ਦੀ ਸਿਆਹੀ
ਮੈਂ ਤੇਰੀ ਤੂੰ ਮੇਰਾ ਮਾਹੀ, ਆ ਕਰ ਸੋਹਣੀ ਦੀ ਪਹਿਚਾਣ ਵੇ

ਤੇਰੇ ਬਾਝ ਹੁਣ ਰਹਿ ਗਏ ਕੱਲੇ, ਗੱਲਾਂ ਕਰੀਏ ਅੱਲ ਵਲੱਲੇ
ਪਤਾ ਨਹੀਂ ਕੀ ਕੀ ਕਹਿ ਜਾਵਾਂ, ਪੈਂਦਾ ਨਹੀਂ ਕਿਸੇ ਦੇ ਪੱਲੇ
ਬਿਨਾਂ ਮੌਤ ਦੇ ਮੁਰਦਾ ਹੋਈ, ਲਵੇ ਨਿੱਤ ਨਵੇਂ ਇਮਤਹਾਨ ਵੇ

ਰੋਟੀ ਦੇ ਟੁਕੜੇ

ਪਿਆਰ ਹੀ ਤੇਰੀ ਫਿਤਰਤ ਏ, ਪਿਆਰ ਹੀ ਤੇਰਾ ਜੱਗ
ਤੇਰੇ ਇਸ ਪਿਆਰ ਦੀ ਤਾਂਘ ਨੇ, ਬਣਾ ਦਿੱਤਾ ਤੈਨੂੰ ਰੱਬ
ਉਸੇ ਪਿਆਰ ਦੇ ਹਿਜਰ ਚ, ਤੂੰ ਸਾਜ ਦਿੱਤਾ ਇਹ ਜੱਗ
ਪਿਆਰ ਦੇ ਬਾਝੋਂ ਨਹੀਂ ਮੰਨਦਾ, ਪਿਆਰ ਹੀ ਤੇਰੀ ਹੱਜ

ਅਸਾਂ ਮੰਗੇ ਸੀ ਰੋਟੀ ਦੇ ਟੁਕੜੇ, ਹੋਰ ਕੀ ਖੁਦਾਈ ਮੰਗ ਲਈ
ਪਹਿਲਾਂ ਲੁੱਟ ਲਿਆ ਅੱਖੀਆਂ ਮਿਲਾ ਕੇ, ਮੁੜ ਕੇ ਜੁਦਾਈ ਮੰਗ ਲਈ

ਇਹ ਕਿਹੋ ਜਿਹਾ ਇਨਸਾਫ, ਕਰੇਂ ਕਿਸੇ ਨੂੰ ਨਾ ਮਾਫ
ਤੇਰੇ ਕਾਹਦੇ ਰਿਸ਼ਤੇ ਨਾਤੇ, ਤੂੰ ਕਾਹਦਾ ਮਾਈ ਬਾਪ
ਲਾ ਬੈਠਦਾ ਕਚਹਿਰੀ, ਆਪੇ ਹੀ ਗਵਾਹੀ ਮੰਗ ਲਈ

ਤੇਰੇ ਦੁਖਾਂ ਦੇ ਸਤਾਏ, ਮੁੜ ਤੇਰੇ ਦਰ ਆਏ
ਮੂਲ ਦਾ ਕੀ ਕਹਿਣਾ, ਵਿਆਜ ਮੰਗ ਲਏ ਸਵਾਏ
ਸਾਡਾ ਧੜਕੇ ਕਲੇਜਾ, ਅੱਗੋਂ ਤੂੰ ਸਫਾਈ ਮੰਗ ਲਈ

ਤੇਰੇ ਨੈਣਾਂ ਦੇ ਇਸ਼ਾਰੇ, ਪਾਇਆ ਤੇਰੇ ਨਾਲ ਪਿਆਰ
ਮੈਂ ਤੇਰੀ ਹੀਰ ਸਲੇਟੀ, ਤੂੰ ਏਂ ਮੇਰਾ ਰਾਂਝਣ ਯਾਰ
ਮੁੜ ਪੈਣ ਨਾ ਵਿਛੋੜੇ, ਮਾਹੀ ਮੈਂ ਇਹੋ ਮੰਗ ਮੰਗਦੀ

ਤੂੰ ਆਪੇ ਦੱਸ ਮੇਰੇ ਮਾਹੀ, ਹੁਣ ਹੋਰ ਕਿੱਥੇ ਜਾਵਾਂ
ਤੂੰ ਮੰਨਦਾ ਨਹੀਂ ਸਾਡੀ, ਹੋਰ ਕਿਹਨੂੰ ਆਖ ਸੁਣਾਵਾਂ
ਮੰਗੇ ਟੁਕੜੇ ਸੀ ਦੋ, ਹੋਰ ਕੀ ਖੁਦਾਈ ਮੰਗ ਲਈ

ਅੰਦਰੂਨੀ ਆਵਾਜ਼

ਚਿੱਤ ਲਗਦਾ ਨਹੀਂ, ਮਨ ਭਰਦਾ ਨਹੀਂ
ਪਿਆਰ ਉਗਦਾ ਨਹੀਂ, ਜੀ ਡੁੱਬਦਾ ਨਹੀਂ
ਦਿਲ ਖੋਇਆ ਖੋਇਆ ਰਹਿੰਦਾ ਏ, ਹੋਰ ਇਹਨੂੰ ਭਾਉਂਦਾ ਨਹੀਂ
ਪਿਆਰ ਮਾਹੀ ਨਾਲ ਪਾਉਂਦਾ ਨਹੀਂ, ਮਨ ਨੂੰ ਚੈਨ ਆਉਂਦਾ ਨਹੀਂ
ਸੁਫਨਿਆਂ ਚ ਡੁਬਿਆ ਰਹਿੰਦਾ ਏ, ਮਨ ਤੇ ਤਸੀਹੇ ਸਹਿੰਦਾ ਏ
ਖਿਆਲਾਂ ਚ ਖੁਭਿਆ ਰਹਿੰਦਾ ਏ, ਕਿਸੇ ਕੁਝ ਨਹੀਂ ਕਹਿੰਦਾ ਏ
ਦਿਲ ਦੀ ਖਾਹਿਸ਼ ਮੁੱਕਦੀ ਨਹੀਂ, ਝੱਟ ਲੰਘਦੀ ਸੁਖ ਦੀ ਨਹੀਂ
ਮਨ ਦੌੜ ਭੱਜ ਤੋ ਰੁਕਦਾ ਨਹੀਂ, ਅੱਖ ਤੇਰੇ ਦਰ ਝੁਕਦੀ ਨਹੀਂ
ਦਰ ਦਰ ਧੱਕੇ ਖਾਂਦਾ ਹਾਂ, ਮਨ ਸਮਝਾਉਣ ਦਾ ਵੱਲ ਨਹੀਂ
ਅਪਣੇ ਮਨ ਚ ਲੋਚਦਾ ਹਾਂ, ਕਿਸੇ ਸੁਣਾਉਣ ਦੀ ਗੱਲ ਨਹੀਂ
ਜਿੱਥੇ ਕਿਤੇ ਮਾਇਆ ਦਿਸਦੀ ਏ, ਮਨ ਉਥੇ ਭੱਜ ਜਾਂਦਾ ਏ
ਉਥੇ ਜਾ ਕੇ ਫਸ ਜਾਵੇ, ਮੁੜ ਕੇ ਵਾਪਸ ਨਹੀਂ ਆਉਂਦਾ ਏ
ਤੂੰ ਆਪੇ ਦੱਸ ਮੈਂ ਕਿੱਥੇ ਜਾਵਾਂ, ਕਿਹਨੂੰ ਦਿਲ ਦਾ ਹਾਲ ਸੁਣਾਵਾਂ
ਕੋਈ ਮੇਰੀ ਸੁਣਦਾ ਨਹੀਂ, ਮੈਂ ਲਿਖ ਲਿਖ ਤੈਨੂੰ ਚਿੱਠੀਆਂ ਪਾਵਾਂ
ਆ ਜਾ ਮੇਰੇ ਮਾਹੀ ਆ ਜਾ, ਆ ਕੇ ਹਿਜਰ ਦਾ ਜਾਮ ਪਿਆ ਜਾ
ਬਣ ਕੇ ਆਦਤ ਬਣੇ ਇਬਾਦਤ, ਆ ਤੱਤੜੀ ਦਾ ਮਨ ਸਮਝਾ ਜਾ
ਮਨ ਦੀ ਮਨ ਚ ਰੱਖ ਕੇ, ਦਿਲ ਸੁਫਨਿਆਂ ਖੋਇਆ ਰਹਿੰਦਾ ਏ
ਜੋ ਮਨ ਚ ਵਲਵਲੇ ਉਠਦੇ ਨੇ, ਕਵਿਤਾ ਚ ਪਾਉਂਦਾ ਰਹਿੰਦਾ ਏ
ਕੀ ਦੱਸਾਂ ਤੇ ਕਿਹਨੂੰ ਦੱਸਾਂ, ਇੱਥੇ ਦੱਸਣ ਨੂੰ ਭਲਾ ਕੀ ਏ
ਤੂੰ ਸਭ ਕੁਝ ਆਪੇ ਜਾਣਦਾ ਏਂ, ਇੰਵ ਦਿੰਦਾ ਰਹਿ ਤਸੀਹੇ
ਆਪੇ ਦੱਸ ਕੀ ਰਾਜ਼ ਏ ਤੇਰਾ, ਇਸ ਮਨ ਨੂੰ ਚੈਨ ਜੇ ਆਵੇ
ਸਭ ਮੇਰੀ ਤੇਰੀ ਦੁਨੀਆਂ ਛੱਡ ਕੇ, ਮਨ ਤੇਰੇ ਰਾਹ ਪੈ ਜਾਵੇ
ਇਸ ਮਨੂਏਂ ਨੂੰ ਇੰਵ ਬਣਾ ਦੇ, ਸਦਾ ਯਾਦ ਸੱਜਣ ਦੀ ਆਵੇ
ਇਹ ਮਨ ਤੇਰਾ ਮੰਦਿਰ ਬਣ ਜਾਏ, ਬੈਂਸ ਤੇਰਾ ਬਣ ਜਾਵੇ

ਪਲਕਾਂ ਝੁਕਾਵਾਂ

ਸਾਡੇ ਲਬਾਂ ਉਤੇ ਵਸਦਾ ਏ, ਨਾਂ ਸੁਹਣੇ ਯਾਰ ਦਾ
ਜ਼ਰਾ ਪਲਕਾਂ ਝੁਕਾਵਾਂ, ਮੇਰਾ ਯਾਰ ਵਾਜਾਂ ਮਾਰਦਾ

ਮੇਰਾ ਮਾਹੀ ਮੇਰਾ ਧੀਦੋ, ਮੈਂ ਰਾਂਝਣ ਦੀ ਹੀਰ ਵੇ
ਆਵੇ ਹਾਜਰੀ ਦਾ ਵੇਲਾ, ਘੱਤ ਆਵਾਂ ਵਹੀਰ ਵੇ
ਚੂਰੀ ਪਿਆਰ ਦੀ ਖੁਆਵਾਂ, ਮਾਹੀ ਭੁੱਖਾ ਪਿਆਰ ਦਾ

ਤੇਰੇ ਬਾਝੋਂ ਮੇਰੇ ਮਾਹੀ, ਮੇਰਾ ਜੱਗ ਸੁੰਞਾਂ ਸੁੰਞਾਂ ਏ
ਮਨ ਉਥੇ ਭੱਜ ਜਾਵੇ, ਜਿੱਥੇ ਕਿਤੇ ਭੀ ਤੂੰ ਹੁੰਨਾਂ ਏ
ਤੇਰੇ ਸੁਫਨੇ ਮੈਂ ਵੇਖਾਂ, ਚਿੱਤ ਮਾਹੀ ਨੂੰ ਪੁਕਾਰਦਾ

ਤੇਰੇ ਬਿਨਾਂ ਮੇਰੇ ਮਾਹੀ, ਬੱਝਦੀ ਨਾ ਧੀਰ ਵੇ
ਹੁਣ ਲਗਦਾ ਨਹੀਂ ਚਿੱਤ, ਹੋ ਗਈ ਅਖੀਰ ਵੇ
ਹੋਵੇ ਪਲਕਾਂ ਤੋਂ ਦੂਰ, ਬੈਂਸ ਦੁਖੜੇ ਸਹਾਰਦਾ

ਹੋਵੇ ਪਲਕਾਂ ਤੋਂ ਦੂਰ, ਹੋਵੇ ਮਿੱਠੀ ਮਿੱਠੀ ਪੀੜ
ਤੂੰ ਮੇਰਾ ਯਾਰ ਪਿਆਰ, ਚੰਨਾਂ ਤੂੰ ਹੀ ਮੇਰਾ ਪੀਰ
ਲੁੱਟਿਆ ਕਾਤਲ ਨੈਣਾਂ ਨੇ, ਲਾਰਾ ਲਾ ਪਿਆਰ ਦਾ

ਮੈਨੂੰ ਲਾਉਣ ਦਾ ਨਾ ਚੱਜ, ਮੇਰੀ ਤੇਰੇ ਹੱਥ ਲੱਜ
ਭਾਵੇਂ ਕੋਝੀ ਭਾਵੇਂ ਕਮਲੀ, ਮੇਰੀ ਰੱਖ ਲੈ ਤੂੰ ਅੱਜ
ਮੈਨੂੰ ਆਪਣੀ ਬਣਾ ਲੈ, ਮਾਹੀ ਵਾਸਤਾ ਪਿਆਰ ਦਾ

ਕਰਾਰ ਖੋ ਗਿਆ

ਜਦੋਂ ਅੱਖ ਝੁਕੀ, ਦਿਲ ਦਾ ਕਰਾਰ ਖੋ ਗਿਆ
ਪਤਾ ਹੀ ਨਾ ਲੱਗਾ, ਕਿਵੇਂ ਪਿਆਰ ਹੋ ਗਿਆ

ਜਦੋਂ ਯਾਦ ਮਾਹੀ ਦੀ ਆਵੇ, ਦਿਲ ਬੇ ਵਸ ਹੋ ਜਾਵੇ
ਮਾਹੀ ਮਾਹੀ ਹੋਣ ਲੱਗੇ, ਉਹਨੂੰ ਹੋਰ ਕੁਝ ਨਾ ਸਖਾਵੇ
ਪਤਾ ਹੀ ਨਾ ਲੱਗਾ, ਕਿੱਥੇ ਦਿਲ ਦਾ ਕਰਾਰ ਖੋ ਗਿਆ

ਮੇਰਾ ਯਾਰ ਚਿੱਤ ਵਿਚ ਵਸੇ, ਜੀ ਵੱਲ ਝਨਾ ਦੇ ਨੱਸੇ
ਆਪ ਮੁਹਾਰੇ ਟੁਰਿਆ ਜਾਵੇ, ਨਾ ਕੁਝ ਸੁਣੇ ਨਾ ਦੱਸੇ
ਐਵੇਂ ਕੱਚੇ ਧਾਗਿਆਂ ਦੇ ਨਾਲ, ਦਿਲ ਬ੍ਹੰਨ ਹੋ ਗਿਆ

ਜਦੋਂ ਚਾ ਮਿਲਣ ਦਾ ਆਵੇ, ਸੋਹਣੀ ਵੱਲ ਝਨਾ ਦੇ ਜਾਵੇ
ਕੱਚਾ ਘੜਾ ਸਿਰ ਤੇ ਚਾ ਕੇ, ਤੱਤੀ ਵਿਚ ਝਨਾ ਵੜ ਜਾਵੇ
ਕਿਸੇ ਸਮਝ ਨਾ ਆਵੇ, ਉਹਦੇ ਜੀਅੜੇ ਨੂੰ ਕੀ ਹੋ ਗਿਆ

ਬੇਕਦਰਾਂ ਨਾਲ ਲਾ ਬੈਠੀ, ਜੋ ਅਧਵਿਚਕਾਰੋਂ ਤੋੜ ਗਏ
ਕੱਚੇ ਕਰ ਕਰ ਕੱਚੇ ਵਾਧੇ, ਦਿਲ ਤੱਤੜੀ ਦਾ ਤੋੜ ਗਏ
ਤੂੰ ਕੇਚ ਨੂੰ ਟੁਰ ਗਿਆ, ਮਾਹੀ ਸਾਡਾ ਪਿਆਰ ਖੋ ਗਿਆ

ਅੱਲ੍ਹੜਪਣੇ ਚ ਲਾ ਬੈਠੀ, ਕੱਚੇ ਪੱਕੇ ਦੀ ਸਾਰ ਨਾ ਕਾਈ
ਮੈਂ ਰੁੜ੍ਹ ਗਈ ਵਿਚ ਝਨਾ ਦੇ, ਪਾਰ ਵਸੇਂਦਾ ਮੇਰਾ ਮਾਹੀ
ਖੁਲ੍ਹ ਗਏ ਬੂਹੇ ਦਰਗਾਹ ਦੇ, ਬੈਂਸ ਬੇੜਾ ਪਾਰ ਹੋ ਗਿਆ

ਪੀਆ ਸੰਗ ਜੀਆ

ਰਸ ਭਿੰਨੀਂ ਰੈਨੜੀਏ, ਜਿਤ ਪੀ ਸੰਗ ਨੇਹ ਰਚਾਇਆ
ਨਸ ਵੰਞ ਅੰਮੜੀਏ, ਅੱਜ ਮੇਰਾ ਪੀਆ ਘਰ ਆਇਆ

ਮੇਰੀ ਅੰਮੜੀਏ ਕਿੱਤ ਵਲ ਜਾਵਾਂ, ਕਿਤ ਵੱਲ ਨੱਸਾਂ
ਇਸ ਜੀਅੜੇ ਨੂੰ ਚੈਨ ਨਾ ਆਵੇ, ਕਿਹਨੂੰ ਜਾ ਕੇ ਦੱਸਾਂ
ਉਹ ਮੇਰਾ ਰਾਂਝਣ ਮਾਹੀ, ਮੈਂ ਉਹਦਾ ਸਰਮਾਇਆ

ਮੈਂ ਅੱਖੀਆਂ ਨਾ ਮੀਟਾਂ, ਮਾਹੀ ਪਲਕਾਂ ਤੇ ਵਸਦਾ ਏ
ਪਲ ਚ ਐਵੇਂ ਖੋ ਜਾਸੀ, ਮੇਰਾ ਦਿਲ ਮੈਨੂੰ ਦੱਸਦਾ ਏ
ਮੇਰੇ ਦਿਲ ਦਾ ਮਾਲਿਕ ਏ, ਸਿਰ ਤੇ ਉਹਦਾ ਸਾਇਆ

ਝੱਟ ਰੁਕ ਜਾ ਰੈਨੜੀਏ, ਕਿਤੇ ਮੇਰਾ ਸੁਫਨਾ ਖੋ ਨਾ ਜਾਏ
ਅੱਜ ਉਹ ਸਾਡਾ ਬਣਿਆ, ਕੱਲ੍ਹ ਪਰਾਇਆ ਹੋ ਨਾ ਜਾਏ
ਸਭ ਕੁਝ ਮੇਰਾ ਉਹੋ ਏ, ਕੁਝ ਨਹੀਂ ਰਿਹਾ ਪਰਾਇਆ

ਅੜਿਆ ਐਵੇਂ ਖੋ ਨਾ ਜਾਵੀਂ, ਪਿਆਰ ਦੇ ਸੁਫਨੇ ਦੇ ਕੇ
ਚੁੱਪ ਕੇ ਨਾ ਟੁਰ ਜਾਵੀਂ ਕਿਧਰੇ, ਦਿਲ ਤੱਤੜੀ ਦਾ ਲੈ ਕੇ
ਚੋ ਤੇਲ ਬੂਹੇ ਤੇ ਅੰਮੜੀਏ, ਮੇਰਾ ਪੀਆ ਘਰ ਆਇਆ

ਆਓ ਸਖੀਓ ਮੇਰੀਓ ਨੀ, ਮੈਂ ਦਿਲ ਦੀ ਗੱਲ ਸੁਣਾਵਾਂ
ਜੋ ਰਾਹ ਮਾਹੀ ਦਰ ਜਾਵੇ, ਅੱਜ ਉਹਦਾ ਹਾਲ ਸੁਣਾਵਾਂ
ਸੀਨਾਂ ਠੰਢਾ ਠਾਰ ਹੋ ਗਿਆ, ਜਦੋਂ ਮਾਹੀ ਨੇ ਗਲ ਲਾਇਆ

ਯਾਰ ਮਨਾਉਣਾ

ਜੇ ਹੋਵੇ ਮਾਹੀ ਵੱਲ, ਤਾਂ ਖੁਲ੍ਹਦਾ ਏ ਭੇਦ ਖੁਦਾਈ ਦਾ
ਅੱਲੜ੍ਹ ਦੁਨੀਆਂ ਕੀ ਜਾਣੇ, ਕਿਵੇਂ ਯਾਰ ਨੂੰ ਮਨਾਈਦਾ

ਜਿਹਨੇ ਯਾਰੀ ਨਹੀਂ ਲਾਈ, ਕੀ ਦਰਦ ਇਸ਼ਕ ਦਾ ਜਾਣੇ
ਪੜ੍ਹ ਪੜ੍ਹ ਲੋਕ ਕਤੇਬਾਂ ਕੜ੍ਹ ਗਏ, ਬਣਦੇ ਫਿਰਨ ਸਿਆਣੇ
ਦਰਦ ਇਸ਼ਕ ਦਾ ਤਾਂ ਉਘੜੇ, ਜੇ ਵੱਜੇ ਡੰਗ ਜੁਦਾਈ ਦਾ

ਜਿਹਦੀ ਲੱਗ ਕੇ ਟੁੱਟ ਜਾਵੇ, ਦਿਲ ਭੀ ਨਾਲੇ ਟੁੱਟ ਜਾਵੇ
ਸਾਰਾ ਜੱਗ ਸੁੰਞਾਂ ਹੋ ਜਾਵੇ, ਦੁਨੀਆਂ ਦਾ ਨਾਤਾ ਮੁੱਕ ਜਾਵੇ
ਜੱਗ ਪਰਾਇਆ ਹੋ ਜਾਵੇ, ਘਰ ਛੱਡ ਜੋਗੀ ਬਣ ਜਾਈਦਾ

ਮਾਹੀ ਨਜ਼ਰੋਂ ਓਹਲੇ ਹੋ ਜਾਵੇ, ਚੈਨ ਮਨ ਦਾ ਖੋ ਜਾਵੇ
ਨੀਂਦ ਨੈਣਾਂ ਚੋਂ ਉੜ ਜਾਵੇ, ਚਿੱਤ ਸੁਫਨਿਆਂ ਚ ਖੋ ਜਾਵੇ
ਪਿੱਛੇ ਮੁੜ ਨਹੀਂ ਵੇਖੀਦਾ, ਜਦੋਂ ਮਿਲਣ ਯਾਰ ਨੂੰ ਜਾਈਦਾ

ਤੇਰੇ, ਰੱਬ ਚ ਫਰਕ ਨਾ ਕਾਈ, ਰੱਬ ਤੇਰੇ ਚ ਵਸਦਾ ਏ
ਪੁੱਠੇ ਰਾਹ ਤੈਨੂੰ ਟੁਰੇ ਵੇਖ, ਖਿੜ ਖਿੜ ਕੇ ਉਹ ਹਸਦਾ ਏ
ਮਨ ਚ ਝਾਤੀ ਮਾਰ ਜ਼ਰਾ, ਕਿਵੇਂ ਮਨ ਦਾ ਭੇਦ ਖੁਲ੍ਹਾਈਦਾ

ਇਹ ਗੁੜ੍ਹਤੀ ਇਸ਼ਕ ਮਾਸ਼ੂਕਾਂ ਦੀ, ਇਹੋ ਮੀਰਾਂ ਪੀਰਾਂ ਦੀ
ਇਹੋ ਹਾਲਤ ਲਹਿਣੇ ਨਾਨਕ ਦੀ, ਇਹੋ ਰਾਂਝਣ ਹੀਰਾਂ ਦੀ
ਪਰਾਏ ਅਪਣੇ ਤਦ ਬਣਦੇ, ਪਿਆਰ ਚ ਜਦੋਂ ਮਰ ਜਾਈਦਾ

ਅਪਣਾ ਪਿਆਰ ਜਤੌਣ ਵਾਸਤੇ, ਉਹਨੇ ਜੱਗ ਬਣ ਦਿੱਤਾ
ਜਿਹਨੇ ਅਪਣਾ ਮਨ ਖੋਜ ਲਿਆ, ਉਸੇ ਨੂੰ ਸਮਝਾ ਦਿੱਤਾ
ਪਿਆਰ ਮਾਹੀ ਨਾਲ ਪਾ ਅੜੀਏ, ਖੁਲ੍ਹੇ ਭੇਦ ਖੁਦਾਈ ਦਾ

ਅਮਲਾਂ ਤੇ ਨਬੇੜੇ

ਲਾਲਚਾਂ ਦੇ ਵਸ ਪੈ ਕੇ, ਦੁਨੀਆਂ ਫਿਰਦੀ ਮਾਰੀ ਮਾਰੀ ਏ
ਸਭ ਅਪਣੀ ਖੱਟੀ ਖਾਂਦੇ, ਕੋਈ ਰਾਜਾ ਕੋਈ ਭਿਖਾਰੀ ਏ

ਨਾ ਕੋਈ ਜਾਣੇ ਕਿੱਥੋਂ ਆਏ, ਨਾ ਕੋਈ ਜਾਣੇ ਕਿੱਥੇ ਜਾਣਾ
ਅਪਣੇ ਕਰਮ ਨਾਲ ਲੈ ਟੁਰਦੇ, ਕੋਈ ਰੰਕ ਤੇ ਕੋਈ ਰਾਣਾ
ਅਪਣੀ ਅਪਣੀ ਬੀਨ ਵਜਾਉਂਦੇ, ਲੱਖੀ ਕੋਈ ਹਜ਼ਾਰੀ ਏ

ਜੋ ਸਾਹਮਣੇ ਨਜ਼ਰ ਪਿਆ ਆਵੇ, ਮਨ ਆਖੇ ਮੈਨੂੰ ਮਿਲ ਜਾਵੇ
ਲੱਗੇ ਮਾਇਆ ਮਾਈ ਹਾਵੇ, ਜਾਣ ਸਮੇਂ ਇਹ ਨਾਲ ਨਾ ਜਾਵੇ
ਰੰਗ ਏਸ ਦਾ ਜੇ ਚੜ੍ਹ ਜਾਵੇ, ਮੁੜ ਲਗਦੀ ਬਹੁਤ ਪਿਆਰੀ ਏ

ਮੱਤ ਜਿਨ੍ਹਾਂ ਦੀ ਹੋਵੇ ਥੋੜੀ, ਉਹ ਨਹੀਂ ਰੱਜਦੇ ਲੱਖ ਕਰੋੜੀ
ਮਾਇਆ ਨਾਲ ਢਿੱਡ ਨਹੀਂ ਭਰਦਾ, ਜਿੰਨੀਂ ਬਹੁਤੀ ਉਨੀਂ ਥੋੜੀ
ਚੈਨ ਦਿਲ ਦਾ ਖੋ ਜਾਵੇ, ਲਾਲਚ ਭੈੜੀ ਬਹੁਤ ਬਿਮਾਰੀ ਏ

ਕਰਦਾ ਫਿਰਦਾ ਝਗੜੇ ਝੇੜੇ, ਕੁਝ ਨਹੀਂ ਰਹਿਣਾ ਪੱਲੇ ਤੇਰੇ
ਖੁੱਲ੍ਹੇ ਕਿਤਾਬ ਹੋਵੇ ਹਿਸਾਬ, ਅਮਲਾਂ ਤੇ ਹੋਣ ਲੱਗਣ ਨਬੇੜੇ
ਕਰ ਕਮਾਈ ਨਾਲ ਜੋ ਜਾਵੇ, ਤੈਨੂੰ ਦੱਸਦਾ ਬੈਂਸ ਲਿਖਾਰੀ ਏ

ਏਸ ਜੱਗ ਚ ਘੱਲਿਆ ਤੈਨੂੰ, ਅਪਣਾ ਮਨ ਸਮਝਾਉਣ ਵਾਸਤੇ
ਚੇਤੇ ਕਰ ਅਪਣੇ ਮਾਹੀ ਨੂੰ, ਪਾ ਦੇਵੇਗਾ ਤੈਨੂੰ ਸਿੱਧੇ ਰਾਸਤੇ
ਉਹ ਤੇਰਾ ਤੂੰ ਉਹਦੀ ਬਣ ਜਾ, ਮੁੱਕੇ ਜੰਮਣ ਮਰਨ ਬਿਮਾਰੀ ਵੇ

ਤੇਰੇ ਮਨ ਵਿਚ

ਮਨ ਚ ਮੂਰਤ ਚਿੱਤ ਚ ਧਿਆਨ, ਬੋਲ ਮੁਖ ਤੋ ਰਾਮ ਰਾਮ
ਤੇਰੇ ਮਨ ਚ ਰੱਬ ਵਸਦਾ, ਇਹੋ ਭਗਤੀ ਇਹੋ ਗਿਆਨ

ਤੇਰੇ ਅੰਦਰ ਛੁਪਿਆ ਬੈਠਾ, ਨਾ ਉਹ ਗਿਆ ਨਾ ਉਹ ਆਇਆ
ਉਹਨੇ ਸਭ ਕੁਝ ਤੈਨੂੰ ਸੌਂਪ ਕੇ, ਤੈਨੂੰ ਅਪਣੇ ਜਿਹਾ ਬਣਾਇਆ
ਕਰ ਕੇ ਅਪਣੇ ਮਨ ਦੀ ਸਫਾਈ, ਇੰਵ ਹੋਵੇ ਉਹਦੀ ਪਹਿਚਾਣ

ਧਾਰ ਗੁਰੂ ਜੇ ਮਨ ਕਰਨਾ ਚੰਗਾ, ਉਹ ਦੱਸੇਗਾ ਗਿਆਨ ਦਾ ਧੰਦਾ
ਮਨ ਦਾ ਦਰਪਣ ਸਾਫ ਕਰੇ ਇੰਵ, ਜਿਵੇਂ ਪਾਣੀ ਚ ਦਿਸਦਾ ਚੰਦਾ
ਮਾਣ ਦੀ ਚਾਦਰ ਲਾਹ ਚੱਡ ਅੜੀਏ, ਮੈਂ ਦੇ ਮਿਟ ਜਾਣ ਨਿਸ਼ਾਨ

ਜੱਗ ਬਣਿਆਂ ਏ ਸਾਰ ਪਾਸਾ, ਸਾਰੀ ਦੁਨੀਆਂ ਜਗਤ ਤਮਾਸ਼ਾ
ਤੇਰੇ ਮਨ ਚ ਰੱਬ ਵਸਦਾ ਏ, ਉਹ ਮਿਲਦਾ ਬਣ ਦਾਸਨ ਦਾਸਾ
ਨੀਵਾਂ ਹੋ ਕੇ ਜਾਹ ਦਰ ਮਾਹੀ ਦੇ, ਤੇਰੇ ਮਨ ਦਾ ਮਿਟੇ ਗੁਮਾਨ

ਉਹਨੂੰ ਪਾਉਣਾ ਹੋਰ ਕੁਝ ਨਹੀਂ, ਇਹ ਹਾਲਤ ਤੇਰੇ ਮਨ ਦੀ
ਮੁਰਸ਼ਦ ਤੇਰਾ ਮਨ ਧੋ ਦੇਸੀ, ਗੱਲ ਨਹੀਂ ਇਹ ਤੇਰੇ ਤਨ ਦੀ
ਬੈਂਸ ਅਪਣਾ ਆਪ ਮਿਟਾ ਲੈ, ਇਹ ਤਨ ਛੱਡ ਬਣੇ ਭਗਵਾਨ

ਮਜਨੂੰ ਵਾਕਣ ਪਿਆਰ ਵਧਾ ਲੈ, ਲੈਲਾ ਨੂੰ ਮਨ ਚ ਵਸਾ ਲੈ
ਤੱਕ ਲੈਲਾ ਨੂੰ ਮਸਤੀ ਆਵੇ, ਨੱਚ ਪਿਆਰ ਚ ਆਪ ਗੁਆ ਲੈ
ਰਾਂਝਾ ਕਰਦੀ ਰਾਂਝਣ ਬਣ ਜਾ, ਦੋ ਕਲਬੂਤ ਰੂਹ ਇਕ ਜਾਣ

ਪਿਆਰ ਮੁਹੱਬਤ

ਸਾਡੇ ਵਿਹੜੇ ਆ ਸੱਜਣਾ, ਤੈਨੂੰ ਵੇਖ ਵੇਖ ਕੇ ਨੱਚਾਂ
ਲਾਹ ਪੜਦਾ ਮਿਲਾ ਨਜ਼ਰਾਂ, ਤੇਰਾ ਸ਼ੁਕਰ ਮਨਾਵਾਂ ਲੱਖਾਂ

ਮੈਂ ਮਜਨੂ ਤੂੰ ਮੇਰੀ ਲੈਲਾਂ, ਸਾਡਾ ਜਨਮ ਜਨਮ ਦਾ ਨਾਤਾ
ਕਈ ਜਨਮ ਤੋਂ ਵਿਛੜੇ ਸਾਂ, ਅੱਜ ਕੀਤਾ ਮੇਲ ਵਿਧਾਤਾ
ਜਦੋਂ ਤੂੰ ਹੱਥ ਤੇ ਹੱਥ ਰੱਖੇਂ, ਕੀ ਦਿੱਤਾ ਕਿਸੇ ਨਾ ਦੱਸਾਂ

ਪੁੱਛੋ ਮੇਰੇ ਮਨ ਤੋਂ ਅੜੀਓ, ਮਾਹੀ ਕੋਲੋਂ ਕੀ ਕੁਝ ਮਿਲਦਾ
ਮਾਹੀ ਮੈਂ ਚ ਮੈਂ ਮਾਹੀ ਚ, ਭੇਦ ਖੁਲ੍ਹ ਗਿਆ ਦਿਲ ਦਾ
ਮਾਹੀ ਕਰਦੀ ਮਾਹੀ ਬਣ ਗਈ, ਨਾ ਲਕੋਵਾਂ ਨਾ ਦੱਸਾਂ

ਦਿਲ ਦਿਲਾਂ ਦਾ ਰਾਹੀ ਅੜੀਓ, ਸੁਫਨੇ ਚ ਸਭ ਵਖਾ ਦੇਵੇ
ਜੋ ਕੁਝ ਤੇਰੇ ਮਨ ਚ ਵਸਦਾ, ਮਾਹੀ ਨੂੰ ਜਾ ਸਮਝਾ ਦੇਵੇ
ਬਿਨਾਂ ਦੱਸਿਆਂ ਉਹ ਸਭ ਜਾਣੇ, ਮੈਂ ਕਿਵੇਂ ਛੁਪਾ ਕੇ ਰੱਖਾਂ

ਜੋ ਕੁਝ ਮੇਰੇ ਮਨ ਦੀ ਹਾਲਤ, ਮਾਹੀ ਮੇਰਾ ਸਭ ਕੁਝ ਜਾਣੇ
ਰਾਜ਼ ਇਸ਼ਕ ਦਾ ਬੜਾ ਅਵੱਲਾ, ਭਾਈ ਮੁੱਲਾਂ ਦੋਵੇਂ ਅੰਞਾਣੇ
ਇਹੋ ਸਾਡਾ ਦੀਨ ਧਰਮ ਏ, ਮਿਲ ਗਈ ਸਾਡੀਆਂ ਅੱਖਾਂ

ਮਨ ਦਾ ਪੜਦਾ ਤਾਂ ਖੁਲ੍ਹਦਾ, ਜਦੋਂ ਜਾਗ ਇਸ਼ਕ ਦਾ ਲੱਗੇ
ਫਿਰ ਮੋਰਾਂ ਵਾਂਕਣ ਨੱਚੇਂਗੀ, ਜਦੋਂ ਚਰਾਗ ਇਸ਼ਕ ਦਾ ਜਗੇ
ਫਿਰ ਮਾਹੀ ਮਾਹੀ ਹੋਣ ਲੱਗੇ, ਬੈਂਸ ਝੁਕ ਜਾਣ ਜਦੋਂ ਅੱਖਾਂ

ਹਿਜਰ ਚੋਂ ਬਿਰਾਗ ਜਾਗਦਾ, ਪਿਆਰ ਦੀਆਂ ਇਹ ਰੀਤਾਂ
ਹਸਣ ਖੇਡ੍ਹਣ ਸਭ ਭੁੱਲ ਜਾਂਦਾ, ਮਤੇ ਟੁੱਟ ਨਾ ਜਾਣ ਪ੍ਰੀਤਾਂ
ਬਿਨਾਂ ਪ੍ਰੀਤ ਨਾ ਮਾਹੀ ਮੰਨਦਾ, ਭਾਵੇਂ ਭੇਸ ਬਣਾ ਲੈ ਲੱਖਾਂ

ਨੱਚ ਨਾਲੇ ਹਸ

ਮਨਾਂ ਨੱਚ ਨੱਚ ਨੱਚ, ਸੁਹਣੇ ਮਾਹੀ ਦੇ ਪਿਆਰ ਵਿਚ
ਜਿੰਦ ਜਾਨ ਲੁਟਾ ਦੇ, ਏਸ ਪਿਆਰ ਦੇ ਕਰਾਰ ਵਿਚ

ਜੇ ਹੋਵੇ ਮਾਹੀ ਵੱਲ, ਮਜ਼ਾ ਆਉਂਦਾ ਪਿਆਰ ਦਾ
ਤੱਕ ਸੁਫਨੇ ਚ ਖੋ ਕੇ, ਤੈਨੂੰ ਯਾਰ ਵਾਜਾਂ ਮਾਰਦਾ
ਮਨ ਬਾਗ਼ੋ ਬਾਗ਼ ਹੋਵੇ, ਮਾਹੀ ਦੇ ਦਿਦਾਰ ਵਿਚ

ਤੇਰੇ ਮਨ ਤੇ ਕਾਬੂ ਪਾ ਕੇ, ਤੈਨੂੰ ਆਪਣਾ ਬਣਾਵੇ
ਦਿਲ ਦੇ ਕੇ ਦਿਲ ਖਿੱਚੇ, ਕੁਝ ਸੁਣੇ ਕੁਝ ਸੁਣਾਵੇ
ਤੈਨੂੰ ਪਾ ਕੇ ਖੋ ਜਾਵੇ, ਮਾਹੀ ਤੇਰੇ ਪਿਆਰ ਵਿਚ

ਅਪਣਾ ਪਿਆਰ ਜਤਾ ਕੇ, ਉਹਨੇ ਦੁਨੀਆਂ ਬਣਾਈ
ਮੁਝ ਪਿਆਰ ਨੂੰ ਨਿਭਾਵੇ, ਬਹਿ ਕੇ ਵਿਚ ਤਨਹਾਈ
ਉਹ ਸਾਰਾ ਜੱਗ ਵੇਖੇ, ਵੇਖੋ ਪਿਆਰ ਦਿਲਦਾਰ ਵਿਚ

ਹੋ ਜਾਏ ਦਿਲੋਂ ਜੇ ਪਿਆਰ, ਭੁੱਲ ਜਾਵੇ ਸਾਰਾ ਜੱਗ
ਉਹਨੂੰ ਤਨ ਮਨ ਚ ਵਸਾ ਕੇ, ਖੁਦ ਬਣ ਜਾਵੇ ਰੱਬ
ਬੈਂਸ ਨੱਚ ਨੱਚ ਨੱਚ, ਸੁਹਣੇ ਯਾਰ ਦੇ ਪਿਆਰ ਵਿਚ

ਜਦੋਂ ਆਪਾਂ ਦੋਵੇਂ ਰਾਜ਼ੀ, ਉਥੇ ਕੀ ਕਰੇਗਾ ਕਾਜ਼ੀ
ਇਹੋ ਏ ਦੀਨ ਧਰਮ, ਲਾ ਕੇ ਵੇਖ ਸਿਰ ਦੀ ਬਾਜ਼ੀ
ਉਹ ਤੇਰੇ ਵਿਚ ਵਸੇ, ਹੋਵੇ ਜ਼ਾਹਿਰ ਪਿਆਰ ਵਿਚ

ਕਰ ਮਾਹੀ ਮਾਹੀ ਮਾਹੀ, ਇੰਝ ਹੋਵੇ ਦਿਲ ਸਾਫ
ਇਸ ਮਨ ਨੂੰ ਝੁਕਾ ਲੈ, ਇਹ ਪਿਆਰ ਦੀ ਖੁਰਾਕ
ਮਿਟ ਜਾਵੇ ਭੇਦ ਭਾਵ, ਸਿੰਘ ਤੇ ਸਿਆਰ ਵਿਚ

ਡੂੰਘੇ ਜ਼ਖਮ ਦਿਲਾਂ ਦੇ, ਬਿਨਾਂ ਪਿਆਰ ਨਹੀਂ ਮਿਟਦੇ
ਇਸ਼ਕ ਜਿਨ੍ਹਾਂ ਨੂੰ ਲੱਗ ਜਾਵੇ, ਦਿਨ ਰਾਤ ਨਹੀਂ ਟਿਕਦੇ
ਬੈਂਸ ਤੈਨੂੰ ਦਿੱਸੂ ਤੇਰਾ ਰੱਬ, ਮਾਹੀ ਦੇ ਦਿਦਾਰ ਵਿਚ

ਇਸ਼ਕ ਦਾ ਰਾਜ਼

ਮੱਲੋ ਮੱਲੀ ਸੱਜਣਾ ਓਏ, ਪਿਆਰ ਨਹੀਂ ਪਾਈਦਾ
ਜੇ ਐਵੇਂ ਪੈ ਜਾਵੇ, ਜਿੰਦ ਜਾਨ ਲਾ ਨਿਭਾਈਦਾ

ਦਿਲ ਜੇ ਰਾਜ਼ੀ ਨਾ ਹੋਵੇ, ਪਿਆਰ ਦੀ ਬਾਜ਼ੀ ਨਹੀਂ ਲੱਗਦੀ
ਦੋ ਦਿਲਾਂ ਦੀ ਧੜਕਣ ਏ, ਇੱਕ ਹੱਥ ਤਾੜੀ ਨਹੀਂ ਵਜਦੀ
ਸੱਜਣਾ ਨੂੰ ਆਪਣਾ ਬਣਾ ਕੇ, ਬੀਬਾ ਮੁੱਲ ਨਹੀਂ ਪਾਈਦਾ

ਚੈਨ ਚਿੱਤ ਦਾ ਖੋ ਜਾਵੇ, ਜਦੋਂ ਨੈਣ ਨੇਣਾਂ ਨਾਲ ਲੜ ਜਾਂਦੇ
ਜਿਉਂਦੇ ਜੀ ਮਰਨਾਂ ਪੈਂਦਾ ਏ, ਦਿਲ ਧੜਕਣੋਂ ਖੜ੍ਹ ਜਾਂਦੇ
ਦਿਲ ਧੜਕੇ ਭਾਵੇਂ ਰੁਕ ਜਾਵੇ, ਨਹੀਂ ਜੱਗ ਨੂੰ ਵਖਾਈਦਾ

ਦਿਲ ਯਾਰ ਤੇ ਰੁਕ ਜਾਵੇ, ਆਪਣਾ ਪਰਾਇਆ ਮੁੱਕ ਜਾਵੇ
ਇਸ਼ਕ ਪਿਆਸ ਬੁਝਾਉਣ ਲਈ, ਖੂਨ ਜਿਗਰ ਦਾ ਸੁੱਕ ਜਾਵੇ
ਲਾ ਕੇ ਤੋੜ ਨਿਭਾ ਅੜੀਏ, ਫਲ ਭੈੜਾ ਬੇਵਫਾਈ ਦਾ

ਆਸ਼ਿਕ ਦੇ ਵੱਲ ਤੱਕ ਜ਼ਰਾ, ਉਹਦੀ ਹਾਲਤ ਕੀ ਹੋਵੇ
ਮਾਹੀ ਮਾਹੀ ਹੋਣ ਲੱਗੇ, ਹਰ ਘੁੱਟ ਇਸ਼ਕ ਦਾ ਪੀ ਹੋਵੇ
ਹੀਰ ਰਾਂਝਣ ਭੇਦ ਮਿਟਾ ਕੇ, ਖੁਦ ਰਾਂਝਣ ਬਣ ਜਾਈਦਾ

ਪਿਆਰ ਦਿਲ ਲੁੱਟ ਲੈ ਜਾਵੇ, ਮਜ਼ਾ ਇਸ਼ਕ ਛੁਪਾਉਣ ਚ ਹੋਵੇ
ਚੁੱਪ ਕਰਕੇ ਨਜ਼ਾਰਾ ਵੇਖੀਦੈ, ਦਿਲ ਮਾਹੀ ਦੀ ਯਾਦ ਚ ਖੋਵੇ
ਉਹਦਾ ਨਾਮ ਰਿਦੈ ਮਲ ਧੋਵੇ, ਇਹ ਨੁਸਖਾ ਕਰਨ ਸਫਾਈ ਦਾ

ਪਿਆਰ ਦਾ ਰਾਜ਼ ਅਵੱਲਾ ਏ, ਇਹੋ ਰਾਮ ਇਹੋ ਅੱਲਾ ਏ
ਦੀਨ ਦੁਨੀ ਦੇ ਰਿਸ਼ਤੇ ਤੋੜ, ਰਹਿ ਜਾਵੇ ਮਨ ਕੱਲਾ ਏ
ਰਾਜ਼ ਇਸ਼ਕ ਦਾ ਬੈਂਸ ਜਾਣਦਾ, ਰੱਬ ਇਸ਼ਕ ਚੋਂ ਪਾਈਦਾ

ਜਿੰਦੜੀ ਦਾ ਮਾਣ

ਮਿੱਟੀ ਦਿਆ ਬਾਵਿਆ ਓਏ, ਆਇਆ ਬਣ ਕੇ ਪ੍ਰਾਹੁਣਾ ਵੇ
ਕਾਹਦਾ ਮਾਣ ਜਿੰਦੜੀ ਦਾ, ਜਿਹਨੇ ਤੈਨੂੰ ਛੱਡ ਜਾਣਾ ਏ

ਝੂਠ ਬੋਲ ਕੇ ਮਾਰ ਠੱਗੀਆਂ, ਲੁੱਟ ਕਸੁੱਟ ਕੇ ਲਿਆਵੇਂ
ਬੁਰੇ ਭਲੇ ਦੀ ਸਮਝ ਨਾ ਤੈਨੂੰ, ਟੱਬਰ ਨੂੰ ਲਿਆ ਖੁਆਵੇਂ
ਤੈਨੂੰ ਜਾਣਾ ਪੈਣਾ ਕੱਲੇ, ਉਨ੍ਹਾਂ ਇੱਥੇ ਰਹਿ ਜਾਣਾ ਏ

ਸੱਤ ਪੁਸ਼ਤਾਂ ਦੇ ਵਾਸਤੇ, ਕੱਠੀ ਪਿਆ ਕਰਦਾ ਮਾਇਆ
ਤੇਰੇ ਕੰਮ ਨਹੀਂ ਆਉਣੀ, ਕਿਸੇ ਨਾ ਤੈਨੂੰ ਸਮਝਾਇਆ
ਹੱਥ ਖਾਲੀ ਰਹਿ ਜਾਣਗੇ, ਮੁੱਕ ਜਾਵੇ ਪਾਣੀ ਦਾਣਾ ਵੇ

ਜਿਉਂਦਾ ਹਾਥੀ ਲੱਖ ਦਾ, ਮੋਇਆ ਸਵਾ ਲੱਖ ਦਾ
ਸਵਰਨ, ਛੱਡ ਭਰਮ, ਮਰ ਨਹੀਂ ਰਹਿਣਾ ਕੱਖ ਦਾ
ਸਾਰੇ ਜੱਗ ਚੋਂ ਤੂੰ ਨਿਕੰਮਾਂ, ਬਣਿਆਂ ਫਿਰੇ ਸਿਆਣਾ ਵੇ

ਬਦੋ ਬਦੀ ਇਸ ਜੱਗ ਵਿਚ, ਪਿਆਰ ਨਹੀਂ ਪਾਈਦਾ
ਪਿਆਰ ਬੜਾ ਮਹਿੰਗਾ ਪੈਂਦਾ, ਜਦੋਂ ਮੁੱਲ ਪਾਈਦਾ
ਮੁੱਲ ਪਿਆਰ ਦਾ ਮਹਿੰਗਾ ਹੋਵੇ, ਪੈਂਦਾ ਆਪ ਗੁਆਉਣਾ ਏ

ਦਿਲ ਆਖੇ, ਜੱਗ ਬੰਦੀਖਾਨਾ, ਏਥੇ ਮੁੜ ਨਾ ਆਵਾਂ
ਸੋਚ ਸਮਝ ਕੇ ਕੰਮ ਕਰੇਸਾਂ, ਜਿਹੜੇ ਨਾਲ ਲੈ ਜਾਵਾਂ
ਭੈੜੇ ਕੰਮ ਬੈਂਸ ਪਿਆ ਕਰਦਾ, ਤੈਨੂੰ ਉਨ੍ਹਾਂ ਸਤੌਣਾ ਏ

ਪਾਇਆ ਪਿਆਰ ਦੇਹ ਨਾਲ, ਜੋ ਹਿੱਸਾ ਨਹੀਂ ਤੇਰਾ
ਜਦੋਂ ਮਾਰੀ ਭੌਰ ਉਡਾਰੀ, ਮੁੱਕ ਜਾਣਾ ਕਿੱਸਾ ਤੇਰਾ
ਪਾ ਉਹਦੇ ਨਾਲ ਪਿਆਰ, ਜਿਹਦੇ ਘਰ ਜਾਣਾ ਏ

ਇਕ ਦਿਨ ਇੱਥੋਂ ਜਾਣਾ ਪੈਣਾ, ਪਰ ਆਵੇ ਨਾ ਤਸੱਲੀ
ਤੈਨੂੰ ਪਤਾ ਉਦੋਂ ਲੱਗਣਾ, ਜਦੋਂ ਜਾਨ ਰਹਿ ਗਈ ਕੱਲੀ
ਕਹਿੰਦੇ ਘਰ ਚੋਂ ਕੱਢੋ, ਇਹਨੇ ਭੂਤ ਬਣ ਡਰਾਉਣਾ ਏ

ਪੈ ਗਿਆ ਕਾਜ਼ੀ ਨੂੰ ਭਰਮ, ਸਜ਼ਾ ਦੇਣਾ ਉਹਦਾ ਧਰਮ
ਕਰੇਂ ਪਾਠ ਪੜ੍ਹੇ ਸ਼ਬਦ, ਸਿਖਾਵੇਂ ਨਫਰਤ ਆਖੇਂ ਧਰਮ
ਅਜਿਹੇ ਧਰਮ ਨੇ ਬੈਂਸ, ਤੈਨੂੰ ਪਾਰ ਨਹੀਂ ਲੰਘਾਉਣਾ ਏ

ਬੁੱਤ ਪੂਜਾ

ਤੇਰਾ ਬੁੱਤ ਬਣਾ ਕੇ ਹਸਰਤ ਵਿਚ, ਵਿਚੇ ਛੁਪ ਕੇ ਬਹਿੰਦਾ ਏ
ਹੋਰ ਕਿਵੇਂ ਉਹ ਮੰਨਦਾ ਨਹੀਂ, ਬੁੱਤ ਪੂਜ ਮਨਾਉਣਾ ਪੈਂਦਾ ਏ

ਬੁੱਤ ਪੂਜ ਮਨਾਇਆ ਲਹਿਣੇ ਨੇ, ਪੰਗਤ ਤੋਂ ਸੰਗਤ ਬਣ ਬੈਠਾ
ਖੁਦ ਮਰ ਕੇ ਯਾਰ ਮਨਾਇਆ ਨੇ, ਲਹਿਣੇ ਤੋਂ ਅੰਗਦ ਬਣ ਬੈਠਾ
ਸਾਰਾ ਜੱਗ ਅਪਣੀ ਬੀਨ ਵਜਾਵੇ, ਇਸ ਲਈ ਤਸੀਹੇ ਸਹਿੰਦਾ ਏ

ਧੰਨੇ ਉਮਰ ਗੁਜ਼ਾਰੀ ਸਾਰੀ, ਕੀਤੀ ਰੱਬ ਦੀ ਖਿਦਮਤ ਭਾਰੀ
ਬੁੱਤ ਪੂਜ ਪੂਜ ਕੇ ਉਹਨੇ, ਮਨਾ ਲਿਆ ਆਪ ਬਨਵਾਰੀ
ਤੈਥੋਂ ਬੁੱਤ ਪੂਜਾਵਣ ਖਾਤਰ, ਤੇਰੇ ਬੁੱਤ ਚ ਛੁਪ ਕੇ ਬਹਿੰਦਾ ਏ

ਬੁਲ੍ਹੇ ਪੂਜਿਆ ਸ਼ਾਹ ਇਨਾਯਤ, ਚੇਤੇ ਕਰ ਕਰ ਲਿਖਦਾ ਆਯਤ
ਮੱਥੇ ਟੇਕੇ ਕਰੇ ਇਬਾਦਤ, ਪਲ ਪਲ ਦਿੱਸੇ ਸ਼ਾਹ ਇਨਾਯਤ
ਨੱਚ ਕੇ ਯਾਰ ਮਨਾਇਆ ਸੀ, ਉਹ ਇਹੋ ਗਾਉਂਦਾ ਰਹਿੰਦਾ ਏ

ਬੁੱਤ ਪੂਜਣ ਲਈ ਤੂੰ ਬਣਾਇਆ, ਤੇਰੇ ਅੰਦਰ ਆਪ ਛੁਪਾਇਆ
ਪੜਦੇ ਓਹਲੇ ਛੁਪ ਕੇ ਬੈਠਾ, ਨਾ ਗਿਆ ਨਾ ਕਿਧਰੋਂ ਆਇਆ
ਮੀਮ ਦਾ ਪੜਦਾ ਲ਼ਾਹ ਅੜੀਏ, ਤੈਨੂੰ ਮਨ ਖੋਜਣ ਨੂੰ ਕਹਿੰਦਾ ਏ

ਹਰ, ਬੁੱਤ ਚ ਛੁਪ ਕੇ ਬੈਠਾ ਏ, ਬੁੱਤ ਪੂਜਣਾ ਬੈਂਸ ਦੀ ਆਦਤ ਏ
ਬੁੱਤ ਪੂਜਣ ਤੋਂ ਉਹ ਰਾਜ਼ੀ ਏ, ਬੁੱਤ ਪੂਜਣਾ ਉਹਦੀ ਇਬਾਦਤ ਏ
ਬੁੱਤ ਪੂਜਣ ਨੂੰ ਸਵਰਨ ਬਣਾਇਆ, ਬੈਂਸ ਦੇ ਬੁੱਤ ਚ ਰਹਿੰਦਾ ਏ

ਮਨ ਮੰਦਿਰ

ਰਾਮ ਅੱਲਾ ਚੋਂ ਕੁਝ ਨਹੀਂ ਮਿਲਦਾ, ਸਭ ਧਰਮਾਂ ਦਾ ਫੇਰਾ
ਤੇਰਾ ਤਨ ਉਹਦਾ ਮੰਦਿਰ ਏ, ਤੇਰੇ ਮਨ ਚ ਉਹਦਾ ਡੇਰਾ

ਇਹ ਸਭ ਧਰਮਾਂ ਦੇ ਨ੍ਯਾਰੇ, ਸਭਨਾ ਦੇ ਨਾਮ ਨਿਆਰੇ
ਕੋਈ ਰਾਮ ਕੋਈ ਸ਼ਾਮ ਕਹੇ, ਕਿਸੇ ਨੂੰ ਅੱਲਾ ਪਿਆਰੇ
ਰਾਮ ਸ਼ਾਮ ਸਭ ਕੱਚੇ ਧਾਗੇ, ਕੋਈ ਕੁਝ ਨਹੀਂ ਕਰਦਾ ਤੇਰਾ

ਧਰਮਾਂ ਵਿਚੋਂ ਰੱਬ ਨਾ ਮੰਨੇ, ਬਣੇ ਜੱਗ ਚਲਾਉਣ ਵਾਸਤੇ
ਰੱਬ ਮਿਲਣ ਦੇ ਵਾਧੇ ਕਰਦੇ, ਅੱਲ੍ਹੜਾਂ ਨੂੰ ਭਰਮੌਣ ਵਾਸਤੇ
ਭਾਈ ਮੁੱਲਾਂ ਨਿੱਤ ਮਾਰਨ ਕੂਕਾਂ, ਧਰਮਾਂ ਪਾਇਆ ਘੇਰਾ

ਕੋਈ ਗੁਰਦੁਆਰੇ ਮੱਥੇ ਟੇਕੇ, ਕੋਈ ਮਸਜਿਦ ਪੜ੍ਹੇ ਨਮਾਜ਼
ਜੇ ਸਿੱਕ ਪਿਆਰ ਦੀ ਨਾ ਹੋਵੇ, ਲਾਉਣ ਇਸ਼ਕ ਨੂੰ ਲਾਜ
ਸਿੱਖ ਪਿਆਰ, ਜੇ ਉਹ ਪਾਉਣਾ, ਪਿਆਰ ਯਾਰ ਦਾ ਸ੍ਯੇਰਾ

ਰਾਮ ਨਾਮ ਚ ਨਹੀਂ ਉਹ ਵਸਦਾ, ਵਸਦਾ ਤੇਰੇ ਅੰਦਰ
ਇਹੋ ਉਹਦਾ ਕਿਬਲਾ ਕਾਬਾ, ਇਹੋ ਉਹਦਾ ਹਰਮੰਦਰ
ਕਰਮ ਧਰਮ ਸਭ ਦੁਨੀਆਂਦਾਰੀ, ਸਭ ਰਸਮਾਂ ਦਾ ਗੇੜਾ

ਧਰਮੀਂ ਰਸਮ ਪੁਗਾਉਣ ਵਾਸਤੇ, ਲੋਕਾਂ ਧਰਮ ਬਣਾ ਦਿੱਤੇ
ਲੋਕਾਂ ਦਾ ਮਨ ਭਰਮੌਣ ਵਾਸਤੇ, ਕਾਬੇ ਕਿਬਲੇ ਬਣਾ ਦਿੱਤੇ
ਜਿਹਨੂੰ ਮਿਲਿਆ ਘਰ ਚੋਂ ਮਿਲਿਆ, ਦੀਵੇ ਹੇਠ ਹਨੇਰਾ

ਬੈਂਸ ਅਪਣੇ ਮਨ ਨੂੰ ਖੋਜ ਜ਼ਰਾ, ਜੇ ਤੂੰ ਰੱਬ ਨੂੰ ਪਾਉਣਾ
ਮਨ ਦੀ ਸਫਾਈ ਕਰਨੀ ਪੈਣੀ, ਪੈਣਾ ਮਨ ਸਮਝਾਉਣਾ
ਜੇ ਤੂੰ ਮਨ ਸਮਝਾ ਲਿਆ ਅਪਣਾ, ਤੂੰ ਉਹਦਾ ਉਹ ਤੇਰਾ

ਅੱਲ੍ਹੜਪਣਾ

ਆਖੇ ਲੱਗ ਭੈਤੇ ਨੈਣਾਂ ਦੇ, ਅਸਾਂ ਨੇਹ ਹੁਸਨ ਨਾਲ ਲਾ ਲਿੱਤਾ
ਪਿੱਛੇ ਲੱਗ ਕੇ ਅੱਲ੍ਹੜਾਂ ਦੇ, ਅਸਾਂ ਤੈਨੂੰ ਦਿਲੋਂ ਨਾ ਭੁਲਾ ਦਿੱਤਾ

ਮਾਹੀ ਤੇਰੇ ਪਿਆਰ ਦੀਆਂ, ਮਹਿਕਾਂ ਬੜੀ ਨਿਆਰੀਆਂ
ਤੇਰੇ ਪਿਆਰ ਦੇ ਵਸ ਪੈ ਕੇ, ਭੌਰਿਆਂ ਨੇ ਜਾਨਾਂ ਵਾਰੀਆਂ
ਸ਼ਮ੍ਹਾਂ ਦੇ ਪਿਆਰ ਵਿਚ, ਪਰਵਾਨਿਆਂ ਆਪ ਗੁਆ ਦਿੱਤਾ

ਜਿਹੜਾ ਇਸ ਚ ਫਸ ਜਾਵੇ, ਲਾਵੇ ਪਿਆਰ ਚ ਤਾਰੀਆਂ
ਮਾਹੀ ਦੇ ਨਾਲ ਅੱਖਾਂ ਲਾ ਕੇ, ਤਾਂਘਾਂ ਮੁੱਕ ਜਾਣ ਸਾਰੀਆਂ
ਜਿਹਨੇ ਪਿਆਰ ਯਾਰ ਨਾਲ ਪਾਇਆ, ਮਾਹੀ ਨੇ ਅਪਣਾ ਲਿੱਤਾ

ਅੱਖ ਦਾ ਇਸ਼ਕ ਨਾ ਸੌਣ ਦੇਵੇ, ਸਾਰੀ ਰਾਤ ਜਗਾਈ ਰੱਖਦਾ ਏ
ਚੈਨ ਦਿਲ ਦਾ ਲੁੱਟ ਲੈਂਦਾ, ਉਹ ਮੁੜ ਛੱਡਦਾ ਨਹੀਂ ਕੱਖ ਦਾ ਏ
ਨੀ ਲਾ ਕੇ ਇਸ਼ਕ ਚਿੰਗਾਰੀ ਨੂੰ, ਅੱਖੀਆਂ ਦਾ ਨੀਰ ਮੁਕਾ ਦਿੱਤਾ

ਕੀ ਸਮਝਾਵਾਂ ਜੀਅੜੇ ਨੂੰ, ਸਾਡੀ ਤੇਰੇ ਹੱਥ ਚ ਡੋਰ ਵੇ
ਤੂੰ ਹੀ ਸਾਡਾ ਰਾਂਝਣ ਮਾਹੀ, ਤੂੰ ਹੀ ਚੋਰਾਂ ਦਾ ਮੋਰ ਵੇ
ਨਾਚ ਵਖਾ ਕੇ ਮੋਰਾਂ ਦਾ, ਬੈਂਸ ਦਾ ਦਿਲ ਭਰਮਾ ਲਿੱਤਾ

ਵੇਖ ਵੇਖ ਕੇ ਨਾਚ ਤੇਰੇ ਨੂੰ, ਬਣ ਗਿਆ ਸਵਰਨ ਭੇਖਧਾਰੀ
ਕੰਨ ਚ ਉਹਦੇ ਫੂਕ ਮਾਰ ਕੇ, ਬਣਾ ਦਿੱਤਾ ਇਸ਼ਕ ਭਿਖਾਰੀ
ਰੱਖ ਕੇ ਲਾਜ ਨਿਮਾਣੀ ਦੀ, ਤੂੰ ਅਪਣੇ ਗਲ ਨਾਲ ਲਾ ਲਿੱਤਾ

ਨੈਣਾਂ ਨੇ ਚੋਰੀ ਸਿੱਖ ਲਈ, ਉਹ ਚੋਰੀ ਕਰਨ ਪਿਆਰ ਦੀ
ਉਹ ਚੋਰੀ ਚੋਰੀ ਤੱਕਦੇ ਪਏ, ਮੂਰਤ ਅਪਣੇ ਦਿਲਦਾਰ ਦੀ
ਸ਼ੀਸ਼ੇ ਚ ਮਾਹੀ ਵੇਖਣ ਨੂੰ, ਤੂੰ ਕਜਲਾ ਨੈਣਾਂ ਚ ਪਾ ਲਿੱਤਾ

ਕਜਲੇ ਦੀ ਧਾਰ

ਮਾਹੀ ਦੇ ਪਿਆਰ ਵਿਚ, ਫਿਰਾਂ ਖੋਈ ਖੋਈ ਵੇ
ਅਸਾਂ ਕਜਲੇ ਦੀ ਧਾਰ ਵਿਚ, ਚੁਨਰੀ ਭਿਓਈ ਏ

ਨਾ ਕਰ ਮੇਰੀ ਮੇਰੀ ਤੂੰ, ਹਰ ਕੋਈ ਇੱਥੇ ਬਿਗਾਨਾ ਏ
ਕੋਈ ਨਹੀਂ ਏ ਪੱਕਾ ਸਾਥੀ, ਸਭਨਾ ਨੇ ਟੁਰ ਜਾਣਾ ਏ
ਮੈਂ ਅਪਣੇ ਬਿਗਾਨਿਆਂ ਚ, ਫਿਰਾਂ ਖੋਈ ਖੋਈ ਵੇ

ਰੰਗ ਜਹਾਨ ਦਾ ਵੇਖ, ਐਵੇਂ ਪਿਆਰ ਪਾ ਲਿਆ
ਤੱਕ ਉੜੇ ਜਾਂਦੇ ਪੰਛੀਆਂ ਨੂੰ, ਆਪਣਾ ਬਣਾ ਲਿਆ
ਉੜੇ ਨਹੀਂ ਮੁੜੇ ਕਦੀ, ਇਹ ਜਾਣੇ ਕੋਈ ਕੋਈ ਵੇ

ਪਤਾ ਹੀ ਨਾ ਲੱਗਾ, ਕੌਣ ਅਪਣਾ ਕੌਣ ਪਰਾਇਆ
ਵੇਲਾ ਜਦੋਂ ਆਇਆ, ਕਿਸੇ ਸਾਥ ਨਾ ਨਿਭਾਇਆ
ਪਿਆਰ ਵਾਲੀ ਮਾਲਾ, ਫਿਰਾਂ ਮਨ ਚ ਪਰੋਈ ਵੇ

ਆਏ ਸਾਂ ਜਹਾਨ ਵਿਚ, ਕਿਸੇ ਨੂੰ ਅਪਣਾਉਣ ਲਈ
ਉਹਦੇ ਨਾਲ ਪਿਆਰ ਪਾ ਕੇ, ਆਪਣਾ ਬਣਾਉਣ ਲਈ
ਰਾਹ ਤੱਕ ਤੱਕ ਹੰਭ ਗਈ, ਨਾਲੇ ਪਾਵਾਂ ਤੋਈ ਸ਼ੋਈ ਵੇ

ਚੰਨ ਡੁੱਬ ਗਿਆ ਸਾਡਾ, ਝੁੰਡ ਤਾਰਿਆ ਨੇ ਪਾਇਆ
ਭਿੰਨੀਂ ਤਾਰਿਆਂ ਦੀ ਲੋ, ਚੈਨ ਦਿਲ ਦਾ ਗੁਆਇਆ
ਸਾਡਾ ਰੁੱਸ ਗਿਆ ਚੰਨ, ਮੇਰੀ ਸੁੱਧ ਬੁੱਧ ਖੋਈ ਏ

ਆਪਣਾ ਨਾ ਕੋਈ ਇੱਥੇ, ਨਾ ਹੀ ਕੋਈ ਬਿਗਾਨਾ ਏ
ਮਿੱਠਾ ਜਿਹਾ ਦਰਦ ਹੋਵੇ, ਜੇ ਚੁੱਕ ਜਾਏ ਨਿਸ਼ਾਨਾ ਵੇ
ਜਿਹੜਾ ਤੀਰ ਇਸ਼ਕ ਦਾ ਝੱਲੇ, ਪਾਰ ਹੋਵੇ ਸੋਈ ਵੇ

ਅੱਲਾ ਰਾਮ

ਰਾਮ ਅੱਲਾ ਚ ਫਰਕ ਨਾ ਕਾਈ, ਸਾਰੇ ਰੱਬ ਨੂੰ ਪਿਆਰੇ ਨੇ
ਆਵਾਜ਼ ਅੰਦਰੋਂ ਇੱਕੋ ਆਵੇ, ਮਾਹੀ ਦੇ ਰੰਗ ਨਿਆਰੇ ਨੇ

ਕੋਈ ਰਾਮ ਕਹੇ ਕੋਈ ਸ਼ਾਮ ਕਹੇ, ਕੋਈ ਅਲਾਵੇ ਅੱਲਾ
ਕੋਈ ਵਾਹਿਗੁਰੂ ਕਹਿੰਦਾ ਏ, ਬਹਿ ਅਪਣੇ ਘਰ ਚ ਕੱਲਾ
ਗੁਰਦੁਆਰੇ ਭਾਈਆਂ ਦਾ ਠੇਕਾ, ਮਸਜਿਦ ਮੁੱਲਾਂ ਪਿਆਰੇ ਨੇ

ਤੇਰੇ ਅੰਦਰ ਛੁਪ ਕੇ ਬਹਿੰਦਾ, ਮੂਹੋਂ ਤੈਨੂੰ ਕੁਝ ਨਹੀਂ ਕਹਿੰਦਾ
ਮੱਕੇ ਜਾ ਭਾਵੇ ਹਰੀਦੁਆਰ, ਪੱਲੇ ਕਿਸੇ ਦੇ ਕੁਝ ਨਹੀਂ ਪੈਂਦਾ
ਹਰਮੰਦਰ ਜਾ ਮੱਥੇ ਟੇਕੇਂ, ਨਹੀਂ ਮਿਲਦੇ ਕਿਤੇ ਸਹਾਰੇ ਨੇ

ਧਰਮਾਂ ਨੇ ਜੱਗ ਵੰਡ ਲਿਆ, ਥਾਂ ਥਾਂ ਮੰਜੀਆਂ ਡਾਹ ਲਈਆਂ
ਹਿੰਦੂ ਸਿੱਖ ਮੁਸਲਮਾਨਾਂ ਨੇ, ਘਰ ਘਰ ਵੰਡੀਆਂ ਪਾ ਲਈਆਂ
ਫਤਹਿ ਸਿੰਘ, ਫਤਹਿ ਮੁਹੰਮਦ, ਕਿਤੇ ਰਾਮ ਦਾਸ ਦੇ ਨਾਰੇ ਨੇ

ਜੇ ਮਾਹੀ ਨੂੰ ਪਾਉਣਾ ਚਾਹੁੰਨੈਂ, ਤੂੰ ਅਪਣਾ ਮਨ ਸਮਝਾ ਲੈ
ਮਾਹੀ ਤੇਰੇ ਮਨ ਚ ਵਸਦਾ, ਤਰਲੇ ਕੱਢ ਕੇ ਉਹਨੂੰ ਮਨਾ ਲੈ
ਮਨ ਦਾ ਰਾਂਝਣ ਮੰਨ ਜਾਵੇ, ਬੈਂਸ ਹੋ ਜਾਣ ਵਾਰੇ ਨਿਆਰੇ ਨੇ

ਪਿਆਰ ਅਜਿਹੀ ਕਸੌਟੀ ਏ, ਜਿਹੜੀ ਮਨ ਸਮਝਾਉਂਦੀ ਏ
ਦਿਲ ਦੇ ਕੇ ਦਿਲ ਮਿਲੇ, ਇੰਵ ਅਪਣਾ ਆਪ ਮਿਟਾਉਂਦੀ ਏ
ਜਿਹਨੂੰ ਮਿਲਿਆ ਘਰੋਂ ਮਿਲਿਆ, ਫੋਕੇ ਧਰਮਾਂ ਦੇ ਨਾਰੇ ਨੇ

ਆਸ਼ਿਕੀ ਤੋਂ ਪਹਿਲੇ

ਮੇਰਾ ਕੋਈ ਨਹੀਂ ਸੀ, ਤੇਰੀ ਆਸ਼ਿਕੀ ਤੋਂ ਪਹਿਲੇ
ਕਦੀ ਮੁੱਕਦੇ ਨਹੀਂ ਸੀ, ਤੇਰੇ ਜੱਗ ਦੇ ਝਮੇਲੇ

ਦਿਲ ਡੁੱਬ ਡੁੱਬ ਜਾਵੇ, ਜਦੋਂ ਯਾਦ ਤੇਰੀ ਆਵੇ
ਵਸੇਂ ਜੀਅੜੇ ਚ ਮੇਰੇ, ਹੋਰ ਕੁਝ ਨਾ ਸਖਾਵੇ
ਲੱਭਿਆ ਨਾ ਕੋਈ, ਜਿਹੜਾ ਦਿਲ ਨਾਲ ਖੇਲ੍ਹੇ

ਤੇਰਾ ਇਸ਼ਕ ਸਤਾਵੇ, ਜਦੋਂ ਤੇਰੀ ਯਾਦ ਆਵੇ
ਲੱਗੇ ਦਿਲ ਘਬਰਾਉਣ, ਨੈਣੀ ਨੀਰ ਭਰ ਆਵੇ
ਇੰਞ ਹੋਈ ਨਹੀਂ ਸੀ, ਤੈਨੂੰ ਮਿਲਣ ਤੋਂ ਪਹਿਲੇ

ਜਦੋਂ ਤੇਰੀ ਯਾਦ ਆਵੇ, ਨੈਣੀ ਨੀਰ ਭਰ ਆਵੇ
ਤੂੰ ਹੀ ਤੂੰ ਕਰੀ ਜਾਵਾਂ, ਹੋਰ ਕੁਝ ਨਾ ਸਖਾਵੇ
ਮੰਗਾਂ ਰੱਬ ਤੋਂ ਦੁਆਵਾਂ, ਹੋਣ ਰਾਂਝਣ ਦੇ ਮੇਲੇ

ਨੈਣਾਂ ਨਾਲ ਨੈਣ ਲਾ ਕੇ, ਦੇ ਗਿਆ ਉਮਰਾਂ ਦਾ ਰੋਣਾ
ਤੇਰਾ ਨਾਂ ਲਬਾਂ ਤੇ ਆਵੇ, ਹੋਰ ਕੁਝ ਨਹੀਂ ਕਹਿਣਾ
ਸੁਹਣੇ ਮਾਹੀ ਨੂੰ ਰੁਝਾ ਲੈ, ਛੱਡ ਜੱਗ ਦੇ ਝਮੇਲੇ

ਇਸ਼ਕ ਅਜਿਹੀ ਕਸੌਟੀ, ਜਿਹੜੀ ਮਨ ਸਮਝਾਵੇ
ਪਹਿਲਾਂ ਮਨ ਗੁਮਰਾਹ ਕਰੇ, ਫਿਰ ਜਾਗ ਲਗਾਵੇ
ਬੈਂਸ, ਮਿਲ ਗਿਆ ਮਾਹੀ, ਜਿਹੜਾ ਬੁੱਕਲ ਚ ਖੇਲ੍ਹੇ

ਇਸ਼ਕ ਉਡਾਰੀ

ਮੈਂ ਇਸ਼ਕ ਦੀ ਸ਼ਾਇਰੀ ਲਿਖਦਾ, ਹੋਰ ਅਸਾਂ ਕੁਝ ਆਉਂਦਾ ਨਹੀਂ
ਅੱਖ ਲੜ ਗਈ ਬੇਪਰਵਾਹ ਨਾਲ, ਹੋਰ ਅਸਾਂ ਕੁਝ ਭਾਉਂਦਾ ਨਹੀਂ

ਇਸ਼ਕ ਮਨ ਚ ਬਿਰਹਾ ਜਗਾਵੇ, ਬਿਰਹਾ ਚੋਂ ਲੱਗੇ ਬਿਰਾਗ
ਜਿੰਨਾਂ ਪਿਆਰ ਚ ਬਿਰਹਾ ਸਤਾਵੇ, ਉਨੀਂ ਸੱਜਣ ਦੀ ਯਾਦ
ਜਿਹਦੇ ਦਿਲ ਮਾਹੀ ਵਸ ਜਾਵੇ, ਹੋਰ ਕਿਤੇ ਮਨ ਜਾਂਦਾ ਨਹੀਂ

ਜਿੰਨੀਂ ਯਾਦ ਸੱਜਣ ਦੀ ਆਵੇ, ਉਨੰਾਂ ਹੀ ਉਹਦਾ ਪਿਆਰ
ਰਾਹ ਤੱਕਾਂ ਬਨੇਰੇ ਚੜ੍ਹ ਚੜ੍ਹ ਕੇ, ਕਰਾਂ ਮਾਸਾ ਨਾ ਇਜ਼ਹਾਰ
ਸਖੀਆਂ ਚੋਰੀ ਮੋਰੀ ਖੇਡ੍ਹਣ, ਸਮਝ ਉਨ੍ਹਾਂ ਨੂੰ ਆਉਂਦਾ ਨਹੀਂ

ਸ਼ਾਇਰੀ ਦੇ ਵਿਚ ਘੱਲਾਂ ਸਨੇਹੇ, ਸ਼ਾਇਰੀ ਲਿਖ ਮਾਰਾਂ ਤ੍ਰਾਨੇ
ਸਾਇਰੀ ਲਿਖ ਕੇ ਕਰਾਂ ਜੋਦੜੀ, ਕਿਤੇ ਟੁੱਟ ਨਾ ਜਾਣ ਯਾਰਾਨੇ
ਬੇਕਦਰਾਂ ਦੀ ਖ਼ੈਰ ਹੋਵੇ, ਜਿਹੜਾ ਸੁਫਨੇ ਆਣ ਜਗਾਉਂਦਾ ਨਹੀਂ

ਦਿਲ ਦਾ ਦਰਦ ਦਿਲ ਚ ਰੱਖ ਕੇ, ਮਾਹੀ ਮਾਹੀ ਕਹਿਣਾ ਪੈਂਦਾ
ਕੱਲਿਆਂ ਬਹਿ ਕੇ ਰੋਣਾ ਪੈਂਦਾ, ਦਰਦ ਹਿਜਰ ਦਾ ਸਹਿਣਾ ਪੈਂਦਾ
ਦਿਲ ਦਾ ਦਰਦ ਜਿਗਰ ਚੋਂ ਉਠੇ, ਹੋਰ ਕਿਧਰੋਂ ਆਉਂਦਾ ਨਹੀਂ

ਵੈਦ, ਜਰਾਹ, ਰੋਗ ਨਾ ਬੁੱਝੇ, ਰੋਗ ਇਸ਼ਕ ਦਾ ਜੇ ਲੱਗ ਜਾਵੇ
ਅੰਦਰੋ ਅੰਦਰੀ ਖਾਲੀ ਕਰਦਾ, ਘੁਣ ਵਾਂਗ ਜਿਗਰ ਨੂੰ ਖਾਵੇ
ਲੱਗ ਜਾਂਦਾ ਦਿਲ ਖਾ ਜਾਂਦਾ, ਮੂਹੋਂ ਕਿਸੇ ਸੁਣਾਉਂਦਾ ਨਹੀਂ

ਇਸ਼ਕ ਦਾ ਰੋਗ ਅਵੱਲਾ ਏ, ਇਹੋ ਰਾਮ ਇਹੋ ਅੱਲਾ ਏ
ਆ ਸਖੀਏ ਤੈਨੂੰ ਯਾਰ ਮਿਲਾਵਾਂ, ਬੈਂਸ ਇਸ਼ਕ ਚ ਝੱਲਾ ਏ
ਦਰਦ ਜਿਗਰ ਜੇ ਨਾ ਖਾਵੇ, ਇਸ਼ਕ ਉਨ੍ਹਾਂ ਨੂੰ ਆਉਂਦਾ ਨਹੀਂ

ਵੇਖ ਰਹੀ ਵਿਸਮਾਦ

ਕੱਤਣਾ ਤੁੰਬਣਾ ਭੁੱਲ ਗਿਆ ਸਾਰਾ, ਜਦੋਂ ਆਈ ਸੱਜਣ ਦੀ ਯਾਦ
ਪ੍ਰੇਮ ਦੇ ਰਸ ਚ ਐਸੀ ਖੋਈ, ਸਖੀ ਰੀ ਵੇਖ ਰਹੀ ਬਿਸਮਾਦ

ਸਖੀਓ ਚਰਖੇ ਦੀਆਂ ਘੂਕਾਂ ਚੋਂ, ਮੈਨੂੰ ਮਾਹੀ ਚੇਤੇ ਆਉਂਦਾ ਏ
ਜੇ ਥੱਕ ਅੱਖ ਲੱਗ ਜਾਵੇ, ਮਾਹੀ ਸੁਫਨੇ ਆਣ ਜਗਾਉਂਦਾ ਏ
ਦੁਨੀਆਂਦਾਰੀ ਵਸਣ ਨਾ ਦੇਵੇ, ਹੋ ਗਈ ਮੈਂ ਬਰਬਾਦ

ਨੈਣਾਂ ਨਾਲ ਇੰਞ ਨੈਣ ਮਿਲ ਗਏ, ਜਿਵੇਂ ਦੁੱਧ ਵਿਚ ਪਾਣੀ
ਮਨ ਝੁਕ ਗਿਆ ਮੈਂ ਮਿਟ ਗਈ, ਇਹ ਸਾਡੀ ਪ੍ਰੀਤ ਕਹਾਣੀ
ਦਿਲ ਡੁੱਬ ਗਿਆ ਜੀ ਭਰ ਆਇਆ, ਨੈਣ ਕਰਨ ਫਰਿਆਦ

ਰੀਤ ਇਸ਼ਕ ਦੀ ਰੇਤ ਚ ਬਿਖਰੀ, ਕੀੜੀ ਬਣ ਕੇ ਖਾ ਲੈ
ਮੇਰੀ ਮੈਂ ਨੂੰ ਛੱਡ ਅੜੀਏ, ਝੁਕ ਝੁਕ ਕੇ ਯਾਰ ਮਨਾ ਲੈ
ਮਾਹੀ ਮਾਹੀ ਕਰਦੀ ਜਾਹ, ਇੰਞ ਲੱਗੇ ਇਸ਼ਕ ਦਾ ਜਾਗ

ਮੇਰੇ ਮਨ ਚ ਮਾਹੀ ਵਸਦਾ, ਜਿੱਧਰ ਵੇਖਾਂ ਮਾਹੀ ਦਿਸਦਾ
ਮੈਂ ਉਹਦੇ ਚ ਉਹ ਮੇਰੇ ਚ, ਕਰਾਂ ਸ਼ੁਕਰੀਆ ਸੱਚੇ ਰੱਬ ਦਾ
ਅਨਹਦ ਧੁੰਨ ਚ ਨਾਦ ਵੱਜਣ, ਜਦੋਂ ਕਰਾਂ ਮਾਹੀ ਨੂੰ ਯਾਦ

ਖੰਡ ਅਤੇ ਲੂਣ ਪਾਣੀ ਵਿਚ ਘੁਲ ਕੇ, ਹੋ ਗਏ ਪਾਣੀ ਪਾਣੀ
ਪਿਆਰ ਪਾ ਕੇ ਮੈਂ ਮਿਟ ਗਈ, ਇਸ਼ਕ ਦੀ ਇਹ ਕਹਾਣੀ
ਪਲ ਪਲ ਮਾਹੀ ਚੇਤੇ ਆਵੇ, ਬੈਂਸ ਪਲਕਾਂ ਕਰਨ ਫਰਿਆਦ

ਐਸੀ ਖੋਈ ਯਾਰ ਪਿਆਰ ਚ, ਲੱਥ ਗਿਆ ਘੁੰਡ ਸ਼ਰਮ ਦਾ
ਮਾਹੀ ਮਨ ਚ ਵਸਦਾ ਏ, ਕੰਮ ਮੁੱਕ ਗਿਆ ਕਰਮ ਧਰਮ ਦਾ
ਐਸੀ ਖੋਈ ਪ੍ਰੇਮ ਰਸ ਵਿਚ, ਸਖੀ ਰੀ, ਵੇਖ ਰਹੀ ਬਿਸਮਾਦ

ਟੁੱਟਦੀ ਨਹੀਂ ਤੋੜੀ

ਨੈਣ ਚੁਰਾ ਕੇ ਚੋਰੀ ਚੋਰੀ, ਮੈਂ ਪ੍ਰੀਤ ਸੱਜਣ ਨਾਲ ਜੋੜੀ
ਮਾਹੀ ਮੇਰੇ ਦਿਲ ਵਿਚ ਵਸ ਗਿਆ, ਹੁਣ ਟੁੱਟਦੀ ਨਹੀਂ ਤੋੜੀ

ਅੱਲ੍ਹੜਪਣੇ ਚ ਨੈਣ ਮਿਲਾ ਕੇ, ਪੈ ਗਈ ਸਾਡੀ ਯਾਰੀ
ਯਾਰ ਨਾਲ ਪਿਆਰ ਪਾ ਕੇ, ਲੱਗੀ ਇਸ਼ਕ ਬਿਮਾਰੀ
ਨਦੀ ਨਾਵ ਸੰਜੋਗੀ ਮੇਲੇ, ਇੰਵ ਮਿਲੀ ਸਾਰਸਾਂ ਜੋੜੀ

ਮਾਹੀ ਦੇ ਤਰਲੇ ਕਰਕੇ, ਪਿਆਰ ਦੇ ਵਾਧੇ ਕਰਕੇ
ਲਾ ਲਾ ਕੇ ਹਿਜਰ ਬਹਾਨੇ, ਆ ਪਹੁੰਚੇ ਤੇਰੇ ਦਰ ਤੇ
ਦੋ ਕਲਬੂਤ ਚ ਜਿਗਰ ਇਕ, ਐਸੀ ਕਲਮ ਮਰੋੜੀ

ਹੁਸਨ ਦਾ ਵਾਰ ਚਲਾ ਕੇ, ਮਾਹੀ ਨੇ ਦਿਲ ਮੋਹ ਲਿਆ
ਨੈਣਾ ਨਾਲ ਨੈਣ ਮਿਲਾ ਕੇ, ਦਿਲ ਦਾ ਚੈਨ ਖੋਹ ਲਿਆ
ਦਰ ਦਰ ਤੈਨੂੰ ਫਿਰਾਂ ਭਾਲਦੀ, ਗਲੀਆਂ ਚ ਚੋਰੀ ਚੋਰੀ

ਪਿਆਰ ਦਾ ਲਾਰਾ ਲਾ ਕੇ, ਬੈਂਸ ਦਾ ਦਿਲ ਧੜਕਾ ਕੇ
ਨੈਣਾਂ ਨਾਲ ਨੈਣ ਮਿਲਾ ਕੇ, ਪਿਆਰ ਦਾ ਫੰਧਾ ਪਾ ਕੇ
ਮਸਤੀ ਵਿਚ ਨਾਚ ਨਚਾਵਾਂ, ਨਾਲੇ ਗਾਵਾਂ ਹੌਲੀ ਹੌਲੀ

ਪ੍ਰੀਤ ਦੀ ਜੋਤ ਜਗਾ ਕੇ, ਪਾਇਆ ਕਰਮਾਂ ਦਾ ਮੋਤਾ
ਤੂੰ ਬਣਿਆ ਮੇਰਾ ਚੰਨ ਮਾਹੀ, ਮੈਂ ਬਣ ਗਈ ਚਕੋਰਾ
ਮਿਲਣ ਬਿਨ ਚੈਨ ਨਾ ਆਵੇ, ਹੁਣ ਮੁੜਦੀ ਨਾ ਮੋੜੀ

ਤੂੰ ਕਾਲੀ ਘਟਾ ਮੈਂ ਮੋਰਾ, ਤੇਰਾ ਮੇਰਾ ਪਿਆਰ ਚਰੋਰਾ
ਤੂੰ ਗਰਜੇਂ ਮੈਂ ਬਰਸਾਂ, ਨੱਚਾਂ ਨਾਲੇ ਕਰਾਂ ਨਿਉਹੋਰਾ
ਵੇਖ ਵੇਖ ਮੈਂ ਪੈਲਾਂ ਪਾਵਾਂ, ਨਾਲੇ ਖੇਡ੍ਹਾਂ ਚੋਰੀ ਮੋਰੀ

ਮਨ ਦੀ ਮੈਂ ਮੁੱਕ ਗਈ, ਮਮਤਾ ਦੀ ਚਾਹ ਟੁੱਟ ਗਈ
ਮੇਰਾ ਤੇਰਾ ਬਣ ਗਿਆ, ਮਾਹੀ ਅੱਗੇ ਨਜ਼ਰ ਝੁਕ ਗਈ
ਮਾਹੀ ਨੇ ਪ੍ਰੀਤ ਪਾਈ, ਬੈਂਸ, ਹੁਣ ਟੁੱਟਦੀ ਨਹੀਂ ਤੋੜੀ

ਨਾ ਫੰਭਾ ਨਾ ਰੂੰ

ਮਨ ਦੀ ਮੈਲ ਨਹੀਂ ਜਾਂਦੀ, ਸਿਆਹ ਹੋਇਆ ਲੂੰ ਲੂੰ
ਚੱਕ ਲੋ ਚੱਕ ਲੋ ਹੋਣ ਲੱਗੀ, ਨਾ ਫੰਭਾ ਰਿਹਾ ਨਾ ਰੂੰ

ਜਦੋਂ ਚੜ੍ਹ ਆਈ ਜੁਆਨੀ, ਭੁੱਲ ਗਈ ਲਾਭ ਹਾਨੀ
ਜੱਗ ਕੀੜੀਆਂ ਵਾਂਗ ਜਾਪੇ, ਮਰਦ ਤੇ ਨਾਲ ਜਨਾਨੀ
ਮੁੜ ਮੁੜ ਤੱਕਾਂ ਪੜਛਾਵੇਂ, ਆਈ ਮਨ ਚ ਐਡੀ ਹੂੰ

ਜਿੰਦੜੀ ਮੈਂ ਮਾਣ ਪਰੋਈ, ਆਖੇ ਮੰਨਦਾ ਨਹੀਂ ਕੋਈ
ਕਿਹਨੂੰ ਆਖਾਂ ਕਿਹਨੂੰ ਛੱਡਾਂ, ਕ੍ਰੋਧ ਚ ਫਿਰਦੀ ਖੋਈ
ਤੁਸੀਂ ਕਿਸੇ ਨੂੰ ਨਾ ਆਖਾਂ, ਆਖਾਂ ਸਭਨਾ ਨੂੰ ਤੂੰ ਤੂੰ

ਬਣ ਗਏ ਮਾਹੀ ਭੈਣ ਭਾਈ, ਗਈ ਟੱਬਰਾਂ ਚ ਖੋ
ਹੁਣ ਜੱਗ ਤੋਂ ਕੀ ਲੈਣਾ, ਖਿੱਚੇ ਅਪਣਿਆਂ ਦਾ ਮੋਹ
ਬੈਂਸ, ਜਾਣ ਦਾ ਵੇਲਾ ਆਇਆ, ਬੋਲੇ ਕੁੱਕੜੂੰ ਘੜੂੰ

ਜੱਗ ਵਿਚ ਆ ਕੇ ਇੱਥੇ, ਅਸਾਂ ਪਾ ਲਿਆ ਪਿਆਰ
ਜਿਹਨੇ ਨਜ਼ਰ ਮਿਲਾਈ, ਉਹਨੂੰ ਬਣਾ ਲਿਆ ਯਾਰ
ਇਸ ਜੱਗ ਦੇ ਪਿਆਰ ਵਿਚ, ਡੁੱਬ ਗਿਆ ਲੂੰ ਲੂੰ

ਜਿਨ੍ਹਾਂ ਕੀਤਾ ਮਾਣ ਜਿੰਦੜੀ ਦਾ, ਹੰਭ ਜਾਣ ਭੱਜ ਭੱਜ
ਜਿਨ੍ਹਾਂ ਸਿੱਖਿਆ ਨਾ ਪਿਆਰ, ਉਹ ਕ੍ਯਾਨੂੰ ਆਏ ਜੱਗ
ਨੰਗਾ ਆਇਆ ਨੰਗੇ ਜਾਣਾ, ਅਸਾਂ ਛੱਡਣੀ ਨਹੀਂ ਹੂੰ

ਤੈਨੂੰ ਘੱਲਿਆ ਸੀ ਜੱਗ ਵਿਚ, ਨੀਵੀਂ ਹੋ ਕੇ ਚੱਲੇਂ
ਲੱਗੇ ਸਾਰਾ ਜੱਗ ਪਿਆਰਾ, ਸੁਖ ਦੁਖ ਚ ਨਾ ਹੱਲੇਂ
ਪਾ ਕੇ ਮਾਹੀ ਨਾਲ ਪਿਆਰ, ਕਰੀ ਜਾਵੇਂ ਤੂੰ ਹੀ ਤੂੰ

ਬਿਗੜੀ ਸੁਆਰ ਦਿਓ

ਬਿਗੜੀ ਬਣਾਉਣੇ ਵਾਲੇ, ਬਿਗੜੀ ਸੁਆਰ ਦਿਓ
ਜਿਵੇਂ ਤੂੰ ਬਣਾਇਆ ਜੱਗ, ਉਵੇਂ ਹੀ ਪਿਆਰ ਦਿਓ

ਕਰਕੇ ਤੂੰ ਇਕ ਇਸ਼ਾਰਾ, ਸਾਜ ਦਿੱਤਾ ਜੱਗ ਸਾਰਾ
ਬੂਟੇ ਫੁੱਲ ਫਲ ਲਾਏ, ਬਣਾਇਆ ਇਨਸਾਨ ਨਿਆਰਾ
ਇਹੋ ਮਹਿਕ ਪਿਆਰ ਭਰੀ, ਬੈਂਸ ਤੇ ਵਾਰ ਦਿਓ

ਨਿੱਕੀ ਜਿਹੀ ਜਾਨ ਮੇਰੀ, ਆਖੇ ਨਹੀਂ ਲਗਦੀ ਮੇਰੇ
ਚੇਤੇ ਕਰਨ ਤੋਂ ਮਾਹੀ ਨੂੰ, ਕਰਦੀ ਪਈ ਝਗੜੇ ਝੇੜੇ
ਕਮਲੀ ਤੇ ਕਰਮ ਕਰਕੇ, ਤੱਤੜੀ ਨੂੰ ਤਾਰ ਦਿਓ

ਹਰ ਇਕ ਸ਼ੈ ਬਣਾ ਕੇ, ਮਨ ਨੂੰ ਆਜ਼ਾਦ ਬਣਾਇਆ
ਆਪ ਵਿਚ ਛੁਪ ਕੇ ਬੈਠਾ, ਅਕਲ ਤੇ ਪੜਦਾ ਪਾਇਆ
ਪੜਦੇ ਦੇ ਓਲ੍ਹਿਓਂ ਮਾਹੀ, ਤੀਰ ਨਜ਼ਰ ਦਾ ਮਾਰ ਦਿਓ

ਸੁਣ ਮਨ ਮੇਰੇ, ਉਹਨੂੰ ਤਨ ਮਨ ਤੋਂ ਚੇਤੇ ਕਰਿਆ ਕਰ
ਚੇਤੇ ਕਰ ਕੇ ਮਾਹੀ ਨੂੰ, ਉਹਦੇ ਪਿਆਰ ਚ ਮਰਿਆ ਕਰ
ਰੁੜ੍ਹਦੀ ਜਾਂਦੀ ਬੇੜੀ ਨੂੰ, ਹੱਥ ਦੇ ਕੇ ਪਾਰ ਉਤਾਰ ਦਿਓ

ਆ ਵਸ ਵਿਹੜੇ ਮੇਰੇ ਵੇ, ਕਿਰਪਾ ਕਰਕੇ ਪ੍ਰਾਣਪਤੇ
ਜੀਅੜੇ ਨੂੰ ਸਮਝਾ ਦੇਵੋ, ਹਰ ਦਮ ਤੇਰਾ ਨਾਮ ਜਪੇ
ਜੀ ਨਾਲ ਜੀ ਮਿਲਾ ਕੇ, ਬੈਂਸ ਦਾ ਸੀਨਾਂ ਠਾਰ ਦਿਓ

ਮੇਰਾ ਜੀਅੜਾ ਮੰਗੇ ਦੁਆਵਾਂ, ਤੂੰ ਜੀਵੇਂ ਮੈਂ ਮਰ ਜਾਵਾਂ
ਨੈਣ ਝੁਕਾ ਕੇ ਕਰਾਂ ਜੋਦੜੀ, ਨਾਲੇ ਚਰਨੀ ਸੀਸ ਝੁਕਾਵਾਂ
ਮਾਹੀ ਤੂੰ ਮੇਰਾ ਮੈਂ ਤੇਰੀ, ਪਿਆਰ ਤੱਤੀ ਤੇ ਵਾਰ ਦਿਓ

ਇਸ਼ਕ ਕਰੇਂਦਾ ਹੱਲੇ

ਐਵੇਂ ਬੇਸਮਝੀ ਚ ਲਾ ਬੈਠੀ, ਹੁਣ ਇਸ਼ਕ ਕਰੇਂਦਾ ਹੱਲੇ
ਜੰਗਲ ਬੇਲੇ ਚਿੱਕੜ ਰਾਵ੍ਹਾਂ, ਜੇ ਨਾਲ ਮੇਰੇ ਕੋਈ ਚੱਲੇ

ਉਮਰ ਅੰਞਾਣੀ ਸਾਰ ਨਾ ਜਾਣਾ, ਮੈਂ ਝੋਕ ਸੱਜਣ ਦੀ ਜਾਣਾ
ਰੁਕ ਜਾਸਾਂ ਤਾਂ ਨੇਹ ਟੁੱਟ ਜਾਸੀ,ਨਾਲੇ ਸਧਰਾਂ ਨੇ ਮੁੱਕ ਜਾਣਾ
ਡੋਰ ਪਿਆਰ ਦੀ ਖਿੱਚੀ ਜਾਵੇ, ਹੁਣ ਮੁੱਕ ਗਏ ਖੇਡ੍ਹ ਅਵੱਲੇ

ਨਾ ਕੋਈ ਮੇਰਾ ਸੰਗੀ ਸਾਥੀ, ਹੁਣ ਕੋਈ ਨਾ ਰਿਹਾ ਸਵਾਲੀ
ਜੇ ਕੋਈ ਮੇਰਾ ਯਾਰ ਮਿਲਾਵੇ, ਮੈਂ ਦੇ ਸਾਂ ਪਿਆਰ ਦਲਾਲੀ
ਪਿਆਰ ਤੇਰੇ ਚ ਫਿਰਾਂ ਗੁਆਚੀ, ਕੋਈ ਵਾਹ ਨਾ ਮੇਰਾ ਚੱਲੇ

ਬਨੇਰੇ ਚੜ੍ਹ ਚੜ੍ਹ ਕਾਗ ਉੜਾਵਾਂ, ਲੀਕਾਂ ਲਾ ਯਾਰ ਮਨਾਵਾਂ
ਤੂੰ ਹੀ ਮੇਰਾ ਰਾਂਝਣ ਮਾਹੀ, ਤੇਰੀ ਆਈ ਮੈਂ ਮਰ ਜਾਵਾਂ
ਮਰ ਕੇ ਮਾਹੀ ਦੇ ਦਰ ਜਾਵਾਂ, ਜੇ ਮੇਰਾ ਯਾਰ ਸੁਨੇਹਾ ਘੱਲੇ

ਮੇਰੇ ਦਿਲ ਚ ਚਾਹ ਸੱਜਣ ਦੀ, ਮੈਂ ਫਿਰਦੀ ਚਾਈਂ ਚਾਈਂ
ਮੈਂ ਭਾਲਾਂ ਅਪਣੀਆਂ ਸਖੀਆਂ ਨੂੰ, ਜੇ ਮੇਲ ਕਰਾਵਣ ਮਾਹੀ
ਜੀ ਨਹੀਂ ਲਗਦਾ ਕੱਲੀ ਦਾ, ਹੁਣ ਦੁਖ ਨਹੀਂ ਜਾਂਦੇ ਝੱਲੇ

ਬਣ ਗਈ ਸੁਹਣੇ ਸੱਜਣਾ ਦੀ, ਹੁਣ ਮੈਂ ਦਾ ਬਣ ਗਿਆ ਤੂੰ
ਜਦੋਂ ਯਾਦ ਮਾਹੀ ਦੀ ਆਉਂਦੀ ਏ, ਮੈਂ ਕਰਦੀ ਹੂੰ ਹੂੰ ਹੂੰ
ਮੇਰਾ ਰਾਂਝਣ ਮੈਂ ਚ ਵਸਦਾ, ਬੈਂਸ ਹੁਣ ਨਹੀਂ ਅਸਾਂ ਇਕੱਲੇ

ਫ਼ਕੀਰੀ ਰੰਗ

ਮਿਹਰ ਕਰੋ ਮੇਰੇ ਸਈਆਂ, ਅਸਾਂ ਦਿਓ ਸਾਧ ਦਾ ਸੰਗ
ਜਿਉਂ ਜਿਉਂ ਮਨ ਯਾਰ ਵੱਲ ਚੱਲੇ, ਚੜ੍ਹੇ ਫਕੀਰੀ ਰੰਗ

ਤੇਰੀ ਦਾਤ ਸਭ ਤੈਥੋਂ ਮਿਲਦੀ, ਤੂੰ ਜਾਣਦਾ ਸਭ ਦੇ ਦਿਲ ਦੀ
ਕਿਸੇ ਮੰਗਾਵੇਂ ਭੀਖ ਰਿਜਕ ਦੀ, ਕਿਸੇ ਘਰ ਬੈਠਿਆਂ ਮਿਲਦੀ
ਸਭ ਕਰਮਾਂ ਦੀ ਖੇਡ੍ਹ ਬਣਾਵੇਂ, ਵੇਖ ਵੇਖ ਰਹਿ ਜਾਵਾਂ ਦੰਗ

ਤੂੰ ਦਾਤਾ ਮੈਂ ਮੰਗਤੀ ਤੇਰੀ, ਭੈਰੋ ਵਾਲੀ ਪਾ ਲਈ ਫੇਰੀ
ਦਰ ਦਰ ਤੈਨੂੰ ਫਿਰਾਂ ਭਾਲਦੀ, ਜੇ ਸੂਹ ਮਿਲ ਜਾਵੇ ਤੇਰੀ
ਦਰ ਦਰ ਜਾ ਵਾਸਤੇ ਪਾਵਾਂ, ਮੈਂ ਬਣ ਗਈ ਮਸਤ ਮਲੰਗ

ਗਲ ਚ ਬਗਲੀ ਹੱਥ ਚ ਕਾਸਾ, ਲਾ ਲਾ ਬਾਜ਼ੀ ਖੇਡ੍ਹਾਂ ਪਾਸਾ
ਦਿਲ ਚ ਸੀਖ ਪਿਆਰ ਦੀ ਲਾ ਕੇ, ਬਣੀ ਜੱਗ ਦਾ ਹਾਸਾ
ਜਿੱਥੇ ਕੋਈ ਦੱਸੇ ਉਥੇ ਜਾਵਾਂ, ਪਈ ਕਰਾਂ ਸਾਧਾਂ ਦਾ ਸੰਗ

ਸਭ ਰੰਗ ਬਰੰਗੀ ਬਾਜ਼ੀ ਖੇਡ੍ਹਣ, ਕੋਈ ਜਿੱਤੇ ਕੋਈ ਹਾਰੇ
ਸਭ ਅਪਣੀ ਅਪਣੀ ਬੀਨ ਵਜਾਉਂਦੇ, ਮਾਹੀ ਦੇ ਰੰਗ ਨਿਆਰੇ
ਜਿਉਂਦੇ ਜੀ ਮਰਨਾ ਪੈਂਦਾ, ਮਨ ਹਾਰ ਕੇ ਜਿੱਤ ਹੋਵੇ ਜੰਗ

ਤੇਰੇ ਹੱਥ ਸਾਡੀ ਡੋਰ ਸੱਜਣਾ, ਅਸਾਂ ਤੇਰਾ ਲਾਡ ਲਡਾਇਆ
ਮੈਂ ਤੇਰੀ ਤੂੰ ਮੇਰਾ ਰਾਂਝਣ, ਤੇਰੇ ਬਦਲੇ ਜੱਗ ਲੁਟਾਇਆ
ਅੜੀਏ ਬਣ ਸੰਤਾਂ ਦੀ ਰੇਣਕਾ, ਨਾਲੇ ਕਰ ਸਾਂਧਾਂ ਦਾ ਸੰਗ

ਸੰਤਾਂ ਦੀ ਮੈਂ ਗੋਲੀ ਬਣਸਾਂ, ਸਾਧਾਂ ਦੀ ਮੈਂ ਬਣ ਸਾਂ ਦਾਸੀ
ਇਸ਼ਕ ਸਮੁੰਦਰ ਦਿਲ ਦੇ ਅੰਦਰ, ਵਿਚੇ ਫਿਰਾਂ ਪਿਆਸੀ
ਵਾਰ ਇਸ਼ਕ ਦਾ ਖਾ ਕੇ, ਬੈਂਸ ਨੂੰ ਚੜ੍ਹਿਆ ਫਕੀਰੀ ਰੰਗ

ਪਿਆਰ ਦਾ ਸੰਸਾਰ

ਵੇਖੀਂ ਕਿਤੇ ਭੁੱਲ ਜਾਵੇ, ਪਿਆਰ ਦਾ ਸੰਸਾਰ ਹੈ
ਪਿਆਰ ਚ ਰੱਬ ਵਸੇ, ਇਹੋ ਮਾਹੀ ਦਾ ਸੰਗਾਰ ਹੈ

ਜਦੋਂ ਯਾਦ ਉਹਦੀ ਆਵੇ, ਚੜ੍ਹੇ ਨਸ਼ੇ ਦਾ ਸਰੂਰ
ਵਸੇ ਪਲਕਾਂ ਦੇ ਉਲੇ, ਰਹੇ ਅੱਖੀਆਂ ਤੋਂ ਦੂਰ
ਮਾਹੀ ਨਜ਼ਰ ਨਾ ਆਵੇ, ਖੋਇਆ ਦਿਲ ਦਾ ਕਰਾਰ ਹੈ

ਪਿਆਰ ਪਾ ਕੇ ਸੁਹਣਿਆਂ ਵੇ, ਰੁੱਸ ਨਹੀਂ ਜਾਈਦਾ
ਕੱਚੇ ਪਿੱਲੇ ਵਾਧੇ ਕਰ, ਐਵੇਂ ਦਿਲ ਨਹੀਂ ਦੁਖਾਈਦਾ
ਉਹ ਭੀ ਤੈਨੂੰ ਲੋਚਦਾ ਏ, ਜਿਹਦਾ ਤੈਨੂੰ ਇੰਤਜ਼ਾਰ ਹੈ

ਗਰਜਦਾ ਏ ਜਿੱਥੇ, ਕਦੀ ਵਰਸਦਾ ਨਹੀਂ ਉਥੇ
ਵਰਸਦਾ ਏ ਜਿੱਥੇ, ਕੋਈ ਤਰਸਦਾ ਨਹੀਂ ਉਥੇ
ਵਰਸਦਾ ਏ ਜਦੋਂ, ਹੁੰਦਾ ਸੀਨਾਂ ਠੰਢਾ ਠਾਰ ਹੈ

ਕਰ ਮਾਹੀ ਦਾ ਦਿਦਾਰ, ਬੈਠ ਓਸ ਦੀ ਹਜੂਰੀ
ਅੱਗੇ ਪਲਕਾਂ ਝੁਕਾ ਕੇ, ਮੰਗ ਪਿਆਰ ਮਜ਼ਦੂਰੀ
ਦਿਲ ਦੇ ਦਿਲ ਲੈ, ਇਹੋ ਪਿਆਰ ਦਾ ਕਰਾਰ ਹੈ

ਬੈਂਸ ਉਹਨੂੰ ਚੇਤੇ ਕਰ, ਫਿਰ ਉਹ ਵੀ ਕਰੇਗਾ
ਤੂੰ ਉਹ ਤੇ ਜਾਨ ਵਾਰ, ਉਹ ਤੇਰੇ ਉਤੇ ਮਰੇਗਾ
ਮਿਲੇ ਦਿਲ ਨਾਲ ਦਿਲ, ਇਹੋ ਮਾਹੀ ਦਾ ਪਿਆਰ ਹੈ

ਦਰ ਦਰ ਮੰਗਣਾ

ਭਾ ਅਲਬੇਲਾ ਇਸ਼ਕ ਦਾ, ਚੜ੍ਹ ਜਾਏ ਨਹੀਂ ਵੰਞਣਾ
ਹੱਥ ਕਾਸਾ ਮੋਢੇ ਕੰਮਲੀ, ਦਰ ਦਰ ਪੈਂਦਾ ਮੰਗਣਾ

ਰੋਗ ਪਿਆਰ ਦਾ ਅਵੱਲਾ, ਜਾਣੇ ਰਾਮ ਨਾ ਅੱਲਾ
ਕਰੇ ਮਾਹੀ ਮਾਹੀ ਮਾਹੀ, ਹੋ ਕੇ ਇਸ਼ਕ ਚ ਝੱਲਾ
ਸੀਸ ਤਲੀ ਉਤੇ ਰੱਖ, ਪਿਆਰ ਦੀ ਗਲੀ ਚੋਂ ਲੰਘਣਾ

ਬੈਠ ਮੱਸਿਆ ਦੀ ਰਾਤ, ਗਿਣਾ ਕੱਲਾ ਕੱਲਾ ਤਾਰਾ
ਚੰਨ ਚਾਨਣੀ ਦੇ ਬਦਲੇ, ਅੱਜ ਆ ਜਾ ਮੇਰੇ ਯਾਰਾ
ਪਾ ਕੇ ਅੱਖ ਵਿਚ ਅੱਖ, ਅਸਾਂ ਤੇਰਾ ਦਿਲ ਮੰਗਣਾ

ਮੇਰਾ ਮਾਹੀ ਦਾ ਪਿਆਰ, ਜਿਵੇਂ ਕਮਲ ਨੀਰ ਯਾਰ
ਉਹਦੇ ਪਿਆਰ ਦੇ ਹਿਜਰ, ਖਾਵਾਂ ਪਲਕਾਂ ਦੀ ਮਾਰ
ਮੋਇਆ ਜੀਣ ਨਾ ਦੇਵੇ, ਮੋਏ ਨੇ ਸੂਲੀ ਉਤੇ ਟੰਗਣਾ

ਤੇਰੇ ਨਾਲ ਅੱਖਾਂ ਲਾ ਕੇ, ਖੋਇਆ ਦਿਲ ਦਾ ਕਰਾਰ
ਤੇਰੀ ਯਾਦ ਦੇ ਹਿਜਰ, ਬੈਂਸ ਹੋ ਗਿਆ ਬਿਮਾਰ
ਬੇੜੀ ਨਹੀਂ ਤੁੱਲਾ ਨਹੀਂ, ਕਿਵੇਂ ਵੰਞਾਂ ਪਾਰ ਵੰਞਣਾ

ਇਲਾਜ ਕਿਹਤੋਂ ਕਰਾਵਾਂ, ਕੋਈ ਮਰਜ਼ ਨਾ ਜਾਣੇ
ਕੋਈ ਗਰਮੀਂ ਨਾ ਸਰਦੀ, ਆਖ ਛੱਡਦੇ ਸਿਆਣੇ
ਅੜੀਏ ਹੋ ਜਾ ਨਿਮਾਣੀ, ਉਵੇਂ ਨਹੀਂ ਯਾਰ ਮੰਨਣਾ

ਮਾਹੀ ਮੇਰੇ ਵਿਚ ਵਸੇ, ਭੇਦ ਆਪਣਾ ਨਾ ਦੱਸੇ
ਨੈਣੋਂ ਨੀਂਦ ਉੜਾ ਕੇ, ਸਾਰੀ ਰਾਤ ਜਗਾਈ ਰੱਖੇ
ਬੈਂਸ ਹੋ ਜਾ ਨਿਮਾਣਾ, ਜੇ ਮਾਹੀ ਦੇ ਰੰਗ ਰੰਗਣਾ

ਬੇਪਰਵਾਹੀਆਂ

ਸੱਜਣਾ ਵੇ ਅਸਾਂ ਅੱਲ੍ਹੜਪਣੇ ਚ, ਅੱਖੀਆਂ ਤੇਰੇ ਨਾਲ ਲਾਈਆਂ
ਤੂੰ ਮਸਾਲ ਮੈਂ ਚਾਨਣ ਤੇਰਾ, ਸਭ ਤੇਰੀਆਂ ਬੇਪਰਵਾਹੀਆਂ

ਤੇਰੇ ਪਿਆਰ ਚ ਨੱਚਾਂ ਗਾਵਾਂ, ਤੈਨੂੰ ਦਿਲ ਦਾ ਹਾਲ ਸੁਣਾਵਾਂ
ਸੁੱਧ ਬੁੱਧ ਖੋ ਜਾਵੇ ਮੇਰੀ, ਨੱਚ ਨੱਚ ਅਪਣਾ ਆਪ ਗੁਆਵਾਂ
ਤੂੰ ਜਲੇਂ ਮੈਂ ਸੜ ਮਰ ਜਾਵਾਂ, ਦਿਲ ਮੰਗੇ ਇਹੋ ਦੁਆਈਆਂ

ਤੂੰ ਚੰਨ ਤੇਰੀ ਸੀਤ ਚਾਨਣੀ, ਮਨ ਚਾਹੇ ਤੇਰੀ ਪ੍ਰੀਤ ਜਾਨਣੀ
ਤੇਰੇ ਪਿਆਰ ਨੇ ਸੱਜਣਾ ਵੇ, ਕਰ ਦਿੱਤਾ ਮੇਰਾ ਚਿੱਤ ਛਾਨਣੀ
ਤੇਰੇ ਪਿਆਰ ਦੀ ਮਾਰੀ ਸੱਜਣਾ, ਪਾਉਂਦੀ ਫਿਰਾਂ ਦੁਹਾਈਆਂ

ਨੈਣ ਭੀ ਤੇਰੇ ਦਿਲ ਭੀ ਤੇਰਾ, ਜਿੰਦ ਭੀ ਤੇਰੀ ਦੀਵਾਨੀ
ਕਜਲਾ ਬਣ ਵਗ ਪਲਕਾਂ ਚੋਂ, ਦੇ ਕੇ ਪਿਆਰ ਨਿਸ਼ਾਨੀ
ਨੈਣਾਂ ਦੀ ਨੀਂਦ ਗੁਆਚੀ, ਅੱਖੀਆਂ ਤੇਰੇ ਨਾਲ ਲਾਈਆਂ

ਮੈਂ ਤੇਰੀ ਤੂੰ ਮੇਰਾ ਵੇ ਸੱਜਣਾ, ਹੁਣ ਦਿਲ ਨਹੀਂ ਵਸ ਮੇਰੇ
ਚੰਨਾਂ, ਆ ਵਸ ਵਿਹੜੇ ਮੇਰੇ ਵੇ, ਮੈਂ ਸ਼ਗਨ ਮਨਾਵਾਂ ਤੇਰੇ
ਬੈਂਸ ਭੀ ਤੇਰਾ ਜੱਗ ਭੀ ਤੇਰਾ, ਸਭ ਤੇਰੀਆਂ ਬੇਪਰਵਾਹੀਆਂ

ਮੈਂ ਤੜਫਾਂ ਵਾਂਗ ਬਬੀਹੇ ਦੇ, ਤੇਰੇ ਚਰਨ ਕਮਲ ਦੀ ਪਿਆਸ
ਦਿਲ ਪੁਕਾਰੇ ਆ ਮੇਰੇ ਪਿਆਰੇ, ਅਸਾਂ ਰੱਖੀ ਦਿਲ ਚ ਆਸ
ਸੁਰਮਾ ਪਾ ਕੇ ਆਏਗਾ, ਉਹਨੇ ਅੱਖੀਆਂ ਬੈਂਸ ਨਾਲ ਲਾਈਆਂ

ਯਾਰ ਦਾ ਹੁਸਨ

ਯਾਰ ਦਾ ਪਿਆਰ ਨਹੀਂ ਜੀਣ ਦਿੰਦਾ, ਮਾਹੀ ਪਲਕਾਂ ਓਲ੍ਹੇ ਵਸਦਾ ਏ
ਅੱਖੀਆਂ ਚੋਂ ਅੱਥਰੂ ਵਗਦੇ ਏ, ਉਹਦਾ ਪਿਆਰ ਨਾਗ ਬਣ ਡੱਸਦਾ ਏ

ਅੱਖ ਦਿਲ ਦੀ ਹਾਲਤ ਦਸਦੀ ਏ, ਉਹ ਦਿਲ ਦੇ ਇਸ਼ਾਰੇ ਨੱਚਦੀ ਏ
ਜਿਵੇਂ ਚੋਰ ਦਾ ਜਾਰ ਗਵਾਹ ਹੋਵੇ, ਉਵੇਂ ਦਿਲ ਪਿੱਛੇ ਅੱਖ ਨੱਸਦੀ ਏ
ਪਿਆਰ ਚ ਜਦੋਂ ਦਿਲ ਡੁੱਬ ਜਾਵੇ, ਫੋਰ ਅੱਖ ਦਾ ਹਾਲਤ ਦੱਸਦਾ ਏ

ਭੁੱਲ ਜਾਵਾਂ ਅੱਖ ਭਰ ਆਉਂਦੀ ਏ, ਕੀਤੇ ਵਾਧੇ ਯਾਦ ਕਰਾਉਂਦੀ ਏ
ਅੱਖ ਮਿਲ ਕੇ ਅੱਖ ਸ਼ਰਮਾਉਂਦੀ ਏ, ਮਨ ਮਾਹੀ ਵੱਲ ਭਜਾਉਂਦੀ ਏ
ਹੁਣ ਪਿਆਰ ਦੇ ਲਾਂਬੂ ਮਚਦੇ ਨੇ, ਉਹਦਾ ਨਾਂ ਲਬਾਂ ਤੇ ਵਸਦਾ ਏ

ਸ਼ਕਲ ਮਾਹੀ ਦੀ ਨੈਣਾਂ ਚ ਵਸਦੀ, ਯਾਦ ਆਵੇ ਅੱਖ ਭਰ ਆਉਂਦੀ ਏ
ਦਿਲ ਘਬਰਾਵੇ ਵਾਸਤੇ ਪਾਵੇ, ਰਾਤਾਂ ਨੂੰ ਨੀਂਦ ਨਹੀਂ ਆਉਂਦੀ ਏ
ਨੈਣਾਂ ਦਾ ਨੀਰ ਨਚੋੜ ਦੇਵੇ, ਦਿਲ ਮਾਹੀ ਦੇ ਪਿਆਰ ਚ ਨੱਚਦਾ ਏ

ਉਹਦੇ ਅੱਲ੍ਹੜ ਨੈਣ ਨਸ਼ੀਲੇ ਨੇ, ਕਾਲੇ ਨਾਗ ਵਾਂਗ ਜ਼ਹਿਰੀਲੇ ਨੇ
ਜਿਹਨੂੰ ਲੜ ਜਾਂਦੇ ਦਿਲ ਖੜ੍ਹ ਜਾਂਦੇ, ਹੱਥ ਪੈਰ ਹੋ ਜਾਣ ਨੀਲੇ ਨੇ
ਨਸ਼ਾ ਚੜ੍ਹ ਗਿਆ ਇਸ਼ਕੇ ਦਾ, ਮਾਹੀ ਬੈਂਸ ਦੇ ਨੈਣਾਂ ਚ ਵਸਦਾ ਏ

ਦਿਲ ਮੇਰਾ ਡੁਬ੍ਹਕੀਆਂ ਖਾਂਦਾ ਏ, ਜਦੋਂ ਯਾਦ ਮਾਹੀ ਦੀ ਆਉਂਦੀ ਏ
ਸੁਫਨਿਆਂ ਚ ਆ ਕੇ ਮਿਲਦਾ ਏ, ਮੈਨੂੰ ਕੱਲਿਆਂ ਬੈਠ ਰੁਆਉਂਦੀ ਏ
ਜਦੋਂ ਦਿਲ ਪਿਆਰ ਚ ਖੋ ਜਾਵੇ, ਪਰਾਇਆਂ ਨੂੰ ਆਪਣਾ ਦੱਸਦਾ ਏ

ਮਾਹੀ ਦੀ ਪ੍ਰੀਤ

ਮਾਹੀ ਵੇ ਪ੍ਰੀਤ ਅਸਾਂ, ਤੇਰੇ ਨਾਲ ਪਾ ਲਈ
ਤੇਰੇ ਨਾਲ ਪਾ ਕੇ, ਯਾਦ ਰੱਬ ਦੀ ਭੁਲਾ ਲਈ

ਜਦੋਂ ਤੂੰ ਚੇਤੇ ਆਵੇਂ, ਚੈਨ ਦਿਲ ਦਾ ਲੈ ਜਾਵੇਂ
ਭਾਵੇਂ ਆਵੇਂ ਕਿ ਨਾ ਆਵੇਂ, ਤੱਕਾਂ ਤੇਰੇ ਪੜਛਾਵੇਂ
ਜੀ ਲਗਦਾ ਨਹੀਂ ਮੇਰਾ, ਇੰਨੀਂ ਮਮਤਾ ਵਧਾ ਲਈ

ਤੇਰੀ ਪ੍ਰੀਤ ਮੇਰੇ ਮਾਹੀ, ਗੱਲ ਬੜੀ ਅਲਬੇਲੀ
ਪਹਿਲਾਂ ਦਿੱਤਾ ਪਿਆਰ, ਫਿਰ ਬਣ ਗਿਆ ਬੇਲੀ
ਤੇਰੀ ਚਰਨ ਰਵਾਲ, ਅਸਾਂ ਸੀਸ ਉਤੇ ਲਾ ਲਈ

ਇੰਵ ਮਨ ਵਿਚ ਵਸੇਂ, ਜਿਵੇਂ ਚੰਨ ਤੇ ਚਕੋਰ
ਪਾ ਕੇ ਤੇਰੇ ਨਾਲ ਪ੍ਰੀਤ, ਪੈਲਾਂ ਪਾਵਾਂ ਵਾਂਗ ਮੋਰ
ਮੈਂ ਜੀ ਸਮਝਾਵਾਂ, ਇਹਨੇ ਰੱਟ ਤੇਰੀ ਲਾ ਲਈ

ਵਸੇਂ ਅੱਖੀਆਂ ਦੇ ਵਿਚ, ਵਸੇਂ ਪਲਕਾਂ ਦੇ ਓਲ੍ਹੇ
ਐਸੀ ਨਜ਼ਰ ਮਿਲਾਈ, ਭੇਦ ਜੀਅੜੇ ਦੇ ਖੋਲ੍ਹੇ
ਚੰਨਾਂ ਲੱਗ ਤੇਰੇ ਲੜ, ਅੱਖ ਜੱਗ ਤੋਂ ਹਟਾ ਲਈ

ਜੋ ਦਿਲ ਨਾਲ ਬੀਤੇ, ਤੈਨੂੰ ਲਿਖ ਕੇ ਸੁਣਾਵਾਂ
ਜਦੋਂ ਯਾਦ ਤੇਰੀ ਆਵੇ, ਮਨ ਨੱਚੇ ਮੈਂ ਗਾਵਾਂ
ਮਿਲੇ ਨੈਣਾਂ ਨਾਲ ਨੈਣ, ਅਸਾਂ ਨਜ਼ਰ ਝੁਕਾ ਲਈ

ਕਰ ਅੱਖ ਬੰਦ ਦਿਲ ਖੋਲ੍ਹ, ਮੈਂ ਤੇਰਾ ਰਾਹ ਤੱਕਾਂ
ਆ ਮਾਹੀ ਮੇਰੇ ਕੋਲ, ਤੈਨੂੰ ਹਾਲ ਦਿਲ ਦਾ ਦੱਸਾਂ
ਛੱਡ ਦੁਨੀਆਂ ਦੇ ਧੰਦੇ, ਬੈਂਸ ਤੇਰੇ ਨਾਲ ਲਾ ਲਈ

ਇਸ਼ਕ ਦਾ ਖ਼ੇਲ

ਇਸ਼ਕ ਜਾਣ ਕੇ ਹੁਸਨ ਨੂੰ, ਮਾਹੀ ਤੇ ਵਾਰ ਦਿਓ
ਤੀਰ ਨਜ਼ਰ ਦਾ ਮਾਰ ਕੇ, ਤੱਤਤੀ ਨੂੰ ਤਾਰ ਦਿਓ

ਇਸ਼ਕ ਦੇ ਬਾਝੋਂ ਹੁਸਨ ਦੀ, ਕੋਈ ਕਦਰ ਨਾ ਹੋਵੇ
ਹੁਸਨ ਨੂੰ ਇਸ਼ਕ ਖਿੜਾ ਦੇਵੇ, ਧੋਣੇ ਪਿਆਰ ਦੇ ਧੋ ਕੇ
ਇਸ਼ਕ ਹੁਸਨ ਰੁਸੂਆ ਕਰੇ, ਜੇ ਹੁਸਨ ਨੂੰ ਪਿਆਰ ਦਿਓ

ਕਦਰ ਇਸ਼ਕ ਦੀ ਤਦ ਪੈਂਦੀ, ਜਦ ਆਵੇ ਯਾਰ ਚੇਤੇ
ਮਨ ਚ ਮਾਹੀ ਵਸ ਜਾਵੇ, ਨਾਲੇ ਦਿਲ ਨੂੰ ਪੈਣ ਲਪੇਟੇ
ਪਾ ਕੇ ਮਾਲਾ ਪਿਆਰ ਦੀ, ਦਿਲ ਮਾਹੀ ਨੂੰ ਹਾਰ ਦਿਓ

ਮਾਹੀ ਮੇਰੇ ਚਿੱਤ ਚ ਵਸਦਾ, ਮੈਨੂੰ ਐਵੇਂ ਪੈਣ ਭੁਲੇਖੇ
ਅਸਾਂ ਲੁਕ ਲੁਕ ਝਾਤੀ ਮਾਰਨੀਂ, ਉਹ ਦੇਖੇ ਯਾ ਨਾ ਦੇਖੇ
ਮਾਹੀ, ਖ਼ੈਰ ਨਜ਼ਰਾਂ ਦੀ ਪਾ ਕੇ, ਤੱਤਤੀ ਨੂੰ ਤਾਰ ਦਿਓ

ਮੇਰਾ ਮਾਹੀ ਮੇਰਾ ਰਾਮ, ਚੇਤੇ ਕਰਦੀ ਸੁਬਹ ਸ਼ਾਮ
ਉਹੋ ਅੱਲਾ ਉਹੋ ਰੱਬ, ਰੱਖਾਂ ਉਹਦੇ ਵਿਚ ਧਿਆਨ
ਪੜਦਾ ਮੁਖ ਤੋਂ ਹਟਾ ਕੇ, ਪਲਕਾਂ ਚੋਂ ਪਿਆਰ ਦਿਓ

ਦਿਲ ਨਾਲ ਦਿਲ ਜੋੜ ਕੇ, ਖੁਲ੍ਹ ਜਾਵੇ ਦਿਲ ਦਾ ਪੜਦਾ
ਹੁਸਨ ਨਾਲ ਇਸ਼ਕ ਲੜਾ ਕੇ, ਮੁੱਕ ਜਾਵੇ ਸਾਰਾ ਕਰਜ਼ਾ
ਨੈਣਾਂ ਦਾ ਤੀਰ ਮਾਰ ਕੇ, ਜਿਗਰ ਦੇ ਪਾਰ ਉਤਾਰ ਦਿਓ

ਮਾਹੀ ਨਾਲ ਨੈਣ ਲੜਾ ਕੇ, ਮੇਰੇ ਹੋ ਗਏ ਨੈਣ ਸ਼ਰਾਬੀ
ਨੈਣਾਂ ਦੇ ਵਸ ਪੈ ਕੇ, ਕਰ ਲਈ ਦਿਲ ਦੀ ਬਰਬਾਦੀ
ਮੈਂ ਤੇਰੀ ਤੂੰ ਮੇਰਾ ਮਾਹੀ, ਹੁਸਨ ਬੈਂਸ ਤੇ ਵਾਰ ਦਿਓ

ਰਾਖ ਲੇ ਬਿਗੜੀ ਤੇ

ਨੈਣਾਂ ਨਾਲ ਨੈਣ ਮਿਲਾ ਕੇ, ਪਿਆਰ ਸੌਗਾਤ ਦਿਓ
ਤੱਤੜੀ ਤੇ ਕਰਮ ਕਰਕੇ, ਬਿਗੜੀ ਤੇ ਰਾਖ ਲਿਓ

ਦੁਖ ਭੰਜਨ ਦੀਨ ਕੇ ਦਾਤੇ, ਮੈਂ ਅੰਞਾਣੀ ਤੂੰ ਸਿਆਣਾ
ਕਿਵੇਂ ਮਾਹੀ ਨੂੰ ਮਨਾਵਾਂ, ਕੋਈ ਦੀਨ ਧਰਮ ਨਾ ਜਾਣਾ
ਤੇਰੇ ਦਰ ਸੀਸ ਝੁਕਾਵਾਂ, ਮਾਹੀ ਕੱਟ ਪੁੰਨ ਪਾਪ ਦਿਓ

ਤੂੰ ਕੀ, ਤੇਰਾ ਜੱਗੀ ਕੀ, ਕਰਮ ਧਰਮ ਦੀ ਸਾਰ ਨਾ ਕਾਈ
ਆਣ ਮਿਲੇ ਜੇ ਪ੍ਰੀਤਮ ਪਿਆਰਾ, ਪਾਉਂਦੀ ਪਈ ਦੁਹਾਈ
ਮਾਹੀ ਮਾਹੀ ਕਰਦੀ ਜਾਵਾਂ, ਇਹ ਲਗਨ ਦਿਨ ਰਾਤ ਦਿਓ

ਜਿੱਥੇ ਵੇਖਾਂ ਚੰਨਾਂ ਤੂੰ ਹੀ ਤੂੰ ਏਂ, ਸਭ ਕੁਝ ਤੇਰਾ ਜਾਪੇ
ਪੜਦੇ ਪਿੱਛੇ ਛੁਪ ਬੈਠਾ, ਅੱਗੇ ਕਰ ਧੀਆਂ ਪੁੱਤਰ ਮਾਪੇ
ਹੁਣ ਮੇਰਾ ਸਾਹ ਘੁੱਟਦਾ ਜਾਵੇ, ਮਰਦੀ ਨੂੰ ਸਾਸ ਦਿਓ

ਹਰ ਸ਼ੈ ਚ ਹਰ ਜਾ ਤੂੰ ਵਸਦਾ, ਮੈਂ ਤੇਰੀ ਸਾਰ ਨਾ ਜਾਣੀ
ਕਿਵੇਂ ਲੱਭਾਂ ਤੂੰ ਨਜ਼ਰ ਨਾ ਆਵੇਂ, ਮੈਂ ਮਸਕੀਨ ਅੰਞਾਣੀ
ਰੁੜ੍ਹਦੀ ਜਾਵਾਂ ਵਾਸਤੇ ਪਾਵਾਂ, ਮਾਹੀ ਹੱਥ ਦੇ ਰਾਖ ਲਿਓ

ਦਰ ਦਰ ਤੈਨੂੰ ਫਿਰਾਂ ਭਾਲਦੀ, ਕੋਈ ਕਰਮ ਧਰਮ ਨਾ ਜਾਣਾ
ਮੋਹਿ ਅਪਣਾ ਮੀਤ ਮਿਲਾ ਦੇ, ਜਿਹਨੇ ਪਾਇਆ ਤੇਰਾ ਬਾਣਾ
ਕਾਲੀ ਕੰਬਲੀ ਵਾਲੇ ਆ ਜਾ, ਮਨ ਦੀ ਕਰ ਪੂਰੀ ਆਸ ਦਿਓ

ਕੋਈ ਐਸਾ ਸੱਜਣ ਮੀਤ ਮਿਲਾ ਦੇ, ਜੋ ਤੇਰਾ ਦਰ ਜਾਣੇ
ਉਹਦੇ ਪਿੱਛੇ ਲੱਗੀ ਆਵਾਂ, ਚਰਨ ਚੱਲਾਂ ਚੱਲ ਤੇਰੇ ਭਾਣੇ
ਤੇਰੀ ਮੈਂ ਲਾਲੀ ਗੋਲੀ, ਮੋਹਿ ਨਾਮ ਦਾਨ ਸੌਗਾਤ ਦਿਓ

ਸਾਰੀ ਉਮਰ ਬਿਤਾਈ ਐਵੇਂ, ਮਰਨ ਦੀ ਚਿੰਤਾ ਲਾਗੀ
ਮਿੰਨਤਾਂ ਕਰਾਂ ਵਾਸਤੇ ਪਾਵਾਂ, ਜੇ ਆਣ ਮਿਲੈ ਬਡਭਾਗੀ
ਗੁਰ ਮਿਲੇ ਗੁਰਬਚਨ ਮਿਲੇ, ਮੋਹਿ ਚਰਨ ਦੀ ਰਾਖ ਲਿਓ

ਅੱਖੀਆਂ ਭਰਮ ਭੁਲਾਵਾ ਵੇਖਣ, ਦਿਲ ਆਖੇ ਕੁਝ ਹੋਰ
ਪਿਆਰ ਸਿਖਾ ਦੇ ਅੱਖੀਆਂ ਨੂੰ, ਚੰਨ ਖੋਜਣ ਬਣ ਚਕੋਰ
ਇਸ ਜੀ ਨੂੰ ਸਮਝਾਉਣ ਵਾਸਤੇ, ਆਪੇ ਕੁਝ ਆਖ ਦਿਓ

ਸਾਰੀ ਦੁਨੀਆਂ ਤੈਨੂੰ ਜਾਣੇ, ਪਰ ਮੈਨੂੰ ਸਮਝ ਨਾ ਕਾਈ
ਇਸ ਅਣਜਾਣ ਅੰਞਾਣੀ ਨੂੰ, ਤੂੰ ਖੁਦ ਲੜ ਲਾ ਲੈ ਮਾਹੀ
ਮੇਰੇ ਜੀਅੜੇ ਚ ਵਸਦਾ ਰਹੇਂ, ਆਪਣਾ ਪਰਤਾਪ ਦਿਓ

ਇਹ ਜੱਗ ਤੇਰੀ ਬਾੜੀ ਏ, ਪਰ ਮਿਲੇ ਨਾ ਕੋਈ ਦਰਦੀ
ਕਿਹਨੂੰ ਦਿਲ ਦਾ ਹਾਲ ਸੁਣਾਵਾਂ, ਆਖਾਂ ਨਾ ਮੈਂ ਡਰਦੀ
ਨੈਣਾਂ ਨਾਲ ਨੈਣ ਮਿਲਾ ਕੇ, ਕਦੀ ਸਾਡੇ ਵੱਲ ਝਾਕ ਲਿਓ

ਭਿਖਾਰੀ ਪਿਆ ਭੀਖ ਮੰਗਦਾ, ਤੇਰੇ ਦਰ ਤੇ ਬਣ ਸਵਾਲੀ
ਪਿਆਰ ਚ ਸਾਡੀ ਝੋਲੀ ਭਰਦੇ, ਮੰਗੀਂ ਨਾ ਕੋਈ ਦਲਾਲੀ
ਮੱਥੇ ਤਿਲਕ ਗਲ ਮਾਲਾ ਪਾ ਕੇ, ਚਰਨਾਂ ਦੀ ਰਾਖ ਦਿਓ

ਲੋਕੀਂ ਤੈਨੂੰ ਲੱਭਣ ਮਦੀਨੇ, ਮੇਰਾ ਮਨ ਗੁਰਦੁਆਰੇ ਵੱਲ ਨੱਸੇ
ਅੱਗੋਂ ਭਾਈ ਮਾਇਆ ਭਾਲੇ, ਵਿਚਾਰਾ ਮੈਨੂੰ ਕੁਝ ਨਾ ਦੱਸੇ
ਮੇਰੇ ਚਿੱਤ ਨੂੰ ਚੈਨ ਆ ਜਾਵੇ, ਕਰ ਆਪਣਾ ਪਰਤਾਪ ਦੇਓ

ਕੋਈ ਤੇਰਾ ਰਾਹ ਨਾ ਦੱਸੇ, ਮਨ ਫਿਰਦਾ ਮਾਰਾ ਮਾਰਾ
ਕੋਈ ਨਹੀਂ ਬੈਂਸ ਨਿਮਾਣੇ ਦਾ, ਤੂੰ ਆਪੇ ਦੇਹ ਸਹਾਰਾ
ਬੇੜੀ ਨਹੀਂ ਕੋਈ ਤੁੱਲ੍ਹਾ ਨਹੀਂ, ਡੁੱਬਦੀ ਨੂੰ ਰਾਖ ਲਿਓ

ਭਜ ਹਰ ਹਰ

ਜਿਸ ਤਨ ਲੱਗੇ ਸੋਈ ਜਾਣੇ, ਹੋਰ ਕਿਆ ਜਾਣੇ ਪੀੜ ਪਰਈਆ
ਸੁਣ ਸੁਣ ਬਚਨ ਤੁਮਹਾਰੇ ਪ੍ਰੀਤਮ, ਹਰ, ਹਰ ਭਜ ਹਰ ਪਾਰ ਲੰਘਈਆ

ਲਹਿਰ ਸਾਗਰ ਦੀ ਪ੍ਰੀਤ ਬਣਾ ਕੇ, ਪਾਇਆ ਇਸ਼ਕ ਸਮੁੰਦਰ ਅੰਦਰ
ਜੱਗ ਮਾਹੀ ਦਾ ਖੇਡ੍ਹ ਤਮਾਸ਼ਾ, ਉਹਨੇ ਵਿਚੇ ਪਾਇਆ ਅਪਣਾ ਮੰਦਿਰ
ਜਿਉਂ ਜਿਉਂ ਨੇਹ ਮਾਹੀ ਦਾ ਛੰਡੇ, ਭੁੱਲ ਜਾਵੇ ਸਭ ਪ੍ਰੀਤ ਪਰਈਆ

ਪਿਆਰ ਮਾਹੀ ਦਾ ਖਿੱਚ ਲਿਆਵੇ, ਪ੍ਰੀਤ ਮਾਹੀ ਦੀ ਮਨ ਸਮਝਾਵੇ
ਚੰਨ ਮਾਹੀ ਹੋਵੇ ਨਜ਼ਰੋਂ ਓਹਲੇ, ਮਾਹੀ ਮਾਹੀ ਚਕੋਰ ਕੁਰਲਾਵੇ
ਚਾਈਂ ਚਾਈਂ ਫਿਰੇ ਬਿਲਕਦੀ, ਚੰਨ ਮਾਹੀ ਜੇ ਨਜ਼ਰ ਨਾ ਪਈਆ

ਹਰਜਨ ਸਦਾ ਹਰ ਨਾਮ ਸਮਾਣੇ, ਹਰਜਨ ਕੀ ਹਰ ਵੇਦਨ ਜਾਣੇ
ਹਰ ਨਾਮੇਂ ਕਾ ਵਣਜ ਵਣੰਜੇ, ਹਰ ਹਰ ਨਾਮ ਜਪੇ ਹਰ ਭਾਣੇ
ਹਰ ਹਰ ਕਰਤ ਸਹਿਜ ਸੁਖ ਪਾਇਆ, ਹਰ ਭਜ ਹਰ ਰਾਮ ਰਮਈਆ

ਪ੍ਰੀਤ ਦੇ ਬਾਣ ਖੁਭੇ ਉਰ ਭੀਤਰ, ਇਸ਼ਕ ਦੀ ਨਜ਼ਰ ਨਿਆਰੀ ਜੀਓ
ਦਰਦ ਹਿਜਰ ਮਨ ਘੁਣ ਵਾਂਗ ਖਾਵੇ, ਵੈਦ ਨਾ ਜਾਣੇ ਬਿਮਾਰੀ ਜੀਓ
ਜਿਉਂ ਖੁਭੇ ਤਿਉਂ ਦਰਦ ਵੰਡਾਵੇ, ਦਰਦ ਮਿਟੇ ਜੇ ਪਾਰ ਲੰਘਈਆ

ਪਿਆਰ ਚ ਨੱਚੇ ਪਿਆਰ ਚ ਗਾਵੇ, ਨੱਚ ਨੱਚ ਅਪਣਾ ਆਪ ਗੁਆਵੇ
ਨਾਚ ਹਰਮੰਦਰ ਨਾਚ ਹੱਜ ਕਾਬਾ, ਨੱਚ ਨੱਚ ਅਪਣਾ ਯਾਰ ਮਨਾਵੇ
ਬੈਂਸ, ਨੱਚ ਮਾਹੀ ਦੇ ਪਿਆਰ ਚ, ਨਾਚ ਨਚਾ ਕਰ ਬਈਆ ਬਈਆ

ਭੇਸ ਬਣਾ ਕੇ

ਭੇਸ ਬਣਾ ਕੇ ਤੇਰੇ ਬਦਲੇ, ਪਾ ਲਿਆ ਅਸਾਂ ਫੱਕਰਾਂ ਦਾ ਬਾਣਾ
ਕੇਹੀ ਦੇਹੀ ਕਾਹਦਾ ਮਾਣਾ, ਪ੍ਰੀਤਮ ਦੀ ਮੈਂ ਸਾਰ ਨਾ ਜਾਣਾ

ਗਲ ਬਗਲੀ ਹੱਥ ਚ ਕਾਸਾ, ਬਣਿਆਂ ਫਿਰਾਂ ਮੈਂ ਜਗਤ ਤਮਾਸ਼ਾ
ਅੱਗੇ ਪਿੱਛੇ ਪੈਰ ਹਿਲਾਵਾਂ, ਰੌਲਾ ਪਾਵਾਂ ਘੁੰਗਰੂਆਂ ਨਾਲ ਖਾਸਾ
ਮਨ ਤੇ ਅਸਰ ਜ਼ਰਾ ਨਾ ਹੋਵੇ, ਦਸ ਕਿਵੇਂ ਤੇਰੀ ਰਮਜ਼ ਪਛਾਣਾ

ਮੈਂ ਮੂਰਖ ਸਾਰਾ ਜੱਗ ਸਿਆਣਾ, ਤੂੰ ਮੇਰੀ ਲਾਜ ਤੂੰ ਮੇਰਾ ਮਾਣਾ
ਤੇਰੇ ਹੱਥ ਡੋਰ ਅਸਾਂ ਦੀ, ਹਿਲਉਂਦਾ ਜਾਹ ਜਿਵੇਂ ਹਿਲਾਉਣਾ
ਮਰਜ਼ੀ ਏ ਤੇਰੀ ਜਿੱਥੇ ਲੈ ਚੱਲ, ਮੰਨਣਾ ਏ ਅਸਾਂ ਤੇਰਾ ਭਾਣਾ

ਕਦੀ ਗੁਰਦੁਆਰੇ ਕਦੀ ਮੰਦਰ ਜਾਵਾਂ, ਪੈਰੀਂ ਪੈ ਪੈ ਯਾਰ ਮਨਾਵਾਂ
ਇਸ ਮਨੂਏਂ ਨੂੰ ਚੈਨ ਨਾ ਆਵੇ, ਭਰਮਾਂ ਭਰਿਆ ਤੀਰਥ ਨ੍ਹਾਵਾਂ
ਭੇਤ ਜ਼ਰਾ ਨਾ ਬੈਂਸ ਨੂੰ ਖੋਲ੍ਹੇਂ, ਉਲਝ ਗਿਆ ਉਹਦਾ ਤਾਣਾ ਬਾਣਾ

ਦੱਸ ਤੂੰ ਕਿੱਥੇ ਵਸਦਾ ਮਾਹੀ, ਲੱਭਦੀ ਫਿਰਾਂ ਤੈਨੂੰ ਸਭਨੀ ਥਾਂਈਂ
ਲਿਖ ਸ਼ਾਇਰੀ ਚਿੱਠੀਆਂ ਪਾਵਾਂ, ਚਿੱਠੀਆਂ ਲਿਖ ਮੁੱਕੀ ਸਿਆਹੀ
ਕਰ ਅਰਜ਼ਾਂ ਤੇਰੀ ਰਜ਼ਾ ਚ ਲਿਖਾਂ, ਮਰਜ਼ੀ ਤੇਰੀ ਜੋ ਸਮਝਾਉਣਾ

ਦਰ ਦਰ ਭੌਂਦੇ ਬੀਤੀ ਸਾਰੀ, ਤੇਰੇ ਦਰ ਦੇ ਬਣ ਗਏ ਭਿਖਾਰੀ
ਤੂੰ ਚੋਰ ਤੂੰ ਮੋਰ ਏਂ ਸਾਡਾ, ਤੇਰੇ ਨਾਲ ਅਸਾਂ ਲਾ ਲਈ ਯਾਰੀ
ਦਰਸ ਵਖਾ ਮੇਰੇ ਸੱਜਣਾ ਵੇ, ਆ ਜਾ ਬਣ ਫਕੀਰ ਰਬਾਣਾ

ਚੈਨ ਨਾ ਆਵੇ

ਮਾਹੀ ਤੈਨੂੰ ਚੇਤੇ ਕਰ ਕਰ, ਮੇਰਾ ਮਨ ਹੋਇਆ ਪ੍ਰੇਸ਼ਾਨ
ਨਾ ਤੂੰ ਆਵੇਂ ਨਾ ਚੈਨ ਆਵੇ, ਮੇਰੇ ਨਿਕਲਦੇ ਜਾਣ ਪ੍ਰਾਣ

ਐਸੀ ਖੋਈ ਤੇਰੀ ਪ੍ਰੀਤ ਚ, ਮੇਰੇ ਮਨ ਨੂੰ ਚੈਨ ਨਾ ਆਵੇ
ਜਿਉਂ ਜਿਉਂ ਤੈਨੂੰ ਚੇਤੇ ਕਰਦੀਂ, ਤਿਉਂ ਤਿਉਂ ਲਗਦੇ ਹਾਵੇ
ਇਹ ਕਿਹੋ ਜਿਹਾ ਨਾਤਾ ਜੁੜਿਆ, ਹੋ ਗਈ ਮੈਂ ਹੈਰਾਨ

ਮਾਹੀ ਜੀ ਚ ਜੀ ਮਿਲਾ ਕੇ, ਦਿਲ ਦੇ ਪੜਦੇ ਲਾਹ ਦੇ
ਮੱਥੇ ਰਗੜਾਂ ਸਜਦੇ ਕਰ ਕਰ, ਜੇ ਮਾਹੀ ਘਰ ਆਵੇ
ਜੋ ਕੁਝ ਆਖੇਂ ਸੋਈ ਕਰਸਾਂ, ਦੱਸ, ਜੋ ਤੈਨੂੰ ਪਰਵਾਣ

ਤੇਰੇ ਪਿਆਰ ਚ ਮਨ ਡਬੋ ਕੇ, ਮਨ ਦਾ ਚੈਨ ਗੁਆ ਬੈਠੀ
ਸੁਫਨਿਆਂ ਚ ਤੈਨੂੰ ਵੇਖ ਵੇਖ, ਤੈਨੂੰ ਆਪਣਾ ਬਣਾ ਬੈਠੀ
ਡੁੱਬਦੀ ਜਾਵਾਂ ਪਿਆਰ ਰਸ ਚ, ਪਾਰ ਲੰਘਾ ਮੇਰੇ ਰਾਮ

ਤੂੰ ਸੁੰਦਰ ਤੂੰ ਹੀ ਮਨ ਮੰਦਿਰ, ਤੂੰ ਹੀ ਕਿਬਲਾ ਕਾਬਾ
ਤੂੰ ਹੀ ਨਾਨਕ ਤੂੰ ਹੀ ਮੁਹੰਮਦ, ਤੂੰ ਹੀ ਪੀਰ ਖੁਆਜਾ
ਤੂੰ ਹੀ ਆਰਤੀ ਤੂੰ ਹੀ ਪੂਜਾ, ਤੂੰ ਹੀ ਸ਼ਾਮ ਮੇਰੇ ਰਾਮ

ਵੇਖੀਂ ਕਿਧਰੇ ਲਾਰੇ ਲਾ ਕੇ, ਹੋਰ ਨਾ ਕਰੀਂ ਪ੍ਰੇਸ਼ਾਨ
ਦੁਨੀਆਂਦਾਰੀ ਜੀਣ ਨਾ ਦੇਂਦੀ, ਹੋ ਗਈ ਮੈਂ ਬਦਨਾਮ
ਬੈਂਸ ਤੋੜਿਆਂ ਨਾ ਟੁੱਟੇ, ਐਸੀ ਪ੍ਰੀਤ ਬਣੀ ਮੇਰੇ ਰਾਮ

ਚੰਨ ਤੇ ਚਕੋਰ

ਸਾਰੇ ਜੱਗ ਨੂੰ ਭੁਲਾ ਕੇ, ਅਸਾਂ ਚੇਤੇ ਤੈਨੂੰ ਕੀਤਾ
ਤੇਰੇ ਨਾਮ ਦੀ ਖੁਮਾਰੀ, ਸਾਡਾ ਮਨ ਹਰ ਲਿੱਤਾ
ਤੂੰ ਚੇਤੇ ਆਈ ਜਾਵੇਂ, ਇਹੋ ਬਣ ਗਿਆ ਕਿੱਤਾ
ਲਾ ਕੇ ਤੋੜ ਨਿਭਾਵੀਂ, ਛੇੜ ਇਸ਼ਕ ਦਾ ਕਿੱਸਾ

ਚੇਤੇ ਕਰ ਕਰ ਮਾਹੀ ਨੂੰ, ਹੁਣ ਵਿੱਸਰ ਗਏ ਦੁਖ ਹੋਰ
ਤੇਰੀ ਚਾਨਣੀ ਨੂੰ ਤੱਕਾਂ, ਤੂੰ ਚੰਨ ਮੈਂ ਤੇਰੀ ਚਕੋਰ

ਮੈਂ ਭੁੱਲਣਾ ਚਾਹਵਾਂ, ਤੂੰ ਆਪੇ ਚੇਤੇ ਆਵੇਂ
ਜੇ ਲੱਗ ਜਾਵੇ ਅੱਖ, ਆ ਕੇ ਸੁਫਨੇ ਜਗਾਵੇਂ
ਹਰ ਲਿੱਤਾ ਦਿਲ ਮੇਰਾ, ਤੂੰ ਹੀ ਸਾਡਾ ਚੋਰ

ਤੇਰੇ ਬਾਝੋਂ ਮੇਰੇ ਪੀਆ, ਹੁਣ ਲਗਦਾ ਨਾ ਜੀਆ
ਆ ਕੇ ਮੁਖੜਾ ਵਖਾ, ਕਰਾਂ ਅਰਜ਼ਾਂ ਮੈਂ ਪੀਆ
ਤੇਰਾ ਨਾਂ ਜੀ ਚ ਵਸੇ, ਹੁਣ ਵਿੱਸਰ ਗਏ ਨੇਹ ਹੋਰ

ਤੇਰੀ ਚਾਨਣੀ ਨੂੰ ਤੱਕਾਂ, ਤੱਕ ਉਹਦੇ ਵੱਲ ਨੱਸਾਂ
ਵੇਖ ਚੌਧਵੀਂ ਦਾ ਚੰਨ, ਮੈਂ ਸ਼ੁਕਰ ਮਨਾਵਾਂ ਲੱਖਾਂ
ਸਾਡੀ ਰਾਤ ਬੀਤ ਚੱਲੀ, ਮੈਂ ਤੜਫਾਂ ਵਾਂਗ ਚਕੋਰ

ਤੇਰੀ ਯਾਦ ਵਿਚ ਮਾਹੀ, ਮੈਂ ਹੋ ਗਈ ਬਿਮਾਰ
ਦੇ ਪਿਆਰ ਦਾ ਸਹਾਰਾ, ਕਰ ਸੀਨਾਂ ਠੰਢਾ ਠਾਰ
ਤੇਰੇ ਪਿਆਰ ਚ ਸੱਜਣ, ਮੈਨੂੰ ਭੁੱਲ ਗਏ ਸਭ ਹੋਰ

ਕਰ ਕੱਚੇ ਕੌਲ ਕਰਾਰ, ਸਾਡਾ ਪੈ ਗਿਆ ਪਿਆਰ
ਤੇਰੇ ਪਿਆਰ ਦੇ ਹਿਜਰ, ਬੈਂਸ ਹੋ ਗਿਆ ਬਿਮਾਰ
ਲਾਜ ਰੱਖੀਂ ਮੇਰੇ ਮਾਹੀ, ਤੇਰੇ ਬਾਝੋਂ ਨਾ ਮੇਰਾ ਹੋਰ

ਲਾਈ ਲੱਗ

ਸੱਤ ਸਮੁੰਦਰ ਮਨ ਦੇ ਅੰਦਰ, ਇਹਦਾ ਕੀ ਸਮਝਾਉਣਾ
ਲਾਈ ਲੱਗ ਚਿੱਤ ਨੂੰ, ਇਧੱਰੋਂ ਪੁੱਟ ਕੇ ਉਧੱਰ ਲਾਉਣਾ

ਨਿੱਕਾ ਜਿਹਾ ਰਾਜ਼ ਏ ਸਾਰਾ, ਮਨ ਫਿਰਦਾ ਮਾਰਾ ਮਾਰਾ
ਇੱਥੇ ਕਦੀ ਉਥੇ ਜਾਵੇ, ਇਹਨੂੰ ਕਿਤੇ ਨਾ ਮਿਲੇ ਸਹਾਰਾ
ਮਾਹੀ ਸਾਡੇ ਮਨ ਚ ਵਸ ਜਾ, ਮੁੱਕ ਜਾਵੇ ਆਉਣਾ ਜਾਣਾ

ਛੱਡ ਆਇਆ ਇਹ ਮਾਂ ਨੂੰ, ਮੁੜ ਪਿਆਰ ਨਾ ਮਿਲਿਆ
ਫਿਰਦਾ ਦਰ ਦਰ ਭਟਕਦਾ, ਕਿਤੇ ਦਿਲ ਨਾ ਮਿਲਿਆ
ਸਾਗਰ ਨੀਰ ਸੰਜੋਗੀ ਮੇਲਾ, ਜਿਵੇਂ ਨਦੀ ਨੀਰ ਮੁਹਾਣਾ

ਮੈਂ ਆਇਆ ਦੂਰੋਂ ਚੱਲ ਕੇ, ਤੱਕ ਤੱਕ ਪਿਆਰ ਦੀ ਭਾ
ਪਲਕਾਂ ਚ ਮਾਹੀ ਵਸਦਾ, ਅਸਾਂ ਯਾਰ ਮਿਲਣ ਦਾ ਚਾ
ਉਹੋ ਯਾਰ ਉਹੋ ਪਿਆਰ ਮੇਰਾ, ਉਹੋ ਸੱਜਣ ਸੁਹਾਣਾ

ਅੱਲ੍ਹੜਪਣੇ ਵਿਚ ਪੈ ਗਈ, ਸਾਡੀ ਡਾਢੇ ਨਾਲ ਪ੍ਰੀਤ
ਯਾਦ ਕਰਾਂ ਨਾਲੇ ਦਿਲ ਰੋਵੇ, ਗਾ ਪਿਆਰ ਦੇ ਗੀਤ
ਬੈਠ ਸਾਹਮਣੇ ਰੋ ਰੋ, ਅਸਾਂ ਦਿਲ ਦਾ ਹਾਲ ਸੁਣਾਉਣਾ

ਜੇ ਦਿਲ ਚੁਰਾ ਕੇ ਰੱਖਣਾ ਸੀ, ਕਿਉਂ ਘੱਲਿਆ ਪਰਦੇਸ
ਪਿਆਰ ਪਾ ਕੇ ਦਿਲ ਚੁਰਾ ਕੇ, ਆਪ ਰਹਿ ਗਿਆ ਦੇਸ
ਨਾ ਆ ਹੋਵੇ ਨਾ ਜਾ ਹੋਵੇ, ਅਸਾਂ ਰੋ ਰੋ ਕੇ ਮਰ ਜਾਣਾ

ਇਸ ਲਾਈ ਲੱਗ ਮਨ ਨੂੰ, ਮਾਹੀ ਲਾ ਲੈ ਅਪਣੇ ਪਿੱਛੇ
ਘਰ ਦਰ ਸਭ ਛੱਡ ਟੁਰ ਆਵੇ, ਤੇਰੇ ਪਿਆਰ ਦੇ ਸਿੱਟੇ
ਮਾਹੀ, ਵਸ ਬੈਂਸ ਦੇ ਜੀ ਚ, ਜੇ ਕੋਲ ਨਹੀਂ ਆਉਣਾ

ਯਾਰ ਨੂੰ ਮਨਾ

ਯਾਰ ਨੂੰ ਮਨਾ ਜੇ ਰੱਬ ਨੂੰ ਮਨੌਣਾ, ਉਹ ਖੋਲ੍ਹੇ ਭੇਦ ਦਿਲ ਦਾ
ਹਰਮੰਦਰ ਭਾਵੇਂ ਮੱਕੇ ਜਾ, ਮਾਹੀ ਬਾਝੋਂ ਨਹੀਂ ਰੱਬ ਮਿਲਦਾ

ਦਿਲਾਂ ਦੀ ਸੰਧ ਮਿਲਾ ਕੇ, ਤੇਰੇ ਦਿਲ ਦਾ ਹਾਲ ਉਹ ਜਾਣੇ
ਜੋ ਕੁਝ ਤੇਰੇ ਮਨ ਚ ਵਸਿਆ, ਤੇਰੇ ਗੁਣ ਔਗੁਣ ਪਛਾਣੇ
ਰਾਹ ਦਿਲਾਂ ਨੂੰ ਹੋਣ ਦਿਲਾਂ ਦੇ, ਪੈ ਜਾਏ ਪਿਆਰ ਦਿਲ ਦਾ

ਗੁਰੂ ਦੇ ਕੋਲ ਅਜਿਹੀ ਦਾਰੂ, ਭੜਕੇ ਮਨ ਨੂੰ ਟਿਕਾ ਦੇਵੇ
ਤੇਰੇ ਮਨ ਦੀ ਕਰੇ ਸਫਾਈ, ਖਿੱਚ ਜਿਗਰ ਨਾਲ ਲਾ ਲੈਵੇ
ਜੀ ਜਾਨ ਇੰਵ ਜੋੜੇ, ਜਿਵੇਂ ਸਾਗਰ ਚੋਂ ਉਠ ਕੇ ਤਰੰਗ ਮਿਲਦਾ

ਜੇ ਉਹ ਤੇਰਾ ਮਨ ਨਾ ਟਿਕਾਵੇ, ਤੂੰ ਉਹਦੇ ਮਗਰ ਨਾ ਜਾ ਅੜੀਏ
ਉਹ ਨਹੀਂ ਤੇਰਾ ਬਣ ਸਕਦਾ, ਤੂੰ ਭੀ ਨਾ ਉਹਨੂੰ ਅਪਣਾ ਅੜੀਏ
ਉਸ ਦਰ ਮੁੜ ਨਹੀਂ ਜਾਈਦਾ, ਜਿਥੋਂ ਮਿਟੇ ਨਾ ਭਰਮ ਦਿਲ ਦਾ

ਅੜੀਏ, ਤੇਰੇ ਮਨ ਤੇ ਜਾਦੂ ਕਰਕੇ, ਅਪਣੇ ਮਗਰ ਤੈਨੂੰ ਲਾ ਲੈਵੇ
ਕਿਵੇਂ ਮਾਹੀ ਨੂੰ ਚੇਤੇ ਕਰਨਾ, ਤੈਨੂੰ ਪਿਆਰ ਦਾ ਸਬਕ ਪੜ੍ਹਾ ਦੇਵੇ
ਮਾਹੀ ਮਾਹੀ ਕਰ ਅੜੀਏ, ਫਿਰ ਵੇਖ ਨਜ਼ਾਰਾ ਝਿਲ ਮਿਲ ਦਾ

ਇਹ ਪਿਆਰ ਦੀ ਬਾਜ਼ੀ ਏ, ਕੋਈ ਜਿੱਤ ਜਾਵੇ ਕੋਈ ਹਰ ਜਾਵੇ
ਤਨ ਮਨ ਤੋਂ ਚੇਤੇ ਕਰਿਆ ਕਰ, ਉਹਨੂੰ ਚੇਤੇ ਕਰ ਮਨ ਮਰ ਜਾਵੇ
ਮਿਲੇ ਪਿਆਰ ਚੋਂ ਪਿਆਰ, ਏਸੇ ਵਿਚੋਂ ਯਾਰ ਦਾ ਦੁਆਰ ਮਿਲਦਾ

ਆਪ ਉਹ ਨੀਵਾਂ ਹੋ ਕੇ ਜਾਵੇ, ਤੈਨੂੰ ਮਨ ਮਾਰਨ ਦਾ ਚੱਜ ਸਿਖਾਵੇ
ਮਰ ਕੇ ਜੱਨਤ ਮਿਲਦਾ ਏ, ਜਿਉਂਦੇ ਜੀ ਇਹ ਸਮਝ ਨਾ ਆਵੇ
ਬਣ ਕੇ ਖਾਕ ਦੁਆਰੇ ਦੀ, ਝੁਕ ਝੁਕ ਯਾਰ ਦਾ ਪਿਆਰ ਮਿਲਦਾ

ਰੱਬ, ਗੁਰੂ ਮਿਲ ਤਾਣਾ ਤਣਿਆਂ, ਰੱਬ ਦਾ ਗੁਰੂ ਵਚੋਲਾ ਬਣਿਆ
ਰੱਬ ਮਿਲਣ ਦਾ ਰਾਹ ਉਹ ਜਾਣੇ, ਇਹੋ ਅਸਾਂ ਯਾਰ ਤੋਂ ਸੁਣਿਆਂ
ਜੱਗ ਨੂੰ ਭੁਲਾ ਉਹਨੂੰ ਅਪਣਾ, ਉਸੇ ਚੋਂ ਰੱਬ ਦਾ ਦਿਦਾਰ ਮਿਲਦਾ

ਝੁਕ ਜਾ ਅੜੀਏ ਦਰ ਮਾਹੀ ਦੇ, ਜਿਹੜਾ ਭੇਦ ਇਸ਼ਕ ਦਾ ਜਾਣੇ
ਨੀ ਛੁਪ ਛੁਪ ਉਹਨੂੰ ਤੱਕਿਆ ਕਰ, ਉਹੋ ਉਹਦੀ ਰਮਜ ਪਛਾਣੇ
ਬੈਂਸ ਮਿਲੇ ਗਲਵੱਕੜੀ ਪਾ ਕੇ, ਜਿਹੜਾ ਕਦੀ ਨਾ ਕਿਸੇ ਨੂੰ ਮਿਲਦਾ

ਮਾਹੀ ਦਾ ਦਿਦਾਰ

ਪਿਆਰ ਦਿੱਤਿਆਂ ਬਗੈਰ, ਕਦੀ ਨਹੀਂ ਪਿਆਰ ਲੱਭਦਾ
ਦੇ ਕੇ ਪਿਆਰ, ਯਾਰ ਤੱਕ ਹੁੰਦਾ ਏ ਦਿਦਾਰ ਰੱਬ ਦਾ

ਮਾਹੀ ਤੈਥੋਂ ਦੂਰ ਨਹੀਂ ਹੈ, ਸ਼ਾਹ ਰਗ ਤੋਂ ਵਸਦਾ ਨੇੜੇ
ਮਨ ਦਾ ਦੀਵਾ ਜਗਣ ਲੱਗੇ, ਮੁੱਕ ਜਾਣਗੇ ਝਗੜੇ ਝੇੜੇ
ਸੁਹਣੇ ਯਾਰ ਨੂੰ ਰੁਝਾ, ਤੱਕ ਤੱਕ ਹੋਵੇ ਦਿਦਾਰ ਰੱਬ ਦਾ

ਲਹਿਣੇ ਨੇ ਯਾਰ ਬਣਾਇਆ ਸੀ, ਚੈਨ ਦਿਲ ਦਾ ਖੋ ਕੇ
ਉਹਨੇ ਯਾਰ ਮਨਾਇਆ ਸੀ, ਪਿਆਰ ਦੇ ਧੋਣੇ ਧੋ ਕੇ
ਦਿਲ ਦੇ ਅਪਣੇ ਯਾਰ ਨੂੰ, ਲੈ ਗਿਆ ਪਿਆਰ ਰੱਬ ਦਾ

ਛੁਪ ਕੇ ਨਜ਼ਾਰੇ ਵੇਖੇ, ਇਹ ਸੱਖਣੇ ਪਿਆਰ ਦੀ ਆਦਤ
ਪਿਆਰ ਅੱਠ ਸੱਠ ਤੀਰਥ, ਪਿਆਰ ਉਹਦੀ ਇਬਾਦਤ
ਛੂਹ ਕੇ ਲੋਹਾ ਪਾਰਸ ਵਾਕਣ, ਕਰਦਾ ਉਧਾਰ ਸਭ ਦਾ

ਮਨ ਲਾ ਨਾਲੇ ਸੀਸ ਝੁਕਾ, ਉਹ ਦੱਸੇ ਪਿਆਰ ਦਾ ਰਾਹ
ਵੇਖ ਤੇਰੇ ਮਨ ਦੀ ਹਾਲਤ, ਲਵੇ ਪਿਆਰ ਤੇਰੇ ਨਾਲ ਪਾ
ਜਿਹੜਾ ਮਾਹੀ ਦਾ ਪਿਆਰ, ਉਹੋ ਏ ਪਿਆਰ ਰੱਬ ਦਾ

ਉਹਨੂੰ ਆਪਣੇ ਮਨ ਚ ਤੱਕ, ਤੱਕ ਤੱਕ ਕੇ ਮਨ ਚ ਵਸਾ
ਚੋਰੀ ਚੋਰੀ ਤੱਕਿਆ ਕਰ, ਇੰਞ ਮਨ ਦਾ ਪੜਦਾ ਲਾਹ
ਮਨ ਦਾ ਸ਼ੀਸ਼ਾ ਸਾਫ ਹੋਵੇ, ਉਸੇ ਚੋ ਦਿਸਦਾ ਦੁਆਰ ਰੱਬ ਦਾ

ਬਣ ਕੇ ਖ਼ਾਕ ਦੁਆਰੇ ਦੀ, ਬੈਂਸ, ਅਪਣਾ ਆਪ ਭੁਲਾ ਲੈ
ਨੱਚ ਮਾਹੀ ਦੇ ਪਿਆਰ ਵਿਚ, ਨੱਚ ਨੱਚ ਕੇ ਯਾਰ ਮਨਾ ਲੈ
ਪਿਆਰ ਪਾ ਕੇ ਯਾਰ ਮਨਾ, ਜੇ ਤੂੰ ਕਰਨਾ ਦਿਦਾਰ ਰੱਬ ਦਾ

ਉਮਰਾਂ ਦਾ ਰੋਣਾ

ਉਮਰਾਂ ਦਾ ਰੋਣਾ ਦੇ ਜਾਵੇ, ਜੇ ਪਿਆਰ ਕਿਸੇ ਨੂੰ ਹੋ ਜਾਵੇ
ਇਹ ਨਾ ਡਰਦਾ ਮੌਤ ਕੋਲੋਂ, ਭਾਵੇਂ ਸੂਲੀ ਚੜ੍ਹਨਾ ਪੈ ਜਾਵੇ

ਪਿਆਰ ਅਜਿਹਾ ਜਾਦੂ ਏ, ਜੋ ਮਨ ਨੂੰ ਕਰਦਾ ਕਾਬੂ ਏ
ਪਿਆਰ ਦਾ ਰਾਜ਼ ਜਾਣੇ ਜੋ, ਪਿਛਲੇ ਜਨਮ ਦਾ ਸਾਧੂ ਏ
ਪਿਆਰ ਵਿਚੋਂ ਬਿਰਾਗ ਜਾਗ ਕੇ, ਦੂਰ ਜਹਾਨੋਂ ਲੈ ਜਾਵੇ

ਨਾਗ ਇਸ਼ਕ ਦਾ ਲੜ ਜਾਵੇ, ਸਾਹ ਰੁਕ ਜਾਵੇ ਦਿਲ ਖੜ੍ਹ ਜਾਵੇ
ਯਾਰ ਮਿਲਣ ਦੀ ਤਾਂਘ ਅਵੱਲੀ, ਚੜ੍ਹ ਕੱਚੇ ਘੜੇ ਤੇ ਤਰ ਜਾਵੇ
ਅਸਾਂ ਮਿਲਣਾ ਅਪਣੇ ਯਾਰ ਨੂੰ, ਭਾਵੇਂ ਘੜਾ ਝਨਾ ਚ ਬਹਿ ਜਾਵੇ

ਪਿਆਰ ਮਾਹੀ ਨਾਲ ਪਾ ਕੇ, ਭੇਦ ਮਾਹੀ ਦਾ ਪਾਇਆ ਸੀ
ਰੱਬ ਕਰਦਾ ਰੱਬ ਬਣ ਗਿਆ, ਨਾ੍ਰਾ ਰੱਬ ਦਾ ਲਾਇਆ ਸੀ
ਮਜ਼ੂਬ ਨਾ ਕਿਸੇ ਮੁਆਫ ਕਰੇ, ਰੱਬ ਨੂੰ ਭੀ ਸੂਲੀ ਚੜ੍ਹਾ ਦੇਵੇ

ਨਸ਼ਾ ਇਸ਼ਕ ਦਾ ਪੀ ਉਹਨੇ, ਇਸ਼ਕ ਮਾਹੀ ਨਾਲ ਕਰ ਲਿੱਤਾ
ਇਹੋ ਉਹ ਤੋਂ ਖ਼ਤਾ ਹੋਈ, ਮੁਰਦੇ ਨੂੰ ਜਿਉਂਦਾ ਕਰ ਦਿੱਤਾ
ਜੱਗ ਪੁੱਠੀ ਖੱਲ ਲੁਹਾ ਦੇਵੇ, ਇੱਥੇ ਜਿਉਂਦੇ ਮਰਨਾ ਪੈ ਜਾਵੇ

ਰੰਨ ਬਣ ਗਈ ਖੇੜਿਆਂ ਦੀ, ਪਿਆਰ ਰਾਂਝਣ ਨੂੰ ਕਰਦੀ ਸੀ
ਰਾਂਝੇ ਦੀ ਉਹ ਪੁਜਾਰਨ ਸੀ, ਉਹ ਅਪਣੇ ਯਾਰ ਤੇ ਮਰਦੀ ਸੀ
ਆਖੇ, ਮੰਨ ਪਕਾਵਾਂ ਪੀਰਾਂ ਦਾ, ਜੇ ਰਾਂਝਣ ਮਿਲਣ ਨੂੰ ਆ ਜਾਵੇ

ਇਸ਼ਕ, ਮਦਹੋਸ਼ ਨਿਗਾਹਾਂ ਤੋਂ, ਦਰ ਦਰ ਭੀਖ ਮੰਗਾ ਦੇਵੇ
ਅਪਣਾ ਪਰਾਇਆ ਮੁੱਕ ਜਾਵੇ, ਗ਼ੈਰਾਂ ਨੂੰ ਆਪਣਾ ਬਣਾ ਦੇਵੇ
ਮਜਨੂ ਬਣ ਕੇ ਭਾਲੇ ਲੈਲਾਂ, ਭਾਵੇਂ ਦਰ ਦਰ ਮੰਗਣਾ ਪੈ ਜਾਵੇ

ਇਸ਼ਕ ਨਹੀਂ ਡਰਦਾ ਮੌਤ ਕੋਲੋਂ, ਨਾ ਡਰੇ ਉਹਦੇ ਦਰਦ ਕੋਲੋਂ
ਨਾ ਇਹ ਡਰੇ ਫਰਿਸ਼ਤਿਆਂ ਤੋਂ, ਨਾ ਡਰੇ ਕਿਸੇ ਮਰਦ ਕੋਲੋਂ
ਨਾ ਦੀਨ ਧਰਮ ਤੋਂ ਭੈ ਆਵੇ, ਤੱਤੀ ਤਵੀ ਤੇ ਬਹਿਣਾ ਪੈ ਜਾਵੇ

ਖੋਜ ਯਾਰ ਦੀ

ਹਾਜੀ ਤੈਨੂੰ ਕਾਬੇ ਚ ਲੱਭਦੇ, ਮੇਰਾ ਰਾਂਝਣ ਮੈਂ ਵਿਚ ਵਸਦਾ ਏ
ਹਰ ਸ਼ੈ ਹਰ ਜਾ ਮਾਹੀ ਦੀ, ਮੇਰਾ ਪਿਆਰ ਇਹੋ ਮੈਨੂੰ ਦੱਸਦਾ ਏ

ਰਾਹ ਕੁਚੱਜੇ ਦੁਨੀਆਂ ਪੈ ਗਈ, ਪੂਜਣ ਪੂਰਬ ਕੋਈ ਪੱਛਿਮ
ਜਿਹਨੂੰ ਤੇਰਾ ਰਾਹ ਮਿਲ ਜਾਵੇ, ਬਦਲ ਜਾਣ ਝੱਟ ਉਹਦੇ ਲੱਛਣ
ਕੀ ਲੈਣਾ ਉਨ੍ਹਾਂ ਕਾਬੇ ਤੋਂ, ਜਿਹਨੂੰ ਰਾਹ ਖੁਦ ਮਾਹੀ ਦੱਸਦਾ ਏ

ਜਿਸ ਕੁੱਲੀ ਚ ਤੂੰ ਵਸਦਾ, ਉਸ ਵੱਲ ਮੂੰਹ ਫੇਰ ਕਰਾਂ ਮੈਂ ਸਜਦਾ
ਹਰ ਥਾਂ ਭਾਲਾਂ ਹਰ ਥਾਂ ਵੇਖਾਂ, ਮਨ ਚਾਰ ਚੁਫੇਰੇ ਉਠ ਉਠ ਭੱਜਦਾ
ਜਿੱਤ ਵੱਲ ਵੇਖਾਂ ਤੂੰ ਹੀ ਤੂੰ ਹੈਂ, ਮੈਨੂੰ ਹਰ ਜਾ ਮਾਹੀ ਦਿਸਦਾ ਏ

ਧਰਮਾਂ ਨੇ ਕਾਬੇ ਹਰਮੰਦਿਰ ਬਣਾਏ, ਅਸਾਂ ਉਥੇ ਜਾ ਕੇ ਕੀ ਲੈਣਾ
ਤੂੰ ਸਾਡੇ ਮਨ ਚ ਵਸਦਾ ਰਹਿ, ਅਸਾਂ ਕਿਸੇ ਵਖਾ ਕੇ ਕੀ ਲੈਣਾ
ਯਾਦ ਕਰਾਂ ਦਿਲ ਤੂੰ ਤੂੰ ਗਾਵੇ, ਦੀਦ ਬਿਨਾ ਜੀ ਨਾ ਲਗਦਾ ਏ

ਧਰਮਾਂ ਨੇ ਦੁਨੀਆਂ ਮੋਹ ਲਈ, ਬਹੁਤਿਆਂ ਨੂੰ ਲੁੱਟਿਆ ਆਦਮ ਨੇ
ਬਾਕੀਆਂ ਚੋਂ ਹੋਰ ਬਥੇਰਿਆਂ ਨੂੰ, ਲੁੱਟ ਲਿਆ ਆ ਕੇ ਜਾਦਮ ਨੇ
ਜਿਹੜੇ ਫਾਡੀ ਰਹਿ ਗਏ, ਉਨ੍ਹਾਂ ਭਣਤ ਨਾਨਕ ਰਾਹ ਦੱਸਦਾ ਏ

ਦੀਦਮ ਤੂੰ ਹੈਂ ਬਾਤਨ ਤੂੰ ਹੈਂ, ਹਰ ਥਾਂ ਹਰ ਸੈ ਵਿਚ ਤੂੰ ਹੈਂ
ਦਾਨਸ਼ ਤੂੰ ਹੈਂ ਦਾਮਨ ਤੂੰ ਹੈਂ, ਹਰ, ਹਰ ਦਮ ਵਿਚ ਤੂੰ ਹੈਂ
ਤੇਰੀ ਸੂਰਤ ਮਨ ਚ ਵਸਦੀ, ਤੇਰਾ ਨਾਮ ਲਬਾਂ ਤੇ ਵਸਦਾ ਏ

ਯਾਰ ਕਲੰਦਰ ਹਰ ਦਮ ਵਿਚ ਤੂੰ, ਹਰ ਸਾਹ ਵਿਚ ਤੂੰ ਹੈਂ
ਪੀਰਨ ਪੀਰ ਸ਼ਾਹ ਦਸਤਗੀਰ, ਸ਼ਾਹਾਂ ਦਾ ਸ਼ਾਹ ਵੀ ਤੂੰ ਹੈਂ
ਮਾਝੀ ਤੂੰ ਨੱਈਆ ਤੂੰ ਹੈਂ, ਆਪੇ ਯਾਰ ਤਾਰ ਨੂੰ ਖਿੱਚਦਾ ਏ

ਪ੍ਰੀਤ ਅਸਾਂ ਤੇਰੇ ਨਾਲ ਪਾਈ, ਤੇਰੇ ਨਾਲ ਪਾ ਕੇ ਜੱਗ ਤੋਂ ਹਟਾਈ
ਮਨ ਮੰਨ ਗਿਆ ਮੈਂ ਮਿਟ ਗਈ, ਐਸੀ ਪ੍ਰੀਤ ਦੀ ਰੀਤ ਬਣਾਈ
ਸੌਂਹ ਤੇਰੀ ਮੈਂ ਤੇਰੀ ਮਾਹੀ, ਤੇਰੇ ਨਾਮ ਤੇ ਇਮਾਨ ਵਿਕਦਾ ਏ

ਹੁੰਦੇ ਹੋਏ ਭੀ ਤੂੰ ਨਹੀਂ ਲੱਭਦਾ, ਤੇਰੇ ਕੋਲ ਕੋਈ ਜਾ ਨਹੀਂ ਸਕਦਾ
ਉਮਰਾਂ ਦਾ ਰੋਣਾ ਦੇ ਜਾਵੇਂ, ਤੈਨੂੰ ਪਾ ਕੇ ਭੀ ਕੋਈ ਪਾ ਨਹੀਂ ਸਕਦਾ
ਜਿਉਂਦੇ ਮਰ ਕੇ ਤਰ ਜਾਂਦੇ, ਜਿਨ੍ਹਾਂ ਅੱਖੀਆਂ ਚ ਮਾਹੀ ਵਸਦਾ ਏ

ਹਕੀਕਤ ਇਹ ਦੱਸਦੀ ਏ, ਜਿਹਨੇ ਪਾ ਲਿਆ ਉਹ ਤੜਫਦੇ ਈ
ਅਸਲੀਅਤ ਕਹਿੰਦੀ ਏ, ਜਿਹਨੇ ਨਹੀਂ ਪਾਇਆ ਉਹ ਭਟਕਦੇ ਈ
ਭਟਕਣ ਧੜਕਣ ਬਣ ਜਾਵੇ, ਜਿਹਦੇ ਮਨ ਵਿਚ ਮਾਹੀ ਵਸਦਾ ਏ

ਕਿਹਨੂੰ ਦਿਲ ਦਾ ਹਾਲ ਸੁਣਾਵਾਂ, ਇਥੇ ਕੋਈ ਨਹੀਂ ਮੇਰਾ ਦਰਦੀ
ਯਾਰੀ ਲਾ ਕੇ ਘਾਇਲ ਕਰ ਗਿਆ, ਮੈਂ ਆਖਾਂ ਕਿਸੇ ਨਾ ਡਰਦੀ
ਬਣੀ ਮੈਂ ਖ਼ਾਕ ਦੁਆਰੇ ਦੀ, ਇਹੋ ਯਾਰ ਮਿਲਣ ਦਾ ਰਸਤਾ ਏ

ਸੁਰਗ ਚ ਤੂੰ ਨਰਕ ਚ ਤੂੰ ਹੈਂ, ਜਿੱਥੇ ਕੁਝ ਹੈ ਸਭ ਤੂੰ ਹੀ ਤੂੰ ਹੈਂ
ਇਹ ਸਭ ਕੁਝ ਤੂੰ ਬਣਾਇਆ ਏ, ਕਿਹਨੂੰ ਦੱਸਾਂ ਕਿ ਕੀ ਤੂੰ ਹੈਂ
ਹਰ ਥਾਂ ਤੂੰ ਹੈਂ ਹਰ ਸ਼ੈ ਤੂੰ ਹੈਂ, ਜੋ ਆਖੇਂ ਬੈਂਸ ਉਹ ਲਿਖਦਾ ਏ

ਕਰ ਹੁਜਰਾ

ਇਕ ਹੇ ਦਮ ਦੇ ਵਿਚ ਹੇ, ਮੇਰਾ ਮਾਹੀ ਮਨ ਦੇ ਵਿਚ ਹੇ
ਲਾ ਮੁਜਰਾ ਕਰ ਹਰ ਦਾ ਹੁਜਰਾ, ਢੋਲਣ ਤੇਰੇ ਵਿਚ ਹੇ

ਮੇਰਾ ਤਨ ਸਾਜ ਸੁਆਰ, ਵਿਚ ਪਾ ਲਿਆ ਅਪਣਾ ਮੰਦਿਰ
ਛਾਹ ਰਗ ਤੋਂ ਨੇੜੇ ਵਸਦਾ, ਛੁਪ ਕੇ ਬਹਿੰਦਾ ਮਨ ਦੇ ਅੰਦਰ
ਚੇਤੇ ਕਰ ਹਰ ਦਮ ਦਮ ਉਹਨੂੰ, ਹਰ, ਹਰ ਸ਼ੈ ਦੇ ਵਿਚ ਹੇ

ਸਭ ਰਿਸ਼ਤੇ ਨਾਤੇ ਤੋੜ ਕੇ, ਅਸਾਂ ਪ੍ਰੀਤ ਤੇਰੇ ਨਾਲ ਪਾਈ
ਤੂੰ ਮੇਰੇ ਚ ਮੈਂ ਤੇਰੇ ਚ, ਗੰਢਾਂ ਦਿਲ ਦੀਆਂ ਖੋਲ੍ਹ ਦੇ ਮਾਹੀ
ਲੀਕਾਂ ਮਾਰਾਂ ਚਿੱਠੀਆਂ ਪਾਵਾਂ, ਮੇਰੇ ਜੀ ਚ ਤੇਰੀ ਸਿਕ ਹੇ

ਉਹਨੇ ਦਿੱਤਾ ਤੈਨੂੰ ਬੰਨਾਂ ਖੇੜਾ, ਤੂੰ ਪਿਆ ਕਰਦਾ ਮੇਰਾ ਮੇਰਾ
ਜਾਣ ਵੇਲੇ ਸਭ ਕੁਝ ਖੋਹ ਲੈਂਦਾ, ਮੁੱਕ ਜਾਂਦਾ ਏ ਝਗੜਾ ਝੇੜਾ
ਖਾਲੀ ਆਇਆ ਖਾਲੀ ਜਾਣਾ, ਗਿਣ ਲੈਂਦਾ ਇਕ ਇਕ ਹੇ

ਭੁੱਲ ਗਿਆ ਉਹਨੂੰ ਏਥੇ ਆ ਕੇ, ਹੋ ਗਿਆ ਉਹ ਤੋਂ ਆਕੀ
ਪਹਿਲਾਂ ਤੈਨੂੰ ਜਿੰਦੜੀ ਬਖਸ਼ੀ, ਫਿਰ ਕਰਦਾ ਉਹਦੀ ਰਾਖੀ
ਬੈਂਸ, ਕਰ ਸ਼ੁਕਰੀਆ ਸੱਚੇ ਰੱਬ ਦਾ, ਹਰ, ਹਰ ਸ਼ੈ ਵਿਚ ਹੇ

ਉਹਨੂੰ ਸਦਾ ਧਿਆਈ ਜਾ, ਕਰਦਾ ਜਾਹ ਹਰ ਹਰ ਹਰ ਹਰ
ਜਦੋਂ ਖਿੱਚ ਪਿਆਰ ਨੇ ਪਾਈ, ਖੁਲ੍ਹ ਜਾਵੇ ਮਾਹੀ ਦਾ ਦਰ
ਹਰ ਹਰ ਕਰਕੇ ਪਿਆਰ ਜਤਾਵੀਂ, ਹੋ ਜਾਸੀ ਇਕ ਮਿਕ ਹੇ

ਨਾਭ ਕਮਲ ਚੋਂ ਜੱਗ ਉਪਾਇਆ, ਪਾਈ ਅਮਰ ਕਹਾਣੀ
ਵਿਚੇ ਆਪ ਸਮਾਇਆ ਬੈਠਾ, ਜਿਉਂ ਪਾਣੀ ਵਿਚ ਪਾਣੀ
ਦੋ ਤੋਂ ਇੱਕ ਹੋ ਜਾਸੀ, ਜਿਵੇਂ ਨੈਣ ਨੀਰ ਇਕ ਮਿਕ ਹੇ

ਸਭ ਫਲ ਸੱਖਣੇ ਯਾਰ ਤੋਂ ਮਿਲਦੇ, ਸਭ ਕੁਝ ਉਹਦੇ ਹੱਥ
ਨੀ ਆਪੇ ਨੀਰ ਵਰੋਲੇ ਮਾਹੀ, ਆਪੇ ਕੱਢਦਾ ਈ ਵੱਥ
ਹੋ ਨਿਮਾਣਾ ਜੇ ਉਹ ਪਾਉਣਾ, ਰੱਬ ਯਾਰ ਦੇ ਵਿਚ ਹੇ

ਕਰਮਾਂ ਦੀ ਖੇਡ੍ਹ

ਸੁਖ ਚ ਹਰ ਕੋਈ ਭਾਈਵਾਲ, ਸਭ ਛੱਡ ਜਾਂਦੇ ਵਿਚ ਦੁਖ ਦੇ
ਜੇ ਕੀਤੇ ਵਾਧੇ ਨਹੀਂ ਟੁੱਟਦੇ, ਤਾਂ ਪਿਛਲੇ ਨਾਤੇ ਨਹੀਂ ਮੁੱਕਦੇ

ਜੋ ਲਾ ਕੇ ਤੋੜ ਨਿਭਾਉਂਦੇ ਨੇ, ਉਹ ਅੱਗੇ ਲਈ ਕਮਾਉਂਦੇ ਨੇ
ਦਿਲ ਦੀ ਦਿਲ ਵਿਚ ਰੱਖ ਕੇ, ਗ਼ੈਰਾਂ ਨੂੰ ਅਪਣਾ ਬਣਾਉਂਦੇ ਨੇ
ਗ਼ੈਰ ਭੀ ਅਪਣੇ ਬਣ ਜਾਂਦੇ, ਜਿਹੜੇ ਪਿਆਰ ਚ ਜਾ ਦਰ ਢੁਕਦੇ

ਜੇ ਲਾ ਕੇ ਤੋੜ ਨਿਭਾ ਦਈਏ, ਤਾਂ ਪਿਆਰ ਮਾਹੀ ਨਾਲ ਪੈ ਜਾਵੇ
ਦਿਲ ਦਿਲ ਦੀ ਗੱਲ ਸੁਣਦਾ ਏ, ਸੁਫਨੇ ਵਿਚ ਸਭ ਕਹਿ ਜਾਵੇ
ਇਹ ਜਨਮਾਂ ਦਾ ਨਾਤਾ ਏ, ਕਦੀ ਰੁੱਖ ਪਿਆਰ ਦੇ ਨਹੀਂ ਸੁੱਕਦੇ

ਜੋ ਰੱਬ ਕਰੇ ਉਹ ਹੁੰਦਾ ਏ, ਮੇਰਾ ਤੇਰਾ ਤੇ ਇਕ ਬਹਾਨਾ ਏ
ਜਨਮਾਂ ਦੇ ਵਿਛੜੇ ਮਿਲ ਜਾਂਦੇ, ਰੂਹਾਂ ਦਾ ਮੇਲ ਕਰਾਉਣਾ ਏ
ਲਿਖਿਆ ਆਪ ਵਿਧਾਤਾ ਨੇ, ਉਹਦੇ ਜੋੜੇ ਨਾਤੇ ਨਹੀਂ ਟੁੱਟਦੇ

ਰੱਬ ਆਖੇ ਦਿਲ ਉਹ ਕਰਦਾ ਏ, ਉਹਦਾ ਦਿਲ ਤੇ ਕਾਬੂ ਏ
ਜੋ ਲਾ ਕੇ ਤੋੜ ਨਿਭਾ ਦੇਵੇ, ਉਹ ਪਿਛਲੇ ਜਨਮ ਦਾ ਸਾਧੂ ਏ
ਬੇਪਰਵਾਹ ਨਾਲ ਲਾ ਅੜੀਏ, ਇੰਵ ਜਨਮ ਮਰਨ ਧੰਦ ਮੁੱਕਦੇ

ਲੋਕੋ ਰੱਬ ਕੋਈ ਦੂਰ ਨਹੀਂ, ਉਹ ਸਭ ਦੇ ਦਿਲ ਚ ਵਸਦਾ ਏ
ਜੋ ਸਿਰ ਦੀ ਬਾਜ਼ੀ ਲਾ ਦੇਵੇ, ਉਹਨੂੰ ਰਾਹ ਪ੍ਰੇਮ ਦਾ ਦੱਸਦਾ ਏ
ਉਹ ਰੱਬ ਨੂੰ ਪਾ ਲੈਂਦੇ, ਦਿਲ ਦੇ ਕੇ ਜਿਹੜੇ ਨਹੀਂ ਰੁੱਸਦੇ

ਤੂੰ ਹੀ ਤੂੰ

ਦਿਲ ਦੀਆਂ ਲੱਗੀਆਂ ਬੁਝਾ ਮਾਹੀ, ਚਿਣਗਾਂ ਦਿਲ ਨੂੰ ਲੱਗੀਆਂ
ਇਨ੍ਹਾਂ ਅੱਖੀਆਂ ਨੇ ਰੋਣਾ ਸਿੱਖ ਲਿਆ, ਜਦੋਂ ਪ੍ਰੇਮ ਚ ਬੱਝੀਆਂ
ਰੋ ਰੋ ਕੇ ਹਾਲ ਬੇਹਾਲ ਕਰਨ, ਜਦੋਂ ਅੱਖੀਆਂ ਤੇਰੇ ਲੜ ਲੱਗੀਆਂ
ਇਹ ਰੋਣਾ ਤਦ ਮੁੱਕ ਸੀ, ਜਦੋਂ ਤਣੀਆਂ ਕੱਫਣ ਦੀਆਂ ਬੱਝੀਆਂ

ਮੇਰਾ ਇਸ਼ਕ ਭੀ ਤੂੰ, ਮੇਰਾ ਯਾਰ ਭੀ ਤੂੰ
ਮੇਰਾ ਹਿਜਰ ਭੀ ਤੂੰ, ਮੇਰਾ ਪਿਆਰ ਭੀ ਤੂੰ

ਮੇਰਾ ਸੁਖ ਭੀ ਤੂੰ, ਮੇਰਾ ਦੁਖ ਭੀ ਤੂੰ
ਮੇਰਾ ਸਬਰ ਭੀ ਤੂੰ, ਮੇਰੀ ਭੁੱਖ ਭੀ ਤੂੰ

ਮੇਰਾ ਖਾਲਕ ਤੂੰ, ਮੇਰਾ ਪਾਲਕ ਤੂੰ
ਜਿੰਦ ਜਾਨ ਭੀ ਤੂੰ, ਉਹਦਾ ਚਾਲਕ ਤੂੰ

ਮੇਰਾ ਕੌਲ਼ ਭੀ ਤੂੰ, ਤੇ ਕਰਾਰ ਭੀ ਤੂੰ
ਮੇਰਾ ਯਾਰ ਭੀ ਤੂੰ,ਮੇਰਾ ਪਿਆਰ ਭੀ ਤੂੰ

ਮੇਰਾ ਆਸ਼ਿਕ ਤੂੰ, ਮਾਸ਼ੂਕ ਭੀ ਤੂੰ
ਮੇਰਾ ਜਿਗਰ ਭੀ ਤੂੰ, ਤਾਬੂਤ ਭੀ ਤੂੰ

ਮੇਰਾ ਮੂਲ ਭੀ ਤੂੰ, ਵਿਆਜ ਭੀ ਤੂੰ
ਮੇਰਾ ਅੰਤ ਭੀ ਤੂੰ, ਆਗਾਜ਼ ਭੀ ਤੂੰ

ਮੇਰਾ ਕਾਬਾ ਕਿਬਲਾ, ਹਰਮੰਦਿਰ ਤੂੰ
ਮੇਰੀ ਇਸ਼ਕ ਮਰਜ਼, ਦਿਲ ਅੰਦਰ ਤੂੰ

ਮੇਰਾ ਆਰੰਭ ਭੀ ਤੂੰ, ਆਖੀਰ ਭੀ ਤੂੰ
ਮੇਰਾ ਗੁਰ ਭੀ ਤੂੰ, ਮੇਰਾ ਪੀਰ ਭੀ ਤੂੰ

ਹੁਣ ਮੈਂ ਨਾਹੀਂ, ਮਾਹੀ ਤੂੰ ਹੀ ਤੂੰ
ਮਨ ਤੂੰ ਬੋਲੇ, ਹਰ ਦਮ ਹਰ ਤੂੰ

ਮਾਹੀ ਤੂੰ ਹੀ ਤੂੰ, ਹਰ ਹਰ ਥਾਂ ਤੂੰ
ਦਿਨ ਰਾਤ ਭੀ ਤੂੰ, ਧੁੱਪ ਛਾਂ ਭੀ ਤੂੰ

ਮੇਰਾ ਦੀਨ ਭੀ ਤੂੰ, ਮੇਰਾ ਧਰਮ ਭੀ ਤੂੰ
ਮੇਰਾ ਕਰਮ ਭੀ ਤੂੰ, ਮੇਰੀ ਸਰਮ ਭੀ ਤੂੰ

ਮੇਰਾ ਦੀਨ ਭੀ ਤੂੰ, ਮੇਰਾ ਈਮਾਨ ਭੀ ਤੂੰ
ਮੇਰਾ ਗ੍ਰੰਥ ਭੀ ਤੂੰ, ਪੁਰਾਨ ਕੁਰਾਨ ਭੀ ਤੂੰ

ਮੇਰਾ ਜਜਮਾਨ ਭੀ ਤੂੰ, ਮਹਿਮਾਨ ਭੀ ਤੂੰ
ਮੇਰੀ ਅਣਖ ਭੀ ਤੂੰ, ਮੇਰੀ ਸ਼ਾਨ ਭੀ ਤੂੰ

ਸਭ ਕੁਝ ਮੇਰਾ ਤੂੰ ਹੀ ਤੂੰ, ਮਾਹੀ ਤੂੰ ਹੀ ਤੂੰ
ਯਾਦ ਕਰਾਂ ਤੇ ਰੋਵਾਂ, ਨਾਲੇ ਕਰਦੀ ਹੂੰ ਹੂੰ ਹੂੰ

ਹਰ, ਮੇਰਾ ਮਨ ਬੋਲੇ, ਕਰੇ ਤੂੰ ਹੀ ਤੂੰ
ਮੇਰੇ ਮਾਹੀ ਤੂੰ ਹੀ ਤੂੰ, ਮਾਹੀ ਤੂੰ ਹੀ ਤੂੰ

ਮੇਰੇ ਮਨ ਚ ਤੂੰ, ਮੇਰੀ ਅੱਖੀਆਂ ਚ ਤੂੰ
ਮੇਰੇ ਯਾਰ ਚ ਤੂੰ, ਮੇਰੀ ਸਖੀਆਂ ਚ ਤੂੰ

ਮੇਰਾ ਦਿਲਦਾਰ ਤੂੰ, ਦਿਲ ਰਾਹੀ ਤੂੰ
ਮੇਰੀ ਕਵਿਤਾ, ਕਲਮ ਸਿਆਹੀ ਤੂੰ

ਤੇਰਾ ਨਾਇਬ ਮੈਂ, ਮੇਰਾ ਸਾਹਿਬ ਤੂੰ
ਮੇਰਾ ਪੀਰ, ਦਿਲਗੀਰ ਅਜਾਇਬ ਤੂੰ

ਮੇਰਾ ਚੋਰ ਭੀ ਤੂੰ, ਮੇਰਾ ਮੋਰ ਭੀ ਤੂੰ
ਮੇਰਾ ਚੰਨ ਭੀ ਤੂੰ, ਚਕੋਰ ਭੀ ਤੂੰ

ਜਿੱਤ ਵੱਲ ਵੇਖਾਂ, ਮਾਹੀ ਤੂੰ ਹੀ ਤੂੰ
ਹੋਂ ਨਾਹੀ ਨਾ ਕੁਝ ਹੂੰ, ਸਭ ਤੂੰ ਹੀ ਤੂੰ

ਇਸ਼ਕ ਦਾ ਨਸ਼ਾ

ਅਸਾਂ ਮੈ ਪਿਆਰ ਦੀ ਪੀਤੀ ਏ, ਫਿਰ ਨਮਾਜ਼ ਇਸ਼ਕ ਦੀ ਨੀਤੀ ਏ
ਮਾਹੀ ਨੇ ਆਪ ਪਿਲਾਈ ਏ, ਅਸਾਂ ਨਜ਼ਰਾਂ ਦੇ ਨਾਲ ਪੀਤੀ ਏ
ਹੁਣ ਨਸ਼ਾ ਚੜ੍ਹ ਗਿਆ ਇਸ਼ਕੇ ਦਾ

ਇਸ਼ਕ ਇਸ਼ਕ ਸਭ ਲੋਕੀਂ ਆਖਣ, ਸਭ ਅਪਣੀ ਥਾਂ ਸਿਆਣੇ
ਇਸ਼ਕ ਮਜਾਜ਼ੀ ਇਸ਼ਕ ਹਕੀਕੀ, ਹਰ ਕੋਈ ਇਸ਼ਕ ਨਾ ਜਾਣੇ
ਅਪਣੀ ਅਪਣੀ ਬੀਨ ਵਜਾਉਂਦੇ, ਉਹ ਜਾਣੇ ਜਿਹ ਨਾਲ ਬੀਤੀ ਏ

ਅੱਖੀਆਂ ਇਸ਼ਕ ਚ ਬੱਝੀਆਂ, ਜਿਵੇਂ ਜ਼ੁਲਫਾਂ ਦੀਆਂ ਗੰਢੀਆਂ
ਮਾਹੀ ਪਿੱਛੇ ਟੁਰ ਲੱਗੀਆਂ, ਜਿਵੇਂ ਸਿਆਲਾਂ ਦੀਆਂ ਨੱਢੀਆਂ
ਮੇਰਾ ਮਾਹੀ ਮੈਂ ਚ ਵਸਦਾ, ਅਸਾਂ ਪ੍ਰੀਤ ਮੀਤ ਨਾਲ ਕੀਤੀ ਏ

ਕੰਨੀ ਝੁਮਕੇ ਅੱਖਾਂ ਚ ਕਜਲਾ, ਅੱਖੀਆਂ ਸ਼ਰਬਤੀ ਨੈਣ ਨਸ਼ੀਲੇ
ਇਸ਼ਕ ਦੀ ਬੀਨ ਵਜਾ ਅੜੀਏ, ਜਿਹੜੀ ਕਾਲੇ ਨਾਗ ਨੂੰ ਕੀਲੇ
ਨੈਣ ਮਿਲਾ ਕੇ ਦਿਲ ਧੂ ਲਿਆ, ਦਿਲ ਦੀ ਧੜਕ ਬੰਦ ਕੀਤੀ ਏ

ਤੂੰ ਚੰਨ ਮੈਂ ਚਕੋਰ ਤੇਰੀ, ਤੂੰ ਬਾਗ ਦਾ ਮੋਰ ਮੈਂ ਚੋਰ ਤੇਰੀ
ਤੂੰ ਰਾਂਝਾ ਤਖ਼ਤ ਹਜ਼ਾਰੇ ਦਾ, ਮੈਂ ਹੀਰ ਸਲੇਟੀ ਤੋੜ ਤੇਰੀ
ਅਸਾਂ ਚੋਰੀ ਕੀਤੀ ਇਸ਼ਕ ਦੀ, ਤੂੰ ਪਿਆਰ ਚ ਕਰੀ ਬਸੀਠੀ ਏ

ਤੂੰ ਮੇਰੇ ਮਨ ਚ ਵਸ ਗਿਆ, ਲਾ ਕੇ ਪਿਆਰ ਦੀ ਸਿਕ
ਮੇਰੀ ਮੈਂ ਦਾ ਤੂੰ ਹੋ ਗਿਆ, ਅਸਾਂ ਹੋ ਗਏ ਦੋ ਤੋਂ ਇੱਕ
ਲਿਖ ਚਿੱਠੀਆਂ ਯਾਰ ਰੁਝਾਵੇ, ਸੁਮੱਤ ਬੈਂਸ ਨੂੰ ਦਿੱਤੀ ਏ

ਸਾਡੇ ਨਾਲ ਯਾਰੀ ਲਾ ਕੇ, ਨੈਣ ਮਿਲਾ ਕੇ ਪਾਇਆ ਪਿਆਰ
ਸਾਡਾ ਦਿਲ ਗੁਮਰਾਹ ਕੀਤਾ, ਸਾਥੋਂ ਹੋ ਗਏ ਕੌਲ ਕਰਾਰ
ਤੂੰ ਉਹਦਾ ਉਹ ਤੇਰਾ ਬਣ ਗਿਆ, ਨਜ਼ਰ ਬੈਂਸ ਤੇ ਨੀਤੀ ਏ

ਚੰਭੇ ਦੀ ਬੂਟੀ

ਅੱਲਾ ਬੋਲ ਯਾ ਰਾਮ ਵਾਹਿਗੁਰੂ, ਜੇ ਅੱਖ ਪਿਆਰ ਚ ਝੁਕਦੀ ਏ
ਉਹ ਇਕ ਉਹਦਾ ਬਿਰਦ ਇਸ਼ਕ, ਗੱਲ ਉਹਦੇ ਕਰਮ ਤੇ ਮੁੱਕਦੀ ਏ

ਪਾਠ ਪੜ੍ਹੇਂ ਤੇ ਸ਼ਬਦ ਸੁਣਾਵੇਂ, ਕਰ ਕਰ ਕਥਾ ਪੁਰਾਣੀ
ਮਾਇਆ ਵੇਖ ਅੱਖ ਨਾ ਝਮਕੇਂ, ਲਾਲਚ ਦੀ ਸਭ ਕਹਾਣੀ
ਮਨ ਚ ਲੱਡੂ ਭੁਰਨ ਲੱਗਣ, ਜਦੋਂ ਬਹੁਤੀ ਸੰਗਤ ਢੁਕਦੀ ਏ

ਪੜ੍ਹ ਪੜ੍ਹ ਸੰਗਤਾਂ ਪਾਠ ਸੁਣਾਵੇਂ, ਪੜ੍ਹੇਂ ਵਾਰਾਂ ਅਤੇ ਵਧੀਕਾਂ
ਮਾਹੀ ਤੇਰੇ ਚਿੱਤ ਨਾ ਚੇਤੇ, ਐਵੇਂ ਇਸ਼ਕ ਨੂੰ ਲਾਵੇਂ ਲੀਕਾਂ
ਬੈਂਸ ਨਿਮਾਣੇ ਸ਼ਰਮ ਜ਼ਰਾ ਨਾ, ਆਖ ਦੇਵੇ ਜਿਵੇਂ ਢੁਕਦੀ ਏ

ਪਾਠ ਕਰੇਂ ਫਿਰ ਕਰੇਂ ਉਲੱਥਾ, ਸੰਗਤ ਨੂੰ ਭਰਮਾਂ ਚ ਪਾਵੇਂ
ਮਸਾਲੇ ਲਾ ਲਾ ਕਰੇਂ ਵਿਆਖਿਆ, ਇਕ ਤੋਂ ਚਾਰ ਬਣਾਵੇਂ
ਮਾਹੀ ਇਕ ਏ ਦਮ ਦੇ ਵਿਚ ਏ, ਦੋ ਨਹੀਂ ਗੱਲ ਇਕ ਦੀ ਏ

ਪੰਜ ਟਕੇ ਦੀ ਦੇਗ ਕਰਾ ਕੇ, ਮੰਗਦਾ ਪੁੱਤਰਾਂ ਦੀਆਂ ਦਾਤਾਂ
ਪਹਿਲਾਂ ਕਦੀ ਯਾਦ ਨਹੀਂ ਕੀਤਾ, ਉਹ ਕਿੱਥੋਂ ਦਵੇ ਸੁਗਾਤਾਂ
ਮੁਖਤ ਕਿਤੇ ਕੁਝ ਨਹੀਂ ਮਿਲਦਾ, ਆਖ ਦਿਓ ਗੱਲ ਦੁਖਦੀ ਏ

ਪੰਜ ਬਾਣੀਆਂ ਪਾਠ ਕਰੇਂ, ਕਦੀ ਉਹਨੂੰ ਯਾਦ ਨਹੀਂ ਕੀਤਾ
ਮਿਨਤਾਂ ਕਰੇਂ ਵਾਸਤੇ ਪਾਵੇਂ, ਜਦੋਂ ਮਾਇਆ ਪਾਇਆ ਭਸੀਟਾ
ਮਾਹੀ ਗੱਲ ਉਦੋਂ ਸੁਣਦਾ, ਜਦੋਂ ਖੱਲ ਇਸ਼ਕ ਚ ਸੁੱਕਦੀ ਏ

ਤੜਕੇ ਉਠ ਕੇ ਪਾਠ ਪਿਆ ਕਰਦਾ, ਪੜ੍ਹ ਪੜ੍ਹ ਮਾਣ ਵਧਾਵੇ
ਅੜਿਆ, ਮਾਣ ਪੱਥਰਾਂ ਭਰੀ ਬੇੜੀ, ਤੈਨੂੰ ਨਾਲ ਡੋਬ ਲੈ ਜਾਵੇ
ਪਾਠ ਕਰੇਂ ਉਹਦਾ ਮਾਣ ਕਰੇਂ, ਸਭ ਕਰੀ ਕਮਾਈ ਮੁੱਕਦੀ ਏ

ਜੱਗ ਬਾਜ਼ੀਗਰ ਦਾ ਹਾਸਾ ਏ, ਇਹ ਦੁਨੀਆਂ ਖੇਡ੍ਹ ਤਮਾਸ਼ਾ ਏ
ਸਭ ਅਪਣੇ ਅਪਣੇ ਧੰਦੇ ਪਿੱਟਦੇ, ਪਏ ਖੇਡ੍ਹਣ ਸਾਰ ਪਾਸਾ ਵੇ
ਜੋ ਬੀਜੇਂ ਉਹੋ ਵੱਢਣਾ ਪੈਂਦਾ, ਗੱਲ ਤੇਰੇ ਅਮਲਾਂ ਤੇ ਰੁਕਦੀ ਏ

ਅਲਫ ਅੱਲਾ ਦਾ ਬਿਰਦ ਏ ਲੋਕੋ, ਬੇ ਵਿਚ ਦੁਨੀਆਂ ਖੋਈ
ਅਲਫ ਇਲਮ ਦੀ ਸਮਝ ਨਾ ਕਾਈ, ਬੇ ਪੇ ਦੀ ਬੈ ਬੈ ਹੋਈ
ਪਾਠ ਕਰ ਮਨ ਫਤੂਰ ਚੜ੍ਹਾਵੇਂ, ਤੇਰੀ, ਮੇਰੀ ਮੈਂ ਨਾ ਮੁੱਕਦੀ ਏ

ਅਲਫ ਅੱਲਾ ਦੇ ਇਲਮ ਤੋਂ ਵਾਂਝੇ, ਬੇ ਬੈ ਦੀਆਂ ਪੜ੍ਹੇਂ ਜਮਾਤਾਂ
ਇਕ ਅਲਫ ਚ ਮਾਹੀ ਵਸਦਾ, ਜਿਹੜਾ ਸਭ ਨੂੰ ਵੰਡੇ ਜਗਾਤਾਂ
ਪਿਆਰ ਮਾਹੀ ਦਿਲਦਾਰ ਮਾਹੀ, ਪ੍ਰੀਤ ਬਿਨਾਂ ਰੂਹ ਧੁਖਦੀ ਏ

ਯਾਰ ਵਸ ਪਿਆਰ ਦੇ ਅੜੀਓ, ਜੇ ਪਿਆਰ ਕਿਸੇ ਨੂੰ ਹੋ ਜਾਵੇ
ਤੂੰ ਯਾਦ ਕਰੇਂ ਉਹ ਸੁਫਨੇ ਵੇਖੇ, ਉਹ ਤੇਰੇ ਸੁਫਨਿਆਂ ਖੋ ਜਾਵੇ
ਘੁਣ ਵਾਂਗ ਜਿਗਰ ਨੂੰ ਖਾਵੇ, ਜੇ ਲੱਗ ਜਾਵੇ ਨਹੀਂ ਟੁੱਟਦੀ ਏ

ਅੜੀਏ ਦਿਲ ਚ ਰਾਮ ਬੋਲ, ਰਾਮ ਬੋਲ ਝੱਕ ਦਿਲ ਦਾ ਖੋਲ੍ਹ
ਵਾਹਿਗੁਰੂ ਅੱਲਾ ਰਾਮ ਨਾਮ ਇਕ, ਇਹ ਬੋਲ ਭਾਵੇਂ ਉਹ ਬੋਲ
ਇਸ਼ਕ ਮੁਸ਼ਕ ਚੰਭੇ ਦੀ ਬੂਟੀ, ਨਿੱਤ ਦਰ ਮਾਸ਼ੂਕਾਂ ਧੁਖਦੀ ਏ

ਇਸ ਜਿੰਦੜੀ ਦਾ ਮਕਸਦ ਇਕੋ, ਨੀ ਯਾਦ ਮਾਹੀ ਨੂੰ ਕਰ ਲੈ
ਇਕ ਸ਼ਬਦ ਜੋ ਗੁਰੂ ਸਿਖਾਇਆ, ਭਜ ਭਜ ਕੇ ਉਹਨੂੰ ਤਰ ਲੈ
ਬੈਂਸ ਧਿਆ ਲੈ ਯਾਰ ਮਨਾ ਲੈ, ਇੰਵ ਜਨਮ ਮਰਨ ਪੰਧ ਮੁੱਕਦੀ ਏ

ਮਨ ਚ ਮੂਰਤ ਦਿਲ ਚ ਸੂਰਤ, ਇੰਵ ਚੇਤੇ ਕਰ ਅਪਣੇ ਮਾਹੀ ਨੂੰ
ਜਦੋਂ ਮੁੱਕ ਗਿਆ ਕੱਜਲਾ ਅੱਖੀਆਂ ਦਾ, ਆ ਕੇ ਫਤੂ ਕਲਾਈ ਨੂੰ
ਨਾ ਵੰਕ ਛਣਕੇ ਨਾ ਇਸ਼ਕ ਹੰਢੇ, ਤੱਕ ਮਾਹੀ ਨੂੰ ਅੱਖ ਝੁਕਦੀ ਏ

ਰੰਗ ਬਰੰਗ

ਥੋੜਾ ਜਿਹਾ ਚਾਰਾ ਕਰ ਅੜੀਏ, ਉਹ ਤੇਰੇ ਪਿਆਰ ਚ ਰਾਜ਼ੀ ਏ
ਤੂੰ ਮਾਹੀ ਮਾਹੀ ਕਰਦੀ ਜਾਹ, ਉਹਦੀ ਇਹੋ ਨਮਾਜ਼ ਨਿਆਜ਼ੀ ਏ

ਉਹ ਤੇਰੇ ਅੰਦਰ ਵਸਦਾ ਏ, ਤੇਰੇ ਕਰਮ ਵੇਖ ਕੇ ਹਸਦਾ ਏ
ਤੂੰ ਭੁੱਲਾਵੇਂ ਉਹ ਯਾਦ ਆਵੇ, ਇਹ ਪਿਆਰ ਦਾ ਤਕਵਾ ਏ
ਸਹਿਜ ਸੁਭਾ ਮਾਹੀ ਯਾਦ ਆਵੇ, ਲੱਗੀ ਇਸ਼ਕ ਦੀ ਬਾਜ਼ੀ ਏ

ਇਹ ਕੋਈ ਔਖਾ ਕੰਮ ਨਹੀਂ, ਅਪਣਾ ਮਨ ਸਿੱਧਾ ਕਰਨਾ ਏ
ਉਹਦੀ ਸੂਰਤ ਮਨ ਚ ਰੱਖ ਕੇ, ਬਸ ਤੂੰ ਹੀ ਤੂੰ ਹੀ ਕਰਨਾ ਏ
ਇਹੋ ਪੂਜਾ ਇਹੋ ਇਬਾਦਤ, ਇਹੋ ਪੀਰ ਫਕੀਰਾਂ ਸਾਧੀ ਏ

ਪਾਕ ਉਹ ਵਾਕਣ ਪਾਰਸ ਦੇ, ਆਸ਼ਿਕ ਵਾਕਣ ਸਾਰਸ ਦੇ
ਪੰਗ ਮਾਸ਼ੂਕ ਨੂੰ ਲੱਗ ਜਾਵੇ, ਕਿੱਸੇ ਲਿਖੇ ਵਾਕਣ ਵਾਰਸ ਦੇ
ਇਸ਼ਕ ਨਹੀਂ ਡਰਦਾ ਮੌਤ ਕੋਲੋਂ, ਫਾਸੀ ਚੜ੍ਹਨ ਚ ਰਾਜ਼ੀ ਏ

ਐਵੇਂ ਰੰਗ ਮਜੀਠਾ ਕਸਦਾ ਨਹੀਂ, ਕਸ ਜਾਵੇ ਤਾਂ ਲੱਥਦਾ ਨਹੀਂ
ਜੇ ਡੰਗ ਇਸ਼ਕ ਦਾ ਲੱਗ ਜਾਵੇ, ਮਰ ਜਾਵੇ ਉਹ ਬਚਦਾ ਨਹੀਂ
ਜਿਉਂਦੇ ਮਰਨਾ ਆ ਜਾਵੇ, ਜਿੱਤ ਹੋ ਗਈ ਇਸ਼ਕ ਦੀ ਬਾਜ਼ੀ ਏ

ਹਰ ਰੂਹ ਚ ਮਾਹੀ ਵਸਦਾ ਏ, ਕਿਸੇ ਵਿਰਲੇ ਨੂੰ ਰਾਹ ਦੱਸਦਾ ਏ
ਸਭ ਭੇਸ ਬਣਾ ਕੇ ਫਿਰਦੇ ਨੇ, ਉਹ ਦੂਰ ਪਖੰਡਾਂ ਤੋਂ ਨੱਸਦਾ ਏ
ਬੈਂਸ ਚੇਤੇ ਕਰ ਤੂੰ ਮਾਹੀ ਨੂੰ, ਉਹਦੀ ਇਹੋ ਨਮਾਜ਼ ਨਿਆਜ਼ੀ ਏ

ਪਿਆਰ ਚ ਉਹਨੇ ਜੱਗ ਬਣਾਇਆ, ਇਸੇ ਚ ਰਾਜ਼ੀ ਰਹਿੰਦਾ ਏ
ਪਿਆਰ ਦਾ ਸੌਦਾ ਮਹਿੰਘਾ ਏ, ਤੈਨੂੰ ਬੈਂਸ ਨਿਮਾਣਾ ਕਹਿੰਦਾ ਏ
ਹਿਜਰ ਯਾਰ ਦਾ ਪਿਆਰ ਰੱਬ ਦਾ, ਹਕੀਕੀ ਭਾਵੇਂ ਮਜਾਜ਼ੀ ਏ

ਮਨ ਸਮਝੌਣਾ

ਦਿਲ ਦੀਆਂ ਗੰਢੀਆਂ ਖੋਲ੍ਹ ਦੇ ਮਾਹੀ, ਜੋ ਜ਼ੁਲਫਾਂ ਨਾਲ ਬੱਧੀਆਂ
ਸੁਹਾਗਣ ਉਨ੍ਹਾਂ ਨੂੰ ਆਖੀਦੈ, ਜੋ ਪਿਆਰ ਮਾਹੀ ਦੇ ਰੰਗੀਆਂ
ਅੱਖੀਆਂ ਚ ਕਜਲਾ ਤਾਂ ਸੁਹੰਦਾ, ਜੇ ਲੜ ਮਾਹੀ ਦੇ ਲੱਗੀਆਂ
ਜੇ ਮਾਹੀ ਨੇ ਅੰਗ ਨਾ ਲਾਇਆ, ਐਵੇਂ ਫਿਰਦੀ ਪਾਈ ਸੱਗੀਆਂ

ਯਾਰ ਮਨਾਉਣਾ ਸੌਖਾ ਨਹੀਂ, ਸਿਰ ਦੇ ਕੇ ਮਨੌਣਾ ਪੈਂਦਾ ਏ
ਸਜਦਾ ਕਰ ਕਰ ਮਾਹੀ ਦਾ, ਅਪਣਾ ਆਪ ਮਿਟਾਉਣਾ ਪੈਂਦਾ ਏ

ਤੈਨੂੰ ਇਕ ਦਿਨ ਉਥੇ ਜਾਣਾ ਪੈਣਾ, ਜਿੱਥੇ ਕੋਈ ਨਾ ਜਾਵੇ
ਸਭ ਕੁਝ ਏਥੇ ਛੱਡਣਾ ਪੈਣਾ, ਕੋਈ ਚੀਜ਼ ਨਾਲ ਨਾ ਜਾਵੇ
ਸੁਣ ਭਾਈ ਕਰ ਨੇਕ ਕਮਾਈ, ਜੋ ਨਾਲ ਲੈ ਜਾਣ ਦਿੰਦਾ ਏ

ਚੰਗਾ ਕੰਮ ਕਦੀ ਨਹੀਂ ਕੀਤਾ, ਮਨ ਚ ਕਦੀ ਨਹੀਂ ਸੋਚਿਆ
ਠੱਗੀਆਂ ਮਾਰੀਆਂ ਚੋਰੀ ਕੀਤੀ, ਮਨ ਨੂੰ ਕਦੀ ਨਹੀਂ ਰੋਕਿਆ
ਪੁੱਠੇ ਕੰਮ ਛੱਡ ਕੇ ਅੜੀਏ, ਮਨ ਸਿੱਧੇ ਰਾਹ ਪਾਉਣਾ ਪੈਂਦਾ ਏ

ਸੀਖ ਮਨ ਨੂੰ ਲਾ ਅੜੀਏ, ਚੱਜ ਸਿੱਖ ਲੈ ਯਾਰੀ ਲਾਵਣ ਦਾ
ਇਹ ਕਰ ਭਾਵੇਂ ਉਹ ਕਰ, ਕਰ ਚਾਰਾ ਯਾਰ ਮਨਾਵਣ ਦਾ
ਤਰਲੇ ਕਰ ਕਰ ਮਾਹੀ ਤੋਂ, ਦਿਲ ਸਾਫ ਕਰਾਉਣਾ ਪੈਂਦਾ ਏ

ਗੁਰਦੁਆਰੇ ਜਾ ਮੱਥੇ ਟੇਕੇ, ਪਰ ਤਾ ਨਾ ਇਸ਼ਕ ਨੇ ਦਿੱਤਾ
ਦਰਦ ਇਸ਼ਕ ਦਾ ਉਹ ਜਾਣਨ, ਇਸ਼ਕ ਜਿਨ੍ਹਾਂ ਦਾ ਕਿੱਤਾ
ਬੈਂਸ, ਯਾਰ ਮਨਾਉਣ ਵਾਸਤੇ, ਆਪ ਮਿਟਾਉਣਾ ਪੈਂਦਾ ਏ

ਤੇਰੇ ਨਾਲ ਲਾਈ

ਤੋੜ ਅਪਣਿਆਂ ਨਾਲੋਂ, ਅਸਾਂ ਤੇਰੇ ਨਾਲ ਲਾਈ
ਕਰ ਕੱਚੇ ਪਿੱਲੇ ਵਾਧੇ, ਤੂੰ ਭੀ ਦੇ ਗਿਆ ਜੁਦਾਈ

ਅੱਖੀਆਂ ਮਿਲਾ ਕੇ, ਸਾਡਾ ਮੋਹ ਲਿਆ ਦਿਲ
ਅਸਾਂ ਨੇੜੇ ਹੋ ਕੇ ਤੇਰੇ, ਗਏ ਇੰਵ ਘੁਲ ਮਿਲ
ਜਿਵੇਂ ਕਵਿਤਾ ਕਵਿੱਤ, ਨਾਲ ਕਾਗਜ਼ ਸਿਆਹੀ

ਸਧਰਾਂ ਪਿਆਰ ਦੀਆਂ, ਰੋ ਰੋ ਇਹ ਕਹਿੰਦੀਆਂ
ਮਾਹੀ ਨੂੰ ਮਿਲਣ ਦੀਆਂ, ਤਾਂਘਾਂ ਚਿੱਤ ਰਹਿੰਦੀਆਂ
ਤੇਰੇ ਆਉਣ ਦੇ ਬਹਾਨੇ, ਪਾਵਾਂ ਨੈਣਾਂ ਚ ਸਲਾਈ

ਰੱਬਾ ਕਰ ਕੇ ਐਸਾਨ, ਮੇਰੇ ਮਾਹੀ ਨੂੰ ਮਿਲਾ ਦੇ
ਸਾਡਾ ਰੁੱਸ ਗਿਆ ਯਾਰ, ਸਾਡਾ ਮੇਲ ਕਰਾ ਦੇ
ਉਹਨੂੰ ਨਾਲ ਲੈ ਕੇ ਆ, ਰੱਬਾ ਪਾਵਾਂ ਮੈਂ ਦੁਹਾਈ

ਕਰਾਂ ਮਿੰਨਤਾਂ ਮੈਂ ਤੇਰੀ, ਮੇਰੇ ਮਾਹੀ ਪਾ ਜਾ ਫੇਰੀ
ਅੱਖ ਰਾਹ ਤੱਕ ਥੱਕੀ, ਮਾਹੀ, ਕਰੀਂ ਨਾ ਹੁਣ ਦੇਰੀ
ਭਾਵੇਂ ਸੁਣ ਕਿ ਨਾ ਸੁਣ, ਅਸਾਂ ਦਿਲ ਦੀ ਸੁਣਾਈ

ਤੈਨੂੰ ਅੱਖੀਆਂ ਉਡੀਕਦੀਆਂ, ਪਿਆਰ ਵਾਜਾਂ ਮਾਰੇ
ਅਸਾਂ ਬਾਕੀ ਦੀ ਬਿਤਾਉਣੀ, ਤੇਰੇ ਪਿਆਰ ਸਹਾਰੇ
ਸਾਥੋਂ ਰੁੱਸ ਗਿਆ ਜੱਗ, ਜਦੋਂ ਤੇਰੇ ਨਾਲ ਲਾਈ

ਕਰਾਂ ਮਾਹੀ ਦੀਆਂ ਉਡੀਕਾਂ, ਸਾਡੀ ਬੀਤ ਚੱਲੀ ਸਾਰੀ
ਬਿਨਾਂ ਸੱਟ ਦਰਦ ਹੋਵੇ, ਇਸ਼ਕ ਇਹੋ ਜਿਹੀ ਬਿਮਾਰੀ
ਬੈਂਸ, ਬੇਸਮਝੀ ਚ ਲੱਗ ਜਾਵੇ, ਇਹ ਲੱਗਦੀ ਨਾ ਲਾਈ

ਇਸ਼ਕ ਦਾ ਇਮਤਹਾਨ

ਇਸ਼ਕੇ ਦੀ ਪੌੜੀਆਂ ਤੇ, ਦੇਣਾ ਪੈਂਦਾ ਇਮਤਹਾਨ ਹੈ
ਜਿਹੜਾ ਕੋਈ ਪਾਸ ਹੋਵੇ, ਉਹਨੂੰ ਪੂਜਦਾ ਜਹਾਨ ਹੈ

ਰਾਂਝੇ ਨੂੰ ਟਿੱਲੇ ਸੱਦ ਕੇ, ਨਾਥ ਨੇ ਤਿਲਕ ਲਗਾ ਦਿੱਤਾ
ਉਹ ਤੋਂ ਹੀਰ ਚੁਰਾ ਕੇ, ਉਹਨੂੰ ਰੱਬ ਦੇ ਪਿੱਛੇ ਲਾ ਦਿੱਤਾ
ਨਾ ਉਹ ਮਿਲੇ ਨਾ ਹੀਰ ਮਿਲੇ, ਉਹਨੂੰ ਕੀਤਾ ਪ੍ਰੇਸ਼ਾਨ ਹੈ

ਇਸ਼ਕ ਚ ਡੁੱਬੀ ਮੀਰਾ ਨੇ, ਪੀਤਾ ਜ਼ਹਿਰ ਪਿਆਲਾ
ਇਸ਼ਕ ਦਾ ਮਾਰਾ ਉਬੱਲਿਆ, ਦੇਗਾਂ ਵਿਚ ਦਿਆਲਾ
ਕਾਰੇ ਵੇਖ ਵੇਖ ਦੁਨੀਆਂ ਦੇ, ਬੈਂਸ ਬਹੁਤ ਹੈਰਾਨ ਹੈ

ਪਾ ਕੇ ਪ੍ਰੀਤ ਦਾ ਪੁਆੜਾ, ਮਤੀਦਾਸ ਤੇ ਚੱਲਿਆ ਆਰਾ
ਇੱਥੇ ਪੁੱਠੀ ਖੱਲ ਲੁਹਾ ਦਿੰਦੇ, ਮਤੀਦਾਸ ਕੌਣ ਵਿਚਾਰਾ
ਫਿਰ ਯਾਦ ਚ ਲੱਗਣ ਮੇਲੇ, ਇਹ ਪਿਆਰ ਦਾ ਨਿਸ਼ਾਨ ਹੈ

ਇਸ਼ਕ ਚ ਖੋਏ ਅਰਜਣ ਨੂੰ, ਤੱਤੀ ਤਵੀ ਤੇ ਬਠਾ ਦਿਤਾ
ਹੋਰ ਪ੍ਰੀਖਿਆ ਲੈਣ ਲਈ, ਉਤੋਂ ਤੱਤਾ ਰੇਤਾ ਪਾ ਦਿਤਾ
ਜੇ ਮਰ ਕੇ ਹੀ ਰੱਬ ਮਿਲਦਾ ਹੈ, ਇਹ ਕਾਹਦਾ ਐਸਾਨ ਹੈ

ਪਿਆਰ ਮੁਹੱਬਤ ਪਿਆਰ ਪੂਜਾ, ਮੁਹੋਂ ਕੁਝ ਨਾ ਬੋਲੇ
ਲ੍ਹਾਣਤ ਸਾਰੀ ਦੁਨੀਆਂ ਨੂੰ, ਜੋ ਇਸ਼ਕ ਲਹੂ ਨਾਲ ਤੋਲੇ
ਜਿਉਂਦਿਆਂ ਜੀ ਮਰ ਕੇ, ਰੱਬ ਕਰਦਾ ਕਲਿਆਣ ਹੈ

ਇਸ਼ਕ ਦੀ ਕੀਮਤ ਤਾਂ ਪੈਂਦੀ, ਆਸ਼ਿਕ ਜਾਨ ਨਾਲ ਖੇਲ੍ਹੇ
ਜਾਨ ਕੱਢ ਕੇ ਕਰਨ ਮਛਕਰਾਂ, ਵੇਖੋ ਜੱਗ ਦੇ ਝਮੇਲੇ
ਹਸ ਹਸ ਸੂਲੀ ਚੜ੍ਹ ਜਾਂਦੇ, ਆਸ਼ਿਕਾਂ ਦੀ ਪਹਿਚਾਣ ਹੈ

ਮੁੱਕ ਜਾਣਾ ਦੁਨੀਆਂ ਨੇ, ਪਰ ਆਸ਼ਿਕਾਂ ਦਾ ਨਾਂ ਰਹਿੰਦਾ
ਕਰ ਪਿਆਰ ਮਨਾ ਯਾਰ, ਤੈਨੂੰ ਬੈਂਸ ਨਿਮਾਣਾ ਕਹਿੰਦਾ
ਸਭ ਚਾਰ ਦਿਨਾਂ ਦਾ ਮੇਲਾ ਏ, ਸਾਰਾ ਜੱਗ ਮਹਿਮਾਨ ਹੈ

ਮਿੱਠੇ ਮਿੱਠੇ ਬੋਲ

ਸਖੀ ਮਾਹੀ ਨੂੰ ਸੁਣਾ ਦੇ, ਗਾ ਕੇ ਮਿੱਠੇ ਮਿੱਠੇ ਬੋਲ
ਤੈਨੂੰ ਪਿਆਰ ਵਾਜਾਂ ਮਾਰੇ, ਵਸ ਪਲਕਾਂ ਦੇ ਕੋਲ

ਮੇਰਾ ਦਿਲ ਗੁਣ ਗੁਣਾਵੇ, ਸੁਣ ਚਰਖ਼ੇ ਦੀ ਘੂਕ
ਚੇਤੇ ਕਰ ਕਰ ਤੈਨੂੰ, ਮੇਰੇ ਦਿਲ ਵਿਚ ਉਠੇ ਹੂਕ
ਚੰਨਾਂ ਵਸ ਪਲਕਾਂ ਦੇ ਕੋਲ, ਬੋਲ ਭਾਵੇਂ ਨਾ ਬੋਲ

ਤੈਨੂੰ ਅੱਖੀਆਂ ਉਡੀਕਦੀਆਂ, ਪਿਆਰ ਵਾਜਾਂ ਮਾਰੇ
ਸਾਡਾ ਸਾਹ ਰੁੱਕ ਜਾਵੇ, ਜਿਉਂਦੇ ਪਿਆਰ ਦੇ ਸਹਾਰੇ
ਗਾਵਾਂ ਤਿੰਜਣਾਂ ਚ ਗੀਤ, ਤੇਰੇ ਪਿਆਰ ਨੂੰ ਪਪੋਲ

ਡਾ੍ਹਵਾਂ ਚਰਖ਼ਾ ਕੱਤਾਂ ਪੂਣੀਆਂ, ਚਰਖਾ ਬੋਲੇ ਗੂੰ ਗੂੰ ਗੂੰ
ਤਾਲ ਨਾਲ ਤਾਲ ਮਿਲਾ ਕੇ, ਕਰਦੀ ਜਾਵਾਂ ਤੂੰ ਹੀ ਤੂੰ
ਚਰਖਾ ਡਾ੍ਹਵਾਂ ਤੇਰੇ ਗੀਤ ਗਾਵਾਂ, ਚੰਨਾਂ ਬਣ ਕੇ ਚਕੋਰ

ਆ ਕੇ ਮੁੱਖੜਾ ਵਖਾ ਦੇ, ਮੇਰੇ ਯਾਰ ਮੇਰੇ ਮਾਹੀ
ਮੈਂ ਬੁੱਕ ਬੁੱਕ ਹਾਰੀ, ਮੁੱਕੀ ਨੈਣਾਂ ਦੀ ਸਿਆਹੀ
ਦਿਲ ਲੱਗਦਾ ਨਹੀਂ ਮੇਰਾ, ਪੈਂਦਾ ਦਿਲ ਵਿਚ ਹੌਲ

ਯਾਦ ਗੀਤਾਂ ਚ ਛੁਪਾਵਾਂ, ਗਾਵਾਂ ਪਿਆਰ ਦੇ ਤਰਾਨੇ
ਚੰਨਾਂ ਤੇਰੀ ਯਾਦ ਸਤਾਵੇ, ਕਰਾਂ ਗੀਤਾਂ ਦੇ ਬਹਾਨੇ
ਲਾ ਕੇ ਇਸ਼ਕ ਦਾ ਜਾਗ, ਕੁੰਡਾ ਦਿਲ ਵਾਲਾ ਖੋਲ੍ਹ

ਮੁੜ ਮੁੜ ਕੇ ਅੱਖੀਆਂ ਪੂੰਝਾਂ, ਲਾ ਕੇ ਧੂੰਏਂ ਦਾ ਪੱਜ
ਐਵੇਂ ਕਾਗ ਨੂੰ ਉਡਾਵਾਂ, ਮੇਰੇ ਮਾਹੀ ਆਉਣਾ ਅੱਜ
ਤੂੰ ਸਾਡੀ ਪਲਕਾਂ ਚ ਵਸੇਂ, ਮੇਰੇ ਮਾਹੀ ਮੇਰੇ ਢੋਲ

ਕੱਚ ਪੱਕ

ਹੁਸਨ ਤੇ ਸਾਰਾ ਜੱਗ ਮਰਦਾ, ਪਿਆਰ ਨਾ ਕੋਈ ਕਰਦਾ
ਜੇ ਪਿਆਰ ਕਿਸੇ ਨੂੰ ਹੋ ਜਾਵੇ, ਉਹ ਜਿਉਂਦੇ ਜੀ ਮਰਦਾ
ਮੌਤ ਜੰਮਣ ਤੋਂ ਪਹਿਲਾਂ ਲਿਖੀ, ਜੋ ਜੰਮਿਆਂ ਸੋ ਮਰਨਾ
ਜਿਉਣਾ ਮਰਨਾ ਹੱਥ ਕਾਦਰ ਦੇ, ਕਿਉਂ ਬੈਂਸ ਤੂੰ ਡਰਨਾਂ
ਮਰਨਾ ਕੋਈ ਖ਼ਤਾ ਨਹੀਂ ਏ, ਇਹ ਜਿੰਦੜੀ ਦਾ ਹਿੱਸਾ
ਬੈਂਸ ਉਹੋ ਬਣਾਵੇ ਉਹੋ ਢਾਵੇ, ਜਿਹਨੇ ਲਿਖਿਆ ਕਿੱਸਾ
ਸੁਖ ਵਿਚ ਸਭ ਭਾਈਵਾਲ, ਦੁਖ ਵਿਚ ਕੋਈ ਨਾ ਬੇਲੀ
ਸਭ ਨੇ ਅਪਣੇ ਘਰ ਟੁਰ ਜਾਣਾ, ਕੋਈ ਨਾ ਰਹੇ ਸਹੇਲੀ
ਜੰਮਦੇ ਰੋਂਦੇ ਮਰਦੇ ਰੋਂਦੇ, ਇਹ ਰੋਣਾ ਉਮਰਾਂ ਭਰ ਦਾ
ਰੋ ਰੋ ਬੇੜਾ ਪਾਰ ਹੋਣਾ ਏ, ਬੈਂਸ ਕਿਉਂ ਰੋਣ ਤੋਂ ਡਰਦਾ
ਇਸ਼ਕ ਅਨੋਖਾ ਦਰਦ ਦੇ ਜਾਵੇ, ਵੈਦ ਜਰਾਹ ਨਾ ਜਾਣੇ
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ, ਹੋ ਜਾਣ ਮਾਣ ਨਿਮਾਣੇ
ਜੱਗ ਚ ਕੋਈ ਨਾ ਸਾਥੀ ਬੇਲੀ, ਨਾ ਕੋਈ ਭੈਣ ਨਾ ਭਾਈ
ਜਾਣ ਸਮੇਂ ਸਭ ਸਾਥ ਛੱਡ ਜਾਂਦੇ, ਕੋਈ ਨਾ ਹੋਵੇ ਸਹਾਈ
ਆਪਣਾ ਬਿਗਾਨਾ ਕੋਈ ਨਾ ਇੱਥੇ, ਸਭਨਾ ਨੇ ਟੁਰ ਜਾਣਾ
ਥਿਰ ਨਾ ਜੱਗ ਤੇ ਕੋਈ ਰਹਿੰਦਾ, ਇਹ ਮਾਲਿਕ ਦਾ ਭਾਣਾ
ਜੱਗ ਦੇ ਕੰਮ ਨਹੀਂ ਮੁੱਕਦੇ, ਇਹ ਸਭ ਕੁਝ ਮੌਤ ਮੁਕਾਵੇ
ਮਰ ਕੇ ਜੱਨਤ ਮਿਲਦਾ ਏ, ਅੜਿਓ ਬੈਂਸ ਦੁਹਾਈ ਪਾਵੇ
ਕੀੜੀ ਤੋਂ ਹਾਥੀ ਮਰਵਾਵੇ, ਰਾਣਿਆਂ ਨੂੰ ਰੰਕ ਬਣਾਵੇ
ਸ਼ਹਿਨਸ਼ਾਹਾਂ ਤੋਂ ਘਾਹ ਖੁਤਵਾਵੇ, ਜੇ ਮਾਲਿਕ ਨੂੰ ਭਾਵੇ
ਰਾਜਾ ਰੰਕ ਨਾ ਕੋਈ ਰਹਿੰਦਾ, ਅੱਜ ਆਇਆ ਕੱਲ੍ਹ ਜਾਣਾ
ਕਰਮ ਧਰਮ ਸਭ ਮੌਤ ਮਿਟਾਵੇ, ਮੰਨ ਮਾਹੀ ਦਾ ਭਾਣਾ
ਸਦਾ ਨਾ ਬਾਗੀਂ ਕੋਇਲ ਬੋਲੇ, ਸਦਾ ਨਾ ਫੁੱਲ ਖਿੜੇਂਦੇ
ਸਦਾ ਨਾ ਕੋਈ ਸਾਥੀ ਬੇਲੀ, ਸਭ ਅੰਤ ਸਾਥ ਛੱਡ ਦਿੰਦੇ
ਕਾਹਦਾ ਮਾਣ ਜੁਆਨੀ ਦਾ, ਇਕ ਦਿਨ ਇਹ ਢਲ ਜਾਣਾ
ਜਦੋਂ ਅੱਗ ਮੜ੍ਹੀ ਨੂੰ ਲਾਈ, ਨਾਲੇ ਹੱਡਾਂ ਵੀ ਜਲ ਜਾਣਾ
ਸਦਾ ਨਾ ਰਹਿਣੀ ਹੁਸਨ ਜੁਆਨੀ, ਸਦਾ ਨਾ ਮੌਜ ਬਹਾਰਾਂ
ਜਿਹਨੇ ਮਾਣ ਜੋਬਨ ਦਾ ਕੀਤਾ, ਬੈਂਸ, ਅੰਤ ਪੈਣੀਆਂ ਮਾਰਾਂ
ਸਭ ਮੇਰੀ ਮੇਰੀ ਕਰਦੇ ਟੁਰ ਗਏ, ਜਾਣ ਸਮੇਂ ਹੱਥ ਖਾਲੀ
ਜਾਣ ਸਮੇਂ ਸੌਦਾ ਮੁੱਕ ਜਾਵੇ, ਮੁੜ ਕੋਈ ਨਾ ਕਰੇ ਦਲਾਲੀ

ਜੱਗ ਚ ਆ ਕੇ ਕਰਮ ਭੁੱਲ ਗਿਆ, ਖੋਏ ਦਾ ਕਿਆ ਖੋਣਾ
ਨੇਕ ਕਰਮ ਕਰ ਛੱਡ ਰੱਬ ਤੇ, ਫਿਰ ਜੋ ਹੋਣਾ ਸੋ ਹੋਣਾ
ਰੋਜ਼ ਨਾ ਹੱਥੀਂ ਮਹਿੰਦੀ ਲੱਗਣੀ, ਰੋਜ਼ ਨਾ ਛਣਕਣ ਵੰਙਾਂ
ਲੜ ਮਾਹੀ ਦੇ ਲੱਗ ਜਾ ਅੜੀਏ, ਪੂਰੀਆਂ ਕਰੇਗਾ ਮੰਗਾਂ
ਸਦਾ ਨਾ ਜੱਗ ਤੇ ਕੋਈ ਰਹਿੰਦਾ, ਜੋ ਬਣਿਆ ਸੋ ਢਹਿਣਾ
ਤੂੰ ਅਪਣੀ ਖੱਟੀ ਆਪ ਖਾਏਂਗਾ, ਕਿਸੇ ਨਾ ਤੈਨੂੰ ਕਹਿਣਾ
ਮਾਂਵਾਂ ਧੀਆਂ ਦਾ ਫਰਕ ਨਾ ਕਾਈ, ਧੀਆਂ ਮਾਂ ਨੂੰ ਜੰਮੀਆਂ
ਸਭ ਨੇ ਅਪਣੇ ਘਰ ਟੁਰ ਜਾਣਾਂ, ਨਿੱਕੀਆਂ ਭਾਵੇਂ ਲੰਮੀਆਂ
ਹਾਰ ਸ਼ਿੰਗਾਰ ਕੰਮ ਨਹੀਂ ਆਉਣਾ, ਜੇ ਮਾਹੀ ਨਾ ਮੰਨੇਂ
ਜੇ ਮਾਹੀ ਨੇ ਅੰਗ ਨਾ ਲਾਇਆ, ਗਿਣ ਗਿਣ ਵੰਙਾਂ ਭੰਨੇਂ
ਕੋਠੇ ਚੜ੍ਹ ਚੜ੍ਹ ਕਾਗ ਉੜਾਵੇਂ, ਉਨ੍ਹਾਂ ਨਹੀਂ ਘਰ ਆਉਣਾ
ਤੇਰੀ ਕੋਈ ਕਦਰ ਨਾ ਪੈਣੀ, ਤੂੰ ਜੇ ਨਹੀਂ ਯਾਰ ਮਾਨਉਣਾ
ਇਸ਼ਕ ਮੁਹੱਬਤ ਦੁਨੀਆਂ ਬਾਜ਼ੀ, ਸਭ ਏਥੇ ਛੱਡ ਜਾਣੀ
ਗੱਡ ਕੇ ਤੈਨੂੰ ਵਿਚ ਮੜ੍ਹੀ ਦੇ, ਮੁੜ ਕਿਸੇ ਖਬਰ ਨਾ ਲੈਣੀ
ਫਸ ਗਈ ਜਾਨ ਸ਼ਿਕੰਜੇ ਅੰਦਰ, ਜਿਉਂ ਬੋਲਣ ਵਿਚ ਗੰਨਾਂ
ਹਰ, ਪਲ ਟੋਕਣ ਭਾਈ ਮੁੱਲਾਂ, ਮੈਂ ਕਿਹਨੂੰ ਕਿਹਨੂੰ ਮੰਨਾਂ
ਸਭ ਦੀ ਪਾਲ ਪੋਸ ਖੁਦ ਕਰਦਾ, ਆਪੇ ਰੱਖੇ ਆਪੇ ਮਾਰੇ
ਉਹਦੀਆਂ ਰਮਜ਼ਾਂ ਉਹੀ ਜਾਣੇ, ਮਾਹੀ ਦੇ ਰੰਗ ਨਿਆਰੇ
ਮਿੰਨਤਾਂ ਕਰ ਕਰ ਯਾਰ ਮਨਾਵੇ, ਲੱਗ ਗਏ ਬੈਂਸ ਨੂੰ ਹਾਵੇ
ਮਰਜ਼ੀ ਯਾਰ ਅਗੰਮੜੇ ਦੀ, ਉਹਨੂੰ ਭਾਵੇ ਕਿ ਨਾ ਭਾਵੇ
ਕਰਮ ਸਭ ਦੇ ਆਪੇ ਲਿਖਦਾ, ਕਲਮ ਹੱਥ ਮਾਹੀ ਦੇ
ਚੰਗਾ ਚੰਗੇ ਦਾ ਮੰਦਾ ਮੰਦੇ ਦਾ, ਵੱਖਰੇ ਰੰਗ ਸਿਆਹੀ ਦੇ
ਜਿਨ੍ਹਾਂ ਰੰਗਾਂ ਚ ਦਿਲਬਰ ਰਾਜ਼ੀ, ਬੈਂਸ ਤੂੰ ਰੰਗ ਬਣਾ ਲੈ
ਚਰਨ ਧੂੜ ਮਾਹੀ ਦੀ ਬਣ ਕੇ, ਅਪਣਾ ਯਾਰ ਮਨਾ ਲੈ
ਉਹ ਕਿਸੇ ਨੂੰ ਨਹੀਂ ਮਿਲਦਾ, ਪਰ ਵੇਖੇ ਸਭ ਦੇ ਕਰਮ
ਛੁਪੇ ਨੂੰ ਛੁਪਾਉਣ ਵਾਸਤੇ, ਲੋਕਾਂ ਨੇ ਬਣਾ ਲਏ ਧਰਮ
ਮਸਜਿਦ ਢਾ ਦੇ ਬੁੱਤ ਤੋੜ ਦੇ, ਨਾਲੇ ਢਾ ਗੁਰਦੁਆਰਾ
ਵੇਖੀਂ ਬੈਂਸ ਦਾ ਦਿਲ ਨਾ ਤੋੜੀਂ, ਉਹਨੂੰ ਯਾਰ ਪਿਆਰਾ
ਤੇਰੇ ਦਰ ਦਾ ਬੈਂਸ ਭਿਖਾਰੀ, ਉਹਦੀ ਤੇਰੇ ਨਾਲ ਯਾਰੀ
ਪਿਆਰ ਤੇਰੇ ਦੀ ਭਿੱਖਿਆ ਮੰਗੇ, ਉਹਨੂੰ ਇਸ਼ਕ ਬਿਮਾਰੀ
ਅੰਤ ਪੁਰਾਣੇ ਲੀੜੇ ਵਾਕਣ, ਤੂੰ ਇਕ ਦਿਨ ਫਟ ਜਾਣਾ
ਸੀਸ ਵਾਰ ਕੇ ਯਾਰ ਮਨਾ ਲੈ, ਜੇ ਮੁੜ ਕੇ ਨਹੀਂ ਆਉਣਾ

ਪ੍ਰੀਤ ਯਾਰ ਦੀ ਮਿੱਟੀ ਚ ਬਿਖਰੀ, ਕੀਤੀ ਬਣ ਕੇ ਖਾ ਲੈ
ਬੈਂਸ, ਬਣ ਕੇ ਖ਼ਾਕ ਦੁਆਰੇ ਦੀ, ਅਪਣਾ ਯਾਰ ਮਨਾ ਲੈ
ਪਿਆਰ ਮਾਹੀ ਨੂੰ ਕਰ ਅੜੀਏ, ਤੈਨੂੰ ਕਿਸੇ ਨਾ ਕਹਿਣਾ
ਜੇ ਉਹਦੇ ਗਲ ਲੱਗਣਾ ਚਾਹੇਂ, ਪਾ ਪਿਆਰ ਦਾ ਗਹਿਣਾ
ਜੇ ਰੱਬ ਨੂੰ ਪਾਉਣਾ ਚਾਹੁੰਨੈਂ, ਅਪਣਾ ਮਨ ਸਮਝਾ ਲੈ
ਤੇਰੇ ਅੰਦਰ ਰੱਬ ਵਸਦਾ, ਮਨ ਲਾ ਕੇ ਉਹਨੂੰ ਧਿਆ ਲੈ
ਸਾਫ ਮਨ ਲੈ ਜੱਗ ਚ ਆਇਆ, ਜੱਗ ਮੈਲ ਦਾ ਭਰਿਆ
ਕੁਫਰ ਜੱਗ ਦਾ ਜੀਣ ਨਾ ਦੇਵੇ, ਬੈਂਸ ਜੱਗ ਤੋਂ ਡਰਿਆ
ਕੱਚੇ ਘੜੇ ਚ ਪਾਣੀ ਭਰਨਾਂ, ਤਾ ਦੇ ਕੇ ਉਹਨੂੰ ਪਕਾ ਲੈ
ਜੇ ਤੂੰ ਉਹਦੀ ਮੰਜ਼ਿਲ ਚੜ੍ਹਨਾ, ਜਾਗ ਇਸ਼ਕ ਦਾ ਲਾ ਲੈ
ਯਾਰ ਬਾਝੋਂ ਰੱਬ ਨਾ ਮੰਨਦਾ, ਪਿਆਰ ਮਾਹੀ ਨਾਲ ਪਾ ਲੈ
ਜੇ ਪਾਰ ਉਤਾਰਾ ਮੰਗਦੈਂ, ਉਹਦੀ ਚਰਨ ਧੂੜ ਮੁੱਖ ਲਾ ਲੈ
ਤੂੰ ਉਚਾ ਤੇਰੀ ਜ਼ਾਤ ਭੀ ਉਚੀ, ਤੂੰ ਨੀਵਿਆਂ ਨਾਲ ਲਾਈ
ਤੇਰੇ ਦਰ ਦਾ ਬੈਂਸ ਭਿਖਾਰੀ, ਉਹਨੂੰ ਖ਼ੈਰ ਇਸ਼ਕ ਦੀ ਪਾਈ
ਤੂੰ ਮਾਣ ਤੂੰ ਤਾਣ ਮੇਰਾ, ਤੇਰਾ ਲੱਖ ਲੱਖ ਸ਼ੁਕਰ ਮਨਾਵਾਂ
ਮਾਹੀ, ਰੱਖ ਲਾਜ ਨਿਮਾਣੀ ਦੀ, ਸੁਖ ਦੁਖ ਤੈਨੂੰ ਧਿਆਵਾਂ
ਤੂੰ ਵੱਖਰਾ ਤੇਰੀ ਦੁਨੀਆਂ ਵੱਖਰੀ, ਤੇਰੀ ਕੁਦਰਤ ਨਿਆਰੀ
ਬੈਂਸ ਨਿਮਾਣੇ ਸਮਝ ਨਾ ਕਾਈ, ਉਹਨੂੰ ਇਸ਼ਕ ਬਿਮਾਰੀ
ਤਾ ਇਸ਼ਕ ਦਾ ਦੇਂਦਾ ਜਾ, ਪਰ ਕਦੀ ਨਾ ਸਾਹਮਣੇ ਆਵੀਂ
ਦਰਦ ਇਸ਼ਕ ਦਾ ਮੈਨੂੰ ਭਾਉਂਦਾ, ਛੁਪ ਕੇ ਇਸ਼ਕ ਲੜਾਵੀਂ
ਫਰਜ਼ ਬੈਂਸ ਦਾ ਤੈਨੂੰ ਚੇਤੇ ਕਰਨਾਂ, ਤੈਨੂੰ ਭਾਵੇ ਕਿ ਨਾ ਭਾਵੇ
ਸੁਫਨੇ ਚ ਉਹਨੂੰ ਤੱਕਿਆ ਕਰ, ਦਿਨੇ ਆਵੇ ਕਿ ਨਾ ਆਵੇ
ਫਰਜ਼ ਮਾਲੀ ਦਾ ਪਾਣੀ ਲਾਉਣਾ, ਫਲ ਮਾਲਿਕ ਦੀ ਮਰਜ਼ੀ
ਕੰਮ ਬੈਂਸ ਦਾ ਮਿਣਤੀ ਕਰਨਾਂ, ਸਿਉਣ ਪਾਉਣ ਦਾ ਦਰਜੀ
ਜਿਸ ਮੰਜ਼ਿਲ ਤੇ ਇਸ਼ਕ ਪਹੁੰਚਦਾ, ਇਲਮ ਨਾ ਪੌੜੀ ਜਾਣੇ
ਗ੍ਰੰਥ ਸਿਰਾਂ ਤੇ ਚਾਈ ਫਿਰਦੇ, ਭਾਈ ਬਣਦੇ ਫਿਰਨ ਸਿਆਣੇ

ਦਿਲ ਦੀ ਪੁਕਾਰ

ਨੈਣ ਮਿਲਾ ਭਾਵੇਂ ਨੈਣ ਚੁਰਾ, ਪਰ ਸਾਡਾ ਦਿਲ ਧੜਕਾਉਂਦਾ ਜਾ
ਲਾ ਕੇ ਨਾ ਕਿਤੇ ਬੁਝਾ ਦੇਵੀਂ, ਧੁਖਦੀ ਤੇ ਬਾਲਣ ਪਾਉਂਦਾ ਜਾ

ਛੁਪ ਛੁਪ ਕੇ ਨੈਣ ਮਿਲਾਵੇਂ ਤੂੰ, ਮਿਲਾ ਕੇ ਫਿਰ ਛੁਪ ਜਾਵੇਂ ਤੂੰ
ਗੁੱਝੇ ਤੀਰ ਚਲਾ ਕੇ ਨੈਣਾ ਦੇ, ਚੰਨਾਂ, ਸਾਡਾ ਦਿਲ ਤੜਫਾਵੇਂ ਤੂੰ
ਤੂੰ ਯਾਦ ਆਵੇਂ ਮੇਰਾ ਜੀ ਧੜਕੇ, ਦਮ ਦਮ ਧੜਕ ਵਧਾਉਂਦਾ ਜਾ

ਤੈਨੂੰ ਪਾ ਕੇ ਕੀ ਮਿਲਦਾ, ਜਿਹਨੇ ਪਾ ਲਿਆ ਉਹ ਤੜਫਦੇ ਈ
ਬੈਂਸ ਦਾ ਹਾਲ ਬੇਹਾਲ ਕਰੇਂ, ਨਹੀਂ ਪਾਇਆ ਪਏ ਭਟਕਦੇ ਈ
ਮੇਰਾ ਸੀਨਾਂ ਧੰਦੂਧਾਰ ਹੋਇਆ, ਲੱਗੀ ਨੂੰ ਸੁਲਗ੍ਹਾਉਂਦਾ ਜਾ

ਮੈਂ ਜੰਗਲ ਬੇਲੇ ਫਿਰਾਂ ਭਟਕਦੀ, ਤੈਨੂੰ ਖੋਜ ਖੋਜ ਮੈਂ ਹਾਰੀ
ਚੈਨ ਖੋ ਗਿਆ ਜੀਅੜੇ ਦਾ, ਦਰ ਦਰ ਦੀ ਬਣੀ ਭਿਖਾਰੀ
ਕਾਣ ਇਸ਼ਕ ਦੀ ਮਾਰ, ਬੈਂਸ ਦਾ ਦਿਲ ਤੜਫਾਉਂਦਾ ਜਾ

ਚੰਨਾਂ ਤੇਰੇ ਪਿਆਰ ਚ ਖੋ ਕੇ, ਮੈਂ ਦਿਲ ਦਾ ਚੈਨ ਗੁਆ ਬੈਠੀ
ਮਿਲਾ ਕੇ ਨੈਣ ਚੁਰਾਵੇਂ ਤੂੰ, ਕਿਸ ਬੇਪਰਵਾਹ ਨਾਲ ਲਾ ਬੈਠੀ
ਦਿਲ ਧੜਕੇ ਕਲੇਜਾ ਫੜਕੇ, ਅਸਾਂ ਪ੍ਰੀਤ ਦਾ ਮਜ਼ਾ ਚਖੌਂਦਾ ਜਾ

ਮਾਹੀ ਸਾਹਮਣੇ ਬੈਠਾ ਰਹਿ, ਸਾਡਾ ਪਿਆਰ ਕਰਨ ਨੂੰ ਜੀ ਕਰਦੈ
ਇਸ ਦਿਲ ਚ ਮਚਦੇ ਭਾਂਬਭ ਨੂੰ, ਇਜ਼ਹਾਰ ਕਰਨ ਨੂੰ ਜੀ ਕਰਦੈ
ਮਸਾਂ ਬੈਂਸ ਨਾਲ ਲਾਈ ਏ, ਹੁਣ ਦਿਲ ਦਾ ਦਰਦ ਵੰਡਾਉਂਦਾ ਜਾ

ਐਸੀ ਖੋਈ ਪ੍ਰੇਮ ਦੇ ਰਸ ਚ, ਅਸਾਂ ਭੁੱਲ ਗਈ ਦੁਨੀਆਂ ਸਾਰੀ
ਦਰ ਦਰ ਤੈਨੂੰ ਫਿਰਾਂ ਭਾਲਦੀ, ਚੰਨਾਂ ਤੇਰੀ ਪ੍ਰੀਤ ਦੀ ਮਾਰੀ
ਤੂੰ ਸ਼ਮ੍ਹਾਂ ਪਰਵਾਨਾਂ ਬੈਂਸ, ਲਾ ਪ੍ਰੀਤ ਦਾ ਦੀਪ ਜਗਾਉਂਦਾ ਜਾ

ਦਿਲ ਦੀਆਂ ਗੱਲਾਂ

ਆ ਕੇ ਸਾਹਮਣੇ ਬਹਿ ਮਾਹੀ, ਗੱਲਾਂ ਕਰੀਏ ਪਿਆਰ ਦੀਆਂ
ਆ ਹੁਸਨ ਵਖਾ ਮਾਹੀ, ਤੈਨੂੰ ਅੱਖੀਆਂ ਵਾਜਾਂ ਮਾਰਦੀਆਂ

ਅੱਖੀਆਂ ਚ ਅੱਖੀਆਂ ਪਾ ਕੇ, ਮੇਰੇ ਦਿਲ ਤੇ ਜਾਦੂ ਕਰਦੇ
ਤੇਰੀ ਬਣ ਕੇ ਰਹਿ ਜਾਵਾਂ, ਇੰਵ ਦਿਲ ਨੂੰ ਕਾਬੂ ਕਰਦੇ
ਅੱਖੀਆਂ ਚ ਮਾਹੀ ਤੂੰ ਵਸਦਾ, ਸਧਰਾਂ ਤੈਨੂੰ ਪੁਕਾਰਦੀਆਂ

ਛੁਪ ਕੇ ਦੂਰ ਨਾ ਬਹਿ ਮਾਹੀ, ਸਾਨੂੰ ਹਰ ਦਮ ਤੇਰੀ ਲੋੜ
ਪਾ ਪਿਆਰ ਆ ਕੇ ਸਰਕਾਰ, ਹੁਣ ਪ੍ਰੀਤ ਸਾਡੇ ਨਾਲ ਜੋੜ
ਹਟਾ ਪੜਦਾ ਮਿਲਾ ਨਜ਼ਰਾਂ, ਮੁਕਾ ਘੜੀਆਂ ਇੰਤਜ਼ਾਰ ਦੀਆਂ

ਨੈਣਾ ਨਾਲ ਨੈਣਾ ਮਿਲਾ ਕੇ, ਗੱਲ ਚੱਲੀ ਪਿਆਰ ਕਹਾਣੀ ਦੀ
ਮਾਹੀ ਮਾਹੀ ਹੋਣ ਲੱਗਾ, ਹੁਣ ਝੁਕ ਗਈ ਅੱਖ ਨਿਮਾਣੀ ਦੀ
ਹਾਰ ਸੰਗਾਰ ਲਾ ਦਿਲ ਧੜਕਾ, ਪਾ ਡੋਰੇ ਕਜਲੇ ਧਾਰ ਦੀਆਂ

ਮੈਂ ਤੱਕਦੀ ਸ਼ਾਮਾਂ ਵੱਲ ਖੜ੍ਹ ਕੇ, ਵਖਤ ਸੁਵਖਤੇ ਆ ਮਾਹੀ
ਵਿਛੋੜਾ ਝੱਲਿਆ ਨਹੀਂ ਜਾਂਦਾ, ਦਿਲ ਦਾ ਦਰਦ ਵੰਡਾ ਮਾਹੀ
ਰੱਬਾ ਮੇਰਾ ਮਾਹੀ ਮਿਲਾ ਦੇ, ਮਿੰਨਤਾਂ ਕਰਾਂ ਸਰਕਾਰ ਦੀਆਂ

ਮੇਰਾ ਮਾਹੀ ਮੇਰਾ ਦਿਲ ਤੜਫਾਵੇ, ਤੱਕਾਂ ਜਦੋਂ ਤਾਰਿਆਂ ਦੀ ਲੋ
ਉਹ ਅੱਖੀਆਂ ਮਿਲਾ ਕੇ ਅੱਖਾਂ ਮਟਕੌਣ, ਮੇਰਾ ਮਾਹੀ ਗਿਆ ਖੋ
ਤਾਰਿਆਂ ਵਾਕਣ ਨੈਣ ਮਿਲਾ, ਇਹ ਪਲਕਾਂ ਭਰੀ ਪਿਆਰ ਦੀਆਂ

ਰੱਬ ਵੀ ਤੂੰ ਮੇਰਾ ਯਾਰ ਵੀ ਤੂੰ, ਮਹਿਕ ਭਰੀ ਬਹਾਰ ਵੀ ਤੂੰ
ਤੂੰ ਪੀਲਾ ਫੁੱਲ ਬਸੰਤ ਦਾ, ਨਾਲੇ ਭੌਰਿਆਂ ਦੀ ਗੁੰਜਾਰ ਵੀ ਤੂੰ
ਤੂੰ ਸ਼ਮ੍ਹਾ ਪਰਵਾਨਾ ਬੈਂਸ, ਤੇਰੀ ਰਿਸ਼ਮਾਂ ਮੋਇਆਂ ਮਾਰਦੀਆਂ

ਆ ਮਾਹੀ ਕਦੀ ਸਾਡੇ ਵਿਹੜੇ, ਤੈਨੂੰ ਵੇਖਣ ਨੂੰ ਜੀ ਕਰਦਾ
ਜੇ ਮੇਰਾ ਸੁਹਣਾ ਮੰਨ ਜਾਵੇ, ਦਿਲ ਰੱਬ ਨੂੰ ਦੁਆਵਾਂ ਕਰਦਾ
ਆ ਮੁੱਖ ਵਖਾ ਮਾਹੀ, ਬੈਂਸ, ਚੂਲੀਆਂ ਭਰੇ ਪਿਆਰ ਦੀਆਂ

ਕਾਦਰ ਕੁਦਰਤ

ਏਕ ਸੇ ਅਨੇਕ ਥਾਪੇ, ਮਾਹੀ ਨੇ ਪਿਆਰ ਵਿਚ
ਜਿੱਥੇ ਵੇਖਾਂ ਤੂੰ ਦਿਸੇਂ, ਮਰੀ ਤੇਰੇ ਪਿਆਰ ਵਿਚ

ਏਧਰ ਵੇਖਾਂ ਔਧਰ ਵੇਖਾਂ, ਚਾਰੇ ਵੰਨੇਂ ਤੂੰ ਹੀ ਤੂੰ
ਸਭ ਕੁਝ ਤੇਰਾ ਸੱਚ ਜਾਣਕੇ, ਕਰਦੀ ਜਾਵਾਂ ਹੂੰ ਹੂੰ ਹੂੰ
ਕਦੀ ਤਾਂ ਨੈਣ ਮਿਲਾਏਂਗਾ, ਡੁੱਬੀ ਮੈਂ ਵਿਚਾਰ ਵਿਚ

ਆਪੇ ਕਾਦਰ ਆਪੇ ਕੁਦਰਤ, ਸਭ ਕੁਝ ਤੂੰ ਬਣਾਇਆ
ਰੁੱਖ ਬਿਰਖ ਭੀ ਤੂੰ ਉਗਾਏ, ਸਭ ਤੇਰਾ ਸਰਮਾਇਆ
ਹਵਾ ਚਲਾਵੇਂ ਪੱਤੇ ਗਾਵਣ, ਖੜ ਖੜ ਤੇਰੇ ਪਿਆਰ ਵਿਚ

ਹਰ ਥਾਂ ਤੂੰ ਵਸਦਾ, ਹਰ, ਹਰ ਨੂੰ ਤਾਂਘਾਂ ਯਾਰ ਦੀਆਂ
ਵਿਛੜੇ ਹੋਏ ਮਾਹੀ ਨੂੰ, ਅੱਜ ਸਧਰਾਂ ਵਾਜਾਂ ਮਾਰਦੀਆਂ
ਐਵੇਂ ਕੱਚੇ ਵਾਧੇ ਹੋ ਗਏ, ਮਾਹੀ ਤੇਰੇ ਪਿਆਰ ਵਿਚ

ਦਿਲ ਮਾਹੀ ਨੂੰ ਪੁਕਾਰੇ, ਜਿਉਂਦੇ ਪਿਆਰ ਦੇ ਸਹਾਰੇ
ਅੰਦਰ ਛੁਪ ਕੇ ਵੇਖਦਾ ਏ, ਮਾਹੀ ਤੇਰੇ ਰੰਗ ਨਿਆਰੇ
ਕਿਤੇ ਹਾਜੀ ਕਿਤੇ ਕਾਜ਼ੀ, ਕਿਤੇ ਬੈਠਾ ਬਾਜ਼ਾਰ ਵਿਚ

ਮੇਰੇ ਮਨ ਤੇ ਪੜਦਾ ਪਾ, ਵਸਦਾ ਅੰਦਰ ਦੱਸਦਾ ਦੂਰ
ਕਿਸੇ ਭੁਲਾਵੇ ਕਿਸੇ ਸਮਝਾਵੇ, ਇਹ ਕਿਹੜਾ ਦਸਤੂਰ
ਕਿਸੇ ਤਾਰੇ ਕਿਸੇ ਡੋਬੇ, ਬੈਠੀ ਡਰਾਂ ਇੰਤਜ਼ਾਰ ਵਿਚ

ਸਭ ਚ ਤੂੰ ਵਸਦਾ, ਕਿਉਂ ਤੂੰ ਭੇਦ ਦਿਲਾਂ ਚ ਪਾਇਆ
ਇਕ ਨੂੰ ਆਕਾਸ਼ ਚੜ੍ਹਾਵੇਂ, ਦੂਜੇ ਨੂੰ ਭੁਹੇ ਗਿਰਾਇਆ
ਸੁਣ ਸੁਣ ਸੋਇ ਤੇਰੀ, ਬੈਂਸ ਖੋ ਗਿਆ ਪਿਆਰ ਵਿਚ

ਪਿਆਰ ਦੀ ਝਲਕ

ਮੁਖ ਤੋਂ ਪੜਦਾ ਲਾਹ ਸੱਜਣਾ, ਦਿਲ ਵਿਚ ਸਧਰਾਂ ਪਿਆਰ ਦੀਆਂ
ਤੇਰਾ ਹੁਸਨ ਵੇਖ ਸਫਲ ਹੋਣ, ਇਹ ਘੜੀਆਂ ਇੰਤਜ਼ਾਰ ਦੀਆਂ

ਪਾ ਨੈਣਾਂ ਚ ਕੱਜਲਾ ਕੰਨਾਂ ਚ ਝੁਮਕੇ, ਜੀ ਕਰਦਾ ਤੈਨੂੰ ਵੇਖਣ ਨੂੰ
ਹਿਜਰ ਤੇਰੇ ਚ ਸਿੱਜ ਗਈ ਚੁਨਰੀ, ਜੀ ਕਰਦਾ ਪਲਕਾਂ ਟੇਕਣ ਨੂੰ
ਪਤਾ ਨਹੀਂ ਕੀ ਜਾਦੂ ਕੀਤਾ, ਦਿਲ ਵਿਚ ਤਾਂਘਾਂ ਦਿਲਦਾਰ ਦੀਆਂ

ਮਾਣ ਮੇਰਾ ਤੂੰ ਤਾਣ ਮੇਰਾ, ਤੂੰ ਮੇਰੇ ਦਿਲ ਦਾ ਦਰਦ ਚੰਨਾਂ
ਮੈਂ ਕਰਾਂ ਉਡੀਕਾਂ ਤੇਰੀਆਂ, ਆ ਕੇ ਕਰ ਦਿਲ ਸਰਦ ਚੰਨਾਂ
ਦਿਲ ਦਾ ਦੁਖ ਮਿਟਾ ਸੱਜਣਾ, ਮਿੰਨਤਾਂ ਕਰਾਂ ਸਰਕਾਰ ਦੀਆਂ

ਖੋਟੀ ਬਣਜ ਇਸ਼ਕ ਦੀ, ਇਹਦਾ ਖਰੀਦ ਦਾਰ ਨਾ ਕੋਈ
ਨਿੱਤ ਚੇਤੇ ਕਰ ਕਰ ਮਾਹੀ ਨੂੰ, ਮੈਂ ਉਹਦੇ ਵਰਗੀ ਹੋਈ
ਮੈਂ ਰਾਂਝਣ ਚ ਰਾਂਝਣ ਮੈਂ ਵਿਚ, ਸਧਰਾਂ ਨਿੱਤ ਪੁਕਾਰਦੀਆਂ

ਮੇਰਾ ਦਿਲ ਤੇਰੇ ਵੱਲ ਧਾਵੇ, ਮੇਰੇ ਚਿੱਤ ਨੂੰ ਲੱਗੇ ਹਾਵੇ
ਮੂੰਹ ਛੁਪਾ ਕੇ ਤੂੰ ਬੈਠਾ, ਇਸ ਜੀਅੜੇ ਨੂੰ ਕੌਣ ਸਮਝਾਵੇ
ਲੱਗੀਆਂ ਤੋੜ ਨਿਭਾ ਸੱਜਣਾ, ਤਰਕਾਂ ਕੌਲ ਕਰਾਰ ਦੀਆਂ

ਅੱਖੀਆਂ ਨੀਂਦ ਨਹੀਂ ਪੈਂਦੀ, ਪਲਕਾਂ ਭਰੀ ਪ੍ਰੀਤ ਦੀਆਂ
ਚਿੱਤ ਮਾਹੀ ਮਾਹੀ ਪੁਕਾਰੇ, ਨਾਲੇ ਅੱਖੀਆਂ ਉਡੀਕਦੀਆਂ
ਤੇਰੇ ਪਿੱਛੇ ਲੱਗ ਸੱਜਣਾ, ਇਹ ਅੱਖੀਆਂ ਦੁਖ ਸਹਾਰਦੀਆਂ

ਜੋ ਮਰਜ਼ੀ ਤੇਰੀ ਮੁੱਲ ਪਾ ਲੈ, ਮਾਹੀ ਹੋਰ ਨਾ ਕਰੀਂ ਦਲਾਲੀ
ਨਾ ਕਜਲਾ ਨਾ ਬੰਕੇ ਨੈਣਾ, ਝੋਲੀ ਖਾਲੀ ਦਰ ਖੜ੍ਹੀ ਸਵਾਲੀ
ਖ਼ੈਰ ਬਹਾਨੇ ਨੈਣ ਮਿਲਾ, ਇਹ ਅੱਖੀਆਂ ਭਰੀ ਪਿਆਰ ਦੀਆਂ

ਸਾਡੇ ਵਿਹੜੇ ਆ ਸੱਜਣਾ, ਤੈਨੂੰ ਅੱਖੀਆਂ ਵੇਖਣ ਤਰਸਦੀਆਂ
ਤੇਰੇ ਬਾਝੋਂ ਜੱਗ ਵੀਰਾਨਾ, ਦਿਲ ਦੀਆਂ ਸਧਰਾਂ ਤੜਫਦੀਆਂ
ਹੋਰ ਨਾ ਹੁਣ ਤੜਫਾ ਮਾਹੀ, ਬਹਿ ਗੱਲਾਂ ਕਰ ਪਿਆਰ ਦੀਆਂ

ਆਪੇ ਜ਼ਖਮੀਂ ਕਰ ਕੇ ਸੱਜਣਾ, ਫਿਰ ਆਪੇ ਕਰੇਂ ਟਕੋਰ
ਨੈਣ ਮਿਲਾ ਕੇ ਨੈਣ ਚੁਰਾਵੇਂ, ਛੁਪ ਛੁਪ ਕੇ ਕਰੇਂ ਨਿਉਹੋਰ
ਢਿੱਲਾ ਜਿਹਾ ਤੀਰ ਮਾਰ ਕੇ, ਕਰੇਂ ਉਮੀਦਾਂ ਪਾਰ ਦੀਆਂ

ਸਾਡਾ ਦਿਲ ਗੁਮਰਾਹ ਕਰ ਕੇ, ਤੂੰ ਬਣ ਗਿਆ ਸਾਡਾ ਚੋਰ
ਤੇਰੇ ਭੁਲੇਖੇ ਪਿਆਰ ਪਾ ਲਿਆ, ਨਿਕਲ ਗਿਆ ਕੋਈ ਹੋਰ
ਇਸ ਜੀਅੜੇ ਨੂੰ ਕੀ ਸਮਝਾਵਾਂ, ਕੀ ਪਹਿਚਾਣਾਂ ਯਾਰ ਦੀਆਂ

ਦਿਲ ਦਾ ਖਸਮਾਨਾਂ ਕਰ ਸੱਜਣਾ, ਮੈਂ ਸ਼ਗਨ ਮਨਾਵਾਂ ਤੇਰੇ
ਮਿੰਨਤਾਂ ਕਰ ਕਰ ਯਾਰ ਮਨਾਵਾਂ, ਜੇ ਭਾਗ ਖੁਲ੍ਹ ਜਾਣ ਮੇਰੇ
ਕੋਠੇ ਚੜ੍ਹ ਚੜ੍ਹ ਕਾਗ ਉੜਾਵਾਂ, ਅੱਜ ਉਡੀਕਾਂ ਯਾਰ ਦੀਆਂ

ਇਸ਼ਕ ਤੇਰੇ ਚ ਫਿਰਦੀ ਖੋਈ, ਚੰਨ ਦੀ ਖਬਰ ਲਿਆਵੋ ਕੋਈ
ਮਾਹੀ ਮੇਰਾ ਪਰਦੇਸ ਟੁਰ ਗਿਆ, ਮੈਂ ਉਹਦੇ ਹਿਜਰ ਚ ਖੋਈ
ਤੇਰੀ ਮੈਂ ਬਣ ਕੇ ਰਹਿ ਗਈ, ਮੁਕਾ ਘੜੀਆਂ ਇੰਤਜ਼ਾਰ ਦੀਆਂ

ਮੇਰੇ ਪਿਆਰ ਦਾ ਸਤਾਇਆ, ਮੇਰਾ ਪੀਆ ਘਰ ਆਇਆ
ਸੀਨਾਂ ਠੰਢਾ ਠਾਰ ਹੋ ਗਿਆ, ਜਦੋਂ ਮਾਹੀ ਨੇ ਗਲ ਲਾਇਆ
ਮਾਹੀ ਬੈਂਸ ਨੂੰ ਛੱਡ ਨਾ ਜਾਵੀਂ, ਰਸਮਾਂ ਤੋੜ ਪਿਆਰ ਦੀਆਂ

ਬੇ ਮੌਤ ਮਰਨਾਂ

ਮੇਰੇ ਦਿਲ ਵਿਚ ਛੁਪਿਆ ਬੈਠਾ, ਭੇਦ ਨਾ ਆਪਣਾ ਦੱਸਦਾ ਏ
ਅਪਣੀ ਸਿਫਤ ਕਰਾਉਣ ਵਾਸਤੇ, ਮਰਨੋਂ ਡਰਾਈ ਰੱਖਦਾ ਏ
ਜੰਮਣ ਤੋਂ ਪਹਿਲਾਂ ਮਰਨਾਂ ਲਿਖ ਕੇ, ਮੈਨੂੰ ਮਰਨੋਂ ਡਰਾਈ ਜਾਵੇ
ਕਿਉਂ ਬੈਂਸ ਯਾਦ ਨਹੀਂ ਕਰਦਾ, ਉਹਦਾ ਦਿਲ ਤੜਫਾਈ ਜਾਵੇ
ਮਨ ਮੇਰੇ ਚ ਹਿਜਰ ਦਾ ਕੰਡਾ, ਦੁਖ ਦਰਦ ਨਾ ਝੱਲਿਆ ਜਾਵੇ
ਉਹਨੂੰ ਮਾਰਿਆ ਤੇਰੀ ਨਜ਼ਰਾਂ ਨੇ, ਹੁਣ ਹੋਰ ਨਾ ਚੱਲਿਆ ਜਾਵੇ
ਨੈਣ ਮਿਲਾ ਕੇ ਦਿਲ ਧੜਕਾ ਕੇ, ਜਿਉਂਦੇ ਜੀ ਤੂੰ ਮਾਰਿਆ ਈ
ਦਿਲ ਚ ਰੜਕੇ ਤੀਰ ਨੈਣਾਂ ਦਾ, ਕਿਉਂ ਨਹੀਂ ਪਾਰ ਉਤਾਰਿਆ ਈ
ਮਰਨਾਂ ਕੀ ਫਿਰ ਜੰਮਣਾ ਕੀ, ਇਹ ਸਭ ਜ਼ਿੰਦਗੀ ਦਾ ਹਿੱਸਾ ਏ
ਆਪ ਬਣਾ ਕੇ ਆਪੇ ਢਾਵੇ, ਉਹਨੇ ਆਪੇ ਲਿਖਿਆ ਕਿੱਸਾ ਏ
ਮਾਹੀ ਤੇਰੇ ਪਿਆਰ ਚ ਖੋਈ, ਹੁਣ ਹੋਰ ਨਾ ਮਰਨੋਂ ਡਰਾ ਮਾਹੀ
ਤੂੰ ਮੇਰਾ ਮੈਂ ਤੇਰੀ ਢੋਲਾ, ਆ ਕੇ ਸ਼ਗਨਾਂ ਦੀ ਮਹਿੰਦੀ ਲਾ ਮਾਹੀ
ਤੇਰੇ ਪਿਆਰ ਦੇ ਮਾਰੇ ਮਰ ਗਏ ਹਾਂ, ਮਰ ਕੇ ਤੇਰੇ ਦਰ ਆਏ ਹਾਂ
ਤੇਰੇ ਸਾਹਮਣੇ ਦਿਲ ਚੀਰ ਕੇ, ਤੈਨੂੰ ਜ਼ਖਮ ਵਖਾਉਣਾ ਆਏ ਹਾਂ
ਹੋਰ ਤੈਨੂੰ ਕੁਝ ਨਹੀਂ ਦੇ ਸਕਦੀ, ਮੇਰੀ ਜਾਨ ਤੇ ਤੇਰਾ ਕਾਬੂ ਏ
ਜਾਨ ਤੋਂ ਪਹਿਲਾਂ ਦਿਲ ਖਿੱਚ ਲਿਆ, ਤੂੰ ਕੀਤਾ ਕੋਈ ਜਾਦੂ ਏ
ਇੱਥੇ ਜੋ ਕੁਝ ਹੈ ਸਭ ਤੇਰਾ ਏ, ਮੇਰਾ ਜੀ ਇਸੇ ਵਿਚ ਰਾਜ਼ੀ ਏ
ਹੋਰ ਅਸਾਂ ਕੁਝ ਸੁੱਝਦਾ ਨਹੀਂ, ਹੋ ਗਈ ਦਿਲ ਦੀ ਬਰਬਾਦੀ ਏ
ਪਿਆਰ ਪਾ ਕੇ ਪਿੱਛੇ ਲਾ ਕੇ, ਫਿਰ ਮਰਨੋਂ ਡਰਾਈ ਜਾਂਦਾ ਏਂ
ਮੌਤ ਕੀ ਇਹਦਾ ਹਸ਼ਰ ਕੀ ਏ, ਹਰ ਰੋਜ਼ ਸੁਣਾਈ ਜਾਂਦਾ ਏਂ
ਇਸ਼ਕ ਦੇ ਮਾਰੇ ਮਰ ਗਏ ਹਾਂ, ਹਿਜਰ ਦੇ ਮਾਰੇ ਸੜ ਗਏ ਹਾਂ
ਮਾਹੀ ਸਾਡੇ ਦਿਲ ਵਿਚ ਵਸਦਾ, ਹੁਣ ਤੂੰ ਹੀ ਤੂੰ ਹੀ ਕਰਦੇ ਹਾਂ
ਕੀ ਰੱਖਿਆ ਦੁਨੀਆਂਦਾਰੀ ਵਿਚ, ਲੈ ਚਲ ਜਿੱਥੇ ਮਰਜ਼ੀ ਏ
ਦਿਲ ਲੈ ਕੇ ਦਰਦ ਵੰਡਾ ਲੈ, ਇੱਥੇ ਹੋਰ ਨਾ ਕੋਈ ਦਰਦੀ ਏ
ਜਿਉਂਦੇ ਮਰਨਾਂ ਸਿੱਖ ਲਿਆ, ਹੁਣ ਮਰਨ ਦਾ ਡਰ ਨਾ ਕੋਈ
ਜੰਮਣ ਮਰਨ ਦੀ ਖਬਰ ਨਾ ਕਾਈ, ਮੈਂ ਜਦੋਂ ਪਿਆਰ ਚ ਖੋਈ
ਮੇਰਾ ਦਿਲ ਹਾਲ ਬੇਹਾਲ ਹੋਇਆ, ਤੇਰੇ ਬਾਝੋਂ ਜੀ ਨਹੀਂ ਲਗਦਾ
ਬੈਂਸ ਮੋਏ ਦੀ ਜਾਨ ਕੱਢ ਲੈ, ਹਰ ਦਮ ਕਰਦਾ ਤੇਰਾ ਸਜਦਾ

ਰੁੱਸਿਆ ਯਾਰ

ਅਪਣੇ ਮਨ ਨੂੰ ਖੋਜ ਜ਼ਰਾ, ਵੇਲਾ ਮੁੜ ਨਹੀਂ ਆਉਣਾ ਏ
ਰੁੱਸੇ ਮਾਹੀ ਨੂੰ ਮਨਾ ਲੈ, ਜੇ ਤੂੰ ਰੱਬ ਨੂੰ ਮਨਾਉਣਾ ਏ

ਸੁਣ ਸੁਣ ਸਾਜਨ ਸੋਇ ਤੁਮਾਰੀ, ਤਾਂਘ ਮਿਲਣ ਦੀ ਹੋਈ
ਤੇਰੀ ਸੂਰਤ ਸ਼ਕਲ ਨਾ ਜਾਣਾ, ਸੁਫਨੇ ਲੈ ਲੈ ਫਿਰਦੀ ਖੋਈ
ਜਿਹੋ ਜਿਹਾ ਸੁਫਨੇ ਚ ਜਾਪੇਂ, ਉਹੋ ਜਿਹਾ ਬਣ ਆਉਣਾ ਏ

ਤੇਰੀ ਸੰਸਾ ਮੇਰੀ ਮਨਸਾ, ਜੇ ਮੈਨੂੰ ਆਖ ਸੁਣਾਵੇ ਕੋਈ
ਆਣ ਮਿਲੇ ਮੇਰਾ ਪ੍ਰੀਤਮ ਪਿਆਰਾ, ਆਣ ਕਰੇ ਦਿਲਜੋਈ
ਸਧਰਾਂ ਦੀ ਸੇਜ ਤੇ ਬਹਿ ਕੇ, ਤੇਰੇ ਨਾਲ ਲਾਡ ਲਡਾਉਣਾ ਏ

ਸੁਣਤ ਸੁਨਾਵਤ ਕਹਿਤ ਕਹਾਵਤ, ਪ੍ਰੀਤ ਸੱਜਣ ਨਾਲ ਹੋਈ
ਮੇਰੇ ਮਨ ਚ ਤਾਂਘ ਮਿਲਣ ਦੀ, ਉਹਨੂੰ ਜਾ ਕੇ ਸੁਣਾਵੇ ਕੋਈ
ਕੋਠੇ ਚੜ੍ਹ ਚੜ੍ਹ ਕਰਾਂ ਦਿਲਜੋਈ, ਮੇਰੇ ਸੱਜਣਾ ਨੇ ਆਉਣਾ ਏ

ਹਿਜਰ ਮਾਹੀ ਦਾ ਹੱਡੀਂ ਰਚਿਆ, ਇਲਾਜ ਕਰੇ ਨਾ ਕੋਈ
ਸਾਜਨ ਮੇਰੀ ਵੇਦਨ ਜਾਣੇ, ਫਿਰਾਂ ਜੱਗ ਤੋਂ ਦਰਦ ਲਕੋਈ
ਕਹਿਣਾ ਸੁਣਨਾ ਕੁਝ ਨਹੀਂ, ਦਿਲ ਦਾ ਖੂਨ ਬਹਾਉਣਾ ਏ

ਤੇਰੀ ਸੂਰਤ ਮਨ ਚ ਵਸਦੀ, ਤੈਨੂੰ ਵੇਖਣ ਅੱਖੀਆਂ ਤਰਸਣ
ਤੜਫਾਂ ਵਾਂਗ ਬਬੀਹੇ ਦੇ, ਕਾਲੀ ਘਟਾ ਮੇਰੇ ਦਿਲ ਬਰਸਣ
ਤੈਨੂੰ ਚੇਤੇ ਕਰ ਰੋਣਾ ਏਂ, ਨਹੀਂ ਦਿਲ ਦਾ ਹਾਲ ਸੁਣਾਉਣਾ ਏ

ਪ੍ਰੇਮ ਪਤੰਗਾ ਹਿਜਰ ਪਿਆਰ ਦਾ, ਹੱਥ ਮਸਾਲ ਦੇ ਹੋਵੇ
ਨਾ ਸ਼ਮ੍ਹਾਂ ਬੁਝੇ ਨਾ ਉਹ ਹੋੜੇ, ਕਿਹਾ ਖੇਡ੍ਹ ਕਮਾਲ ਦਾ ਹੋਵੇ
ਸੱਖਣੇ ਪਿਆਰ ਦੇ ਚਾ ਚ, ਅਪਣਾ ਦਿਲ ਭਰਮਾਉਣਾ ਏਂ

ਸ਼ਮ੍ਹਾ ਜਲੇ ਪਰਵਾਨਾ ਸੜ ਜਾਏ, ਇਸ਼ਕ ਦੀ ਚਾਲ ਨਿਰਾਲੀ
ਉਹ ਦਿਸਦੀ ਉਹਨੂੰ ਹੀਰ ਸਲੇਟੀ, ਉਹ ਮੱਝੀਆਂ ਦਾ ਪਾਲੀ
ਬਣ ਕੇ ਮਹਿਕ ਫੁੱਲਾਂ ਦੀ, ਮੇਰਾ ਦਿਲ ਖਿੱਚ ਲਿਆਉਣਾ ਏ

ਜੇ ਮਾਹੀ ਤੂੰ ਹਰਮੰਦਰ ਵਸਦਾ, ਮੈਨੂੰ ਦੱਸ ਮੈਂ ਉਥੇ ਜਾਵਾਂ
ਜੇ ਤੂੰ ਜੰਗਲ ਬੇਲੇ ਵਸਦਾ, ਦੱਸ ਜਾ ਕੁੱਲੀ ਦਾ ਸਿਰਨਾਵਾਂ
ਜੇ ਮਾਹੀ ਬੱਦਲਾਂ ਚ ਵਸਦਾ, ਮੋਰਾਂ ਵਾਂਗ ਨੱਚ ਮਨਾਉਣਾ ਏ

ਜੇ ਤੂੰ ਅਪਣਾ ਯਾਰ ਮਨਾਉਣਾ, ਦਿਮਾਗ ਤੋਂ ਬੋਲਣ ਛੱਡ
ਮਨ ਤੋਂ ਮਿੰਨਤਾਂ ਕਰ ਉਹਦੀ, ਦਿਲੋਂ ਉਹਦੇ ਪਿੱਛੇ ਲੱਗ
ਦਿਲ ਦਿਲਾਂ ਦਾ ਰਾਹ ਜਾਣੇ, ਦਿਲ ਨੇ ਯਾਰ ਮਨਾਉਣਾ ਏ

ਮਾਹੀ ਤੇਰੇ ਦਿਲ ਵਿਚ ਵਸਦਾ, ਤੈਨੂੰ ਐਵੇਂ ਪੈਣ ਭੁਲੇਖੇ
ਚੁੰਨੀਂ ਸ਼ਰਮ ਦੀ ਲਾਹ ਅੜੀਏ, ਉਹ ਦੇਖੇ ਕਿ ਨਾ ਦੇਖੇ
ਨੈਣ ਮਿਲਾ ਕੇ ਨੈਣ ਝੁਕਾ, ਵੇਲਾ ਮੁੜ ਨਹੀਂ ਆਉਣਾ ਏ

ਮੈਨੂੰ ਅਪਣਾ ਯਾਰ ਮਿਲਾ ਦੇ, ਮੈਂ ਬਣ ਜਾਂ ਉਹਦੀ ਦਾਸੀ
ਉਹਦੀ ਚਰਨ ਧੂੜ ਮੱਥੇ ਲਾਵਾਂ, ਜੇ ਹੋ ਜਾਏ ਬੰਦ ਖਲਾਸੀ
ਤੂੰ ਮੇਰਾ ਮੈਂ ਤੇਰੀ ਹੋ ਗਈ, ਅਸਾਂ ਦੋ ਤੋਂ ਇਕ ਹੋ ਜਾਣਾ ਏ

ਯਾਰ ਦੇ ਤਰਲੇ

ਤੇਰੀ ਮੈਂ ਪ੍ਰੇਮ ਦਿਵਾਨੀ, ਮਾਹੀ ਛੱਡ ਭਾਵੇਂ ਤਾਰ ਦੇ
ਆਪੇ ਜੋੜੇਂ ਆਪੇ ਤੋੜੇਂ, ਵੇਖੋ ਰੰਗ ਕਰਤਾਰ ਦੇ

ਤਰਲੇ ਕੱਢਦੀ ਸੱਜਣਾ ਮੈਂ, ਸਾਡੀ ਬਾਂਹ ਫੜ ਲੈ ਆ ਕੇ
ਮਾਪੇ ਛੱਡ ਮੈਂ ਤੇਰੀ ਹੋਈ, ਹੁਣ ਧੀਰ ਬਨ੍ਹਾ ਲੜ ਲਾ ਕੇ
ਤੇਰੇ ਪਿਆਰ ਚ ਜੀਣਾ ਮਰਨਾਂ, ਪੂਰੇ ਕਰ ਵਾਧੇ ਪਿਆਰ ਦੇ

ਕਾਲਿਆਂ ਵੇਲੇ ਚਿੱਤ ਨਾ ਚੇਤੇ, ਹੁਣ ਧੌਲੇ ਕਿਵੇਂ ਗੁਜ਼ਾਰਾਂਗੇ
ਬੈਂਸ ਜੇ ਹੁਣ ਵੀ ਯਾਦ ਨਾ ਕੀਤਾ, ਕ੍ਯੂਂ ਤੱਗ ਪਿਆਰਾਂ ਦੇ
ਪੱਤ ਝੜ ਆਈ ਪੱਤ ਝੜ ਗਏ, ਦਿਨ ਬੀਤੇ ਮੌਜ ਬਹਾਰ ਦੇ

ਅੰਦਰ ਤੂੰ ਹੈਂ ਬਾਹਰ ਤੂੰ ਹੈਂ, ਤੂੰ ਹੀ ਪਿਆਰ ਤੂੰ ਹੀ ਪੂਜਾ
ਮੇਰੇ ਦਿਲ ਵਿਚ ਮਾਹੀ ਵਸਦਾ, ਤੇਰੇ ਬਾਝੋਂ ਹੋਰ ਨਾ ਦੂਜਾ
ਆ ਸਾਹਮਣੇ ਬਹਿ ਮਾਹੀ, ਅਸਾਂ ਗਲ ਲੱਗਣਾ ਸਰਕਾਰ ਦੇ

ਦੂਰ ਰਹਿ ਕੇ ਝੱਟ ਨਹੀਂ ਲੰਘਦਾ, ਪਿਆਰ ਚੋਂ ਮਿਲਿਆ ਰੋਣਾ
ਇਸ ਰੋਣੇ ਚ ਮਜ਼ਾ ਅਜਿਹਾ, ਜਿਹੜਾ ਹੋਰ ਕਿਤੇ ਨਹੀਂ ਹੋਣਾ
ਹੁਣ ਤੇਰੇ ਹੱਥ ਚ ਡੋਰ ਅਸਾਂ ਦੀ, ਚੰਨਾਂ ਰੱਖ ਭਾਵੇਂ ਮਾਰ ਦੇ

ਪਿਆਰ ਚ ਯਾਰ ਨੇ ਜੱਗ ਸਾਜਿਆ, ਏਸੇ ਵਿਚ ਉਹ ਰਾਜ਼ੀ
ਪਿਆਰ ਚ ਖੋ ਕੇ ਆਪ ਮਿਟਾ ਲੈ, ਲਾ ਕੇ ਸਿਰ ਦੀ ਬਾਜ਼ੀ
ਮਾਹੀ ਸਾਡਾ ਜੀ ਮੋਹ ਲਿਆ, ਚਿੱਤ ਖਿੜਦੇ ਫੁੱਲ ਬਹਾਰ ਦੇ

ਨਾ ਬੇੜੀ ਨਾ ਤੁੱਲ੍ਹਾ ਕੋਈ, ਸੱਜਣਾ, ਨਾ ਹੀ ਦਿਸੇ ਮੁਹਾਣਾ
ਹੋ ਕੇ ਰਾਜ਼ੀ ਬਣ ਕੇ ਮਾਝੀ, ਡੁੱਬਦੀ ਨੂੰ ਪਾਰ ਲੰਘਾਉਣਾ
ਡੁੱਬੀ ਤੇਰੇ ਪਿਆਰ ਚ ਸੱਜਣਾ, ਮੋਢਾ ਲਾ ਪਾਰ ਉਤਾਰ ਦੇ

ਆ ਕੇ ਮਿਲ ਭਾਵੇਂ ਨਾ ਮਿਲ, ਪਰ ਅਪਣਾ ਨਾਮ ਜਪਾਈ ਜਾ
ਜਿਉਂ ਜਿਉਂ ਤੂੰ ਚੇਤੇ ਆਵੇਂ, ਤਿਉਂ ਤਿਉਂ ਖਿੱਚ ਵਧਾਈ ਜਾ
ਦਿਲ ਚ ਪਿਆਰ ਦੀ ਸ਼ਮ੍ਹਾ ਜਲਾ ਕੇ, ਪਰਵਾਨੇ ਨੂੰ ਸਾੜ ਦੇ

ਸਾਡੇ ਗਲ ਚ ਰੱਸੀ ਪਾ ਕੇ, ਇਸ ਜੀਅੜੇ ਨੂੰ ਕੋਲ ਖਿੱਚ ਲੈ
ਮਾਰ ਸੁੱਟਿਆ ਤੇਰੇ ਪਿਆਰ ਨੇ, ਮੇਰੀ ਇਕ ਅਰਜ਼ ਲਿਖ ਲੈ
ਬੈਂਸ ਨੂੰ ਮਸਤ ਮਲੰਗ ਕਰ ਦੇ, ਦਰ ਮੰਗੇ ਭੀਖ ਸਰਕਾਰ ਦੇ

ਇਕ ਭਗਤੀ ਕਰੇ ਨਾਮ ਧਿਆਵੇ, ਦੂਜਾ ਪਿਆਰ ਯਾਰ ਨਾਲ ਪਾਵੇ
ਨਾਮ ਧਿਆਉਣਾ ਪਿਆਰ ਪਾਉਣਾ, ਮਨ ਸਾਫ ਹੋ ਪਿਆਰ ਪੈ ਜਾਵੇ
ਪਿਆਰ ਬਾਝੋਂ ਕੁਝ ਨਹੀਂ ਬਣਦਾ, ਰੱਬ ਮਿਲਦਾ ਲੜ ਲੱਗ ਯਾਰ ਦੇ

ਭਗਤੀ ਅੰਤ ਪਿਆਰ ਚ ਬਦਲੇ, ਸਭ ਤੋਂ ਉਚੀ ਮੰਜ਼ਿਲ ਪਿਆਰ ਦੀ
ਪਿਆਰ ਹੋ ਜਾਵੇ ਦਿਲ ਖੋ ਜਾਵੇ, ਹਰਦਮ ਤਾਂਘ ਰਹੇ ਦਿਲਦਾਰ ਦੀ
ਪਿਆਰ ਹੀ ਮਨ ਚ ਚਾਨਣ ਕਰਦਾ, ਸਭ ਮੀਰ ਪੀਰ ਇਹ ਭਾਲਦੇ

ਕੇਵਲ, ਪਿਆਰ ਚੋਂ ਰੱਬ ਮਿਲਦਾ, ਇਹ ਸੋਚਣਾ ਬੜਾ ਔਖਾ ਏ
ਧਰਮਾਂ ਨੇ ਸਭ ਲੋਕ ਭਰਮਾ ਲਏ, ਸਾਰੇ ਜੱਗ ਨਾਲ ਹੁੰਦਾ ਧੋਖਾ ਏ
ਸਾਰੀ ਦੁਨੀਆਂ ਦੋ ਚਿੱਤ ਹੋ ਗਈ, ਸਭ ਇਸ ਲਈ ਦੁਖ ਸਹਾਰਦੇ

ਜੇ ਪਿਆਰ ਕਿਸੇ ਨੂੰ ਹੋ ਜਾਵੇ, ਮਨ ਆਪੇ ਹੀ ਮਰ ਜਾਂਦਾ ਏ
ਜਿਉਂਦੇ ਮਰ ਕੇ ਰੱਬ ਮਿਲਦਾ ਏ, ਬੰਦਾ ਆਪੇ ਤਰ ਜਾਂਦਾ ਏ
ਮਰ ਕੇ ਪਿਆਰ ਨਹੀਂ ਪੈਂਦਾ, ਮਨ ਮਰਦਾ ਨਾਲ ਪਿਆਰ ਦੇ

ਮਨ ਮਾਰ ਕੇ ਪਿਆਰ ਨਹੀਂ ਪੈਂਦਾ, ਬੀਬਾ, ਨਾ ਹੀ ਲੱਗੇ ਬਿਰਾਗ
ਹੋਰ ਕਿਸੇ ਤਰ੍ਹਾਂ ਰੱਬ ਨਹੀਂ ਮੰਨਦਾ, ਉਹਨੂੰ ਕਰਨਾਂ ਪੈਂਦਾ ਯਾਦ
ਬੈਂਸ, ਤੂੰ ਭੀ ਅਪਣਾ ਯਾਰ ਮਨਾ ਲੈ, ਤਰਲੇ ਕਰ ਸਰਕਾਰ ਦੇ

ਘਰ ਆ ਸੱਜਣਾ

ਰਾਹ ਤੱਕ ਸੁਹਣੇ ਸੱਜਣਾ ਦਾ, ਰੱਬ ਦੀਆਂ ਮਿੰਨਤਾਂ ਕਰਦੀ ਹਾਂ
ਮੈਂ ਚਕੋਰ ਉਹ ਚੰਨ ਮਾਹੀ, ਮੈਂ ਉਹਦੇ ਹਿਜਰ ਚ ਮਰ ਗਈ ਹਾਂ

ਚੁਪਕੇ ਚੁਪਕੇ ਆ ਮਾਹੀ, ਤੇਰਾ ਮੁਖ ਵੇਖਣ ਨੂੰ ਜੀ ਕਰਦਾ
ਤੈਨੂੰ ਵੇਖਣ ਨੈਣ ਤਰਸਦੇ, ਆ ਅੱਖੀਆਂ ਦਾ ਲਾਹ ਪੜਦਾ
ਕੋਠੇ ਚੜ੍ਹ ਚੜ੍ਹ ਕਾਗ ਉੜਾਵਾਂ, ਤਕਵਾ ਯਾਰ ਦਾ ਕਰਦੀ ਹਾਂ

ਆਪੇ ਯਾਰੀ ਲਾ ਕੇ ਸੱਜਣਾ, ਆਪੇ ਪਿਆਰ ਸੰਗਾਰਿਆ ਈ
ਬੇਸਮਝੀ ਚ ਨੈਣ ਮਿਲਾ ਕੇ, ਜਿਉਂਦੇ ਜੀ ਸਾਨੂੰ ਮਾਰਿਆ ਈ
ਉਹ ਚੰਦਾ ਮੈਂ ਚਾਨਣੀ, ਅੰਗ ਲਾ ਮਾਹੀ ਨਾਲ ਤਰ ਗਈ ਹਾਂ

ਤੈਨੂੰ ਵੇਖਣ ਨੈਣ ਤਰਸਦੇ, ਆ ਇਨ੍ਹਾਂ ਦਾ ਕਰਜ਼ਾ ਲਾਹ ਮਾਹੀ
ਰੋ ਰੋ ਕੇ ਹਾਲ ਬੇਹਾਲ ਕਰਨ, ਮੁੱਕ ਗਈ ਨੈਣਾਂ ਦੀ ਸਿਆਹੀ
ਕਿਤੇ ਐਵੇਂ ਸੁਹਣਾ ਰੁੱਸ ਜਾਵੇ, ਡਰ ਡਰ ਕੇ ਗੱਲ ਕਰਦੀ ਹਾਂ

ਇਹ ਜਿੰਦ ਤੇਰੀ ਦੀਵਾਨੀ ਏ, ਤੂੰ ਕਿਉਂ ਨਾ ਨੈਣ ਮਿਲਾਵੇਂ
ਤੂੰ ਮੇਰਾ ਮੈਂ ਤੇਰੀ ਵੇ ਸੱਜਣਾ, ਹੁਣ ਸਾਥੋਂ ਕਿਉਂ ਸ਼ਰਮਾਵੇਂ
ਚੰਨ ਦੀ ਉਡੀਕ ਚਕੋਰੀ, ਸਾਰੀ ਰਾਤ ਤਸੀਹੇ ਭਰਦੀ ਹਾਂ

ਨੈਣ ਮਿਲਾ ਕੇ ਨੈਣ ਚੁਰਾ ਕੇ, ਮੇਰਾ ਦਿਲ ਧੜਕਾਉ"ਦਾ ਏ
ਇਸ਼ਕ ਦਾ ਤੀਰ ਚਲਾ ਕੇ, ਲਿਖ ਲਿਖ ਸਿਫਤ ਕਰਾਉ"ਦਾ ਏ
ਦਿਲ ਚ ਭੈ ਖ਼ਤਾ ਦਾ ਰੱਖ, ਉਹਦੇ ਰੁੱਸ ਜਾਣ ਤੋਂ ਡਰਦੀ ਹਾਂ

ਆ ਸੱਜਣਾ ਬਹਿ ਕੇ ਆਪਾਂ, ਗੱਲਾਂ ਕਰੀਏ ਪਿਆਰ ਦੀਆਂ
ਅੱਖਾਂ ਚ ਕਜਲਾ ਨਹੀਂ ਸੁਹੰਦਾ, ਦਿਲ ਚ ਤਾਂਘਾਂ ਯਾਰ ਦੀਆਂ
ਸਾਰੀ ਰਾਤ ਉਡੀਕਾਂ ਕਰਦੀ, ਹਿਜਰ ਤੇਰੇ ਚ ਮਰਦੀ ਹਾਂ

ਆ ਸਾਹਮਣੇ ਬਹਿ ਮਾਹੀ, ਅਸਾਂ ਤੇਰੇ ਕਦਮਾਂ ਤੇ ਢਹਿਣਾ
ਝੁਕ ਝੁਕ ਕੇ ਨਜ਼ਾਰਾ ਵੇਖਣਾ, ਪਰ ਮੂਹੋਂ ਕੁਝ ਨਹੀਂ ਕਹਿਣਾ
ਬੈਂਸ ਦਾ ਯਾਰ ਪਿਆਰ ਤੂੰ, ਨਿੱਤ ਸਜਦੇ ਮਿਲਣ ਦੇ ਕਰਦੀ ਹਾਂ

ਦਿਲਬਰ ਜਾਨੀਂ

ਸਾਡੇ ਵਿਹੜੇ ਆ ਚੰਨਾਂ, ਮੈਂ ਵਾਸਤਾ ਰੱਬ ਦਾ ਪਾਉਂਦੀ ਹਾਂ
ਚੇਤੇ ਕਰ ਕਰ ਮਾਹੀ ਨੂੰ, ਮੈਂ ਗੀਤ ਹਿਜਰ ਦੇ ਗਾਉਂਦੀ ਹਾਂ

ਸੁਫਨੇ ਚ ਮੇਰਾ ਮਾਹੀ ਆਇਆ, ਮੈਂ ਝੁਕ ਝੁਕ ਕਰਾਂ ਸਲਾਮਾਂ
ਅੱਖ ਖੁਲ੍ਹੀ ਸੁਫਨਾ ਮੁੱਕਿਆ, ਤੇਰੀ ਸਿਫਤ ਚ ਲਿਖਾਂ ਕਲਾਮਾਂ
ਉਵੇਂ ਤੇ ਮੇਰੀ ਸੁਣਦਾ ਨਹੀਂ, ਚਿੱਠੀਆਂ ਲਿਖ ਯਾਰ ਮਨਾਉਂਦੀ ਹਾਂ

ਬੇਪਰਵਾਹ ਦੀਆਂ ਮਿੰਨਤਾਂ ਕਰਦੀ, ਸਾਡੇ ਵੱਲ ਫੇਰਾ ਪਾ ਢੋਲਾ
ਕੁਝ ਅਪਣੀ ਕਹਿ ਕੁਝ ਮੇਰੀ ਸੁਣ, ਦੁਖ ਸੁਖ ਤੇਰੇ ਨਾਲ ਫੋਲਾਂ
ਵੇਖੀਂ ਕਿਧਰੇ ਰੁੱਸ ਨਾ ਜਾਵੀਂ, ਹੱਥ ਜੋੜ ਵਾਸਤੇ ਪਾਉਂਦੀ ਹਾਂ

ਮੈਂ ਨਹੀਂ ਮੇਰੇ ਪੱਲੇ ਕੁਝ ਨਹੀਂ, ਮਾਹੀ ਦਿਲੋਂ ਰਿਣੀ ਮੈਂ ਤੇਰੀ
ਐਵੇਂ ਤੜਫਦੇ ਨੂੰ ਨਹੀਂ ਤੜਫਾਈਦਾ, ਛੇਤੀ ਕਰ ਪਾ ਜਾ ਫੇਰੀ
ਤੂੰ ਯਾਰ ਮੇਰਾ ਦਿਲਦਾਰ ਮੇਰਾ, ਤੈਨੂੰ ਦਿਲ ਦਾ ਹਾਲ ਸੁਣਾਉਂਦੀ ਹਾਂ

ਦਿਲ ਲੈ ਕੇ ਦਿਲ ਧੜਕਾਵੇਂ ਸਾਡਾ, ਧੰਨਵਾਦ ਮੇਰੀ ਸਰਕਾਰ ਤੇਰਾ
ਮੈਂ ਤੱਤੜੀ ਤੇਰੀ ਕੀ ਲਗਦੀ, ਸਾਰਾ ਜੱਗ ਹੀ ਏ ਪਰਵਾਰ ਤੇਰਾ
ਮਾਹੀ ਮੇਰੇ ਦਿਲ ਚ ਵਸਦਾ, ਕਵਿਤਾ ਲਿਖ ਯਾਰ ਰੁਝਾਉਂਦੀ ਹਾਂ

ਤੇਰੀ ਮਰਜ਼ੀ ਪਰਖ ਕੇ ਵੇਖ ਲੈ, ਹਾਜ਼ਰ ਏ ਜਿੰਦ ਜਾਨ ਮੇਰੀ
ਤੂੰ ਮਿਲ ਜਾਵੇਂ ਮੈਂ ਵਸ ਜਾਸਾਂ, ਬੈਠ ਗਈ ਮੈਂ ਢਾਹ ਕੇ ਢੇਰੀ
ਆ ਜ਼ਖਮ ਵੇਖ ਲੈ ਪਿਆਰ ਦੇ, ਤੈਨੂੰ ਦਿਲ ਚੀਰ ਵਖਾਉਂਦੀ ਹਾਂ

ਨੈਣ ਮਿਲਾ ਕੇ ਜਾਨ ਖਿੱਚ ਲਈ, ਹੁਣ ਸਾਹ ਭੀ ਸੁੱਕਦਾ ਜਾਵੇ
ਤੂੰ ਹੀ ਬਣਾਵੇਂ ਤੂੰ ਹੀ ਢਾਵੇਂ, ਬੈਂਸ ਕਿਹਨੂੰ ਹੁਣ ਆਖ ਸੁਣਾਵੇ
ਆਪੇ ਯਾਰ ਬਣ ਆ ਸੱਜਣਾ, ਹੱਥ ਜੋੜ ਵਾਸਤੇ ਪਾਉਂਦੀ ਹਾਂ

ਮਿਲਣ ਦੇ ਬਹਾਨੇ

ਮੇਰਾ ਸਭ ਕੁਝ ਤੂੰ ਏਂ ਮਾਹੀ, ਯਾਦ ਕਰਾਂ ਕਰ ਤੂੰ ਹੀ ਤੂੰ
ਤੈਨੂੰ ਦਿਲ ਦਾ ਹਾਲ ਸੁਣਾਵਾਂ, ਆਪੇ ਕਰਦੀ ਹੂੰ ਹੂੰ ਹੂੰ

ਤੈਨੂੰ ਮਿਲਣ ਨੂੰ ਜੀ ਕਰਦਾ, ਚੰਨਾਂ ਕਿਸੇ ਬਹਾਨੇ ਆ ਜਾ
ਪਿਆਰ ਤੇਰੇ ਚ ਫਿਰਦੀ ਖੋਈ, ਜਾਗ ਇਸ਼ਕ ਦਾ ਲਾ ਜਾ
ਐਵੇਂ ਕਿਉਂ ਤੜਫਾਉਂਦਾ ਏਂ, ਤੈਨੂੰ ਚੇਤੇ ਕਰੇ ਮੇਰਾ ਲੂੰ ਲੂੰ

ਤੇਰੇ ਬਾਝੋਂ ਜੀ ਨਹੀਂ ਲਗਦਾ, ਮੈਂ ਕਿਹਨੂੰ ਆਖ ਸੁਣਾਵਾਂ
ਕੋਈ ਤੇਰੀ ਗੱਲ ਸੁਣਾਵੇ, ਮੈਂ ਉਹਨੂੰ ਗਲ ਨਾਲ ਲਾਵਾਂ
ਲਾਗੀ ਹੱਥ ਸੁਨੇਹਾ ਘੱਲ ਦੇ, ਜੇ ਆ ਨਹੀਂ ਸਕਦਾ ਤੂੰ

ਦਿਲ ਦਰਿਆ ਸਮੁੰਦਰੋਂ ਡੂੰਘੇ, ਉਥੇ ਕੋਈ ਨਾ ਹੱਥ ਫੜਾਵੇ
ਚੰਨਾਂ ਤੇਰੇ ਪਿਆਰ ਚ ਡੁੱਬੀ, ਮੇਰੀ ਜਾਨ ਨਿਕਲਦੀ ਜਾਵੇ
ਡੁੱਬਦੀ ਨੂੰ ਸਹਾਰਾ ਦੇਣ ਵਾਲਾ, ਇਸ ਜੱਗ ਚ ਤੂੰ ਹੀ ਤੂੰ

ਦੁਨੀਆਂ ਤੋਂ ਵੱਖ ਹੋ ਕੇ, ਅਸਾਂ ਤੇਰੇ ਨਾਲ ਭੇਦ ਖੋਲ੍ਹਣੇ
ਤੇਰੇ ਗਲ ਲੱਗ ਸੱਜਣਾ, ਅਸਾਂ ਕਈ ਦੁਖ ਸੁਖ ਫੋਲਣੇ
ਮੜ੍ਹੀਆਂ ਚੋਂ ਕੀ ਮਿਲਣਾ, ਬੋਲ ਗਈ ਜਦੋਂ ਕੁੱਕੜੂੰ ਘੜੂੰ

ਸਾਡੇ ਦਿਲ ਦਾ ਦੁਖ ਮਿਟ ਗਿਆ, ਤੂੰ ਹਰ ਲਿਆ ਦੁਖੜਾ
ਮੇਰਾ ਸਭ ਕੁਝ ਤੂੰ ਹੀ ਤੂੰ ਏਂ, ਚੰਨਾਂ ਹੁਣ ਮੋੜ ਨਾ ਮੁਖੜਾ
ਤੇਰੇ ਨਾਲ ਮੇਰਾ ਦਿਲ ਮਿਲ ਗਿਆ, ਮੁੱਕ ਗਈ ਚੂੰ ਚੂੰ ਚੂੰ

ਮਿੰਨਤਾਂ ਕਰਾਂ ਵਾਸਤੇ ਪਾਵਾਂ, ਮਾਹੀ ਹੁਣ ਮਿਲਣ ਨੂੰ ਆ ਜਾ
ਮੇਰੀ ਰੁੜ੍ਹਦੀ ਜਾਂਦੀ ਬੇੜੀ ਨੂੰ, ਮੋਢਾ ਦੇ ਕੇ ਕਿਨਾਰੇ ਲਾ ਜਾ
ਬੈਂਸ ਰੱਖ ਤਸੱਲੀ ਬੇੜੀ ਟੁਰ ਚੱਲੀ, ਕਰਦੀ ਜਾ ਤੂੰ ਤੂੰ ਤੂੰ

ਭੈਰੋਂ ਵਾਲੀ ਫੇਰੀ

ਪੈਰਾਂ ਵਿਚ ਘੁੰਗਰੂ ਛਣ ਛਣ ਛਣਕਣ, ਪਾ ਭੈਰੋਂ ਵਾਲੀ ਫੇਰੀ
ਮੁੱਖੜੇ ਤੋਂ ਘੁੰਗਟਾ ਚੁੱਕ ਸੱਜਣਾ, ਤੇਰੀ ਦੀਦ ਇਬਾਦਤ ਮੇਰੀ

ਤੇਰੇ ਪਿਆਰ ਦੇ ਹਿਜਰ ਦੀ ਮਾਰੀ, ਮੈਂ ਤੇਰੀ ਮੂਰਤ ਤੱਕਾਂ
ਮੈਂ ਚੋਰੀ ਚੋਰੀ ਤੱਕਦੀ ਰਵ੍ਹਾਂ, ਪਰ ਕਿਸੇ ਨੂੰ ਕੁਝ ਨਾ ਦੱਸਾਂ
ਤੇਰੀ ਮੂਰਤ ਨਾਲ ਗੱਲਾਂ ਕਰਨਾ, ਬਣ ਗਈ ਆਦਤ ਮੇਰੀ

ਤੇਰੀ ਮੂਰਤ ਵੱਲ ਤੱਕਦੀ ਜਾਵਾਂ, ਦਿਲ ਵਿਚ ਰੱਖ ਤਸੱਲੀ
ਸੁਣ ਮੇਰੇ ਢੋਲ ਬਹਿ ਸਾਡੇ ਕੋਲ, ਰਾਹ ਵੇਖਾਂ ਬੈਠ ਇਕੱਲੀ
ਚੰਨਾਂ ਬਹੁਤਾ ਨਹੀਂ ਤੜਫਾਈਦਾ, ਹੁਣ ਹੋ ਗਈ ਦੇਰ ਬਥੇਰੀ

ਸੁਹਣੀ ਸੇਜ ਵਿਛਾ ਕੇ ਸੱਜਣਾ, ਮੁਖੜੇ ਤੋਂ ਘੁੰਗਟਾ ਲਾਹ ਦੇ
ਨੈਣਾਂ ਨਾਲ ਨੈਣ ਮਿਲਾ ਕੇ, ਸਾਡੇ ਦਿਲ ਦੀ ਧੜਕ ਵਧਾ ਦੇ
ਤੇਰੇ ਪਿਆਰ ਚ ਮਰਦੀ ਜਾਵਾਂ, ਚੰਨਾਂ ਹੋਰ ਨਾ ਲਾਈਂ ਦੇਰੀ

ਚੰਨਾਂ ਤੱਕ ਤੱਕ ਤੇਰੀ ਮੂਰਤ ਨੂੰ, ਨਿੱਤ ਤੇਰਾ ਨਾਮ ਧਿਆਵਾਂ
ਪੈਰੀਂ ਪੈ ਪੈ ਕਰਾਂ ਜੋਦੜੀ, ਮਿੰਨਤਾਂ ਕਰਾਂ ਤੇ ਸੀਸ ਝੁਕਾਵਾਂ
ਮੂਰਤ ਚੋਂ ਸਾਡੇ ਨਲ ਕਰ ਗੱਲਾਂ, ਤੇਰੀ ਮੇਰੀ ਪ੍ਰੀਤ ਘਨੇਰੀ

ਸਾਰਾ ਜੱਗ ਤੂੰ ਆਪ ਬਣਇਆ, ਤੂੰ ਹਰ ਮੂਰਤ ਚ ਵਸਦਾ
ਤੈਨੂੰ ਸਾਰੀ ਦੁਨੀਆਂ ਜਾਣਦੀ, ਪਰ ਭੇਦ ਨਾ ਬੈਂਸ ਨੂੰ ਦੱਸਦਾ
ਘੁੰਡ ਚੁੱਕ ਕੇ ਛਣਕਾ ਝਾਂਜਰ, ਅਸਾਂ ਸ਼ਕਲ ਵੇਖਣੀ ਤੇਰੀ

ਸੀਸ ਝੁਕਾਵਾਂ ਨਾਲੇ ਸ਼ਰਮਾਵਾਂ, ਜਦੋਂ ਮੈਂ ਤੇਰੀ ਮੂਰਤ ਤੱਕਾਂ
ਕਦੀ ਸਾਡੀ ਭੀ ਮੰਨ ਲੈ ਸੱਜਣਾ, ਮੈਂ ਸ਼ੁਕਰ ਮਨਾਵਾਂ ਲੱਖਾਂ
ਆ ਕੇ ਦਰਸ ਵਖਾ ਮਾਹੀ, ਝੱਲੀ ਜਾਵੇ ਨਾ ਜੁਦਾਈ ਤੇਰੀ

ਜੱਗ ਤੋਂ ਡਰਾਂ ਜਹਾਨ ਤੋਂ ਨੱਸਾਂ, ਮੈਂ ਫਿਰਦੀ ਪਿਆਰ ਲਕੋਈ
ਹੁਣ ਦਿਲ ਨਹੀਂ ਸਾਂਭਿਆ ਜਾਂਦਾ, ਮੈਂ ਫਿਰਦੀ ਹਿਜਰ ਚ ਖੋਈ
ਮਨ ਚ ਮੂਰਤ ਦਿਲ ਚ ਸੂਰਤ, ਮੂਰਤ ਚੋਂ ਦਿਸਦੀ ਸੂਰਤ ਤੇਰੀ

ਮੇਰੀ ਤੇਰੇ ਹੱਥ ਲੱਜ

ਸੁਣ ਯਾਰ ਤੂੰ ਮੇਰਾ ਪਿਆਰ, ਮੇਰੀ ਤੇਰੇ ਹੱਥ ਲੱਜ
ਤੇਰਾ ਪਿਆਰ ਮੇਰੇ ਯਾਰ, ਮੇਰੀ ਪਿਆਰ ਭਰੀ ਹੱਜ

ਚੇਤੇ ਕਰ ਕਰ ਮਾਹੀ ਨੂੰ, ਮੇਰੇ ਦਿਲ ਨੂੰ ਲੱਗੇ ਹਾਵੇ
ਜਿੰਨਾਂ ਉਹਨੂੰ ਯਾਦ ਕਰਾਂ, ਉਨਾਂ ਹੀ ਦਿਲ ਘਬਰਾਵੇ
ਮੋਹ ਲਿਆ ਦਿਲ ਮੇਰਾ, ਤੇਰੇ ਪਿਆਰ ਨੇ ਮਾਹੀ ਅੱਜ

ਹੁਣ ਝੱਟ ਨਹੀਂ ਲੰਘਦਾ ਮੇਰਾ, ਤੇਰੇ ਬਾਝੋਂ ਮੇਰੇ ਮਾਹੀ
ਲਿਖ ਚਿੱਠੀਆਂ ਪਲਕਾਂ ਚੋਂ, ਮੁੱਕੀ ਨੈਣਾਂ ਦੀ ਸਿਆਹੀ
ਭਾਵੇਂ ਸੁਫਨੇ ਚ ਆ ਜਾ, ਮਾਹੀ ਆ ਮਿਲ ਸਾਨੂੰ ਅੱਜ

ਮੇਰੇ ਸੱਜਣਾ ਤੇਰੇ ਬਾਝੋਂ, ਜੱਗ ਚ ਹੋਰ ਕੋਈ ਨਹੀਂ ਮੇਰਾ
ਤੇਰੀ ਮੈਂ ਜੋਗਣ ਬਣ ਗਈ, ਜੋਗੀ ਪਾ ਜਾ ਆ ਕੇ ਫੇਰਾ
ਆ ਕੇ ਦਿਲ ਥਾਮ ਤੱਤੀ ਦਾ, ਬੁਝ ਜਾਵੇ ਦਿਲ ਦੀ ਅੱਗ

ਤੇਰਾ ਪਿਆਰ ਮੇਰੇ ਯਾਰ, ਰਾਤੀਂ ਸੌਣ ਨਹੀਂ ਦਿੰਦਾ
ਜੇ ਥੱਕ ਲੱਗ ਜਾਵੇ ਅੱਖ, ਆ ਕੇ ਸੁਫਨੇ ਚ ਕਹਿੰਦਾ
ਉਠ ਅੜੀਏ ਗਲਵਕੜੀ ਪਾ, ਅੱਖ ਖੁਲ੍ਹਦੇ ਜਾਵੇ ਭੱਜ

ਮੇਰਾ ਲੁੱਟ ਲਿਆ ਦਿਲ, ਖੋਇਆ ਦਿਲ ਦਾ ਕਰਾਰ
ਰੁਲ ਗਈ ਵਾਕਣ ਕੱਖਾਂ, ਪਾ ਕੇ ਤੇਰੇ ਨਾਲ ਪਿਆਰ
ਨੈਣਾਂ ਨਾਲ ਨੈਣ ਮਿਲਾ ਮਾਹੀ, ਲਾ ਪਿਆਰ ਦਾ ਪੱਜ

ਆਪੇ ਕੁਦਰਤ ਆਪੇ ਕਾਦਰ, ਆਪੇ ਜੱਗ ਆਪੇ ਰੱਬ
ਲਾ ਕੇ ਪਿਆਰ ਦਾ ਬਹਾਨਾ, ਆਪੇ ਸਾਜ ਦਿੱਤਾ ਜੱਗ
ਪਿਆਰ ਬੈਂਸ ਨਾਲ ਪਾ ਲੈ, ਯਾਰਾ ਬਣ ਕੇ ਉਹਦਾ ਰੱਬ

ਪਿਆਰ ਹੀ ਤੇਰੀ ਫਿਤਰਤ, ਪਿਆਰ ਹੀ ਤੇਰੀ ਪੂਜਾ
ਰਾਜ਼ ਪਿਆਰ ਦਾ ਆਪ ਸਿਖਾਵੇਂ, ਹੋਰ ਨਾ ਜਾਣੇ ਦੂਜਾ
ਪਿਆਰ ਪਾ ਕੇ ਯਾਰ ਮਨਾ ਲੈ, ਆ ਕੇ ਮਿਲ ਜਾਊ ਅੱਜ

ਪਿਆਰ ਰੱਬ, ਰੱਬ ਪਿਆਰ ਹੈ, ਇਸ ਚ ਭੇਦ ਨਾ ਕਾਈ
ਧਰਮ ਨੂੰ ਆਖੋ ਪਿਆਰ ਸਿਖਾਵੇ, ਪਾਉਂਦਾ ਬੈਂਸ ਦੁਹਾਈ
ਪੈਰੀਂ ਪੈ ਪੈ ਯਾਰ ਮਨਾ ਲੈ, ਬੈਂਸ ਉਹਦੇ ਵਿਚੋਂ ਦਿਸੂ ਰੱਬ

ਰੱਬ ਕਿਧਰੋਂ ਆਉਂਦਾ ਨਹੀਂ, ਉਹ ਤੇਰੇ ਮਨ ਚ ਵਸਦਾ ਏ
ਪਿਆਰ ਪਾ ਕੇ ਮਨ ਸਮਝਾ ਕੇ, ਰਾਹ ਮਿਲਣ ਦਾ ਦੱਸਦਾ ਏ
ਆਪੇ ਪਿਆਰ ਚ ਜੱਗ ਬਣਾ ਕੇ, ਖੁਦ ਵਸਦਾ ਅੰਦਰ ਸਭ

ਭਰਮਾਂ ਵਿਚ ਲੋਕੀਂ ਪੈ ਗਏ, ਹਰ, ਹਰ ਜਾ ਬਣ ਗਏ ਧਰਮ
ਧਰਮਾਂ ਨੇ ਲੋਕ ਭਰਮਾ ਲਏ, ਨਿੱਤ ਨਵੇਂ ਸਿਖਾਵਣ ਭਰਮ
ਮਿਲਿਆ ਤਾਂ ਘਰ ਚੋਂ ਮਿਲਿਆ, ਤੇਰੇ ਦਿਲ ਚ ਵਸਦਾ ਰੱਬ

ਪਿਆਰ ਕਰ ਮਨ ਨੀਵਾਂ ਹੋਸੀ, ਕਰਜ਼ ਲੱਥ ਜਾਊ ਤੇਰਾ
ਲੋਕੀਂ ਧੋਵਣ ਲੱਤਾਂ ਗੋਡੇ, ਪਿਆਰ ਸਾਫ ਕਰੇ ਦਿਲ ਮੇਰਾ
ਬੈਂਸ ਪਿਆਰ ਚ ਉਹਦੀ ਬਣ ਜਾ, ਤੇਰਾ ਮਾਹੀ ਤੇਰਾ ਰੱਬ

ਮਾਹੀ ਆ ਜਾ

ਤੈਨੂੰ ਅੱਖੀਆਂ ਉਡੀਕਦੀਆਂ, ਆ ਜਾ ਮਾਹੀ ਆ ਜਾ
ਤੇਰਾ ਪਿਆਰ ਵਾਜਾਂ ਮਾਰੇ, ਤੂੰ ਲੱਗੀ ਤੋੜ ਨਿਭਾ ਜਾ

ਤੂੰ ਮੇਰਾ ਮੈਂ ਤੇਰੀ ਹੋਈ, ਤੇਰੇ ਪਿਆਰ ਚ ਫਿਰਦੀ ਖੋਈ
ਮਿੰਨਤਾਂ ਕਰਾਂ ਵਾਸਤੇ ਪਾਵਾਂ, ਤੇਰੀ ਖਬਰ ਨਾ ਦੇਵੇ ਕੋਈ
ਆ ਕੇ ਵੇਖ ਲੈ ਹਾਲ ਤੱਤੀ ਦਾ, ਮਾਹੀ ਕਰੀਂ ਨਾ ਤਕਾਜ਼ਾ

ਤੈਨੂੰ ਖੋ ਦਿਲ ਖੋ ਗਿਆ, ਵਿਛੋੜੇ ਦਾ ਡਰ ਵੱਢ ਵੱਢ ਖਾਵੇ
ਮਿੰਨਤਾ ਕਰਾਂ ਜਹਾਨ ਦੀਆਂ, ਜੇ ਕੋਈ ਮੇਰਾ ਯਾਰ ਮਿਲਾਵੇ
ਨਾ ਬੇੜੀ ਨਾ ਤੁੱਲ੍ਹਾ ਕੋਈ, ਮਾਹੀ ਡੁੱਬਦੀ ਨੂੰ ਬੰਨੇਂ ਲਾ ਜਾ

ਅਸਾਂ ਜਿੰਦ ਜਾਨ ਲੁਟਾ ਦਿੱਤੀ, ਮਾਹੀ ਤੇਰੇ ਪਿਆਰ ਵਿਚ
ਅੱਲ੍ਹੜਪਣੇ ਚ ਹੋ ਗਏ ਵਾਧੇ, ਫਸ ਗਏ ਕੌਲ ਕਰਾਰ ਵਿਚ
ਮੇਰੇ ਜੀ ਚ ਬਾਲ ਕੇ ਦੀਵਾ, ਚੰਨਾਂ ਬਦਲ ਨਾ ਲਵੀਂ ਇਰਾਦਾ

ਪਤਾ ਨਹੀਂ ਅੜਿਆ ਕਿਹੜੀ ਗੱਲੋਂ, ਤੂੰ ਨਜ਼ਰਾਂ ਨੇ ਫੇਰੀਆਂ
ਨੈਣੀਂ ਨੀਂਦ ਨਹੀਂ ਪੈਂਦੀ, ਰਾਤਾਂ ਜਾਗ ਜਾਗ ਲੰਘਦੀਆਂ ਮੇਰੀਆਂ
ਤੇਰੇ ਬਾਝੋਂ ਜੀ ਨਹੀਂ ਲਗਦਾ, ਆ ਦਿਲ ਦੀ ਲੱਗੀ ਬੁਝਾ ਜਾ

ਸਾਥੋਂ ਕੀ ਕਸੂਰ ਹੋਇਆ, ਕੋਈ ਲਾ ਕੇ ਬਹਾਨਾ ਦੱਸ ਖਾਂ
ਤੈਥੋਂ ਭੁੱਲ ਬਖਸ਼ਾਵਾਂ, ਜੇ ਉਜੜੀ ਨਿਮਾਣੀ ਕਿਤੇ ਵਸ ਜਾਂ
ਬੈਂਸ ਨਿਮਾਣੀ ਰਾਹ ਤੱਕੇ, ਚੜ੍ਹ ਪੁੰਨਣਾ ਸ਼ੁਤਰ ਤੇ ਆ ਜਾ

ਜੇ ਮੇਰਾ ਸੁਹਣਾ ਘਰ ਆਵੇ, ਮੈਂ ਰੱਬ ਦਾ ਸ਼ੁਕਰ ਮਨਾਵਾਂ
ਲੜ ਲੱਗ ਸੁਹਣੇ ਸੱਜਣਾ ਦੇ, ਮੈਂ ਸੱਜਣਾ ਦੀ ਬਣ ਜਾਵਾਂ
ਤੇਰੇ ਪਿੱਛੇ ਨੈਣ ਵਗ ਟੁਰੇ, ਮਾਹੀ ਆ ਕੇ ਕਜਲਾ ਪਾ ਜਾ

ਬਿਖਿਅਨ ਸਿਉਂ ਸੰਗ

ਮੇਰੇ ਅਪਰਾਧੀ ਮਨਾ, ਤੂੰ ਛੱਡ ਬਿਖਿਅਨ ਸਿਉਂ ਸੰਗ
ਯਾਦ ਕਰ ਫਰਿਆਦ ਕਰ, ਚੜ੍ਹ ਜਾਏ ਫਕੀਰੀ ਰੰਗ

ਦੌੜ ਭੱਜ ਕੇ ਉਮਰ ਗੁਜ਼ਾਰੀ, ਉਹਨੂੰ ਯਾਦ ਨਹੀਂ ਕੀਤਾ
ਕੀਤੇ ਵਾਧੇ ਭੁੱਲ ਗਏ, ਮਾਇਆ ਨੇ ਪਾਇਆ ਭਸੀਟਾ
ਮੇਰੀ ਮੇਰੀ ਕਰਦਾ ਹੰਭ ਗਿਆ, ਜਾਣ ਵੇਲੇ ਕਰੇਗੀ ਤੰਗ

ਕਰੇਂ ਚੁਗਲੀਆਂ ਮਾਰੇਂ ਠੱਗੀਆਂ, ਕਰੇਂ ਨਾ ਉਹਨੂੰ ਯਾਦ
ਭੈੜੇ ਕੰਮੀਂ ਪੈ ਕੇ, ਕਰ ਲਿਆ ਆਪਣਾ ਆਪ ਬਰਬਾਦ
ਬੈਂਸ, ਹਥਕੜੀਆਂ ਲਾ ਲੈ ਜਾਣਗੇ, ਨਾਲੇ ਕਰਨਗੇ ਤੰਗ

ਮਨ ਤੱਤੜੇ ਨੂੰ ਸਮਝਾ ਅੜਿਆ, ਕਰ ਮਾਹੀ ਨੂੰ ਯਾਦ
ਮੇਰੀ ਮੇਰੀ ਸਭ ਮਿਟ ਜਾਊ, ਜੇ ਰੋ ਰੋ ਕਰੇਂ ਫਰਿਆਦ
ਪੜ੍ਹਿਆਂ ਲਿਖਿਆਂ ਕੁਝ ਨਹੀਂ ਬਣਦਾ, ਐਵੇਂ ਕਰੇਂ ਮਨ ਤੰਗ

ਚਿੱਟੇ ਲੀੜੇ ਪਾ ਕੇ, ਤੜਕੇ ਉਠ ਨਿੱਤ ਕਰਦਾ ਏਂ ਪਾਠ
ਕੀਤਾ ਪਾਠ ਭੀ ਬਿਰਥਾ ਜਾਣਾ, ਜੇ ਮਨ ਨਾ ਹੋਵੇ ਸਾਫ
ਹੱਥ ਛੁਰੀ ਮੂੰਹ ਰਾਮ ਰਾਮ, ਚੈਨ ਮਨ ਦਾ ਹੋ ਜਾਏ ਭੰਗ

ਉਹਨੂੰ ਧਿਆਉਣ ਆਇਆ ਏਥੇ, ਆ ਕੇ ਭੁੱਲ ਗਏ ਵਾਧੇ
ਜਿਉਂ ਹੀ ਹਵਾ ਜਹਾਨ ਦੀ ਲੱਗੀ, ਤੂੰ ਬਦਲ ਲਏ ਇਰਾਦੇ
ਖੁੱਲੇਂ ਕਿਤਾਬ ਹੋਵੇ ਹਿਸਾਬ, ਰਹਿ ਜਾਵੇਂ ਵੇਖ ਕੇ ਦੰਗ

ਹੱਥ ਮਾਲਾ ਫੜਨ ਦਾ ਕੰਮ ਨਹੀਂ, ਮਾਲਾ ਦਿਲ ਚ ਫਿਰਦੀ
ਮਾਲਾ ਫੇਰੇਂ ਦਿਲ ਮੱਝੀਆਂ ਚਾਰੇ, ਉਹ ਜਾਣੇ ਤੇਰੇ ਦਿਲ ਦੀ
ਜੇ ਜੰਮਣ ਮਰਨੋਂ ਡਰ ਲਗਦਾ, ਮਨ ਮਾਰ ਕੇ ਇਹਨੂੰ ਚੰਡ

ਸਵਰਨ ਚੇਤੇ ਰੱਬ ਨੂੰ ਕਰਿਆ ਕਰ, ਛੱਡ ਦੇ ਝੂਠੇ ਧੰਦੇ
ਡੁੱਬਦੀ ਨੂੰ ਪਾਰ ਉਤਾਰੇਗਾ, ਸਭ ਤੋੜ ਕੇ ਮਾਇਆ ਫੰਧੇ
ਬੈਂਸ ਮਾਹੀ ਮਾਹੀ ਕਰਦੀ ਜਾਹ, ਚੜ੍ਹ ਜਾਊ ਫਕੀਰੀ ਰੰਗ

ਤੀਰਥ ਨ੍ਹਾਵੇਂ ਟੁੱਭੀਆਂ ਲਾਵੇਂ, ਕਦੀ ਮਨ ਨਹੀਂ ਕੀਤਾ ਸਾਫ
ਪਾਠ ਪੜ੍ਹੇਂ ਉਹਦਾ ਮਾਣ ਕਰੇਂ, ਤੈਨੂੰ ਲੱਗਣਾ ਇਹਦਾ ਸਰਾਫ
ਤੂੰ ਪਾਠ ਕਰੇਂ ਉਹ ਚੇਤੇ ਆਵੇ, ਇਹ ਮੰਗ ਮਾਹੀ ਤੋਂ ਮੰਗ

ਰੱਬ ਨੂੰ ਕਦੀ ਚੇਤੇ ਨਹੀਂ ਕੀਤਾ, ਨਾ ਹੀ ਸਿੱਖਿਆ ਨਿਆਜ਼
ਗੋਡੇ ਡਾਹ ਡਾਹ ਮੱਥੇ ਰਗੜੇਂ, ਐਵੇਂ ਇਸ਼ਕ ਨੂੰ ਲਾਵੇਂ ਲਾਜ
ਤੈਨੂੰ ਛੇ ਫੁੱਟ ਡੂੰਘਾ ਗੱਡਣਾ, ਕਿਤੇ ਉਠੱ ਨਾ ਆਵੇ ਮਲੰਗ

ਚੋਰੀ ਚੋਰੀ ਮੋਰੀਆਂ ਵਿਚੋਂ, ਪਾਦਰੀ ਕੋਲੋਂ ਭੁੱਲਾਂ ਬਖਸ਼ਾਵੇਂ
ਪਹਿਲੇ ਪਾਪ ਮਾਫ ਨਹੀਂ ਕੀਤੇ, ਹੋਰ ਨਵੇਂ ਖੱਟ ਲਿਆਵੇਂ
ਸਭ ਦੀ ਮਾਇਆ ਮੈਨੂੰ ਮਿਲ ਜਾਵੇ, ਥੱਕਦਾ ਨਹੀਂ ਤੂੰ ਮੰਗ

ਪਿਆਰ ਚ ਉਹਨੇ ਜੱਗ ਸਾਜਿਆ, ਉਹਦੀ ਇਸ਼ਕ ਇਬਾਦਤ
ਨੈਣ ਮਿਲ ਕੇ ਨੈਣ ਝੁਕ ਜਾਣ, ਅਜਿਹੀ ਬਣ ਜਾਏ ਆਦਤ
ਦਿਲ ਚ ਪਿਆਰ ਦੀ ਸ਼ਮ੍ਹਾਂ ਜਲੇ, ਤੱਕ ਭੌਰੇ ਰਹਿ ਜਾਣ ਦੰਗ

ਸਿਮਰ ਮਨਾਂ

ਬਾਂਛ ਸੁਰਗ ਨਾ ਭੈ ਨਰਕ, ਮੰਗ ਰਾਮ ਨਾਮ ਦਾ ਪਿਆਰ
ਸਿਮਰ ਮਨਾਂ ਹਰ ਸਿਮਰ ਮਨਾਂ, ਕਰ ਰਾਮ ਨਾਮ ਬਿਉਹਾਰ

ਹਰ ਕੋਈ ਤੇਰੀ ਸਿੱਖਿਆ ਦੇਂਦਾ, ਜੱਗ ਸਿਆਣਾ ਮੈਂ ਅੰਞਾਣੀ
ਤੂੰ ਸਭ ਦਾ ਸਭ ਤੈਨੂੰ ਜਾਣਨ, ਪਰ ਮੈਂ ਤੇਰੀ ਸਾਰ ਨਾ ਜਾਣੀ
ਕਰਮ ਧਰਮ ਨਾ ਕੋਈ ਜਾਣਾ, ਕੋਈ ਸਮਝ ਨਾ ਮੇਰੀ ਸਰਕਾਰ

ਪਤਾ ਨਹੀਂ ਤੂੰ ਕਿੱਥੇ ਵਸਦਾ, ਮੈਂ ਤੈਨੂੰ ਚੇਤੇ ਕਰਦੀ ਜਾਵਾਂ
ਨਾ ਤੂੰ ਆਵੇਂ ਨਾ ਕੋਈ ਦੱਸੇ, ਤੇਰੇ ਹਿਜਰ ਚ ਮਰਦੀ ਜਾਵਾਂ
ਤੇਰੇ ਹੱਥ ਸਾਡੀ ਡੋਰ ਵੇ ਅੜਿਆ, ਮਰਜ਼ੀ, ਛੱਡ ਭਾਵੇਂ ਮਾਰ

ਜੱਗ ਚ ਘੱਲਿਆ ਸੀ ਲੱਖ ਦਾ, ਏਥੇ ਆ ਰਿਹਾ ਨਾ ਕੱਖ ਦਾ
ਮਾਇਆ ਮਾਈ ਪਾਏ ਫਾਹੇ, ਕੀ ਕਰਾਂ ਮਾਹੀ ਆਪੇ ਦੱਸ ਜਾ
ਕਿੱਥੇ ਜਾਵਾਂ ਤੈਨੂੰ ਕਿਵੇਂ ਮਨਾਵਾਂ, ਕੋਈ ਸੁਣੇ ਨਾ ਮੇਰੀ ਪੁਕਾਰ

ਘੱਲਿਆ ਜੱਗ ਚ ਕੱਲਮ ਕੱਲੇ, ਏਥੇ ਬੈਠ ਅਸਾਂ ਪਿੜ ਮੱਲੇ
ਇਹ ਭੀ ਮੇਰਾ ਉਹ ਭੀ ਮੇਰਾ, ਸਭ ਕੁਝ ਮੇਰਾ ਉਤੇ ਥੱਲੇ
ਜਾਣ ਵੇਲੇ ਹੱਥ ਖਾਲੀ ਹੋਣੇ, ਪਰ ਛੱਡਣਾ ਨਹੀਂ ਹੰਕਾਰ

ਦੱਸ ਮੇਰੇ ਮਾਹੀ ਕਿੱਥੇ ਜਾਵਾਂ, ਆਪੇ ਦੱਸ ਤੈਨੂੰ ਕਿਵੇਂ ਮਨਾਵਾਂ
ਦਿਲ ਧੁਖਦਾ ਏ ਧੂੰਏਂ ਵਾਕਣ, ਕਿਹਨੂੰ ਦਿਲ ਦਾ ਹਾਲ ਸੁਣਾਵਾਂ
ਨਾ ਜੱਗ ਸੁਣੇ ਨਾ ਹੀ ਤੂੰ ਸੁਣਦਾ, ਕਿਵੇਂ ਉਤਰੇ ਸਿਰ ਦਾ ਭਾਰ

ਮੇਰੇ ਸੱਜਣ ਮੈਂ ਤੇਰੀ ਬਣ ਗਈ, ਹੁਣ ਤੂੰ ਭੀ ਸਾਨੂੰ ਅਪਣਾ ਲੈ
ਮੱਥੇ ਰਗੜਾਂ ਲਾ ਲਾ ਲੀਕਾਂ, ਆ ਕੇ ਦਿਲ ਦਾ ਦਰਦ ਵੰਡਾ ਲੈ
ਤੇਰੇ ਪਿਆਰ ਵਿਚ ਹੁਣ ਮੇਰੇ ਯਾਰ, ਹੋ ਗਿਆ ਬੈਂਸ ਬਿਮਾਰ

ਬਾਛਾਂ ਸੁਰਗ ਨਾ ਮੰਗਣੋ ਸੰਗਾਂ, ਤੇਰੇ ਨਾਮ ਦੀ ਮਾਲਾ ਮੰਗਾਂ
ਤੇਰੇ ਪਿਆਰ ਚ ਫਿਰਦੀ ਖੋਈ, ਤੈਨੂੰ ਦੱਸਣ ਤੋਂ ਨਾ ਸੰਗਾਂ
ਦਮ ਦਮ ਰਾਮ ਦੀ ਮਾਲਾ ਫੇਰਾਂ, ਹੋਇਆ ਰਾਮ ਨਾਲ ਪਿਆਰ

ਦਿਲ ਮਾਹੀ ਮਾਹੀ ਕੁਰਲਾਵੇ, ਮਨ ਚ ਪਿਆਰ ਦੀ ਜੋਤ ਜਗੇ
ਪਲਕਾਂ ਤੇ ਮਾਹੀ ਵਸਦਾ ਏ, ਅੱਖੀਆਂ ਵਿਚ ਕਜਲਾ ਨਾ ਫਬੇ
ਚੋਰੀ ਚੋਰੀ ਤੈਥੋਂ ਨੈਣ ਚੁਰਾ ਕੇ, ਤੱਕ ਪਿਆਰ ਕਰੇ ਇਜ਼ਹਾਰ

ਹਿਜਰ ਦੇ ਹੌਕੇ

ਤੇਰੀ ਆਸ਼ਕੀ ਤੋਂ ਪਹਿਲੇ, ਮੇਰਾ ਕੋਈ ਨਹੀਂ ਸੀ
ਤੇਰੇ ਬਾਝੋਂ ਮੇਰੇ ਮਾਹੀ, ਕਦੀ ਰੋਈ ਨਹੀਂ ਸੀ

ਸੁਹਣੇ ਸੱਜਣਾ ਦੀ ਯਾਦ, ਮੈਨੂੰ ਜੀਣਾ ਸਿਖਾਇਆ
ਪਿਆਰ ਭਰੀ ਫਰਿਆਦ, ਹਿਜਰ ਪੀਣਾ ਸਿਖਾਇਆ
ਕੋਈ ਚਿੱਤ ਨਾ ਸੀ ਚੇਤੇ, ਇਸ਼ਕ ਚ ਖੋਈ ਨਹੀਂ ਸੀ
ਜਦੋਂ ਤੂੰ ਚੇਤੇ ਆਵੇਂ, ਆ ਜਾਏ ਦਿਲ ਨੂੰ ਤਸੱਲੀ
ਗੱਲਾਂ ਆਪੇ ਆਪ ਕਰਾਂ, ਚੰਨਾਂ ਬਹਿ ਕੇ ਇਕੱਲੀ
ਜਿਹੜੀ ਅੱਜ ਹੋਣ ਲੱਗੀ, ਕਦੀ ਹੋਈ ਨਹੀਂ ਸੀ
ਜਦੋਂ ਤੇਰੀ ਯਾਦ ਆਵੇ, ਮੇਰੀ ਅੱਖ ਭਰ ਆਵੇ
ਖਾਣਾ ਪੀਣਾ ਭੁੱਲ ਜਾਵੇ, ਮੈਨੂੰ ਕੁਝ ਨਾ ਸਖਾਵੇ
ਜਿੰਦ ਇਸ਼ਕ ਦੇ ਧਾਗੇ ਚ, ਪਰੋਈ ਨਹੀਂ ਸੀ
ਮੇਰਾ ਕੋਈ ਨਹੀਂ ਸੀ, ਤੇਰੀ ਦੋਸਤੀ ਤੋਂ ਪਹਿਲੇ
ਤੱਕਾਂ ਪੰਛੀ ਘਰ ਆਉਂਦੇ, ਸ਼ਾਮਾਂ ਪੈਣ ਦੇ ਵੇਲੇ
ਉਨ੍ਹਾਂ ਪੰਛੀਆਂ ਵਿਚੋਂ ਭੀ, ਮੇਰਾ ਕੋਈ ਨਹੀਂ ਸੀ
ਤੇਰੀ ਦੋਸਤੀ ਨੇ ਚੰਨਾਂ, ਮੈਨੂੰ ਹਿਜਰ ਸਿਖਾਇਆ
ਮੇਰੇ ਹੱਥ ਪੈ ਗਏ ਝੂਠੇ, ਜਦੋਂ ਤੂੰ ਯਾਦ ਆਇਆ
ਬੈਂਸ, ਪੱਜ ਧੂੰਏਂ ਦਾ ਲਾ, ਕਦੀ ਰੋਈ ਨਹੀਂ ਸੀ
ਹੋਈ ਜੀਣ ਦੀ ਉਮੀਦ, ਅੱਜ ਮਾਹੀ ਤੇਰੀ ਹੋ ਕੇ
ਦਿਲ ਹਰ ਲਿਆ ਮੇਰਾ, ਤੂੰ ਪਿਆਰ ਚ ਪਰੋ ਕੇ
ਰਾਹ ਨਹੀਂ ਸੀ ਤੱਕੇ, ਪਾਈ ਤੋਈ ਸ਼ੋਈ ਨਹੀਂ ਸੀ
ਅੱਖ ਲੱਗਦੀ ਨਹੀਂ ਮੇਰੀ, ਤੇਰੇ ਬਾਝੋਂ ਮੇਰੇ ਮਾਹੀ
ਬਹਿ ਜਾ ਪਲਕਾਂ ਦੇ ਕੋਲ, ਮਾਹੀ ਪਾਵਾਂ ਦੁਹਾਈ
ਚੁੰਨੀਂ ਹੰਝੂਆਂ ਦੀ ਝੜੀ ਚ, ਭਿਓਈ ਨਹੀਂ ਸੀ
ਅਸਾਂ ਮਸਾਂ ਮਸਾਂ ਚੰਨਾਂ, ਅੱਖਾਂ ਤੇਰੇ ਨਾਲ ਲਾਈਆਂ
ਸਾਡਾ ਦਿਲ ਧੜਕਾ ਕੇ, ਸਾਨੂੰ ਦੇ ਗਿਆ ਜੁਦਾਈਆਂ
ਉਹ ਸਾਡੇ ਨਾਲ ਹੋਈ, ਜਿਹੜੀ ਹੋਈ ਨਹੀਂ ਸੀ
ਹੱਥੋਂ ਡਿਗ ਗਿਆ ਆਟਾ, ਬੈਠੀ ਰੋਟੀਆਂ ਮੈਂ ਲ੍ਹਾਵਾਂ
ਮੈਨੂੰ ਮਾਹੀ ਚੇਤੇ ਆਵੇ, ਦੋ ਉਹਦੇ ਲਈ ਪਕਾਵਾਂ
ਅੱਜ ਮੇਰੇ ਮਾਹੀ ਆਉਣਾ, ਹੋਰ ਕੋਈ ਨਹੀਂ ਸੀ
ਜਦੋਂ ਤੂੰ ਚੇਤੇ ਆਵੇਂ, ਮੈਨੂੰ ਮੇਰਾ ਰੱਬ ਭੁੱਲ ਜਾਵੇ
ਆ ਕੇ ਸੁਫਨੇ ਜਗਾਵੇਂ, ਮੇਰੀ ਅੱਖ ਖੁੱਲ੍ਹ ਜਾਵੇ
ਰੱਬ ਮਾਹੀ ਬਣ ਆਇਆ, ਹੋਰ ਕੋਈ ਨਹੀਂ ਸੀ

ਸਹਿਲਾ ਮਰਨਾਂ

ਜੇ ਜਿਉਂਦੇ ਮਰਨਾਂ ਆ ਜਾਵੇ, ਫਿਰ ਮਰ ਕੇ ਮਰਨਾਂ ਸੌਖਾ ਏ
ਇਸ ਜੱਗ ਚ ਤੇਰਾ ਕੋਈ ਨਹੀਂ, ਸਭ ਤੇਰੀ ਅੱਖ ਦਾ ਧੋਖਾ ਏ

ਨਿਮਾਣਾ ਹੋ ਕੇ ਜੱਗ ਚ ਆਇਆ, ਏਥੇ ਆ ਕੇ ਮਾਣ ਵਧਾਇਆ
ਜੱਗ ਚ ਤੇਰਾ ਕੁਝ ਨਹੀਂ ਏ, ਤੂੰ ਖੁਦ ਭੀ ਉਹਦਾ ਸਰਮਾਇਆ
ਮੇਰੀ ਮੇਰੀ ਤੂੰ ਪਿਆ ਕਰਦਾ, ਵੇਖ, ਮਹਿਮਾਨੀ ਦਾ ਕੀ ਪੋਖਾ ਏ

ਜੰਮਣ ਸਮੇਂ ਆਇਆ ਕਰ ਕੇ ਵਾਧਾ, ਯਾਦ ਕਰੂੰਗਾ ਤੈਨੂੰ
ਜੱਗ ਚ ਆ ਕੇ ਫਸ ਧੰਦਿਆ, ਭੁੱਲ ਗਿਆ ਕੀਤੇ ਵਾਧੇ ਨੂੰ
ਜਾਣ ਸਮੇਂ ਸਭ ਸਾਹਮਣੇ ਆਵੇ, ਜੋ ਪਿੱਛੇ ਮੋੜਨਾ ਔਖਾ ਏ

ਲੁੱਟ ਕਸੁੱਟ ਮਾਇਆ ਲਿਆਵੇਂ, ਮਨ ਦੇ ਘੋੜੇ ਬਹੁਤ ਦੁੜਾਵੇਂ
ਨਾ ਦਮ ਨਿਕਲੇ ਨਾ ਸਾਹ ਆਵੇ, ਜਾਣ ਸਮੇਂ ਸਮਝ ਨਾ ਆਵੇ
ਇਹ ਘੜੀ ਪਲ ਦਾ ਕੰਮ ਨਹੀਂ, ਕਿੱਤਾ ਇਹ ਚਰੋਕਾ ਏ

ਮੇਰੀ ਮੈਂ ਦਾ ਕਰਦਾ ਮਾਣ, ਅੱਖ ਬੰਦ ਹੋਵੇ ਹੱਥ ਖੁੱਲ੍ਹ ਜਾਣ
ਜੋ ਕੁਝ ਖੱਟ ਵੱਟ ਕੇ ਲਿਆਂਦਾ, ਸਭ ਕੁਝ ਆਪੇ ਭੁੱਲ੍ਹ ਜਾਣ
ਫਿਰ ਤੇਰਾ ਕੀ ਤੇ ਮੇਰਾ ਕੀ, ਪੱਲੇ ਰਹੇ ਇਮਾਨ ਤੇ ਧੋਖਾ ਏ

ਜੱਗ ਸਿਆਣਾ ਮੈਂ ਅੰਞਾਣਾ, ਕਰਮ ਧਰਮ ਦੀ ਸਾਰ ਨਾ ਜਾਣਾ
ਬੈਂਸ, ਨਾਮ ਧਿਆ ਲੈ ਯਾਰ ਮਨਾ ਲੈ, ਇਹੋ ਨਾਲ ਤੇਰੇ ਜਾਣਾ
ਮਹਿਲ ਮੁਨਾਰੇ ਸਭ ਢਹਿ ਜਾਂਦੇ, ਇਸ਼ਕ ਦਾ ਰਾਹ ਝਰੋਖਾ ਏ

ਨਾ ਰਾਹ ਦਿਸੇ ਨਾ ਵਾਟ ਆਵੇ, ਫਿਰ ਚੇਤੇ ਬੇਪਰਵਾਹ ਆਵੇ
ਕਾਲੀ ਕਦੀ ਨਾ ਰਾਵਿਆ ਉਹਨੂੰ, ਧੌਲੇ ਕਿਵੇਂ ਵਸਾਹ ਆਵੇ
ਚੇਤੇ ਕਰ ਅਪਣੇ ਮਾਹੀ ਨੂੰ, ਭਲਾ ਰਾਮ ਕਹਿਣਾ ਕੀ ਔਖਾ ਏ

ਨਾ ਮਨ ਮਰੇ ਨਾ ਮੈਂ ਜਾਵੇ, ਇਸ ਜੀਅੜੇ ਨੂੰ ਕੌਣ ਸਮਝਾਵੇ
ਮੇਰੀ ਮੇਰੀ ਕਰਦੇ ਟੁਰ ਗਏ, ਜਾਣ ਸਮੇਂ ਕੁਝ ਨਾਲ ਨਾ ਜਾਵੇ
ਬੈਂਸ ਇਸ ਜੀਅੜੇ ਨੂੰ ਆਖ ਜ਼ਰਾ, ਤੂੰ ਹੀ ਤੂੰ ਕਿੰਨਾਂ ਸੌਖਾ ਏ

ਕਾਹਨੂੰ ਕਰਦਾ ਮੈਂ ਦਾ ਮਾਣਾ, ਅਪਣੀ ਆਈ ਸਭ ਟੁਰ ਜਾਣਾ
ਅਮਲ ਬਣਾ ਜੋ ਨਾਲ ਜਾਣਗੇ, ਕੋਈ ਨਾ ਰਹਿਣਾ ਰਾਜਾ ਰਾਣਾ
ਹਰ ਦਮ ਚੇਤੇ ਰੱਖ ਮਾਹੀ ਨੂੰ, ਇੰਵ ਦਮ ਨਿਕਲਣਾ ਸੌਖਾ ਏ

ਮੁਖੜਾ ਵਖਾ

ਆ ਕੇ ਮੁਖੜਾ ਵਖਾ, ਤੇਰਾ ਪਿਆਰ ਵਾਜਾਂ ਮਾਰੇ
ਤੇਰੇ ਹਿਜਰ ਚ ਖੋਇਆ, ਦਿਲ ਮਾਹੀ ਨੂੰ ਪੁਕਾਰੇ

ਮਾਹੀ ਮਾਹੀ ਮੈਂ ਪੁਕਾਰਾਂ, ਹੋ ਕੇ ਪਿਆਰ ਚ ਮਗਨ
ਆ ਜਾ ਮਾਹੀ ਆ ਜਾ, ਲੱਗੀ ਪਿਆਰ ਦੀ ਲਗਨ
ਆਈ ਲੈ ਕੇ ਝੋਲੀ ਖਾਲੀ, ਖੜ੍ਹੀ ਯਾਰ ਦੇ ਦੁਆਰੇ

ਮੰਨਦਾ ਨਹੀਂ ਮਾਹੀ, ਉਹ ਅੱਖ ਨਹੀਂ ਮਿਲਾਉਂਦਾ
ਮੈਂ ਉਹ ਤੋਂ ਸੰਗਾਂ, ਉਹ ਭੀ ਸਾਥੋਂ ਸ਼ਰਮਾਉਂਦਾ
ਉਹਨੂੰ ਲੋਚਦੇ ਨੇ ਨੈਣ, ਨਾਲੇ ਦਿਲ ਵਾਜਾਂ ਮਾਰੇ

ਇੰਵ ਸਾਡਾ ਦਿਲ ਛੂਹੇਂ, ਜਿਵੇਂ ਲੰਘਦੀ ਏ ਪੌਣ
ਮਾਹੀ ਦਿਲ ਚ ਵਸੇ, ਫਿਰ ਉਹ ਕੌਣ ਮੈਂ ਕੌਣ
ਹੁਣ ਵੱਖ ਰਹਿਣਾ ਔਖਾ, ਮਰੇ ਹਿਜਰ ਦੇ ਮਾਰੇ

ਮਾਹੀ ਸਾਡੇ ਦਿਲ ਵਿਚ ਵਸੇ, ਪਰ ਨਜ਼ਰ ਨਾ ਆਵੇ
ਕਿਹਨੂੰ ਕਿਹਨੂੰ ਕੀ ਦੱਸਾਂ, ਸਾਥੋਂ ਦੱਸਿਆ ਨਾ ਜਾਵੇ
ਦਿਲ ਮਾਹੀ ਮਾਹੀ ਆਖੇ, ਵੇਖੋ ਪਿਆਰ ਦੇ ਨਜ਼ਾਰੇ

ਤੇਰਾ ਰੱਬ ਤੇਰਾ ਯਾਰ, ਪਾ ਉਹਦੇ ਨਾਲ ਪਿਆਰ
ਜਦੋਂ ਮਾਹੀ ਮਾਹੀ ਹੋਵੇ, ਬਣੇ ਸਿੰਘ ਤੋਂ ਸਿਆਰ
ਇਹਨੂੰ ਸੱਚ ਕਰ ਜਾਣੀ, ਆਖੇ ਬੈਂਸ ਨੇ ਕਰਾਰੇ

ਭੈੜਾ ਇਸ਼ਕ ਦਾ ਰਾਹ, ਇਹ ਆਖਦਾ ਏ ਜੱਗ
ਪੈ ਕੇ ਧਰਮਾਂ ਦੇ ਪਿੱਛੇ, ਉਹ ਤੇ ਭੁੱਲ ਗਏ ਰੱਬ
ਬੈਂਸ, ਯਾਰ ਨੂੰ ਮਨਾ ਲੈ, ਆਪੇ ਲਾਏਗਾ ਕਿਨਾਰੇ

ਰਾਹ ਦਾ ਭੇਦੀ

ਗਲੀ ਗਲੀ ਮੈਂ ਹੋਕਾ ਦੇਵਾਂ, ਸਿਰ ਚਾਇਆ ਭਾਰ ਗੁਨਾਹਾਂ ਦਾ
ਵਿਛਿੜਿਆ ਯਾਰ ਮਿਲਾ ਮੇਰਾ, ਜਿਹੜਾ ਭੇਦੀ ਤੇਰੇ ਰਾਹਾਂ ਦਾ

ਦੂਰ ਦੁਰਾਡੇ ਮਾਹੀ ਟੁਰ ਗਿਆ, ਨਿੱਤ ਕਰਾਂ ਉਡੀਕਾਂ ਤੇਰੀਆਂ
ਸਾਡਾ ਦਿਲ ਬੇਚੈਨ ਹੋ ਗਿਆ, ਇਕ ਵਾਰੀ ਪਾ ਜਾ ਫੇਰੀਆਂ
ਬੇੜੀ ਨਜ਼ਰ ਨਾ ਆਵੇ ਮੈਨੂੰ, ਪਈ ਤੱਕਦੀ ਰਾਹ ਮਲਾਹਾਂ ਦਾ

ਚੋਰੀ ਕਰਨ ਦਾ ਵੱਲ ਚੁਰਾ ਕੇ, ਅਸਾਂ ਚੋਰੀ ਕੀਤੀ ਪਿਆਰ ਦੀ
ਨੈਣ ਚੁਰਾ ਕੇ ਪਿਆਰ ਵਧਾ ਕੇ, ਖਿੱਚ ਲਈ ਜਾਨ ਦਿਲਦਾਰ ਦੀ
ਕੱਚੇ ਧਾਗੇ ਬੱਝ ਗਈ ਜਿੰਦੜੀ, ਕੰਮ ਮੁੱਕਿਆ ਰੋਜ਼ ਗਵਾਹਾਂ ਦਾ

ਉਸ ਪਾਰੋਂ ਮਾਹੀ ਮੁੜ ਆਵੇ, ਕਰਾਂ ਖੜ੍ਹੀ ਉਡੀਕਾਂ ਪੱਤਣਾ ਤੇ
ਮੇਰਾ ਮਾਹੀ ਨਜ਼ਰ ਨਾ ਆਵੇ, ਪੈਂਡੇ ਦੂਰ ਹੋ ਗਏ ਵਤਨਾਂ ਦੇ
ਪਤਾ ਨਹੀਂ ਕਦੋਂ ਬੇੜੀ ਆਵੇ, ਭਰੋਸਾ ਨਹੀਂ ਕੋਈ ਸਾਹਾਂ ਦਾ

ਮਾਹੀ ਦੇ ਕੁਝ ਚਿੱਤ ਨਾ ਚੇਤੇ, ਸਾਡੀ ਜਾਨ ਨਿਕਲਦੀ ਜਾਵੇ
ਮੈਂ ਚੇਤੇ ਕਰ ਕਰ ਹਾਰ ਗਈ, ਪਰ ਮਾਹੀ ਨਾ ਬਾਂਹ ਫੜਾਵੇ
ਕਰਮ ਧਰਮ ਦੀ ਸਾਰ ਨਾ ਕਾਈ, ਸਿਰ ਭਾਰਾ ਕਰਜ਼ਾ ਸ਼ਾਹਾਂ ਦਾ

ਚੰਨ ਚਕੋਰ ਦੀ ਪ੍ਰੀਤ ਅਸਾਂ ਦੀ, ਉਹ ਦਰਪਣ, ਵਿਚ ਮੈਂ ਮੂਰਤ
ਹਾਰ ਸੰਗਾਰ ਕਰਨ ਨੂੰ ਬੈਠਾਂ, ਮਾਹੀ ਨਜ਼ਰ ਆਵੇ ਤੇਰੀ ਸੂਰਤ
ਦਿਲ ਮਾਹੀ ਮਾਹੀ ਕਰਦਾ ਏ, ਹੋ ਗਿਆ ਕਰਮ ਨਿਗਾਹਾਂ ਦਾ

ਮਨ ਚ ਮੂਰਤ ਦਿਲ ਚ ਸੂਰਤ, ਕਦ ਹੋਸੀ ਦਿਦਾਰ ਵੇ ਅੜਿਆ
ਅੜੀਆਂ ਨਹੀਂ ਕਰਿਆ ਕਰਦੇ, ਆ ਮੇਰੇ ਦਿਲਦਾਰ ਵੇ ਅੜਿਆ
ਗਲ ਲੱਗ ਚੈਨ ਚਿੱਤ ਨੂੰ ਆਵੇ, ਲਹਿ ਜਾਵੇ ਭਾਰ ਗੁਨਾਹਾਂ ਦਾ

ਟੋਕ ਨਾ ਦਵੀਂ

ਬੋਲ ਨਾ ਬਨੇਰੇ ਉਤੇ ਕਾਵਾਂ, ਰਾਹੀਆਂ ਨੂੰ ਟੋਕ ਨਾ ਦਵੀਂ
ਅੱਜ ਮੇਰੇ ਸੱਜਣਾ ਘਰ ਆਉਣਾ, ਆਉਂਦਿਆਂ ਨੂੰ ਰੋਕ ਨਾ ਦਵੀਂ

ਤੇਰਾ ਕੰਮ ਕੁਰਲਾਉਣਾ ਏ, ਨਿੱਤ ਮਾਰਦਾ ਬਨੇਰਿਆਂ ਤੇ ਗੇੜੇ
ਤੈਨੂੰ ਕੁੱਟ ਕੁੱਟ ਚੂਰੀਆਂ ਪਾਵਾਂ ਮੈਂ, ਜੇ ਭਾਗ ਖੁਲ੍ਹ ਜਾਣ ਮੇਰੇ
ਹੋਰ ਨਾ ਅਸਾਂ ਤੜਫਾ ਅੜਿਆ, ਮੈਂ ਰੁੱਸਿਆ ਯਾਰ ਮਨਾਉਣਾ

ਕੀ ਦੱਸਾਂ ਤੈਨੂੰ ਅੜਿਆ, ਰੁੱਸ ਗਿਆ ਯਾਰ ਨਿਮਾਣੀ ਦਾ
ਮੈਂ ਖੁਰੇ ਖੋਜਦੀ ਡਾਚੀਆਂ ਦੇ, ਖੋਜ ਨਾ ਲੱਭਦਾ ਹਾਣੀ ਦਾ
ਤੱਕ ਅਰਸ਼ਾਂ ਵੱਲ ਮਾਰਾਂ ਵਾਜਾਂ, ਸੁਣ ਲਏ ਯਾਰ ਰਬਾਣਾ

ਕੀ ਦੱਸਾਂ ਤੈਨੂੰ ਮੈਂ ਅੜਿਆ, ਮੈਥੋਂ ਰੁੱਸ ਗਿਆ ਮੇਰਾ ਮਾਹੀ
ਮੈਂ ਰੋ ਰੋ ਹਾਲ ਬੇਹਾਲ ਹੋਈ, ਮੁੱਕ ਗਈ ਨੈਣਾਂ ਦੀ ਸਿਆਹੀ
ਮੇਰਾ ਮਾਹੀ ਮੇਰੀ ਇਕ ਨਾ ਮੰਨੇ, ਕੀ ਬਰਤ ਗਿਆ ਭਾਣਾ

ਬਿੜਕਾਂ ਨਾ ਲੈ ਸਾਡੀਆਂ, ਮੈਂ ਰੁੱਸੇ ਯਾਰ ਨੂੰ ਪਈ ਮਨਾਵਾਂ
ਗਲ ਲੱਗ ਸੁਹਣੇ ਸੱਜਣਾ ਦੇ, ਮੈਂ ਦਿਲ ਦਾ ਹਾਲ ਸੁਣਾਵਾਂ
ਅੱਜ ਨਾ ਬਨੇਰੇ ਉਤੇ ਬੋਲ ਵੇ, ਮੈਂ ਛੁਪ ਛੁਪ ਔਸੀਆਂ ਪਾਵਾਂ

ਜਾਣ ਬੁੱਝ ਅਸਾਂ ਨਹੀਂ ਕੀਤਾ, ਸਭ ਹੋਇਆ ਅਪਣੇ ਆਪ
ਜੇ ਕੋਈ ਖ਼ਤਾ ਹੋ ਗਈ ਸਾਥੋਂ, ਮਾਹੀ ਕਰ ਦੇ ਸਾਨੂੰ ਮਾਫ
ਮਾਹੀ ਇਕ ਵਾਰ ਬਖਸ਼ ਦੇ, ਅਸਾਂ ਮੁੜ ਨਹੀਂ ਦੁਹਰਾਉਣਾ

ਮੈਨੂੰ ਤੇਰੀ ਸਮਝ ਨਾ ਕਾਈ, ਤੂੰ ਮੇਰਾ ਸਭ ਕੁਝ ਜਾਣਦਾ ਏਂ
ਹਰ ਦਮ ਤੇ ਤੇਰਾ ਕਾਬੂ ਏ, ਚਲਦੀ ਨਬਜ਼ ਪਹਿਚਾਣਦਾ ਏਂ
ਉਹਦੇ ਅੰਦਰ ਵਸ ਕੇ ਭੀ, ਕਿਉਂ ਬੈਂਸ ਨੂੰ ਨਹੀਂ ਅਪਣਾਉਣਾ

ਮੇਰਾ ਸਭ ਕੁਝ ਤੂੰ ਹੀ ਤੂੰ ਏਂ, ਮਾਹੀ ਮੈਂ ਖਲਿਕ ਤੂੰ ਖਾਲਿਕ
ਇਕ ਫਕੀਰ ਰਬਾਣਾ ਖੜ੍ਹਾ ਨਿਤਾਣਾ, ਤੂੰ ਜੱਗ ਦਾ ਮਾਲਿਕ
ਕਰ ਨਿੱਕਾ ਜਿਹਾ ਕਰਮ ਬੈਂਸ ਤੇ, ਮੁੱਕ ਜਾਵੇ ਆਉਣਾ ਜਾਣਾ

ਮਾਹੀ ਨੂੰ ਮਨਾ

ਕਾਹਦਾ ਮਾਣ ਹੁਸਨ ਦਾ, ਜਿਹਨੇ ਫੁੱਲ ਵਾਂਗ ਕੁਮਲੌਣਾ
ਅੜੀਏ, ਮਾਹੀ ਨੂੰ ਮਨਾ, ਜੇ ਤੂੰ ਰੱਬ ਨੂੰ ਮਨਾਉਣਾ

ਕਰ ਲੈ ਨਸ਼ਾ ਇਸ਼ਕ ਦਾ, ਅੜੀਏ ਪੀਂ ਪਿਆਰ ਦੀ ਮੈ
ਚੇਤੇ ਕਰ ਅਪਣੇ ਮਾਹੀ ਨੂੰ, ਦਿਲੋਂ ਮਾਹੀ ਮਾਹੀ ਕਹਿ
ਚੜ੍ਹਿਆ ਨਸ਼ਾ ਪਿਆਰ ਦਾ, ਤਾਂ ਮਾਹੀ ਨੇ ਗਲ ਲਾਉਣਾ

ਪਿਆਰ ਪਾਇਆ ਨਹੀਂ ਜਾਂਦਾ, ਆਪੇ ਹੀ ਪੈ ਜਾਂਦਾ ਏ
ਨੈਣਾਂ ਨਾਲ ਨੈਣ ਮਿਲਾ ਮਾਹੀ, ਦਿਲ ਖਿੱਚ ਲੈ ਜਾਂਦਾ ਏ
ਕੱਖਾਂ ਵਾਕਣ ਰੋਲ ਦੇਵੇ, ਮੁੜ ਕਿਤੇ ਨਾ ਮਿਲੇ ਠਿਕਾਣਾ

ਅੱਥਰੇ ਪਿਆਰ ਦੀ ਖਿੱਚ ਅਵੱਲੀ, ਨੈਣਾਂ ਦੀ ਨੀਂਦ ਉੜਾ ਦੇਵੇ
ਵਾਂਗ ਚਕੋਰੀ ਉੜੇ ਚੰਨ ਵੱਲ, ਸਾਰੀ ਰਾਤ ਜਾਗ ਲੰਘਾ ਦੇਵੇ
ਮਨ ਨੂੰ ਚੈਨ ਨਹੀਂ ਆਉਂਦਾ, ਜੇ ਮਾਹੀ ਨਜ਼ਰ ਨਾ ਆਉਣਾ

ਅਵੱਲਾ ਰੋਗ ਇਸ਼ਕ ਦਾ, ਇਸ਼ਕ ਦੇ ਮਾਰੇ ਦਰ ਦਰ ਫਿਰਦੇ
ਗਲ ਬਗਲੀ ਹੱਥ ਕਾਸਾ ਫੜ, ਜ਼ਖਮ ਫੋਲਦੇ ਫਿਰਦੇ ਦਿਲ ਦੇ
ਘੁਣ ਵਾਂਗ ਜਿਗਰ ਨੂੰ ਖਾਂਦਾ ਏ, ਮੁੜ ਪੈਂਦਾ ਨਹੀਂ ਚਿਰਾਉਣਾ

ਮਿੱਤਰ ਪਿਆਰੇ ਦੂਰ ਵਸੇਂਦੇ, ਦੁਨੀਆਂ ਵਾਲੇ ਸਾਰ ਨਾ ਦੇਂਦੇ
ਥਾਂ ਥਾਂ ਇਸ਼ਕ ਵਪਾਰੀ ਬੈਠੇ, ਸਿਖਰ ਦੁਪਹਿਰੇ ਹੀ ਲੁੱਟ ਲੈਂਦੇ
ਦਿਲ ਦੇ ਕੇ ਸ਼ੈਲ ਸ਼ਬੀਲੇ ਨੂੰ, ਅਸਾਂ ਨਹੀਂ ਮੋੜ ਲਿਆਉਣਾ

ਹੁਣ ਤੇਰੇ ਬਾਝੋਂ ਮਾਹੀ ਵੇ, ਮੇਰੀ ਜਾਨ ਰਹਿ ਗਈ ਕੱਲੀ
ਪਿਆ ਵਿਛੋਵਾ ਸੱਜਣਾ ਦਾ, ਸਾਥੋਂ ਮਾਰ ਨਾ ਜਾਂਦੀ ਝੱਲੀ
ਬੜੀ ਦੇਰ ਹੋ ਗਈ ਬੈਂਸ, ਦੱਸ ਕਦੋਂ ਮਾਹੀ ਘਰ ਆਉਣਾ

ਚੰਨਾਂ, ਇਹ ਸੱਚ ਕਰ ਜਾਣ, ਰੱਬ ਦਾ ਯਾਰ ਨਾਲ ਪਿਆਰ
ਯਾਰ ਜਾਣਦਾ ਭੇਦ ਮਾਹੀ ਦਾ, ਮਾਹੀ ਉਹਦਾ ਪੱਕਾ ਯਾਰ
ਬੈਂਸ, ਸੁਹਣੇ ਯਾਰ ਨੂੰ ਮਨਾ ਲੈ, ਜੇ ਤੂੰ ਰੱਬ ਨੂੰ ਮਨਾਉਣਾ

ਖੇਤ ਨੂੰ ਖਾਂਦੀ

ਵੱਢਣ ਨੂੰ ਉਥੇ ਕੀ ਲੱਭਣਾ, ਜਿੱਥੇ ਵਾੜ ਖੇਤ ਨੂੰ ਖਾਂਦੀ ਏ
ਚਲੋ ਚਾਲ ਦਾ ਮੇਲਾ ਜੱਗ, ਸਭ ਦੁਨੀਆਂ ਉਜੜੀ ਜਾਂਦੀ ਏ

ਅੱਜ ਆਇਆ ਕੋਈ ਕੱਲ੍ਹ ਆਉਣਾ, ਕੋਈ ਗਿਆ ਕਿਸੇ ਜਾਣਾ
ਸਭ ਆਪਣੀ ਹਾਜਰੀ ਭਰ ਜਾਂਦੇ, ਅੰਤ ਸਭਨਾ ਨੇ ਮੁੜ ਜਾਣਾ
ਕੋਈ ਆਉਂਦਾ ਕੋਈ ਜਾਂਦਾ ਏ, ਸਭ ਦੁਨੀਆਂ ਟੁਰੀ ਜਾਂਦੀ ਏ

ਪਤਾ ਹੈ ਇੱਥੇ ਰਹਿਣਾ ਨਹੀਂ, ਜੱਗ ਨੂੰ ਆਪਣਾ ਬਣਾ ਲਿੱਤਾ
ਹਸ ਖੇਡ੍ਹ ਕੇ ਨਾਲ ਹਾਣੀਆਂ, ਪਿਆਰ ਜੱਗ ਨਾਲ ਪਾ ਲਿੱਤਾ
ਪਿਆਰ ਕਿਸੇ ਦਾ ਖੋ ਜਾਵੇ, ਫਿਰ ਜਾਨ ਨਿਕਲਦੀ ਜਾਂਦੀ ਏ

ਜੱਗ ਦਾ ਇਹ ਦਸਤੂਰ ਪੁਰਾਣਾ, ਸਭ ਕਰਮ ਕਰਨ ਨੂੰ ਆਉਂਦੇ
ਜਦੋਂ ਕਰਮ ਜੱਗ ਚੋਂ ਮੁੱਕ ਜਾਵੇ, ਫਿਰ ਸਭ ਵਾਪਸ ਮੁੜ ਜਾਂਦੇ
ਫਿਰ ਭੀ ਮਨ ਨੂੰ ਚੈਨ ਨਾ ਆਵੇ, ਨਿੱਤ ਮਾਇਆ ਮਾਈ ਖਾਂਦੀ ਏ

ਸਾਹ ਆਵੇ ਤਾਂ ਜਿਉਂਦੇ ਰਹਿਣਾ, ਸਾਹ ਰੁਕ ਜਾਵੇ ਦਮ ਟੁੱਟ ਜਾਣਾ
ਆਖਿਰ ਸਭ ਦਾ ਦਮ ਟੁੱਟ ਜਾਵੇ, ਰਹਿੰਦਾ ਨਹੀਂ ਕੋਈ ਰਾਜਾ ਰਾਣਾ
ਉਸ ਮਾਇਆ ਲਈ ਮਾਰੇਂ ਠੱਗੀਆਂ, ਜਿਹੜੀ ਨਾਲ ਨਹੀਂ ਜਾਂਦੀ ਏ

ਉਹ ਦਵਾ ਮੁੜ ਦਾਰੂ ਨਹੀਂ ਰਹਿੰਦੀ, ਜਿਹੜੀ ਜ਼ਰੂਰਤੋਂ ਵਧ ਜਾਵੇ
ਜਿਹੜਾ ਕੱਲ੍ਹ ਇਲਾਜ ਸੀ ਬਣਿਆਂ, ਅੱਜ ਉਹੋ ਜ਼ਹਿਰ ਬਣ ਜਾਵੇ
ਹਵਾ ਜਿਹੜੀ ਤੈਨੂੰ ਜਿੰਦਾ ਰੱਖਦੀ, ਅੰਤ ਉਹ ਜਾਨ ਲੈ ਜਾਂਦੀ ਏ

ਖਾਲੀ ਆਇਆ ਖਾਲੀ ਜਾਣਾ, ਨਾਲ ਜਾਣ ਨੂੰ ਕੁਝ ਨਹੀਂ ਇੱਥੇ
ਖੱਟ ਖਰਚ ਲੈ ਕਰਮ ਕਮਾ ਲੈ, ਸਭ ਕੁਝ ਛੱਡਣਾ ਪੈਣਾ ਪਿੱਛੇ
ਮੇਰੇ ਭਾਈ ਕਰ ਨੇਕ ਕਮਾਈ, ਜੋ ਜਾਣ ਸਮੇਂ ਨਾਲ ਜਾਂਦੀ ਏ

ਮਨ ਦੀ ਭਾਵਨਾ

ਜੇ ਰੱਬ ਮਨਾਉਣਾ ਚਾਹੁੰਨੈ, ਉਹਨੂੰ ਦਿਲੋਂ ਧਿਆ ਅੜਿਆ
ਭੈੜੇ ਕੰਮਾਂ ਤੋਂ ਮਨ ਹਟਾ ਕੇ, ਉਹਦੇ ਪਿੱਛੇ ਲਾ ਅੜਿਆ
ਜਿਵੇਂ ਰੋ ਰੋ ਬੋਲੇ ਬੰਸਰੀ, ਉਹ ਵਿਛੜੀ ਅਪਣੇ ਮਾਹੀ ਤੋਂ
ਉਵੇਂ ਚੇਤੇ ਕਰ ਯਾਰ ਨੂੰ, ਕੀ ਲੈਣਾ ਕਲਮ ਸਿਆਹੀ ਤੋਂ
ਜਿਵੇਂ ਗਾਂ ਚਿੱਤ ਬਛੜੇ ਚ ਰੱਖੇ, ਭਾਵੇਂ ਚਰਦੀ ਦੂਰ ਦੁਰਾਡੇ
ਇੰਞ ਮਨ ਚ ਚੇਤੇ ਰੱਖ ਮਾਹੀ ਨੂੰ, ਬਣ ਜਾਣ ਭਾਗ ਸੁਭਾਗੇ
ਚੇਤੇ ਰੱਖ, ਸੁਹਰੇ ਜਾਣ ਵੇਲੇ, ਜਿਵੇਂ ਧੀ ਪੇਕਿਆਂ ਨੂੰ ਰੋਵੇ
ਗੱਲਾਂ ਕਰ ਕਰ ਨਾਲ ਕੰਧਾਂ ਦੇ, ਦੁਖ ਸੁਖ ਕੰਧਾਂ ਨਾਲ ਧੋਵੇ
ਜੰਮਦੇ ਹੀ ਸਮਝਾ ਕੇ ਘੱਲਿਆ, ਜਿਵੇਂ ਮਾਂ ਧੀ ਦਾ ਪਿਆਰ
ਧੀ ਰੋਵੇ ਦੁਖ ਮਾਂ ਨੂੰ ਹੋਵੇ, ਉਹ ਤੋਂ ਹੋਵੇ ਨਾ ਦੁਖ ਸਹਾਰ
ਦਰਪਣ ਵੇਖ ਭੁਲੇਖਾ ਪੈ ਜਾਵੇ, ਜਿਵੇਂ ਧੀਆਂ ਵਾਕਣ ਮਾਵਾਂ
ਚੇਤੇ ਕਰ ਕਰ ਮਾਹੀ ਨੂੰ, ਨੀ ਮੈਂ ਖੁਦ ਮਾਹੀ ਬਣ ਜਾਵਾਂ
ਚੇਤੇ ਕਰ ਅਪਣੇ ਮਾਹੀ ਨੂੰ, ਜਿਵੇਂ ਸੱਸੀ ਪੁਨੂੰ ਦਾ ਪਿਆਰ
ਕੱਚੇ ਘੜੇ ਤੇ ਚੜ੍ਹ ਜਾ ਸੋਹਣੀਏ, ਮਾਹੀ ਵਸੇ ਝਨਾ ਦੇ ਪਾਰ
ਵੇਖੀਂ ਕਿਧਰੇ ਭੁੱਲ ਨਾ ਜਾਵੀਂ, ਜੰਮਣ ਵੇਲੇ ਸਭ ਸਮਝਾਵੇ
ਮਾਹੀ ਨੂੰ ਚੇਤੇ ਕਰਿਆ ਕਰ, ਜਿਵੇਂ ਧੀ ਨੂੰ ਮਾਂ ਚੇਤੇ ਆਵੇ
ਜਾਦੂ ਨਹੀਂ ਕੋਈ ਟੂਣਾ ਨਹੀਂ, ਕੇਵਲ ਰੱਬ ਚੇਤੇ ਕਰਨਾ ਏ
ਚੇਤੇ ਕਰ ਕਰ ਮਾਹੀ ਨੂੰ, ਬੈਂਸ ਉਹਦੀ ਯਾਦ ਚ ਮਰਨਾ ਏ
ਬੁੱਤ ਪੂਜਣ ਦੀ ਲੋੜ ਨਹੀਂ, ਤੂੰ ਅਪਣਾ ਮਨ ਸਮਝਾਉਣਾ ਏ
ਬੈਂਸ, ਦਿਮਾਗ ਤੋਂ ਨਹੀਂ, ਮਨ ਤੋਂ, ਮਾਹੀ ਧਿਆਉਣਾ ਏ
ਗੁਰਦੁਆਰੇ ਜਾ ਕੇ ਕੀ ਲੈਣਾ, ਉਹ ਤੇਰੇ ਬੁੱਤ ਚ ਵਸਦਾ ਏ
ਜੇ ਮਨ ਤੋਂ ਉਹਨੂੰ ਯਾਦ ਕਰੇਂ, ਉਹ ਆਪੇ ਰਾਹ ਦੱਸਦਾ ਏ
ਇਕ ਛੋਟੀ ਜਿਹੀ ਗੱਲ ਨੂੰ, ਦੁਨੀਆਂ ਨੇ ਇੰਞ ਉਲਝਾ ਦਿੱਤਾ
ਭਰਮ ਪਾਉਣ ਲਈ ਮਨ ਤੱਤੜੇ ਨੂੰ, ਧਰਮਾਂ ਪਿੱਛੇ ਲਾ ਦਿੱਤਾ
ਜੇ ਸੱਖਣਾ ਯਾਰ ਮਨਾਉਣਾ ਏਂ, ਹਰ ਦਮ ਉਹਨੂੰ ਕਰ ਸਲਾਮ
ਉਥੇ ਇਲਮ ਪੜ੍ਹਨ ਦੀ ਲੋੜ ਨਹੀਂ, ਬੋਲ ਮੁਖ ਤੋਂ ਰਾਮ ਰਾਮ
ਜਦੋਂ ਮਨ ਚ ਮਾਹੀ ਵਸ ਜਾਵੇ, ਆਪੇ ਪਿਆਰ ਪੈ ਜਾਂਦਾ ਏ
ਜਿਉਂਦੇ ਜੀ ਮਨ ਮਾਰ ਕੇ, ਮਨ ਉਹਦੀ ਯਾਦ ਚ ਢੈ ਜਾਂਦਾ ਏ
ਗੱਲ ਨਹੀਂ ਕੋਈ ਬਾਤ ਨਹੀਂ, ਮਨ ਤੱਤੜੇ ਦਾ ਕੀ ਸਮਝਾਉਣਾ
ਇੱਥੇ ਚੱਜ ਚਾਰ ਦੀ ਲੋੜ ਨਹੀਂ, ਐਧਰੋਂ ਪੁੱਟ ਕੇ ਉਧਰ ਲਾਉਣਾ
ਨਾ ਆਵੇ ਨਾ ਜਾਵੇ ਕਿਧਰੇ, ਤੇਰੇ ਮਨ ਚ ਛੁਪ ਕੇ ਬਹਿੰਦਾ ਏ
ਬੈਂਸ, ਜੇ ਮਨ ਤੋਂ ਯਾਦ ਕਰੇਂ, ਉਹ ਆਪੇ ਬਾਂਹ ਫੜ ਲੈਂਦਾ ਏ

ਗਲਵੱਕੜੀ ਪਾ ਚੰਨਾਂ

ਸਾਡਾ ਦਿਲ ਬੇਤਾਬ ਹੋਇਆ, ਜੀ ਨਹੀਂ ਲੱਗਦਾ ਕੱਲੀ ਦਾ
ਆ ਗਲਵਕੜੀ ਪਾ ਚੰਨਾਂ, ਵਿਛੋੜਾ ਨਹੀਂ ਸਾਥੋਂ ਝੱਲੀਦਾ

ਅਪਣਾ ਪਿਆਰ ਅਜਮੌਣ ਲਈ, ਸਾਜ ਦਿੱਤਾ ਤੂੰ ਜੱਗ
ਤੈਨੂੰ ਬਿਨਾ ਵੇਖਿਆ ਮਾਹੀ ਵੇ, ਮੈਂ ਕਿਹਨੂੰ ਆਖਾਂ ਰੱਬ
ਅੱਡੀਆਂ ਚੁੱਕ ਚੁੱਕ ਰਾਹ ਵੇਖਦੀ, ਦਿਲ ਤੋੜ ਨਾ ਝੱਲੀ ਦਾ

ਨੈਣ ਮਿਲਾ ਕੇ ਨੈਣ ਚੁਰਾ ਕੇ, ਲਾ ਗਿਆ ਇਸ਼ਕ ਬਿਮਾਰੀ
ਐਵੇਂ ਨਹੀਂ ਤੜਫਾਈਦਾ, ਮੈਂ ਮਰ ਗਈ ਹਿਜਰ ਦੀ ਮਾਰੀ
ਦਰ ਦਰ ਤੈਨੂੰ ਫਿਰਾਂ ਭਾਲਦੀ, ਜੀ ਨਹੀਂ ਲਗਦਾ ਕੱਲੀ ਦਾ

ਤੇਰੇ ਸਹਾਰੇ ਜਿਉਂਦੀ ਮੈਂ, ਤੇਰੇ ਬਾਝੋਂ ਜੱਗ ਵੀਰਾਨਾ ਏ
ਮੈਂ ਤੇਰੀ ਤੂੰ ਮੇਰਾ ਰਾਂਝਣ, ਸਾਡਾ ਜਨਮਾਂ ਦਾ ਯਾਰਾਨ ਏ
ਐਵੇਂ ਨਹੀਂ ਛੱਡ ਜਾਈਦਾ, ਜੇ ਪਿੜ ਪਿਆਰ ਦਾ ਮੱਲੀਦਾ

ਨੈਣ ਮਿਲਾ ਕੇ ਦਿਲ ਤੜਫਾ ਕੇ, ਟੂਰ ਗਿਆ ਲਾ ਕੇ ਲਾਰਾ
ਇਵੇਂ ਹੀ ਦਿਲ ਤੜਫਾਈ ਜਾ, ਮੈਨੂੰ ਲਗਦਾ ਬੜਾ ਪਿਆਰਾ
ਨਾ ਦੱਸੇਂ ਨਾ ਖਬਰ ਕੋਈ, ਇਲਾਜ ਕੀ ਮਰਜ਼ ਅਵੱਲੀ ਦਾ

ਤਿੱਖੇ ਤੀਰ ਮਾਰ ਕੇ ਨੈਣਾਂ ਦੇ, ਲੂਣ ਜ਼ਖਮਾਂ ਤੇ ਪਾਉਂਦਾ ਏਂ
ਨਾ ਪਾਰ ਕਰੇਂ ਨਾ ਦਮ ਕੱਢੇਂ, ਐਵੇਂ ਦਿਲ ਤੜਫਾਉਂਦਾ ਏਂ
ਮਿੱਠਾ ਮਿੱਠਾ ਦਰਦ ਹੋਵੇ, ਜਦੋਂ ਰਾਹ ਇਸ਼ਕ ਦੇ ਚੱਲੀਦਾ

ਤੇਰੀ ਆਸ ਲਗਾਏ ਬੈਠੇ ਹਾਂ, ਕਦੇ ਤਾਂ ਸਾਹਮਣੇ ਆਵੇਂਗਾ
ਨੈਣਾਂ ਚ ਨੈਣ ਮਿਲਾ ਕੇ, ਸਾਡੇ ਦਿਲ ਦਾ ਦਰਦ ਵੰਡਾਵੇਂਗਾ
ਬੈਂਸ, ਤੇਰੀ ਬਣ ਕੇ ਰਹਿਣਾ ਏ, ਝੱਟ ਨਹੀਂ ਲੰਘਦਾ ਕੱਲੀ ਦਾ

ਅੱਥਰੂ ਨਾ ਰੋਲ

ਆ ਜਾ ਮਾਹੀ ਆ ਜਾ, ਬਹਿ ਜਾ ਪਲਕਾਂ ਦੇ ਕੋਲ
ਸਾਡਾ ਦਿਲ ਥਾਮ ਆ ਕੇ, ਚੰਨਾਂ ਅੱਥਰੂ ਨਾ ਰੋਲ

ਜਦੋਂ ਯਾਦ ਤੇਰੀ ਆਵੇ, ਸਾਡੇ ਵਗਦੇ ਨੇ ਅੱਥਰੂ
ਮੈਂ ਪੂਰਾ ਵਾਹ ਲਾਵਾਂ, ਪਰ ਰੁਕਦੇ ਨਹੀਂ ਅੱਥਰੂ
ਦੇਹ ਨੈਣਾਂ ਨੂੰ ਸਹਾਰਾ, ਮਾਹੀ ਬਹਿ ਕੇ ਸਾਡੇ ਕੋਲ
ਰਾਤੀਂ ਸੁਫਨੇ ਚ ਆਵੇਂ, ਆ ਕੇ ਦਿਲ ਤੜਫਾਵੇਂ
ਜਦੋਂ ਅੱਖ ਖੁਲ੍ਹ ਜਾਵੇ, ਮੁੜ ਨਜ਼ਰ ਨਾ ਆਵੇਂ
ਮਾਹੀ ਮਾਹੀ ਪੁਕਾਰਾਂ, ਮਾਹੀ ਆ ਜਾ ਸਾਡੇ ਕੋਲ
ਸਾਡੇ ਜੀਅੜੇ ਚ ਵਸੇਂ, ਪਰ ਸਾਨੂੰ ਕੁਝ ਨਾ ਦੱਸੇਂ
ਤੇਰੇ ਪਿੱਛੇ ਟੁਰੀ ਆਵਾਂ, ਪਰ ਤੂੰ ਦੂਰ ਦੂਰ ਨੱਸੇਂ
ਸਾਨੂੰ ਆਪਣਾ ਬਣਾ ਕੇ, ਕੁੰਡਾ ਦਿਲ ਵਾਲਾ ਖੋ੍ਹਲ
ਸਾਡਾ ਸਭ ਕੁਝ ਜਾਣੇ, ਪਰ ਅਸਾਂ ਸਮਝ ਨਾ ਕਾਈ
ਚੰਨਾਂ ਅਸਾਂ ਲੜ ਲਾ ਲੈ, ਮਾਹੀ ਪਾਵਾਂ ਮੈਂ ਦੁਹਾਈ
ਕਰਾਂ ਪਿਆਰ ਦਾ ਨਿਹੋਰਾ, ਭੇਦ ਸਾਡੇ ਨਾਲ ਖੋ੍ਹਲ
ਸਾਡਾ ਲੰਘਦਾ ਨਹੀਂ ਝੱਟ, ਤੇਰੇ ਬਾਝੋਂ ਮੇਰੇ ਮਾਹੀ
ਮੈਂ ਤਾਂ ਬੁੱਸ ਬੁੱਸ ਹਾਰੀ, ਮੁੱਕੀ ਨੈਣਾਂ ਦੀ ਸਿਆਹੀ
ਸਾਨੂੰ ਸੀਨੇ ਨਾਲ ਲਾ ਲੈ, ਤੂੰ ਚੰਨ ਮਾਹੀ ਮੈਂ ਚਕੋਰ
ਤੈਨੂੰ ਮਿਲਣ ਦੀ ਚਾਹ, ਮੈਂ ਤੇਰੇ ਵੱਲ ਟੁਰੀ ਆਵਾਂ
ਜੇ ਸਾਡੇ ਕੋਲ ਨਹੀਂ ਆਉਣਾ, ਮਾਹੀ ਦੱਸ ਸਿਰਨਾਵਾਂ
ਸਾਡਾ ਜਨਮਾਂ ਦਾ ਨਾਤਾ, ਮਾਹੀ ਸੱਦ ਲੈ ਤੂੰ ਕੋਲ
ਮੈਂ ਤੇ ਬਣ ਗਈ ਤੇਰੀ, ਮਾਹੀ ਤੂੰ ਭੀ ਪਾ ਜਾ ਫੇਰੀ
ਕਈ ਬੀਤ ਗਏ ਜਨਮ, ਉਡੀਕਾਂ ਕਰਦਿਆਂ ਤੇਰੀ
ਮਾਹੀ ਗਲਵਕੜੀ ਪਾ ਕੇ, ਆ ਜਾ ਕਰੀਏ ਕਲੋਲ
ਤੂੰ ਸਾਡਾ ਹਾਣ ਪਰਵਾਣ, ਲੱਗੀ ਦਿਲ ਵਾਲੀ ਜਾਣ
ਤੇਰੀ ਯਾਦ ਵਿਚ ਮਾਹੀ, ਸਾਡੇ ਨਿਕਲ ਗਏ ਪ੍ਰਾਣ
ਅਸਾਂ ਦਿਲ ਦੇ ਕੇ ਲਾਈ, ਪਿਆਰ ਯਾਰੀ ਨਾਲ ਤੋਲ
ਲਾ ਕੇ ਤੇਰੇ ਨਾਲ ਯਾਰੀ, ਅਸਾਂ ਬਣ ਗਏ ਭਿਖਾਰੀ
ਲਿਖਾਂ ਪਿਆਰ ਚ ਕਬਿੱਤ, ਬੈਂਸ ਬਣ ਕੇ ਲਿਖਾਰੀ
ਲੱਗੀ ਦਿਲ ਦੀ ਸੁਣਾਈ, ਇਹ ਚ ਕੁਝ ਨਹੀਂ ਹੋਰ
ਹੋ ਜਾ ਸਾਡੇ ਨਾਲ ਇਕ ਮਿਕ, ਮੇਰੇ ਢੋਲ ਸਿਪਾਹੀ
ਰੱਬਾ ਵਾਸਤਾ ਈ ਤੇਰਾ, ਮੇਰੇ ਮਾਹੀ ਨੂੰ ਮਿਲਾਈਂ
ਪਾ ਲੈ ਨੈਣਾਂ ਵਿਚ ਨੈਣ, ਭਾਵੇਂ ਕੁਝ ਭੀ ਨਾ ਬੋਲ

ਪਰਵਦਗਾਰ

ਮੇਰਾ ਮੈਂ ਚ ਕੁਝ ਨਹੀਂ, ਸਭ ਤੇਰਾ ਸਭ ਤੂੰ ਹੀ ਤੂੰ
ਹੌਂ ਨਹੀਂ ਨਾ ਕੋਈ ਹੂੰ, ਜਿੱਧਰ ਵੇਖਾਂ ਤੂੰ ਹੀ ਤੂੰ

ਸਾਰੀ ਦੁਨੀਆਂ ਤੂੰ ਬਣਾਈ, ਸਭ ਕੁਝ ਇੱਥੇ ਤੇਰਾ
ਜਿੱਥੇ ਵੇਖਾਂ ਤੂੰ ਹੀ ਤੂੰ, ਮਾਹੀ ਕੁਝ ਨਹੀਂ ਇੱਥੇ ਮੇਰਾ
ਵੇਖ ਵੇਖ ਹੈਰਾਨ ਹੋਵਾਂ, ਤੜਫੇ ਪਿਆ ਮੇਰਾ ਲੂੰ ਲੂੰ

ਪਤਾ ਨਹੀਂ ਤੂੰ ਕਿਉਂ, ਕਿਵੇਂ, ਇਹ ਜੱਗ ਬਣਾਇਆ
ਸਭ ਦਾ ਮਾਲਿਕ ਤੂੰ ਏਂ, ਇਹ ਜੱਗ ਤੇਰਾ ਸਰਮਾਇਆ
ਆਪ ਬਣਾਵੇਂ ਆਪੇ ਢਾਵੇਂ, ਪਤਾ ਨਹੀਂ ਇਹ ਕਿਉਂ

ਜਾਣ ਬੁੱਝ ਕੇ ਲਿਖ ਦੇਵੇਂ, ਜੰਮਣ ਤੋਂ ਪਹਿਲਾਂ ਮਰਨਾਂ
ਤੇਰੇ ਜਿਹਾ ਤੂੰ ਹੀ ਤੂੰ ਏਂ, ਅਸਾਂ ਤੇਰਾ ਨਾਂ ਲੈ ਤਰਨਾ
ਡਰ ਮੌਤ ਦਾ ਵੱਢ ਵੱਢ ਖਾਵੇ, ਕਰਦੀ ਜਾਵਾਂ ਤੂੰ ਹੀ ਤੂੰ

ਤੂੰ ਤੂੰ ਕਰ ਪਿਆਰ ਪੈ ਗਿਆ, ਦਿਲ ਚ ਵਸਿਆ ਮਾਹੀ
ਤੇਰੀ ਯਾਦ ਕਵਿਤਾ ਬਣ ਗਈ, ਪਿਆਰ ਬਣੀ ਸਿਆਹੀ
ਟੁੱਟੇ ਦਿਲ ਦੇ ਟੁਕੜਿਆਂ ਉਤੇ, ਲਿਖਦੀ ਜਾਵਾਂ ਤੂੰ ਤੂੰ ਤੂੰ

ਸਖੀਆਂ ਬਹਿ ਤ੍ਰਿੰਜਣ ਪਾਵਣ, ਮੈਨੂੰ ਯਾਦ ਆਵੇ ਤੇਰੀ
ਚਰਖ਼ਿਆ ਘੁੰਮ ਨਾਲੇ ਗਾ ਧੁੰਨ, ਸੁਣ ਲੈ ਬੇਨਤੀ ਮੇਰੀ
ਵੱਟਾਂ ਪੂਣੀਆਂ ਕੱਤਾਂ ਪੂਣੀਆਂ, ਚਰਖ਼ਾ ਬੋਲੇ ਤੂੰ ਹੀ ਤੂੰ

ਤੂੰ ਆਪੇ ਜਾਣੀ ਜਾਣ ਏਂ, ਕੋਈ ਹੋਰ ਨਾ ਜਾਣੇ ਦੂਜਾ
ਤੇਰੇ ਜਿਹਾ ਮੈਨੂੰ ਹੋਰ ਨਹੀਂ, ਤੇਰਾ ਪਿਆਰ ਮੇਰੀ ਪੂਜਾ
ਕਰਮ ਕਰ ਬੈਂਸ ਨਿਮਾਣੇ ਤੇ, ਗਾਉਂਦਾ ਜਾਵੇ ਤੂੰ ਹੀ ਤੂੰ

ਨਾ ਸਾਂ ਕੁਝ ਨਾ ਹੌਂ ਕੁਝ, ਮਾਹੀ ਸਾਡੇ ਦਿਲ ਦੀ ਬੁੱਝ
ਮੈਂ ਭੁੱਲਾਂ ਤੂੰ ਚੇਤੇ ਆਵੇਂ, ਭੁੱਲ ਜਾਵੇ ਮੇਰੀ ਸੁੱਧ ਬੁੱਧ
ਬੈਂਸ ਭੁੱਲੇ, ਤੂੰ ਯਾਦ ਕਰਾਵੇਂ, ਆਪ ਜਪਾਵੇਂ ਤੂੰ ਹੀ ਤੂੰ

ਇਸ਼ਕ ਦੀਆਂ ਪੌੜੀਆਂ

ਪਾ ਨੈਣਾਂ ਵਿਚ ਨੈਣ, ਤਾਰ ਦਿਲਾਂ ਦੀਆਂ ਜੋੜੀਆਂ
ਪੌੜੀ ਖਿੱਚ ਲਈ ਹੇਠੋਂ, ਚਾੜ੍ਹ ਇਸ਼ਕ ਦੀ ਪੌੜੀਆਂ

ਆ ਜਾ ਮੇਰੇ ਮਾਹੀ, ਮੁੱਕੀ ਨੈਣਾਂ ਦੀ ਸਿਆਹੀ
ਛੱਡ ਕੇ ਨਾ ਜਾਵੀ, ਮਾਹੀ ਪਾਵਾਂ ਮੈਂ ਦੁਹਾਈ
ਜਿੰਨੀਂ ਚਾਂਗਾਂ ਮਾਰਾਂ, ਉਨੀਂ ਜਾਪਦੀਆਂ ਥੋੜੀਆਂ

ਕੋਠੇ ਚੜ੍ਹ ਚੜ੍ਹ ਵੇਖਾਂ, ਤੇਰਾ ਪਿਆਰ ਵਾਜਾਂ ਮਾਰੇ
ਤੇਰੀ ਮਰਜ਼ੀ ਏ ਚੰਨਾਂ, ਜੀਵਾਂ ਪਿਆਰ ਦੇ ਸਹਾਰੇ
ਤੇਰੇ ਪਿਆਰ ਦੇ ਹਿਜਰ, ਜਾਣ ਸਧਰਾਂ ਨਾ ਮੋੜੀਆਂ

ਮੇਰਾ ਦਿਲ ਟੁਟ ਗਿਆ, ਨਾਲੇ ਰਾਹ ਛੁੱਟ ਗਿਆ
ਤੈਨੂੰ ਮਾਰ ਮਾਰ ਵਾਜਾਂ, ਮੇਰਾ ਦਮ ਟੁੱਟ ਗਿਆ
ਹਿਜਰ ਚ ਮਾਹੀ, ਗਾਵਾਂ ਪਿਆਰ ਦੀਆਂ ਘੋੜੀਆਂ

ਨਾ ਇਸ਼ਕ ਲੜਾਇਆ, ਨਾ ਸੇਜ ਉਤੇ ਆਇਆ
ਗਈ ਲੁੱਟੀ ਜਾਤ ਪੱਤ, ਅਸਾਂ ਸਭ ਕੁਝ ਗੁਆਇਆ
ਮਾਰਾਂ ਇਸ਼ਕ ਨੂੰ ਤਾਹਨੇ, ਗੱਲਾਂ ਬੋਲ ਬੋਲ ਕੌੜੀਆਂ

ਲਾ ਕੇ ਇਸ਼ਕ ਦੀ ਪੌੜੀ, ਉਹਦੇ ਉਤੇ ਚੜ੍ਹੀ ਜਾਵਾਂ
ਤੈਨੂੰ ਚੇਤੇ ਕਰ ਮਾਹੀ, ਨਾਲੇ ਰੋਵਾਂ ਨਾਲੇ ਗਾਵਾਂ
ਜਿਵੇਂ ਜਿਵੇਂ ਉਤੇ ਚੜ੍ਹਾਂ, ਤਿਵੇਂ ਲਗਦੀਆਂ ਥੋੜੀਆਂ

ਐਵੇਂ ਅਣਜਾਵੇ ਵਿਚ, ਪੈ ਗਈ ਮਾਹੀ ਨਾਲ ਪ੍ਰੀਤ
ਉਹੋ ਮੇਰਾ ਯਾਰ ਪਿਆਰ, ਚੰਨਾਂ ਉਹੋ ਮੇਰਾ ਮੀਤ
ਪਾਉਣ ਦੀਆਂ ਤਾਂਘਾਂ, ਅਸਾਂ ਚਿੱਤ ਵਿਚ ਹੋੜੀਆਂ

ਪਾ ਤੇਰੇ ਨਾਲ ਪਿਆਰ, ਖੋਇਆ ਦਿਲ ਦਾ ਕਰਾਰ
ਮਾਹੀ ਛੱਡ ਕੇ ਨਾ ਜਾਵੀਂ, ਬੈਂਸ ਹੋ ਗਿਆ ਬਿਮਾਰ
ਪੌੜੀ ਖਿੱਚ ਲਈ ਹੇਠੋਂ, ਚਾੜ੍ਹ ਇਸ਼ਕ ਦੀ ਪੌੜੀਆਂ

ਲਾਰੇ ਇਸ਼ਕ ਦੇ ਲਾ ਕੇ, ਚਾੜ੍ਹ ਹੁਸਨ ਦੀਆਂ ਪੌੜੀਆਂ
ਤੇਰਾ ਇਸ਼ਕ ਸਤਾਵੇ, ਰੁੱਤਾਂ ਪਿਆਰ ਦੀਆਂ ਬੌੜੀਆਂ
ਬੈਂਸ ਤੋੜੀਆਂ ਨਾ ਜਾਣ, ਅਸਾਂ ਪਿਆਰ ਵਿਚ ਜੋੜੀਆਂ

ਭਜ ਨਾਮ ਮੁਰਾਰੀ

ਉਠ ਜਾਗ ਮਨਾਂ, ਭਜ ਨਾਮ ਮੁਰਾਰੀ
ਹਰ ਸਿਮਰ ਸਿਮਰ, ਗਤ ਹੋਇ ਤੁਮਾਰੀ

ਉਠ ਜਾਗ ਮਨਾ, ਕਿਉਂ ਗਾਫਿਲ ਸੋਇਆ
ਜੋ ਅਪਣਾ ਸਮਝਿਆ, ਸੋ ਸੰਗ ਨ ਹੋਇਆ
ਪਿਆਰ ਪਾ ਮਨ ਸਮਝਾ, ਗੱਲ ਆਖ ਪਿਆਰੀ

ਦਿਨ ਬੀਤਿਆ ਜਾਤ ਹੈ, ਗਈ ਰੈਣ ਬਿਹਾਇ
ਸਮਾਂ ਬੀਤਿਆ ਜਾਤ ਹੈ, ਬਹਿ ਹਰ ਗੁਣ ਗਾਇ
ਨਾਮ ਧਿਆ ਉਹਦੇ ਗੁਣ ਗਾ, ਭਜ ਰਾਮ ਮੁਰਾਰੀ

ਛਾਡ ਸਗਲ ਸਿਆਣਪਾ, ਕਰ ਹਰੀ ਦਾ ਜਾਪ
ਹਰ ਹਰ ਨਾਮ ਧਿਆਈਐ, ਮਿਟਣ ਸਭ ਪਾਪ
ਜੇ ਹਰ ਨਾਮ ਨ ਚੇਤਿਆ, ਅੰਤ ਹੋਇ ਖੁਆਰੀ

ਭਗਤਵਛਲ ਹਰ ਨਾਮ ਹਰ, ਹਰ ਅਨਾਥਾ ਨਾਥ
ਹਰ ਹਰ ਨਾਮ ਧਿਆਈਐ, ਹਰ ਅੰਗ ਸੰਗ ਸਾਥ
ਰਾਮ ਨਾਮ ਜਸ ਗਾ ਗਾ, ਤਿਖ ਮਿਟ ਜਾਏ ਸਾਰੀ

ਮਾਹੀ ਨੂੰ ਚੇਤੇ ਕਰਦੀ ਜਾਹ, ਇਹੋ ਏ ਤੇਰਾ ਫਰਜ਼
ਆਏਗਾ ਅੰਤ ਆਏਗਾ, ਆ ਕੇ ਵੰਡਾਏਗਾ ਦਰਦ
ਆਪੇ ਮਨ ਚ ਵਸ ਜਾਵੇ, ਲੱਗੇ ਪਿਆਰ ਬਿਮਾਰੀ

ਮਨ ਨੀਵਾਂ ਕਰ ਸਵਰਨ, ਹਰ ਹਰ ਨਾਮ ਧਿਆਈਐ
ਮਾਹੀ ਮਾਹੀ ਬੋਲ ਦਿਲੋਂ, ਨਾਮ ਰਿਦੈ ਸਦ ਗਾਈਐ
ਨਾਮ ਧਿਆ ਹਰ ਹਰ ਗਾ, ਪ੍ਰੀਤ ਦੀ ਰੀਤ ਨਿਆਰੀ

ਅਰਮਾਨ

ਆਈ ਬਣ ਕੇ ਭਿਖਾਰੀ, ਤੇਰੇ ਦਰ ਬਨਵਾਰੀ
ਸਾਡਾ ਜਨਮਾਂ ਦਾ ਨਾਤਾ, ਸਾਡੀ ਮੁੱਦਤਾਂ ਦੀ ਯਾਰੀ
ਆਈ ਲੈ ਕੇ ਝੋਲੀ ਖਾਲੀ, ਲਾਜ ਰੱਖ ਲੈ ਹਮਾਰੀ
ਆਈ ਬੜੀ ਦੂਰੋਂ ਚੱਲ, ਤੇਰੇ ਦਰਸਣਾ ਦੀ ਮਾਰੀ
ਆਈ ਬਣ ਕੇ ਸੁਆਲੀ, ਲਾ ਕੇ ਨਾ ਤੋੜ ਸੱਜਣਾ
ਸੁਣ ਤੱਤੀ ਦੀ ਪੁਕਾਰ, ਹੁਣ ਖਾਲੀ ਨਾ ਮੋੜ ਸੱਜਣਾ
ਸਾਡੇ ਦਿਲ ਦੀ ਤਮੰਨਾਂ, ਆ ਕੇ ਮਿਲ ਮੇਰੇ ਚੰਨਾਂ
ਫਸੀ ਰਸ ਚੂਸਣ ਮਾਰੀ, ਜਿਵੇਂ ਬੇਲਣ ਚ ਗੰਨਾਂ
ਜਾਨ ਫਸ ਗਈ ਸ਼ਕੰਜੇ, ਕੱਢ ਤੋੜ ਮੋੜ ਸੱਜਣਾ
ਮਾਹੀ ਆ ਸਾਡੇ ਕੋਲ, ਬਹਿ ਜਾ ਪਲਕਾਂ ਦੇ ਕੋਲ
ਲੱਗੀ ਦਿਲ ਦੀ ਬੁਝਾ, ਬੋਲ ਮਿੱਠੇ ਮਿਠੇ ਬੋਲ
ਚੜ੍ਹ ਕਾਲੀ ਘਟਾ ਵਾਂਗ, ਬਣ ਚੋਰ ਮੋਰ ਸੱਜਣਾ
ਉੜਾਂ ਸਾਰੀ ਸਾਰੀ ਰਾਤ, ਮੰਗਾਂ ਦੀਦ ਦੀ ਸੌਗਾਤ
ਚੇਤੇ ਕਰਨ ਨੂੰ ਮਾਹੀ, ਸਾਨੂੰ ਦੇ ਗਿਆ ਸਰਾਫ
ਤੂੰ ਮੇਰਾ ਚੰਨ ਮਾਹੀ, ਮੈਂ ਚੰਨ ਦੀ ਚਕੋਰ ਸੱਜਣਾ
ਕਰ ਪਿਆਰ ਦੀਆਂ ਗੱਲਾਂ, ਨਾਲੇ ਦੁਖ ਸੁਖ ਫੋਲ
ਅਸਾਂ ਤੇਰੇ ਨਾਲ ਲਾਈ, ਮੇਰੇ ਮਾਹੀ ਮੇਰੇ ਢੋਲ
ਏਂਥੇ ਆਪਾਂ ਦੋਵੇਂ ਕੱਲੇ, ਕੋਈ ਨਹੀਂ ਹੋਰ ਸੱਜਣਾ
ਤੈਨੂੰ ਚੇਤੇ ਕਰਾਂ ਮਾਹੀ, ਸਾਰਾ ਦਿਨ ਸਾਰੀ ਰਾਤ
ਭਰ ਪਿਆਰ ਦੀ ਪਰਾਤ, ਜਿਵੇਂ ਤਾਰਿਆਂ ਬਾਰਾਤ
ਇਹੋ ਮੰਗ ਤੈਥੋਂ ਮੰਗਾਂ, ਮੰਗਦੀ ਨਾ ਹੋਰ ਸੱਜਣਾ
ਮਾਹੀ ਇਹ ਸੱਚ ਜਾਣ, ਤੂੰ ਸਾਡਾ ਹਾਣ ਪਰਵਾਣ
ਲਾਰੇ ਲਾਉਣ ਦਾ ਕੀ ਕੰਮ, ਆ ਜਾ ਬਣ ਮਹਿਮਾਨ
ਲੱਗੀ ਦਿਲ ਦੀ ਬੁਝਾ, ਅੱਜ ਸਾਨੂੰ ਤੇਰੀ ਲੋੜ ਸੱਜਣਾ
ਤੂੰ ਜਾਣੇ ਗੱਲ ਸਾਰੀ, ਬੈਂਸ ਤੇਰੇ ਦਰ ਦਾ ਭਿਖਾਰੀ
ਤੂੰ ਸ਼ਾਇਰ ਉਹ ਕਾਸਦ, ਤੂੰ ਲਿਖਾਵੇਂ ਉਹ ਲਿਖਾਰੀ
ਪਹਿਲਾਂ ਢਾ ਫਿਰ ਬਣਾ, ਤੋੜ ਫੋੜ ਫਿਰ ਜੋੜ ਸੱਜਣਾ
ਤੂੰ ਅਜਾਇਬ ਮੈਂ ਨਾਇਬ, ਤੇਰੀ ਮਹਿਮਾਂ ਅਪਰ ਅਪਾਰ
ਆਪੇ ਖਾਣੀ ਆਪੇ ਬਾਣੀ, ਸਵਰਨ ਬੋਲੇ ਸੱਤ ਕਰਤਾਰ
ਗਾਵੇ ਰਾਮ ਨਾਮ ਸੱਤ, ਬੈਂਸ ਮੋਏ ਨੂੰ ਨਾਲ ਜੋੜ ਸੱਜਣਾ

ਜ਼ਿੰਦਗੀ

ਸਾਹ ਭੀ ਤੈਨੂੰ ਮਿਲੇ ਉਧਾਰੇ, ਬੰਦਿਆ ਤੂੰ ਕਰਦਾ ਮੇਰੀ ਮੇਰੀ
ਜਿਹਨੂੰ ਹਰਦਮ ਅਪਣੀ ਆਖੇਂ, ਉਹਨੇ ਹੋਣਾ ਖ਼ਾਕ ਦੀ ਢੇਰੀ

ਜਿਸਮ ਜਿਹੜੇ ਨੂੰ ਸਾਂਭ ਸਾਂਭ ਰੱਖੇਂ, ਇਹ ਕੱਪੜੇ ਦਾ ਚੋਲਾ
ਰੰਗ ਬਰੰਗੀਆਂ ਪੀਂਘਾਂ ਪਾਵੇਂ, ਪਾ ਪਾ ਜੱਗ ਵਿਚ ਰੌਲਾ

ਨਬਜ਼ ਰੁਕੀ ਸਾਹ ਮੁੱਕ ਗਿਆ, ਫਿਰ ਕਿਸੇ ਨਾ ਸੁਣਨੀ ਤੇਰੀ
ਇਕ ਦਿਨ ਇਹ ਚੋਲਾ ਫਟ ਜਾਣਾ, ਮੁੱਕਣੀ ਭੈਰੋਂ ਦੀ ਫੇਰੀ

ਤੈਨੂੰ ਸਾਹ ਉਦੋਂ ਤੱਕ ਆਉਣਾ, ਜਿੰਨਾਂ ਲਿਖਿਆ ਆਇਆ
ਸਭ ਕੁਝ ਵਾਪਸ ਕਰਨਾ ਪੈਂਦਾ, ਸਣੇ ਵਿਆਜ ਸਰਮਾਇਆ

ਕੱਲ੍ਹ ਨੂੰ ਸਿਰਫ ਉਹੋ ਕੰਮ ਆਉਣਾ, ਜਿਹੜਾ ਅੱਜ ਕਮਾਇਆ
ਮਾਇਆ ਮਮਤਾ ਨਾਲ ਨਾ ਜਾਵੇ, ਕਿਸੇ ਨਾ ਇਹ ਸਮਝਾਇਆ

ਪਿਛਲੇ ਔਗਣ ਨਾਲ ਲੈ ਆਇਆ, ਅਗਲੇ ਨਾਲ ਲੈ ਜਾਵੇਂ
ਆਉਣ ਸਮੇਂ ਤੂੰ ਸਭ ਕੁਝ ਜਾਣੇ, ਏਥੇ ਆ ਕੇ ਸਭ ਭੁੱਲ ਜਾਵੇਂ

ਤੇਰੇ ਕਰਮ ਤੇਰੇ ਰੱਬ ਦਾ ਸ਼ੀਸ਼ਾ, ਤੈਨੂੰ ਚੇਤੇ ਰੋਜ਼ ਕਰਾਵੇ
ਆਰਸੀ ਚ ਸਭ ਔਗਣ ਦਿੱਸਣ, ਪਰ ਤੈਨੂੰ ਸਮਝ ਨਾ ਆਵੇ

ਜਿਉਂ ਹੀ ਤੂੰ ਜੱਗ ਤੇ ਜਨਮਿਆਂ, ਸਾਰਾ ਜੱਗ ਖੁਸ਼ੀ ਮਨਾਵੇ
ਇਹ ਕਿਸੇ ਕਦੀ ਨਹੀਂ ਸੋਚਿਆ, ਤੇਰੀ ਉਮਰ ਬੀਤਦੀ ਜਾਵੇ

ਜੱਗ ਚ ਪਿਆਰ ਪਾ ਲਿਆ, ਬਣ ਗਏ ਪੁੱਤਰ ਧੀਆਂ ਮਾਪੇ
ਸਾਰੀ ਉਮਰ ਜਾਨ ਨਾ ਛੱਡਣ, ਇਸ ਜੱਗ ਦੇ ਇਹੋ ਸਿਆਪੇ

ਕਦੀ ਕਿਸੇ ਇਹ ਨਹੀਂ ਸੋਚਿਆ, ਜੋ ਜੰਮਿਆਂ ਉਹਨੇ ਮਰਨਾ
ਹਰ ਕੋਈ ਸ਼ੌਣੀ ਪਾ ਪਾ ਬਹਿੰਦਾ, ਕਿਸੇ ਨਾ ਰੱਬ ਤੋਂ ਡਰਨਾ

ਜੱਗ ਚ ਤੈਨੂੰ ਘੱਲਿਆ ਬੰਦਿਆ, ਜੇ ਤੂੰ ਉਹਦਾ ਬਣ ਜਾਵੇਂ
ਜੰਮਣ ਦਾ ਰਗੜਾ ਮੁੱਕ ਜਾਵੇ, ਮੁੜ ਮੁੜ ਨਾ ਜੱਗ ਤੇ ਆਵੇਂ

ਜੰਮਣ ਮਰਨਾ ਦੁਨੀਆਂਬਾਜ਼ੀ, ਬਣੀ ਤੈਨੂੰ ਸਮਝਾਉਣ ਵਾਸਤੇ
ਪਿਆਰ ਪਾ ਲੈ ਯਾਰ ਮਨਾ ਲੈ, ਰੱਬ ਮਿਲਣ ਦੇ ਇਹ ਰਾਸਤੇ

ਸੋਚ ਕੇ ਵੇਖ, ਜੰਮਣ ਤੋਂ ਪਹਿਲਾਂ, ਮਰਨਾਂ ਲਿਖਿਆ ਜਾਵੇ
ਜੋ ਜੰਮਿਆਂ ਉਹਨੇ ਮਰਨਾਂ ਏ, ਮੇਰੇ ਰੱਬ ਨੂੰ ਇਹੋ ਭਾਵੇ

ਮੌਤ ਜ਼ਿੰਦਗੀ ਦਾ ਹਿੱਸਾ ਏ, ਮਰ ਕੇ ਜਿੰਦੜੀ ਪੂਰੀ ਹੁੰਦੀ
ਜਿਉਂਦੇ ਜੀ ਮਰ ਕੇ ਹੀ, ਮਲ ਜਨਮ ਜਨਮ ਦੀ ਲਹਿੰਦੀ

ਜਿਹਨੂੰ ਮੇਰਾ ਮੇਰਾ ਆਖੇਂ, ਕੋਈ ਤੇਰੇ ਨਾਲ ਨਾ ਜਾਵੇ
ਪੁੱਤਰ ਧੀਆਂ ਘਰੋਂ ਕੱਢ ਦੇਣ, ਜੱਗ ਰਾਹ ਚੋਂ ਮੁੜ ਆਵੇ

ਤੇਰੀ ਮੰਜ਼ਿਲ ਇਸ ਲਈ ਜਾਂਦੇ, ਉਨ੍ਹਾਂ ਅਪਣੀ ਮੌਤ ਡਰਾਵੇ
ਮਰ ਕੇ ਜੱਨਤ ਮਿਲਦਾ ਏ, ਪਰ ਕਿਸੇ ਨੂੰ ਸਮਝ ਨਾ ਆਵੇ

ਤੇਰੀ ਮੰਜ਼ਿਲ ਜਾ ਰਾਹ ਵੇਖਦੇ, ਉਨ੍ਹਾਂ ਭੀ ਉਥੇ ਜਾਣਾ
ਮੰਜ਼ਿਲ ਜਾ ਜਾ ਦਿਲ ਸਮਝਾਉਂਦੇ, ਮੁੱਕੇ ਜੇ ਡਰਾਉਣਾ

ਹਰ ਕੋਈ ਤੇਰੀ ਦੁਨੀਆਂ ਤੇ, ਬਣ ਕੇ ਆਇਆ ਪ੍ਰਾਹੁਣਾ
ਪ੍ਰਾਹੁਣਿਆ ਨੂੰ ਅੰਤ ਜਾਣਾ ਪੈਂਦਾ, ਹੋ ਕੇ ਬੜਾ ਨਿਮਾਣਾ

ਚੇਤੇ ਕਰ ਅਪਣੇ ਮਾਹੀ ਨੂੰ, ਗੱਲ ਯਾਰ ਨੇ ਬੈਂਸ ਨੂੰ ਆਖੀ
ਬੈਂਸ, ਜੇ ਉਹਦਾ ਬਣ ਜਾਵੇਂ, ਕੱਟੇ ਜੰਮਣ ਮਰਨ ਚਰਾਸੀ

ਰੱਬ ਤੋਂ ਕੀ ਲੈਣਾ

ਅਸਾਂ ਰੱਬ ਤੋਂ ਕੀ ਲੈਣਾ, ਜੇ ਮੰਨ ਜਾਵੇ ਮੇਰਾ ਯਾਰ
ਉਹਨੂੰ ਰੱਬ ਵਾਂਗ ਪੂਜਾਂ, ਮੇਰਾ ਉਹਦੇ ਨਾਲ ਪਿਆਰ

ਰੱਬ ਉਹਦੇ ਵਿਚ ਵਸੇ, ਉਹ ਰੱਬ ਦਾ ਏ ਰੂਪ
ਮੈਨੂੰ ਉਹੋ ਰੱਬ ਜਾਪੇ, ਉਹ ਚ ਕਾਣ ਨਾ ਸੂਤ
ਬੈਂਸ ਜੇ ਪਾਰ ਹੋਣਾ, ਪਾ ਉਹਦੇ ਨਾਲ ਪਿਆਰ
ਯਾਰ ਜਾਣੇ ਤੇਰਾ ਰਾਹ, ਉਹ ਬਣ ਗਿਆ ਵਚੋਲਾ
ਉਹ ਤੇਰੇ ਪਿੱਛੇ ਪਿੱਛੇ ਟੁਰੇ, ਜਿਵੇਂ ਗੁਰੂ ਪਿੱਛੇ ਚੇਲਾ
ਉਹਨੂੰ ਆਪ ਥਾਪਿਆ ਨੇ, ਪਾ ਪਿਆਰ ਦੀ ਪੁਹਾਰ
ਤੂੰ ਦਾਤਿਆਂ ਦਾ ਦਾਤਾ, ਮੇਰੇ ਕਰਮ ਵਿਧਾਤਾ
ਤੂੰ ਸਭਨਾਂ ਨੂੰ ਦਿੰਦਾ, ਕਦੀ ਪੈਂਦਾ ਨਹੀਂ ਘਾਟਾ
ਖ਼ੈਰ ਸਾਰਿਆਂ ਨੂੰ ਪਾਵੇਂ, ਭਾਵੇਂ ਹੋਣ ਚੋਰ ਜਾਰ
ਤੈਨੂੰ ਭਾਲਾਂ ਚਾਰ ਚੁਫੇਰੇ, ਤੂੰ ਜੀ ਵਿਚ ਵਸੇਂ ਮੇਰੇ
ਤੈਨੂੰ ਮਿਲਣ ਦੇ ਬਹਾਨੇ, ਅਸਾਂ ਮੱਥੇ ਰਗੜੇ ਬਥੇਰੇ
ਆ ਕੇ ਮਿਲ ਮੇਰੇ ਮਾਹੀ, ਹੁਣ ਕਰੀਂ ਨਾ ਇਨਕਾਰ
ਬਣਿਆਂ ਸਭਨਾਂ ਦਾ ਮੀਤ, ਰੀਤ ਜੱਗ ਚ ਬਣਾਈ
ਜਿਹਨੇ ਤੇਰੇ ਨਾਲ ਲਾਈ, ਪ੍ਰੀਤ ਉਹਦੇ ਨਾਲ ਪਾਈ
ਯਾਰੀ ਉਹਦੇ ਨਾਲ ਲਾਵੇਂ, ਜਿਹੜਾ ਕਰੇ ਤੈਨੂੰ ਪਿਆਰ
ਤੂੰ ਕਵਿਤਾ ਉਹ ਕਵੀ, ਉਹ ਲਿਖੇ ਤੂੰ ਲਿਖਾਈ
ਤੇਰੀ ਸ਼ਾਇਰੀ ਏ ਸਭ, ਤੂੰ ਕਲਮ ਉਹ ਸਿਆਹੀ
ਮਾਹੀ ਬੈਂਸ ਤੋਂ ਲਿਖਾ ਕੇ, ਕਰ ਉਹਦਾ ਬੇੜਾ ਪਾਰ
ਪਿਆਰ ਚ ਬਣਾਇਆ ਜੱਗ, ਪਿਆਰ ਚ ਵਸੇ ਰੱਬ
ਆਪੇ ਮੀਰ ਪੀਰ ਹੀਰ, ਆਪੇ ਪਿਆਰ ਚ ਚਾਰੇ ਵੱਗ
ਲਾ ਕੇ ਬੈਠਦਾ ਕਚਿਹਰੀ, ਦੇਵੇਂ ਕਿਸੇ ਜਿੱਤ ਕਿਸੇ ਹਾਰ
ਮੇਰੇ ਪਿਆਰੇ ਯਾਰ, ਅਜਬ ਅਜਾਇਬ ਰਹਿਮਤ ਤੇਰੀ
ਤੂੰ ਮੇਰਾ ਮਾਤਾ ਮੇਰੇ ਦਾਤਾ, ਤੇਰੀ ਮੇਰੀ ਪ੍ਰੀਤ ਘਨੇਰੀ
ਤੂੰ ਅਜਾਇਬ ਮੈਂ ਨਾਇਬ, ਤੇਰਾ ਮੇਰਾ ਘਣਾ ਪਿਆਰ
ਯਾਰ ਰੱਬ ਦੋਵੇਂ ਇਕ ਮਿਕ, ਉਨ੍ਹਾਂ ਜ਼ਰਾ ਨਹੀਂ ਭੇਦ
ਉਹਨੇ ਰੱਬ ਨੂੰ ਮਨਾਇਆ, ਖੇਡ੍ਹ ਪਿਆਰ ਵਾਲੀ ਖੇਡ੍ਹ
ਯਾਰ ਨੂੰ ਮਨਾ ਜੇ ਰੱਬ ਨੂੰ ਮਨਾਉਣਾ, ਬੈਂਸ ਪਾ ਕੇ ਪਿਆਰ

ਤੇਰਾ ਮੁਖ ਵੇਖਣਾ

ਆ ਸੱਜਣਾ ਹਵਾ ਦਾ ਬੁੱਲਾ ਬਣ ਕੇ, ਅਸਾਂ ਤੇਰਾ ਰੁਖ ਵੇਖਣਾ
ਆਵੀਂ ਸੱਜਰਾ ਸੰਗਾਰ ਬਣਾ ਕੇ, ਅਸਾਂ ਤੇਰਾ ਮੁਖ ਵੇਖਣਾ

ਤੇਰੀ ਦੀਦ ਦਾ ਸਾਨੂੰ ਚਾ ਸੱਜਣਾ, ਕਦੀ ਸਾਡੇ ਵਿਹੜੇ ਆ ਸੱਜਣਾ
ਮਰ ਗਈ ਮੈਂ ਹੌਕੇ ਭਰਦੀ, ਤੱਤੜੀ ਦੀ ਪਿਆਸ ਬੁਝਾ ਸੱਜਣਾ
ਕੱਲ੍ਹ ਤੂੰ ਸਾਡਾ ਚੈਨ ਲੁੱਟ ਲਿਆ, ਅੱਜ ਤੈਨੂੰ ਦਿਲ ਵੇਚਣਾ

ਅਸਾਂ ਤੇਰੇ ਨਾਲ ਲਾਈਆਂ, ਤਾਨ੍ਹੇ ਦੇਣ ਭਰਜਾਈਆਂ
ਹੁਣ ਛੱਡ ਕੇ ਨਾ ਜਾਵੀਂ, ਮਾਹੀ ਪਾਵਾਂ ਮੈਂ ਦੁਹਾਈਆਂ
ਪਹਿਲਾਂ ਦਿਲ ਦਾ ਸੌਦਾ ਕੀਤਾ, ਹੁਣ ਤੈਨੂੰ ਤਨ ਵੇਚਣਾ

ਅਸਾਂ ਜਾਣ ਬੁੱਝ ਕੇ ਨਹੀਂ ਲਾਈ, ਬੀਬਾ ਲਗ ਗਈ ਆਪੇ
ਨੈਣਾਂ ਨਾਲ ਜਦੋਂ ਮਿਲੇ ਨੈਣ, ਉਮਰਾਂ ਦੇ ਪੈ ਗਏ ਸਿਆਪੇ
ਕੀ ਦੱਸਾਂ ਤੈਨੂੰ ਮੇਰੇ ਮਾਹੀ, ਤੇਰੇ ਨਾਲ ਪਿਆਰ ਸੱਖਣਾ

ਤੇਰੇ ਨਾਲ ਨੈਣ ਮਿਲਾ ਕੇ ਚੰਨਾਂ, ਹੁਣ ਟੁੱਟਦੀ ਨਹੀਂ ਤੋੜੀ
ਜੀ ਕਰਦੈ ਤੇਰੇ ਕੋਲ ਬੈਠਣ ਨੂੰ, ਜਿਵੇਂ ਸਾਰਸਾਂ ਦੀ ਜੋੜੀ
ਬਣਾ ਕੇ ਪ੍ਰੀਤ ਦਾ ਆਗਾਜ਼, ਹੁਣ ਉਹਦਾ ਅੰਤ ਵੇਖਣਾ

ਕੀ ਸਮਝਾਵਾਂ ਭੈੜੇ ਨੈਣਾਂ ਨੂੰ, ਤੂੰ ਉਨ੍ਹਾਂ ਨੂੰ ਕਾਬੂ ਕਰ ਲਿਤਾ
ਤੇਰੇ ਬਣ ਕੇ ਰਹਿ ਗਏ, ਪਤਾ ਨਹੀਂ ਕੀ ਜਾਦੂ ਕਰ ਦਿਤਾ
ਹੁਣ ਕੀਲ ਕੇ ਕਾਲੇ ਨਾਗ ਨੂੰ, ਪਟਾਰੀ ਵਿਚ ਪਾ ਕੇ ਵੇਖਣਾ

ਕੋਠੇ ਚੜ੍ਹ ਚੜ੍ਹ ਰਾਹ ਵੇਖਾਂ, ਮਾਹੀ ਕਰਾਂ ਉਡੀਕਾਂ ਤੇਰੀਆਂ
ਕਰਮ ਨਦਰ ਦੀ ਕਰ ਮਾਹੀਆ, ਝੋਲੀਆਂ ਭਰ ਦੇ ਮੇਰੀਆਂ
ਨੱਚ ਨੱਚ ਹਾਲ ਬੇਹਾਲ ਕਰਾਂ, ਹੁਣ ਨੱਚ ਨੱਚ ਸਿਰ ਟੇਕਣਾ

ਔਸੀਆਂ ਪਾਵਾਂ ਕਾਗ ਉੜਾਵਾਂ, ਮਾਹੀ ਤੈਨੂੰ ਯਾਦ ਕਰਕੇ
ਰੋ ਰੋ ਕੇ ਤੈਥੋਂ ਮੰਗਾਂ ਦੁਆਵਾਂ, ਮਾਹੀ ਵੇ ਫਰਿਆਦ ਕਰਕੇ
ਬੈਂਸ, ਆ ਕੇ ਸਾਹਮਣੇ ਬਹਿ ਸਾਡੇ, ਜੇ ਤੂੰ ਸਾਡਾ ਦੁਖ ਵੇਖਣਾ

ਭੌਰੇ ਦੀ ਪੁਕਾਰ

ਬੀਬਾ ਇਕ ਵਾਰੀ ਲੰਘ ਜਾ ਤੂੰ, ਪ੍ਰੇਮ ਗਲੀ ਚੋਂ
ਸੁਣ ਭੌਰੇ ਦੀ ਪੁਕਾਰ, ਫੁੱਲ ਖੋਲ੍ਹ ਦੇ ਕਲੀ ਚੋਂ

ਕਿਤੇ ਸੁਹਣੇ ਚੰਨ ਮਾਹੀ, ਲੱਗ ਜਾਵੇ ਨਾ ਨਜ਼ਰ
ਮੈਂ ਝੀਤਾਂ ਵਿਚੋਂ ਤੱਕਾਂ, ਉਹਨੂੰ ਹੋਵੇ ਨਾ ਖਬਰ
ਸੁਣ ਤੱਤੀ ਦੀ ਪੁਕਾਰ, ਮਾਹੀ ਲੰਘ ਜਾ ਗਲੀ ਚੋਂ

ਮੇਰੇ ਮਾਹੀ ਦਾ ਪਿਆਰ, ਜਿਵੇਂ ਚੰਨ ਤੇ ਚਕੋਰ
ਜਦੋਂ ਕਾਲੀ ਘਟਾ ਛਾਏ, ਪੈਲਾਂ ਪਾਵਾਂ ਵਾਂਗ ਮੋਰ
ਨੀ ਮੈਂ ਵੇਖ ਵੇਖ ਨੱਚਾਂ, ਯਾਰ ਲੰਘਦਾ ਗਲੀ ਚੋਂ

ਮੱਛੀ ਨੀਰ ਦਾ ਪਿਆਰ, ਕੀਤਾ ਦੋਹਾਂ ਨੇ ਕਰਾਰ
ਜਿਵੇਂ ਜਿਵੇਂ ਡੂੰਘੀ ਜਾਵੇ, ਹੋਵੇ ਸੀਨਾ ਠੰਢਾ ਠਾਰ
ਬਿਨਾ ਪਾਣੀ ਮਰ ਜਾਵੇ, ਇਹੋ ਸਰਦਾ ਭਲੀ ਤੋਂ

ਵੇਖ ਸੋਹਣੀ ਦਾ ਪਿਆਰ, ਮਾਹੀ ਵਸੇ ਝਨਾ ਪਾਰ
ਜਾਣਾ ਮਾਹੀ ਨੂੰ ਮਿਲਣ, ਕੱਚਾ ਘੜਾ ਦੇਵੇ ਤਾਰ
ਘੜਿਆ, ਕਰ ਲੈ ਕਰਾਰ, ਪਾਰ ਕਰੇਂਗਾ ਨਦੀ ਤੋਂ

ਆਵੇ ਮੌਸਮ ਬਹਾਰ, ਫੁੱਲ ਲਾਉਣ ਭਰਮਾਰ
ਦੂਰੋਂ ਦੂਰੋਂ ਨੱਸੇ ਆਉਣ, ਭੌਰੇ ਹੋ ਕੇ ਬੇਕਰਾਰ
ਰਸ ਚੂਸਣ ਦੇ ਮਾਰੇ, ਹਰ ਖਿੜਦੀ ਕਲੀ ਚੋਂ

ਮਿਸਰੀ ਦੀ ਡਲੀ ਵਾਂਗ, ਪਿਆਰ ਦਾ ਸੁਆਦ
ਜਿਹਦੇ ਮੂੰਹ ਲੱਗ ਜਾਵੇ, ਕਰ ਦੇਵੇ ਬਰਬਾਦ
ਭੌਰੇ ਸੜਨ ਸ਼ਮ੍ਹਾ ਤੇ, ਲੰਘ ਪ੍ਰੇਮ ਦੀ ਗਲੀ ਚੋਂ

ਮਾਹੀ ਦਾ ਪਿਆਰ, ਜਿਵੇਂ ਕਮਲ ਨੀਰ ਯਾਰ
ਵਿਚੇ ਫਲੇ ਫੁੱਲੇ ਵਧੇ, ਖਾ ਖਾ ਛੱਲਾਂ ਦੀ ਮਾਰ
ਬੈਂਸ ਮਾਹੀ ਨੂੰ ਮਨਾ, ਲੰਘ ਪ੍ਰੇਮ ਦੀ ਗਲੀ ਚੋਂ

ਅੱਖੀਆਂ ਚੋਂ ਮੀਂਹ ਵਸਦਾ

ਯਾਦ ਵਿਛੜੇ ਸੱਜਣ ਦੀ ਆਈ, ਅੱਖੀਆਂ ਚੋਂ ਮੀਂਹ ਵਸਦਾ
ਆ ਸੱਜਣਾ ਮੁੱਕ ਜਾਏ ਜੁਦਾਈ, ਅੱਖੀਆਂ ਚੋਂ ਮੀਂਹ ਵਸਦਾ

ਮਾਹੀ ਮੇਰੇ ਮਨ ਚ ਵਸਦਾ, ਲੱਗ ਗਈ ਇਸ਼ਕ ਬਿਮਾਰੀ
ਦਰਦ ਇਸ਼ਕ ਦਾ ਜੀਣ ਨਾ ਦੇਵੇ, ਪੀੜ ਨਾ ਜਾਵੇ ਸਹਾਰੀ
ਨੈਣ ਮਿਲਾ ਕੇ ਨੈਣ ਚੁਰਾ ਕੇ, ਜਾਵੇ ਦਿਲ ਤੜਫਾਈ

ਐਬ ਪਿਆਰ ਦਾ ਲਾ ਕੇ, ਹੋ ਗਿਆ ਬੈਂਸ ਬਰਬਾਦ
ਕਰਮ ਧਰਮ ਨੂੰ ਛੱਡ ਕੇ, ਕਰੇ ਮਾਹੀ ਨੂੰ ਯਾਦ
ਇਹੋ ਪਿਆਰ ਇਹੋ ਪੂਜਾ, ਇਹਨੂੰ ਆਖਦੇ ਖੁਦਾਈ

ਤੂੰ ਸ਼ਮ੍ਹਾਂ ਮੈਂ ਪਰਵਾਨਾ, ਤੇਰੇ ਇਸ਼ਕ ਚ ਸੜ ਮਰ ਜਾਵਾਂ
ਦਿਲ ਚ ਪ੍ਰੀਤ ਦੀ ਜੋਤ ਜਗਾ, ਪਿਆਰ ਚ ਨੱਚਾਂ ਗਾਵਾਂ
ਜੰਮਣ ਮਰਨ ਦਾ ਭੈ ਮੁਕਾ ਕੇ, ਪ੍ਰੀਤ ਰੀਤ ਬਣ ਆਈ

ਯਾਰ ਮਨਾ ਕੇ ਰੱਬ ਮੰਨਦਾ, ਯਾਰ ਮੰਨੇਂ ਪਿਆਰ ਚ ਮਰ ਕੇ
ਬੈਂਸ ਨੂੰ ਯਾਰ ਦਾ ਪਿਆਰ ਸਤਾਵੇ, ਲਿਖਦਾ ਏ ਡਰ ਡਰ ਕੇ
ਮੁੱਲ ਪਿਆਰ ਦਾ ਪੈਣ ਲੱਗੇ, ਜਦੋਂ ਅੱਖੀਆਂ ਚੋਂ ਨੀਂਦ ਚੁਰਾਈ

ਇਸ਼ਕ ਮੇਰਾ ਮੈਖ਼ਾਨਾ ਏ, ਜਿੱਥੇ ਸਾਕੀ ਮੈ ਪਿਲਾਵੇ
ਡੀਕਾਂ ਲਾ ਲਾ ਪੀਵਾਂ ਮੈਂ, ਜਦੋਂ ਸਾਕੀ ਨੈਣ ਮਿਲਾਵੇ
ਤੈਨੂੰ ਵੇਖਣ ਅੱਖੀਆਂ ਤਰਸਣ, ਤੂੰ ਜਾਵੇਂ ਨੈਣ ਚੁਰਾਈ

ਸਾਕੀ ਤੇਰੇ ਮੈਖ਼ਾਨੇ ਵਿਚ, ਕਮੀ ਨਹੀਂ ਸ਼ਰਾਬ ਦੀ
ਇਸ਼ਕ ਚ ਮਾਹੀ ਗੁੱਟ ਕਰਦੇ, ਮਿਟੇ ਨਾ ਤਲਬ ਸ਼ਬਾਬ ਦੀ
ਤੇਰਾ ਪਿਆਰ ਮੇਰੇ ਯਾਰ, ਮੈਨੂੰ ਜਾਵੇ ਰੋਜ਼ ਸਤਾਈ

ਬੋਲਣੇ ਚ ਸਿਰ ਦੇ ਦਿੱਤਾ, ਇਸ਼ਕ ਦੀ ਲੱਗੀ ਬਿਮਾਰੀ
ਜਾਨ ਨਿਕਲਦੀ ਜਾਵੇ ਹੁਣ, ਫਸੀ ਰਸ ਚੂਸਣ ਦੀ ਮਾਰੀ
ਨਾ ਇਸ਼ਕ ਹੰਢੇ ਨਾ ਸਿਰ ਨਿਕਲੇ, ਪਾਵੇ ਬੈਂਸ ਦੁਹਾਈ

ਮੇਰੇ ਦਾਤਾ

ਦਾਤਾ ਹੋ ਮਿਹਰਬਾਨ, ਕਰ ਮੇਰੇ ਤੇ ਅਹਿਸਾਨ
ਤੈਨੂੰ ਚੇਤੇ ਕਰ ਮਾਹੀ, ਮੇਰੇ ਨਿਕਲਣ ਪ੍ਰਾਣ

ਇਕ ਮੰਗ ਤੈਥੋਂ ਮੰਗਾਂ, ਹੁਣ ਮੰਗਦਾ ਨਾ ਸੰਗਾਂ
ਤੇਰੇ ਰੰਗ ਵਿਚ ਮਾਹੀ, ਤਨ ਮਨ ਚਿੱਤ ਰੰਗਾਂ

ਮੈਨੂੰ ਸਦਾ ਚੇਤੇ ਆਵੇਂ, ਮੇਰੇ ਮਨ ਚ ਸਮਾਵੇਂ
ਮੇਰਾ ਮਨ ਸਮਝਾ ਕੇ, ਮੈਨੂੰ ਸਿੱਧੇ ਰਾਹ ਪਾਵੇਂ

ਤੂੰ ਹੀ ਮੇਰਾ ਯਾਰ, ਮਾਹੀ ਤੂੰ ਹੀ ਮੇਰਾ ਪਿਆਰ
ਤੇਰੇ ਬਾਝੋਂ ਮੇਰੇ ਮਾਹੀ, ਮੇਰਾ ਜੀਣਾ ਦੁਸ਼ਵਾਰ

ਮੇਰਾ ਤੇਰਾ ਪਿਆਰ, ਜਿਵੇਂ ਕਮਲ ਨੀਰ ਯਾਰ
ਮੇਰੇ ਦਿਲ ਚ ਸਮਾ ਕੇ, ਪਾ ਪਿਆਰ ਦੀ ਪੁਹਾਰ

ਤੂੰ ਮੇਰੀ ਜਿੰਦ ਜਾਨ, ਜਿਵੇਂ ਮੱਛਲੀ ਤੇ ਨੀਰ
ਮੇਰਾ ਤੇਰੇ ਨਾਲ ਪਿਆਰ, ਜਿਵੇਂ ਰਾਂਝਾ ਤੇ ਹੀਰ

ਇਕ ਬੂੰਦ ਜਲ ਕਾਰਨ, ਹੋਵਾਂ ਘਟਾ ਦਾ ਬਿਮਾਰ
ਇਕ ਬੂੰਦ ਮੁਖ ਪਾ ਦੇ, ਮੇਰਾ ਹੋ ਜਾਏ ਬੇੜਾ ਪਾਰ

ਤੇਰੇ ਹੱਥ ਮੇਰੀ ਜਾਨ, ਤੇਰੇ ਹੱਥ ਮੇਰੇ ਪ੍ਰਾਣ
ਤੇਰਾ ਨਾਂ ਚੇਤੇ ਆਵੇ, ਜਦੋਂ ਨਿਕਲਣ ਪ੍ਰਾਣ

ਮੇਰਾ ਸਭ ਕੁਝ ਜਾਣੇ, ਭੇਦ ਆਪਣਾ ਨਾ ਦੱਸੇਂ
ਮੈਨੂੰ ਚਿੱਤ ਨਾ ਇਹ ਚੇਤੇ, ਤੂੰ ਮੇਰੇ ਵਿਚ ਵਸੇਂ

ਮੈਨੂੰ ਆਪਣਾ ਬਣਾ ਲੈ, ਮੇਰੇ ਯਾਰ ਮੇਰੇ ਦਾਤਾ
ਤੇਰਾ ਪਿਆਰ ਤੇਰੀ ਪੂਜਾ, ਮੇਰੇ ਕਰਮ ਵਿਧਾਤਾ

ਤੇਰੀ ਯਾਦ ਚ ਮਾਹੀ, ਦਿਲ ਫਿਰੇ ਖੋਇਆ ਖੋਇਆ
ਮਾਹੀ ਆ ਕੇ ਗਲੇ ਮਿਲ, ਬੈਂਸ ਪਿਆਰ ਚ ਖੋਇਆ

ਜਿੱਤ ਯਾਰ ਦਿਲ ਹਾਰ

ਮਿਲੇ ਯਾਰ ਦਾ ਪਿਆਰ, ਰੱਖ ਨੈਣਾ ਚ ਛੁਪਾ ਕੇ
ਜਿੱਤ ਯਾਰ ਦਿਲ ਹਾਰ, ਸੁਹਣੇ ਯਾਰ ਨੂੰ ਮਨਾ ਕੇ

ਰੋਵੇ ਅੱਖ ਦਾ ਪਿਆਰ, ਖੋਵੇ ਦਿਲ ਦਾ ਕਰਾਰ
ਜਿਹਨੂੰ ਲੱਗ ਜਾਵੇ ਦਾਗ, ਕਰੇ ਰੱਜ ਕੇ ਖੁਆਰ
ਦਿਲ ਹੋਵੇ ਝੋਲਾ ਮੌਲਾ, ਦੱਸੇ ਕਿਸੇ ਨਾ ਸੁਣਾ ਕੇ

ਪਿਆਰ ਵਿਚੋਂ ਮਿਲੇ ਰੱਬ, ਇਹ ਜਾਣਦਾ ਨਾ ਜੱਗ
ਝੁਕ ਝੁਕ ਪੜ੍ਹਨ ਨਮਾਜ਼, ਪੜ੍ਹਨ ਪਾਠ ਦੱਬ ਦੱਬ
ਵਸੇਂ ਕਿੱਥੇ ਦੱਸੇਂ ਕਿੱਥੇ, ਬੈਠਾ ਆਪ ਨੂੰ ਛੁਪਾ ਕੇ

ਲੱਗਾ ਪਿਆਰ ਦਾ ਰੋਗ, ਕਦੀ ਛੁਪੇ ਨਾ ਛੁਪਾਇਆ
ਪਤਾ ਲੱਗਾ ਚੈਨ ਖੋ ਕੇ, ਤੈਨੂੰ ਕਿਸੇ ਨਾ ਸਿਖਾਇਆ
ਜਿਹਨੂੰ ਆਵੇ ਪ੍ਰੇਮ ਰਸ, ਉਹ ਰੱਖਦਾ ਛੁਪਾ ਕੇ

ਕੋਈ ਜਾਣੇ ਨਾ ਇਲਾਜ, ਰੋਗ ਇਸ਼ਕ ਅਵੱਲਾ
ਚੈਨ ਦਿਲ ਦਾ ਗੁਆ, ਬੈਂਸ ਹੋਇਆ ਫਿਰੇ ਝੱਲਾ
ਆਵੇ ਸੁੱਤਿਆਂ ਪਸੀਨਾ, ਰੱਖੇ ਮੋਇਆਂ ਤੜਫਾ ਕੇ

ਭੈੜਾ ਰੋਗ ਇਸ਼ਕ ਦਾ, ਲੱਗ ਜਾਏ ਤੜਫਦੇ ਈ
ਜਿਹਨੇ ਸਿਖਿਆ ਨਾ ਪਿਆਰ, ਉਹ ਤਰਸਦੇ ਈ
ਰਕੀਬ ਰੋਣ ਯਾਰ ਰੋਣ, ਰੱਖੇ ਦੋਹਾਂ ਤੜਫਾ ਕੇ

ਕੋਠੇ ਚੜ੍ਹ ਰਾਹ ਤੱਕਾਂ, ਮੇਰਾ ਮਾਹੀ ਘਰ ਆਵੇ
ਪੋਚੇ ਅੱਖੀਆਂ ਚੋਂ ਨੀਰ, ਨਾਲੇ ਗਲ ਨਾਲ ਲਾਵੇ
ਰੱਖ ਪ੍ਰੀਤ ਭਰੀ ਪਲਕਾਂ ਨੂੰ, ਮਾਹੀ ਤੋਂ ਛੁਪਾ ਕੇ

ਕੋਠੇ ਚੜ੍ਹ ਕਾਗ ਉਡਾਵਾਂ, ਨਾਲੇ ਔਸੀਆਂ ਪਾਵਾਂ
ਸੁੱਚੇ ਪਿਆਰ ਦਾ ਸਨੇਹਾ, ਤੇਰੇ ਕੰਨੀਂ ਗੱਲ ਪਾਵਾਂ
ਆਖ ਮਾਹੀ ਨੂੰ ਸਲਾਮ, ਘਰ ਸੱਜਣਾ ਦੇ ਜਾ ਕੇ

ਨੀ ਮਨਾ ਲੈ ਸੁਹਣਾ ਯਾਰ, ਜੇ ਤੂੰ ਲੰਘਣਾ ਏ ਪਾਰ
ਮੰਗ ਯਾਰ ਕੋਲੋਂ ਮੰਗ, ਹੋ ਕੇ ਪਿਆਰ ਦੀ ਬਿਮਾਰ
ਉਵੇਂ ਮੰਨਦਾ ਨਾ ਮਾਹੀ, ਭੈੜਾ ਮੰਨੇ ਪਿਆਰ ਪਾ ਕੇ

ਹੋ ਕੇ ਪ੍ਰੇਮ ਦੀਵਾਨੀ, ਸੁਹਣੇ ਯਾਰ ਨੂੰ ਮਨਾ ਲੈ
ਬਣ ਸੱਜਣਾ ਦੀ ਦਾਸੀ, ਚਰਨ ਧੂੜ ਮੱਥੇ ਲਾ ਲੈ
ਨੀ ਮਾਹੀ ਨੂੰ ਮਨਾ ਲੈ, ਬੈਂਸ ਤਾਣ ਸਾਰਾ ਲਾ ਕੇ

ਮੇਰੀ ਮੰਨ ਮੇਰੇ ਯਾਰ, ਪਾ ਮਾਹੀ ਨਾਲ ਪਿਆਰ
ਉਹ ਰੱਬ ਉਹੋ ਯਾਰ, ਹੋ ਜਾ ਪਿਆਰ ਚ ਬਿਮਾਰ
ਯਾਰ ਰੱਬ ਦਾ ਵਚੋਲਾ, ਰੱਬ ਮਿਲੇ ਯਾਰ ਮਨਾ ਕੇ

ਕਾਗੋਂ ਹੰਸ ਬਣਾਵੇ

ਕਾਲੇ ਨਾਗ ਦਿਲ ਮੋਹ ਲਵੇ, ਚੰਦਨ ਰੁਖ ਭੜਾਸ
ਚੰਦਨ ਭਾ ਨਾ ਦੇ ਸਕੇ, ਰਿੰਡ ਅੱਕ ਢੱਕ ਪਲਾਸ
ਸੱਪ ਜ਼ਹਿਰ ਨਹੀਂ ਛੱਡਦਾ, ਚੰਦਨ ਕੋਲ ਨਿਵਾਸ
ਅੱਕ ਟਿੱਡੇ ਦੀ ਦੋਸਤੀ, ਜਿਹੇ ਕਰਮ ਉਹੋ ਸਾਥ
ਪਪੀਹੇ ਬੂੰਦ ਨਾ ਮਿਲ ਸਕੇ, ਬੱਦਲ ਗਰਜੇ ਲਾਖ
ਜਿਹੋ ਜੇ ਕਰਮ ਕਮਾਵਣੇ, ਉਹੋ ਜਿਹੇ ਸੰਧੀ ਸਾਕ
ਸਰਦ ਰੁੱਤ ਜਾਡਾ ਘਣਾ, ਸਾਵਣ ਲੱਗੇ ਬਰਸਾਤ
ਕਿਰਤ ਕਰਮ ਦੇ ਕਾਰਨੇ, ਮਿਲਣ ਪੁੰਨ ਤੇ ਪਾਪ
ਮੰਗੇ ਫਲ, ਬੀਜੇ ਕਿੱਕਰਾਂ, ਬਿਨ ਸੋਚੇ ਸਮਝੇ ਜਾਟ
ਜੋ ਖੱਟੇਂਗਾ ਖਾਏਂਗਾ, ਗੱਲ ਬੈਂਸ ਨੇ ਆਖੀ ਸਾਫ
ਕਰਮ ਧਰਮ ਦੇ ਵਸ ਪੈ, ਤੜਕੇ ਉਠ ਕਰੇਂ ਪਾਠ
ਦਿਲ ਚ ਪਿਆਰ ਨਾ ਜਾਗਿਆ, ਮਨ ਨਾ ਹੋਵੇ ਸਾਫ
ਕੱਲ੍ਹ ਲਈ ਕੁਝ ਖੱਟਣਾ, ਅੱਜ ਬੈਠ ਯਾਰ ਦੇ ਪਾਸ
ਪਿਆਰ ਪਾ ਆਪ ਮਿਟਾ, ਤਦ ਮਨ ਆਵੇ ਰਾਸ
ਸੋਨਾ ਰੁੱਪਾ ਦਾਨ ਕਰਾਵੇਂ, ਮਿਟੇ ਨਾ ਮਨ ਸੰਤਾਪ
ਪਾਰ ਉਤਾਰਾ ਤਾਂ ਹੋਣਾ, ਜੇ ਚੇਤੇ ਆਵੇ ਦਿਨ ਰਾਤ
ਕਮਲ ਪਿਆਰ ਮਨ ਉਪਜੇ, ਮਾਰ ਪਵੇ ਦਿਨ ਰਾਤ
ਛੰਡ ਪਛੰਡ ਨਾ ਮੋੜ ਸਕੇ, ਯਾਰ ਮਿਲਣ ਦੀ ਆਸ
ਮਛਲੀ ਨੀਰ ਦਾ ਹੇਰਵਾ, ਬੁਝੇ ਨਾ ਮਨ ਦੀ ਪਿਆਸ
ਚੇਤੇ ਕਰ ਆਪਣੇ ਮਾਹੀ ਨੂੰ, ਸਭ ਕੁਝ ਉਹਦੇ ਪਾਸ
ਇਸ਼ਕ ਮੁਸ਼ਕ ਦੇ ਵਸ ਪੈ, ਉਹਨੇ ਦਿੱਤਾ ਜੱਗ ਥਾਪ
ਜੱਗ ਵਿਚ ਹਰ ਸ਼ੈ ਤੂੰ ਬਣਾਈ, ਸਭ ਤੇਰਾ ਪਰਤਾਪ
ਸਭ ਕੁਝ ਸਿਰਜ ਸਵਾਰ ਕੇ, ਵੇਖੈ ਵਿਗਸੈ ਆਪ
ਜੀ ਵਿਚ ਜੰਤ ਉਪਾਇ ਕੈ, ਵੇਖੈ ਥਾਪ ਉਥਾਪ
ਸਭ ਕੁਝ ਤੇਰੇ ਵਸ ਹੈ, ਸੂਰਜ ਚੰਦ ਦਿਨ ਰਾਤ
ਬੈਂਸ ਨਿਮਾਣਾ ਕੀ ਲਿਖੇ, ਸਭ ਕੁਝ ਤੇਰੀ ਦਾਤ
ਤੂੰ ਲਿਖਾਵੇਂ ਉਹ ਲਿਖੇਂ, ਸਭ ਕੁਝ ਆਪੇ ਆਪ
ਕਾਗੋਂ ਹੰਸ ਬਣਾ ਦੇਵੇ, ਬੈਂਸ, ਕਰ ਦਿਲੋਂ ਅਰਦਾਸ

ਕੁਝ ਕਰ ਬੰਦਿਆ

ਹਰ ਸ਼ੈ ਇੱਥੇ ਛੱਡ ਜਾਣੀ, ਨਾ ਮੇਰੀ ਮੇਰੀ ਕਰ ਬੰਦਿਆ
ਅੱਜ ਕਮਾ ਜੋ ਨਾਲ ਲੈ ਜਾਵੇਂ, ਕੱਲ੍ਹ ਲਈ ਕੁਝ ਕਰ ਬੰਦਿਆ

ਹਰ, ਹਰ ਇਕ ਸ਼ੈ ਬਣਾਈ, ਜੋ ਬਣਿਆ ਸੋ ਢਹਿਣਾ
ਜੋ ਜੰਮਿਆਂ ਸੋ ਮਰਨਾ, ਏਥੈ ਬੈਠ ਕਿਨੇ ਨਹੀਂ ਰਹਿਣਾ
ਜਿਹੜਾ ਜੱਗ ਚ ਜੰਮਿਆਂ, ਉਹਨੇ ਜਾਣਾ ਮਰ ਬੰਦਿਆ

ਕੁਝ ਨਾਲ ਨਹੀਂ ਲਿਆਇਆ, ਨਾ ਹੀ ਲੈ ਕੇ ਜਾਣਾ
ਕ੍ਯੂੰ ਮੇਰੀ ਮੇਰੀ ਕਰਦਾ, ਸਭ ਏਥੇ ਹੀ ਛੱਡ ਜਾਣਾ
ਝੂਠਾ ਮਾਣ ਮਾਇਆ ਦਾ, ਨਿੱਤ ਚੜ੍ਹਾਵੇ ਕਰ ਬੰਦਿਆ

ਮਾਣ ਮੇਰੀ ਮਾਇਆ ਦਾ, ਸਭ ਲੋਭ ਮੋਹ ਦੇ ਸਿਆਪੇ
ਧੀਆਂ ਪੁੱਤਰ ਭੈਣ ਭਰਾ, ਸਭ ਪਿਛਲੇ ਜਨਮ ਦੇ ਨਾਤੇ
ਲੈਣ ਦੇਣ ਹਿਸਾਬ ਲੈਣ ਲਈ, ਬੈਠੇ ਤੇਰੇ ਦਰ ਬੰਦਿਆ

ਜਿੱਥੋਂ ਆਇਆ ਉਥੇ ਜਾਣਾ, ਬਣਨਾ ਪੈਣਾ ਮਾਣ ਨਿਤਾਣਾ
ਜਾਣ ਸਮੇਂ ਸਭ ਖੋਹ ਲੈਂਦੇ, ਗਿਣ ਲੈਂਦੇ ਇਕ ਇਕ ਦਾਣਾ
ਬੈਂਸ, ਤੂੰ ਮਨ ਸਮਝਾ ਲੈ, ਨਾ ਅਣਗਹਿਲੀ ਕਰ ਬੰਦਿਆ

ਤੂੰ ਰੱਬ ਵਿਚ ਰੱਬ ਤੇਰੇ ਵਿਚ, ਤੂੰ ਏਂ ਰੱਬ ਦਾ ਹਿੱਸਾ
ਤੈਨੂੰ ਜੇ ਸਮਝ ਆ ਜਾਵੇ, ਇਸ ਲਈ ਰਚਿਆ ਕਿੱਸਾ
ਬਣਾ ਯਾਰ ਕਰ ਪਿਆਰ, ਉਹਦੇ ਪਿਆਰ ਚ ਮਰ ਬੰਦਿਆ

ਮਾਹੀ ਨੂੰ ਚੇਤੇ ਕਰ

ਸਦਾ ਨਾ ਜੱਗ ਚ ਕੋਈ ਰਹਿੰਦਾ, ਜੋ ਜੰਮਿਆਂ ਸੋ ਮਰਨਾ ਏ
ਚੇਤੇ ਕਰ ਲੈ ਮਾਹੀ ਨੂੰ, ਜੇ ਪਾਰ ਉਤਾਰਾ ਕਰਨਾ ਏ

ਕੋਈ ਪੂਜਾ ਅਰਚਾ ਕਰਦਾ, ਕੋਈ ਪੜ੍ਹੇ ਨਮਾਜ਼ਾਂ
ਪਾਠ ਕਰਨ ਤੋਂ ਪਹਿਲਾਂ, ਕੋਈ ਮੰਗੇ ਪੁੱਤ ਨਿਆਜ਼ਾਂ
ਯਾਦ ਕਰ ਫਰਿਆਦ ਕਰ, ਜੇ ਕੁਝ ਹਾਸਲ ਕਰਨਾ ਏ

ਬੇਗਰਜ਼ ਬੇ ਮਤਲਬ, ਪਿਆਰ ਪਾਉਣਾ ਸਿੱਖ ਅੜਿਆ
ਨਾਂ ਸੁਹਣੇ ਸੱਜਣਾ ਦਾ, ਆਪਣੇ ਮਨ ਚ ਲਿਖ ਅੜਿਆ
ਪਿਆਰ ਦੇ ਡਰ ਚ ਮਰ ਕੇ, ਰੰਗ ਮਜੀਠਾ ਚੜ੍ਹਨਾ ਏ

ਸਭ ਕੁਝ ਏਥੇ ਉਹਦਾ ਏ, ਆਪੇ ਕੁਦਰਤ ਆਪੇ ਕਾਦਰ
ਜਿੱਥੇ ਵੇਖਾਂ ਮਾਹੀ ਦਿਸੇ, ਹਰ, ਹਰ ਥਾਂ ਹਾਜ਼ਰ ਨਾਜ਼ਰ
ਆਪ ਮਿਟਾ ਕੇ ਯਾਰ ਮਨਾ, ਜੇ ਮਨ ਸਿੱਧਾ ਕਰਨਾ ਏ

ਜੋ ਜੰਮਿਆਂ ਸੋ ਮਰਨਾ ਜਾਣਾ, ਜੋ ਬਣਿਆ ਸੋ ਢਹਿਣਾ
ਚਾਰ ਦਿਨਾਂ ਦਾ ਮੇਲਾ, ਇਥੇ ਬੈਠ ਕਿਸੇ ਨਹੀਂ ਰਹਿਣਾ
ਸਭ ਕੁਝ ਏਥੇ ਛੱਡ ਜਾਣਾ, ਬੈਂਸ, ਮੇਰੀ ਮੇਰੀ ਕਰਨਾ ਏ

ਚੰਦ ਸੂਰਜ ਤੇਰੀ ਫੁਲਵਾੜੀ, ਤੇਰੀ ਮਹਿਮਾਂ ਨਿਆਰੀ
ਚੇਤੇ ਤੈਨੂੰ ਉਹ ਕਰਦਾ, ਜਿਹਨੂੰ ਲੱਗੇ ਇਸ਼ਕ ਬਿਮਾਰੀ
ਯਾਰ ਬਣਾ ਕੇ ਪਿਆਰ ਵਧਾ, ਜੇ ਹਿਜਰ ਚ ਮਰਨਾ ਏ

ਕੀਤਾ ਕਰਮ ਤੇਰੇ ਨਾਲ ਜਾਏਗਾ, ਜੋ ਖੱਟੇਂਗਾ ਖਾਏਂਗਾ
ਮੇਰੇ ਭਾਈ ਕਰ ਨੇਕ ਕਮਾਈ, ਜੋ ਨਾਲ ਲੈ ਕੇ ਜਾਏਂਗਾ
ਯਾਰ ਮਨਾ ਕੇ ਰੱਬ ਧਿਆ, ਜੇ ਭਵਸਾਗਰ ਤਰਨਾ ਏ

ਦਿਲ ਤੱਤੜੇ ਨੂੰ ਸਮਝਾ, ਨਾਲੇ ਪਿਆਰ ਮਾਹੀ ਨਾਲ ਪਾ
ਝੁਕ ਝੁਕ ਉਹਨੂੰ ਕਰੀਂ ਸਲਾਮਾਂ, ਬੁੱਕ ਬੁੱਕ ਯਾਰ ਮਨਾ
ਜੇ ਮਾਹੀ ਨੂੰ ਪਾਉਣਾ ਚਹੁੰਨੈ, ਪਿਆਰ ਚ ਪੈਣਾ ਮਰਨਾ ਏ

ਪਰਿੰਦਆਂ ਦੇ ਆ੍ਹਲਣੇ

ਜੋ ਅੱਜ ਤੂੰ ਕਮਾਵੇਂ, ਕੱਲ੍ਹ ਆਉਣਾ ਸਾਹਮਣੇ
ਤੋੜਿਆ ਨਹੀਂ ਕਰਦੇ, ਪਰਿੰਦਆਂ ਦੇ ਆ੍ਹਲਣੇ

ਕੰਮ ਕਰਨ ਤੋਂ ਪਹਿਲਾਂ, ਰੱਖ ਚਿੱਤ ਵਿਚ ਡਰ
ਅੱਜ ਜੰਮਿਆਂ ਏ ਜਿਹੜਾ, ਉਹ ਕੱਲ੍ਹ ਜਾਣਾ ਮਰ
ਅੱਗੇ ਸਭ ਕੁਝ ਆਉਣਾ, ਵੇਖ ਸੁਫਨੇ ਡਰਾਵਣੇ

ਖੇਡ੍ਹ ਗੁੱਡੀਆਂ ਪਟ੍ਹੋਲੇ, ਚੜ੍ਹ ਆਈ ਜੁਆਨੀ
ਪਿੱਛੇ ਮੁੜ ਮੁੜ ਵੇਖੇਂ, ਬਣ ਹੁਸਨ ਦੀ ਰਾਣੀ
ਬੈਂਸ, ਸਾਰਾ ਜੱਗ ਦਿਸੇ, ਕੀੜੀ ਵਾਂਗ ਹਾਨਣੇ

ਬੈਂਸ ਹੋ ਗਿਆ ਬੁੱਢਾ, ਕੰਬਣ ਲੱਗ ਗਈ ਦੇਹ
ਲੱਗੀ ਸਾਹਮਣੇ ਦਿਸਣ, ਖੱਟੀ ਉਮਰ ਦੀ ਖੇਹ
ਕੀਤੇ ਜਿੰਨੇਂ ਚੰਗੇ ਮੰਦੇ, ਸਭ ਆ ਗਏ ਸਾਹਮਣੇ

ਝਾਟਾ ਹੋ ਗਿਆ ਧੌਲਾ, ਵਾਲ ਹੋ ਗਏ ਬੱਗੇ
ਕੁਝ ਖੱਟਿਆ ਨਾ ਏਥੇ, ਡਰ ਮਰਨ ਤੋਂ ਲੱਗੇ
ਜਦੋਂ ਬਾਜ਼ਾਂ ਪੈਣਾ, ਉਥੇ ਕਿਸੇ ਨਾ ਛਡਾਵਣੇ

ਬੀਬਾ ਕਰ ਲੈ ਕਮਾਈ, ਅਜੇ ਵੇਲਾ ਈ ਹਾਈ
ਰੱਖ ਹਰ ਦਮ ਚੇਤੇ, ਜੇ ਪਾਉਣੀ ਏ ਰਿਹਾਈ
ਮਾਫ ਕਰੇ ਭੈੜੇ ਕੰਮ, ਢਹਿ ਜਾ ਮਾਹੀ ਸਾਹਮਣੇ

ਗਾਈਏ ਨਾ ਮਫਿਲਾਂ ਚ, ਜੇ ਹੋ ਜਾਏ ਪਿਆਰ
ਸੁਹਣੇ ਯਾਰ ਨੂੰ ਮਨਾ, ਕਰੂ ਤੇਰਾ ਬੇੜਾ ਪਾਰ
ਕਰ ਮਾਹੀ ਮਾਹੀ ਮਾਹੀ, ਬੈਂਸ ਹੋ ਨਿਮਾਨਣੇ

ਅਮਲਾਂ ਤੇ ਨਬੇੜੇ

ਜੱਗ ਚੋਂ ਖਾਲੀ ਜਾਣਾ ਪੈਣਾ, ਕਾਹਨੂੰ ਕਰਦਾ ਮੇਰੀ ਮੇਰੀ
ਤੈਨੂੰ ਛੇ ਫੁਟ ਡੂੰਘਾ ਗੱਡਣਾ, ਉਥੇ ਕਿਸੇ ਨਾ ਸੁਣਨੀ ਤੇਰੀ
ਜੰਮਦੇ ਮਰਦੇ ਰਹਿਣਾ ਏ, ਤੂੰ ਮੁੜ ਮੁੜ ਪਾਉਣੀ ਫੇਰੀ
ਚੇਤੇ ਕਰ ਅਪਣੇ ਮਾਹੀ ਨੂੰ, ਕੱਟ ਜਾਏ ਚਰਾਸੀ ਤੇਰੀ

ਜਿਉਂ ਹੀ ਅੱਖ ਬੰਦ ਹੋਈ, ਕਰਮਾਂ ਤੇ ਝੇੜੇ ਹੋਣ ਲੱਗਣ
ਹੋਣ ਲੱਗਦਾ ਹਿਸਾਬ, ਅਮਲਾਂ ਤੇ ਨਬੇੜੇ ਹੋਣ ਲੱਗਣ

ਕੇਰਾਂ ਅੱਖ ਬੰਦ ਹੋਈ, ਤੇਰੀ ਸੁਣਦਾ ਨਾ ਕੋਈ
ਆਪੇ ਖੁਲ੍ਹਦੀ ਕਿਤਾਬ, ਹੋਵੇ ਆਪੇ ਲਿਖੀ ਹੋਈ
ਬੈਂਸ ਬਿਨਾ ਪੁੱਛੇ, ਕਰਮਾਂ ਦੇ ਨਖੇੜੇ ਹੋਣ ਲੱਗਣ

ਕੀ ਕੀਤਾ ਏਥੇ ਆ ਕੇ, ਵੇਖੇ ਦੀਨ ਨਾ ਧਰਮ
ਚੰਗਾ ਮੰਦਾ ਨਿੱਖੜ ਜਾਵੇ, ਵੇਖੇ ਜਾਂਦੇ ਨੇ ਕਰਮ
ਸਭ ਤੋਲੇ ਇਕੋ ਤੋਲ, ਹੌਲਾ ਭਾਰਾ ਨਾ ਮੰਨਣ

ਕਰੇਂ ਚੰਗਾ ਮਿਲੇ ਚੰਗਾ, ਕਰੇਂ ਮੰਦਾ ਮਿਲੇ ਮੰਦਾ
ਪੱਤਾ ਪੱਤਾ ਫੋਲ ਲੈਂਦੇ, ਇਹ ਜਲਾਦਾਂ ਦਾ ਧੰਦਾ
ਹੋਣ ਲੱਗਦਾ ਹਿਸਾਬ, ਘਾਟੇ ਵਾਧੇ ਨਾ ਛੁਪਣ

ਇਥੋਂ ਹੋਰ ਕੁਝ ਨਹੀਂ ਮਿਲਣਾ, ਜੋ ਖੱਟੇਂਗਾ ਖਾਏਂਗਾ
ਚੰਗੇ ਕਰ ਲੈ ਕਰਮ, ਜਿਹੜੇ ਨਾਲ ਲੈ ਕੇ ਜਾਏਂਗਾ
ਕੋਈ ਹੋਵੇ ਨਾ ਗਵਾਹ, ਕੀਤੇ ਕੰਮ ਦਿਸਣ ਲੱਗਣ

ਉਥੇ ਕੋਈ ਨਾ ਬਸੀਠ, ਜਿੱਥੇ ਲੱਗਦੀ ਕਚਹਿਰੀ
ਕੋਈ ਕਰੇ ਨਾ ਜਿਰ੍ਹਾ, ਕੋਈ ਸੁਣਦਾ ਨਹੀਂ ਤੇਰੀ
ਵੇਖੇ ਜਾਂਦੇ ਨੇ ਅਮਲ, ਚੰਗੇ ਮੰਦੇ ਨਿੱਖੜਣ ਲੱਗਣ

ਆਪੇ ਖੁਲ੍ਹਦੀ ਕਿਤਾਬ, ਹੋਣ ਲੱਗਦਾ ਹਿਸਾਬ
ਕੋਈ ਪੁੱਛੇ ਨਾ ਸੁਆਲ, ਨਾ ਹੀ ਮੰਗਦੇ ਜੁਆਬ
ਬੈਂਸ, ਸੱਚੀਂ ਸੱਚ ਹੋਵੇ, ਝੂਠ ਝੂਠ ਜਾ ਮਿਲਣ

ਵਿਛੋੜਾ

ਦਿਲ ਦੇ ਕੇ ਬੇਦਰਦਾਂ ਨੂੰ, ਐਵੇਂ ਪਿਆਰ ਨਾ ਪਾ ਬੈਠੀਂ
ਵਿਛੜੇ ਯਾਰ ਨਹੀਂ ਮੁੜਦੇ, ਵਿਛੋੜਾ ਨਾ ਗਲ ਪਾ ਬੈਠੀਂ

ਸਾਰੀ ਦੁਨੀਆਂ ਝੂਠੀ ਏ, ਇਹ ਦੁਨੀਆਂਦਾਰੀ ਝੂਠੀ ਏ
ਕੱਚੀ ਲੱਗ ਕੇ ਟੁੱਟ ਗਈ, ਰਹਿ ਗਈ ਕਿਤੇ ਤਰੁੱਟੀ ਏ
ਬਹਿ ਪੱਤਣਾ ਤੇ ਡੀਕੇਂਗੀ, ਪਰਦੇਸੀ ਨਾਲ ਨਾ ਲਾ ਬੈਠੀਂ

ਪਿਆਰ ਪਾਉਣਾ ਸੌਖਾ ਏ, ਪਾ ਕੇ ਨਿਭਾਉਣਾ ਔਖਾ ਏ
ਪਿਆਰ ਪਾ ਕੇ ਰੱਬ ਮੰਨਦਾ, ਮਨ ਸਮਝਾਉਣਾ ਔਖਾ ਏ
ਛੁਪ ਛੁਪ ਅੱਖੀਆਂ ਪੂੰਝੇਂਗੀ, ਕੱਜਲਾ ਨਾ ਕਿਤੇ ਬਹਾ ਬੈਠੀਂ

ਪਿਆਰ ਕੀ ਤੇ ਹਸ਼ਰ ਕੀ, ਲੱਗੀਆਂ ਕਿਸੇ ਨਾ ਦੱਸੀਆਂ
ਰੋਵੇਂਗੀ ਧੂੰਏਂ ਦਾ ਪੱਜ ਲਾ ਕੇ, ਭਰ ਭਰ ਆਉਣ ਅੱਖੀਆਂ
ਦਿਲ ਦੇ ਕੇ ਦਿਲ ਮਿਲਦਾ ਏ, ਪੈਰੀਂ ਪੈ ਯਾਰ ਮਨਾ ਲੈਸੀਂ

ਬੇਦਰਦਾਂ ਦੀ ਖ਼ੈਰ ਹੋਵੇ, ਜਿਹੜੇ ਯਾਰੀ ਲਾ ਕੇ ਰੁੱਸ ਜਾਂਦੇ
ਕੋਠੇ ਚੜ੍ਹ ਕੇ ਵੇਖ ਵੇਖ, ਕਈ ਰੁੱਖ ਪਿਆਰ ਦੇ ਸੁੱਕ ਜਾਂਦੇ
ਸਾਰੇ ਜੱਗ ਨੂੰ ਭੁਲਾ ਦੇਵੀਂ, ਸੱਜਣਾ ਨੂੰ ਦਿਲ ਚ ਵਸਾ ਰੱਖੀਂ

ਜੀ ਰੁਲ ਜਾਂਦੇ ਮਾਹੀ ਟੁਰ ਜਾਂਦੇ, ਰੋ ਰੋ ਕੇ ਜੀਣਾ ਪੈਂਦਾ ਏ
ਜੀ ਯਾਦ ਕਰੇ ਫਰਿਆਦ ਕਰੇ, ਬੁੱਲ੍ਹੀਆਂ ਨੂੰ ਸੀਣਾ ਪੈਂਦਾ ਏ
ਬੈਂਸ, ਚੇਤੇ ਕਰ ਕਰ ਮਾਹੀ ਨੂੰ, ਅਪਣਾ ਆਪ ਭੁਲਾ ਬੈਠੀਂ

ਦਿਲ ਦਿਲਾਂ ਦਾ ਰਾਹ ਜਾਣੇ, ਤੈਨੂੰ ਮਿਲਿਆ ਪਿਆਰ ਮਦੀਨੇ
ਅੱਥਰਾ ਪਿਆਰ ਨਾ ਭੁੱਲ ਅੜੀਏ, ਚਾਨਣ ਹੋਸੀ ਨੈਣ ਨਬੀਨੇ
ਪਿਆਰ ਮਿਲੇ ਦਿਲਦਾਰ ਮਿਲੇ, ਪਿਆਰ ਚ ਸੀਸ ਝੁਕਾ ਬੈਠੀਂ

ਤੱਕ ਭੋਲੀ ਭਾਲੀ ਸੂਰਤ ਨੂੰ, ਐਵੇਂ ਪਿਆਰ ਨਹੀਂ ਪਾਈਦਾ
ਉੜਦੇ ਜਾਂਦੇ ਪੰਛੀਆਂ ਨੂੰ, ਐਵੇਂ ਆਪਣਾ ਨਹੀਂ ਬਣਾਈਦਾ
ਮਾਹੀ ਦੀ ਯਾਦ ਸਤਾਏਗੀ, ਇੰਨਾਂ ਨਾ ਪਿਆਰ ਵਧਾ ਬੈਠੀਂ

ਮੱਕੇ ਕਦੀ ਤੀਰਥ ਜਾਵਾਂ, ਮੇਰਾ ਯਾਰ ਮੇਰੇ ਵਿਚ ਵਸਦਾ ਏ
ਸੁਫਨੇ ਚ ਮਾਹੀ ਆਣ ਮਿਲੇ, ਸਾਰੀ ਰਾਤ ਜਗਾਈ ਰੱਖਦਾ ਏ
ਹਰ, ਬੈਂਸ ਦਾ ਹਰਮੰਦਰ, ਮਾਹੀ ਸਜਦੇ ਚ ਨੈਣ ਮਿਲਾ ਬੈਠੀਂ